ਰਜਿਸਟਰਡ ਪੋਸਟਲ ਰਜਿ: ਨੰ.
Pb/PTA(0274)/2024-26,
ਸਾਲ (Year) 58
ਅੰਕ ਨੰਬਰ (Volume No.) 53
ਫ਼ੋਨ: +91- 92168-07500
E-mail: news@charhdikala.com
www.charhdikala.com

ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬਤ ਦਾ ਭਲਾ

# ਚੜ੍ਹਦੀਕਲਾ ***

DAILY CHARHDIKALA, PATIALA

ਬਾਨੀ : (ਸਵ.) ਗਿ. ਹਰਨਾਮ ਸਿੰਘ ਜੀ | ਮੁੱਖ ਸੰਪਾਦਕ : ਡਾ. ਜਗਜੀਤ ਸਿੰਘ ਦਰਦੀ | ਸੰਪਾਦਕ : ਹਰਪ੍ਰੀਤ ਸਿੰਘ ਦਰਦੀ

ਕੁੱਲ ਪੰਨੇ: 12 (Monday, 23 February, 2026) ਸੋਮਵਾਰ , 23 ਫਰਵਰੀ, 2026, 12 ਫੱਗਣ, ਨਾਨਕਸ਼ਾਹੀ ਸੰਮਤ 557, ਬਿਕ੍ਰਮੀ 2082/ PRGI (RNI) Regd. No. 22972/1972/ ਮੁੱਲ: 2 ਰੁਪਏ

## ਨੇਪਾਲ ਦੇ ਕੋਸ਼ੀ ਸੂਬੇ 'ਚ ਲੱਗੇ ਭੂਚਾਲ ਦੇ ਝਟਕੇ

ਕੋਸ਼ੀ (ਨੇਪਾਲ), 22 ਫਰਵਰੀ (ਚੜ੍ਹਦੀਕਲਾ ਬਿਊਰੋ) : ਨੇਪਾਲ ਦੇ ਕੋਸ਼ੀ ਸੂਬੇ ਵਿੱਚ ਐਤਵਾਰ ਸਵੇਰੇ ਭੂਚਾਲ ਦੇ ਹਲਕੇ ਝਟਕੇ ਮਹਿਸੂਸ ਕੀਤੇ ਗਏ। ਨੈਸ਼ਨਲ ਅਰਥਕੁਏਕ ਮਾਨੀਟਰਿੰਗ ਐਂਡ ਰਿਸਰਚ ਸੈਂਟਰ ਅਨੁਸਾਰ, ਸਵੇਰੇ 7:31 ਵਜੇ ਆਏ ਇਸ ਭੂਚਾਲ ਦੀ ਤੀਬਰਤਾ ਰਿਕਟਰ ਪੈਮਾਨੇ 'ਤੇ 4.1 ਦਰਜ ਕੀਤੀ ਗਈ ਹੈ। ਭੂਚਾਲ ਦਾ ਕੇਂਦਰ ਰਾਜਧਾਨੀ ਕਾਠਮੰਡੂ ਤੋਂ ਲਗਭਗ 475 ਕਿਲੋਮੀਟਰ ਪੂਰਬ ਵਿੱਚ ਸਥਿਤ ਸੰਖੂਵਾਸਭਾ ਜ਼ਿਲ੍ਹੇ ਦਾ ਰਿਤਕ ਇਲਾਕਾ ਸੀ।

(ਬਾਕੀ ਸਫਾ 2 'ਤੇ)

## ਕਾਂਗਰਸ ਨੇ ਏ.ਆਈ. ਸੰਮੇਲਨ ਨੂੰ ਆਪਣੀ 'ਗੰਦੀ ਤੇ ਨੰਗੀ' ਸਿਆਸਤ ਦਾ ਅਖਾੜਾ ਬਣਾ ਦਿੱਤਾ: ਮੋਦੀ

ਚੜ੍ਹਦੀਕਲਾ ਬਿਊਰੋ
=============

ਮੇਰਠ, 22 ਫਰਵਰੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦਿੱਲੀ 'ਚ ਹੋਏ ਏ.ਆਈ. ਇੰਪੈਕਟ



ਸੰਮੇਲਨ ਦੌਰਾਨ ਯੂਥ ਕਾਂਗਰਸ ਵਰਕਰਾਂ ਵਲੋਂ ਕੀਤੇ ਵਿਰੋਧ ਪ੍ਰਦਰਸ਼ਨ ਉਤੇ ਐਤਵਾਰ ਨੂੰ ਕਾਂਗਰਸ ਦੀ ਨਿੰਦਾ ਕਰਦਿਆਂ ਕਿਹਾ ਕਿ ਪਾਰਟੀ ਨੇ ਇਕ ਵਿਸ਼ਵਵਿਆਪੀ ਸਮਾਗਮ ਨੂੰ ਅਪਣੀ ਗੰਦੀ ਅਤੇ 'ਨੰਗੀ' ਸਿਆਸਤ ਦੇ ਅਖਾੜੇ ਵਿਚ ਬਦਲ ਦਿਤਾ ਹੈ। ਮੋਦੀ ਨੇ ਕਿਹਾ ਕਿ ਕਾਂਗਰਸ ਦੀ ਇਹ ਕਾਰਵਾਈ ਦਰਸਾਉਂਦੀ ਹੈ ਕਿ ਉਹ ਵਿਚਾਰਧਾਰਕ ਤੌਰ ਉਤੇ 'ਦੀਵਾਲੀਆ' ਅਤੇ 'ਗਰੀਬ' ਹੋ ਗਈ ਹੈ। ਮੇਰਠ ਵਿਚ ਨਮੋ ਭਾਰਤ ਰੇਲ ਅਤੇ ਮੇਰਠ ਮੈਟਰੋ ਰੇਲ ਵਿਸਤਾਰ ਪ੍ਰਾਜੈਕਟ ਸਮੇਤ ਵੱਖ-ਵੱਖ ਯੋਜਨਾਵਾਂ ਨੂੰ ਸਮਰਪਿਤ ਕਰਨ ਤੋਂ ਬਾਅਦ ਅਪਣੇ ਸੰਬੋਧਨ 'ਚ, ਪ੍ਰਧਾਨ ਮੰਤਰੀ ਨੇ ਹਾਲ ਹੀ ਵਿਚ ਦਿੱਲੀ ਵਿਚ ਹੋਏ 'ਆਰਟੀਫੀਸ਼ਲ ਇੰਟੈਲੀਜੈਂਸ ਇੰਪੈਕਟ ਸਮਿਟ' ਵਿਚ ਕਾਂਗਰਸ ਦੇ ਪ੍ਰਦਰਸ਼ਨ ਉਤੇ ਤਿੱਖਾ ਹਮਲਾ ਕੀਤਾ ਅਤੇ ਇਸ ਦੀ 'ਆਲੋਚਨਾ' ਕਰਨ ਲਈ ਇਸ ਦੇ ਸਹਿਯੋਗੀਆਂ ਦਾ ਧੰਨਵਾਦ ਕੀਤਾ। ਮੋਦੀ ਨੇ ਕਿਹਾ ਕਿ ਜਿੱਥੇ ਦੇਸ਼ਵਾਸੀ ਭਾਰਤ ਨੂੰ ਵਿਕਸਿਤ ਬਣਾਉਣ ਲਈ ਦਿਨ-ਰਾਤ ਮਿਹਨਤ ਕਰ ਰਹੇ ਹਨ, ਉੱਥੇ ਹੀ ਦੇਸ਼ ਵਿਚ ਕੁੱਝ ਸਿਆਸੀ ਪਾਰਟੀਆਂ ਹਨ ਜੋ ਭਾਰਤ ਦੀ ਸਫ਼ਲਤਾ ਨੂੰ ਹਜ਼ਮ ਨਹੀਂ ਕਰ ਪਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਦੁਨੀਆਂ ਦੀ ਸੱਭ ਤੋਂ

(ਬਾਕੀ ਸਫਾ 2 'ਤੇ)

### ਪ੍ਰਧਾਨ ਮੰਤਰੀ ਵੱਲੋਂ ਭਾਰਤ ਦੀ ਸਭ ਤੋਂ ਤੇਜ਼ ਮੈਟਰੋ ਅਤੇ ਨਮੋ ਭਾਰਤ ਟ੍ਰੇਨ ਦੀ ਸ਼ੁਰੂਆਤ

ਮੇਰਠ, 22 ਫਰਵਰੀ (ਚੜ੍ਹਦੀਕਲਾ ਬਿਊਰੋ) : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ਤਾਬਦੀ ਨਗਰ ਸਟੇਸ਼ਨ ਤੋਂ ਮੇਰਠ ਮੈਟਰੋ ਅਤੇ ਨਮੋ ਭਾਰਤ ਟ੍ਰੇਨ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ, ਜਿਸ ਨਾਲ ਹਾਈ-ਸਪੀਡ ਇੰਟਰਸਿਟੀ ਯਾਤਰਾ ਅਤੇ ਤੇਜ਼ ਇੰਟਰਾ-ਸਿਟੀ ਆਵਾਜਾਈ ਨੂੰ ਹੁਲਾਰਾ ਮਿਲਿਆ ਹੈ। ਉਥੋਂ ਪ੍ਰਧਾਨ ਮੰਤਰੀ ਨੇ ਮੇਰਠ ਦੱਖਣੀ ਸਟੇਸ਼ਨ ਤੱਕ ਮੈਟਰੋ ਦੀ ਸਵਾਰੀ ਵੀ ਕੀਤੀ। ਉਨ੍ਹਾਂ ਵੱਲੋਂ ਮੇਰਠ ਵਿੱਚ ਲਗਭਗ 12,930 ਕਰੋੜ ਰੁਪਏ ਦੇ ਵੱਖ-ਵੱਖ ਵਿਕਾਸ ਪ੍ਰੋਜੈਕਟਾਂ ਦਾ ਉਦਘਾਟਨ ਕਰਕੇ ਅਤੇ ਕੌਮ ਨੂੰ ਸਮਰਪਿਤ ਵੀ ਕੀਤੇ ਗਏ। ਪ੍ਰਧਾਨ ਮੰਤਰੀ ਨੇ ਪੂਰੇ 82 ਕਿਲੋਮੀਟਰ ਲੰਬੇ ਦਿੱਲੀ-ਮੇਰਠ ਨਮੋ ਭਾਰਤ ਕੌਰੀਡੋਰ ਨੂੰ ਰਾਸ਼ਟਰ ਨੂੰ ਸਮਰਪਿਤ ਕੀਤਾ ਅਤੇ

(ਬਾਕੀ ਸਫਾ 2 'ਤੇ)

## ਹਰ ਵਰਗ ਦੀ ਭਲਾਈ ਲਈ ਵਚਨਬੱਧ 'ਆਪ' ਸਰਕਾਰ ਮਾਰਚ 'ਚ ਬਜਟ ਪੇਸ਼ ਕਰੇਗੀ: ਮਾਨ

### '90ਫੀਸਦੀ ਤੋਂ ਵੱਧ ਘਰਾਂ ਨੂੰ ਮੁਫ਼ਤ ਬਿਜਲੀ ਮਿਲ ਰਹੀ ਹੈ; ਕਿਸਾਨਾਂ ਨੂੰ ਹੁਣ ਦਿਨ ਵੇਲੇ ਬਿਜਲੀ ਮਿਲਦੀ ਹੈ'

ਚੜ੍ਹਦੀਕਲਾ ਬਿਊਰੋ
=============

ਅਹਿਮਦਾਬਾਦ, 22 ਫਰਵਰੀ : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਐਲਾਨ ਕੀਤਾ ਕਿ ਪੰਜਾਬ ਸਰਕਾਰ ਮਾਰਚ ਵਿੱਚ ਆਪਣਾ ਪੰਜਵਾਂ ਲੋਕ-ਪੱਖੀ ਬਜਟ ਪੇਸ਼ ਕਰੇਗੀ, ਜੋ ਪਹਿਲਾਂ ਵਾਂਗ ਸਮਾਜ ਦੇ ਹਰ ਵਰਗ ਦੀ ਭਲਾਈ 'ਤੇ ਕੇਂਦਰਿਤ ਹੋਵੇਗਾ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸਰਕਾਰ ਨੇ ਲਗਾਤਾਰ ਲੋਕ-ਪੱਖੀ ਅਤੇ ਨਾਗਰਿਕ-ਕੇਂਦਰਿਤ ਫੈਸਲੇ ਲਏ ਹਨ, ਜਿਨ੍ਹਾਂ ਨੇ ਸੂਬੇ ਦੀ ਦਿਸ਼ਾ ਬਦਲ ਦਿੱਤੀ ਹੈ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ,ਪੰਜਾਬ ਸਰਕਾਰ ਮਾਰਚ ਮਹੀਨੇ ਵਿੱਚ ਆਪਣਾ ਪੰਜਵਾਂ ਬਜਟ ਪੇਸ਼ ਕਰੇਗੀ ਅਤੇ ਅਸੀਂ ਸਾਰਿਆਂ ਦੀ ਭਲਾਈ ਦੇ ਉਦੇਸ਼ ਨਾਲ ਲੋਕ-ਪੱਖੀ ਬਜਟ ਪੇਸ਼ ਕਰਨ ਦੀ ਆਪਣੀ ਰਵਾਇਤ ਨੂੰ ਜਾਰੀ ਰੱਖਾਂਗੇ। ਸਾਡਾ ਇੱਕੋ-ਇੱਕ ਉਦੇਸ਼ ਆਮ ਆਦਮੀ ਦੀ ਭਲਾਈ ਯਕੀਨੀ ਬਣਾਉਣਾ ਹੈ ਅਤੇ ਅਸੀਂ ਇਸ ਨੂੰ ਪ੍ਰਾਪਤ ਕਰਨ ਲਈ ਸਖ਼ਤ ਯਤਨ ਕਰ ਰਹੇ ਹਾਂ। ਆਉਣ ਵਾਲਾ ਬਜਟ ਫਿਰ ਤੋਂ



ਪੰਜਾਬ ਦੇ ਲੋਕਾਂ ਨੂੰ ਬਹੁਤ ਜ਼ਿਆਦਾ ਲਾਭ ਮੁਹੱਈਆ ਕਰੇਗਾ। ਕੇਂਦਰ ਸਰਕਾਰ 'ਤੇ ਨਿਸ਼ਾਨਾ ਸਾਧਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਲਗਾਤਾਰ ਕਈ ਸਾਲਾਂ ਤੋਂ ਭਾਜਪਾ ਦੀ ਅਗਵਾਈ ਵਾਲੀ ਐਨ.ਡੀ.ਏ. ਸਰਕਾਰ ਦੁਆਰਾ ਪੇਸ਼ ਕੀਤਾ ਗਿਆ ਕੇਂਦਰੀ ਬਜਟ ਦਿਸ਼ਾਹੀਣ ਅਤੇ ਸਮਾਜ ਦੇ ਅਮੀਰ ਵਰਗਾਂ ਵੱਲ ਝੁਕਾਅ ਵਾਲਾ ਰਿਹਾ ਹੈ।

ਉਨ੍ਹਾਂ ਕਿਹਾ,ਗੁਜਰਾਤ ਵਿੱਚ ਜਿੱਥੇ ਅਸਲ ਵਿੱਚ ਕੋਈ ਵਿਰੋਧੀ ਧਿਰ ਨਹੀਂ ਹੈ, ਆਮ ਆਦਮੀ ਦੀਆਂ ਤਕਲੀਫ਼ਾਂ ਵਧੀਆਂ ਹਨ ਅਤੇ ਲੋਕ ਦੁੱਖ ਝੱਲ ਰਹੇ ਹਨ।

ਕਾਂਗਰਸ ਤੇ ਭਾਜਪਾ ਉੱਥੇ ਦੋਸਤਾਨਾ ਮੈਚ ਖੇਡ ਰਹੇ ਹਨ ਅਤੇ ਆਮ ਆਦਮੀ ਦੀ ਆਵਾਜ਼ ਨੂੰ ਦਬਾ ਦਿੱਤਾ ਗਿਆ ਹੈ। ਮੁੱਖ ਮੰਤਰੀ ਨੇ ਟਿੱਪਣੀ ਕੀਤੀ ਕਿ ਜਦੋਂ ਪ੍ਰਧਾਨ ਮੰਤਰੀ ਦੇਸ਼ ਨੂੰ ਵਿਸ਼ਵ ਗੁਰੂ ਬਣਾਉਣ ਦੀ ਗੱਲ ਕਰਦੇ ਹਨ ਤਾਂ ਉਨ੍ਹਾਂ ਦੇ ਗ੍ਰਹਿ ਰਾਜ ਦੇ ਲੋਕ ਮੁੱਢਲੀਆਂ ਜ਼ਰੂਰਤਾਂ ਲਈ ਸੰਘਰਸ਼ ਕਰ ਰਹੇ ਹਨ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਲੋਕਤੰਤਰ ਵਿੱਚ

(ਬਾਕੀ ਸਫਾ 2 'ਤੇ)

### ਪ੍ਰਧਾਨ ਮੰਤਰੀ ਵੱਲੋਂ 'ਮਨ ਕੀ ਬਾਤ'

## ਲਗਾਤਾਰ ਬਦਲਦੇ ਰਹੋ ਪਾਸਵਰਡ, ਓ.ਟੀ.ਪੀ. ਅਤੇ ਆਧਾਰ ਨੰਬਰ ਸਾਂਝਾ ਕਰਨ ਤੋਂ ਬਚੋ: ਮੋਦੀ

ਚੜ੍ਹਦੀਕਲਾ ਬਿਊਰੋ
=============

ਨਵੀਂ ਦਿੱਲੀ, 22 ਫਰਵਰੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਰਟੀਫੀਸ਼ੀਅਲ ਇੰਟੈਲੀਜੈਂਸ (ਏ.ਆਈ.) ਦੇ ਖੇਤਰ ਵਿੱਚ ਭਾਰਤ ਵੱਲੋਂ ਕੀਤੀ ਗਈ ਤਰੱਕੀ 'ਤੇ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ਏ.ਆਈ. ਸਿਖਰ ਸੰਮੇਲਨ ਨੇ ਦਿਖਾਇਆ ਹੈ ਕਿ ਕਿਵੇਂ ਇਸ ਤਕਨਾਲੋਜੀ ਦੀ ਮਦਦ ਨਾਲ ਦੇਸ਼ ਵਿੱਚ ਜਾਨਵਰਾਂ ਦੀ ਦੇਖਭਾਲ ਕੀਤੀ ਜਾ ਰਹੀ ਹੈ ਅਤੇ ਕਿਸਾਨ ਆਪਣੇ ਪਸ਼ੂਧਨ ਅਤੇ ਡੇਅਰੀ 'ਤੇ ਨਜ਼ਰ ਰੱਖ ਰਹੇ ਹਨ। ਆਪਣੇ ਮਹੀਨਾਵਾਰ ਰੇਡੀਓ ਪ੍ਰੋਗਰਾਮ ਮਨ ਕੀ ਬਾਤ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨੇ ਲੋਕਾਂ ਨੂੰ ਆਨਲਾਈਨ ਵਿੱਤੀ ਧੋਖਾਧੜੀ ਅਤੇ ਡਿਜੀਟਲ ਅਰੈਸਟ ਪ੍ਰਤੀ ਸੁਚੇਤ ਰਹਿਣ ਦੀ ਵੀ ਅਪੀਲ ਕੀਤੀ। ਹਾਲ ਹੀ ਵਿੱਚ ਹੋਏ ਇੰਡੀਆ ਏ.ਆਈ. ਇਮਪੈਕਟ ਸਿਖਰ ਸੰਮੇਲਨ ਦਾ ਜ਼ਿਕਰ ਕਰਦਿਆਂ ਮੋਦੀ ਨੇ ਦੱਸਿਆ ਕਿ ਦੋ ਉਤਪਾਦਾਂ ਨੇ ਵਿਸ਼ਵ ਆਗੂਆਂ ਨੂੰ ਹੈਰਾਨ ਕਰ ਦਿੱਤਾ ਹੈ। ਪ੍ਰਧਾਨ ਮੰਤਰੀ ਨੇ ਲੋਕਾਂ ਨੂੰ ਸੁਚੇਤ ਕਰਦਿਆਂ ਕਿਹਾ ਕਿ ਕੋਈ ਵੀ ਆਪਣਾ ਓ.ਟੀ.ਪੀ., ਆਧਾਰ ਨੰਬਰ ਜਾਂ ਬੈਂਕ ਵੇਰਵੇ ਕਿਸੇ ਨਾਲ ਸਾਂਝੇ ਨਾ ਕਰਨ। ਪੀ.ਐਮ. ਨੇ ਸਲਾਹ ਦਿੱਤੀ ਕਿ ਜਿਵੇਂ ਅਸੀਂ ਮੌਸਮ ਅਨੁਸਾਰ ਖਾਣਾ ਅਤੇ ਕੱਪੜੇ ਬਦਲਦੇ ਹਾਂ, ਉਸੇ ਤਰ੍ਹਾਂ ਪਾਸਵਰਡ ਵੀ ਸਮੇਂ-ਸਮੇਂ ਤੇ ਬਦਲਦੇ ਰਹਿਣਾ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ ਡਿਜੀਟਲ ਅਰੈਸਟ ਅਤੇ ਵਿੱਤੀ ਧੋਖਾਧੜੀ ਰਾਹੀਂ ਅਕਸਰ ਬਜ਼ੁਰਗਾਂ ਦੀ ਉਮਰ ਭਰ ਦੀ ਕਮਾਈ ਲੁੱਟ ਲਈ ਜਾਂਦੀ ਹੈ। ਮੋਦੀ ਨੇ ਅਪੀਲ ਕੀਤੀ ਕਿ ਕੇ.ਵਾਈ.ਸੀ. ਸਿਰਫ਼ ਬੈਂਕ ਸ਼ਾਖਾਵਾਂ ਜਾਂ ਅਧਿਕਾਰਤ ਐਪਸ ਰਾਹੀਂ ਹੀ ਕਰਵਾਓ ਅਤੇ ਕਿਸੇ ਵੀ ਅਣਜਾਣ ਕਾਲ ਤੋਂ ਸੁਚੇਤ ਰਹੋ। ਪੀਐਮ ਨੇ ਕਿਹਾ ਕਿ ਇੱਥੇ ਇਹ ਵੀ ਦਿਖਾਇਆ ਗਿਆ ਕਿ ਕਿਵੇਂ ਏ.ਆਈ. ਜਾਨਵਰਾਂ ਦੇ ਇਲਾਜ ਵਿੱਚ ਮਦਦ ਕਰ ਰਹੀ ਹੈ ਅਤੇ ਕਿਸਾਨ 24 ਘੰਟੇ ਇਸ ਦੀ ਸਹਾਇਤਾ ਨਾਲ ਆਪਣੀ ਡੇਅਰੀ ਦਾ ਹਿਸਾਬ-ਕਿਤਾਬ ਰੱਖ ਰਹੇ ਹਨ। ਏ.ਆਈ. ਰਾਹੀਂ ਪ੍ਰਾਚੀਨ ਗ੍ਰੰਥਾਂ, ਗਿਆਨ ਅਤੇ ਪਾਂਡੂਲਿਪੀਆਂ ਨੂੰ ਸੁਰੱਖਿਅਤ ਕਰਕੇ ਅੱਜ ਦੀ ਪੀੜ੍ਹੀ ਦੇ ਅਨੁਕੂਲ ਬਣਾਇਆ ਜਾ ਰਿਹਾ ਹੈ। ਡਿਜੀਟਲ ਧੋਖਾਧੜੀ ਬਾਰੇ ਬੋਲਦਿਆਂ ਉਨ੍ਹਾਂ ਕਿਹਾ ਕਿ ਬੈਂਕਾਂ ਵੱਲੋਂ ਕੇ.ਵਾਈ.ਸੀ. (ਆਪਣੇ ਗ੍ਰਾਹਕ ਨੂੰ ਜਾਣੋ) ਅਪਡੇਟ ਕਰਨ ਦੇ ਸੁਨੇਹਿਆਂ 'ਤੇ ਲੋਕਾਂ ਨੂੰ ਖਿਝਣਾ ਨਹੀਂ ਚਾਹੀਦਾ। ਉਨ੍ਹਾਂ ਸਪੱਸ਼ਟ ਕੀਤਾ ਕਿ ਇਹ ਪ੍ਰਕਿਰਿਆ ਲੋਕਾਂ ਦੇ ਪੈਸੇ ਦੀ ਸੁਰੱਖਿਆ ਲਈ ਬਹੁਤ ਜ਼ਰੂਰੀ ਹੈ। ਪ੍ਰਧਾਨ ਮੰਤਰੀ ਨੇ ਟੀ-20 ਵਿਸ਼ਵ ਕੱਪ ਦਾ ਜ਼ਿਕਰ ਕਰਦਿਆਂ ਕਿਹਾ ਕਿ ਭਾਰਤੀ ਮੂਲ ਦੇ ਖਿਡਾਰੀ ਵਿਸ਼ਵ ਪੱਧਰ ਤੇ ਦੇਸ਼ ਦਾ ਮਾਣ ਵਧਾ ਰਹੇ ਹਨ ਅਤੇ ਉੱਥੋਂ ਦੇ

### ਭਾਰਤੀ ਮੂਲ ਦੇ ਖਿਡਾਰੀ ਵਿਸ਼ਵ ਪੱਧਰ 'ਤੇ ਵਧਾ ਰਹੇ ਨੇ ਦੇਸ਼ ਦਾ ਮਾਣ

(ਬਾਕੀ ਸਫਾ 2 'ਤੇ)

## ਕਿਸ਼ਤਵਾੜ 'ਚ ਸੁਰੱਖਿਆ ਬਲਾਂ ਨਾਲ ਮੁਕਾਬਲੇ ਦੌਰਾਨ ਜੈਸ਼-ਏ-ਮੁਹੰਮਦ ਦੇ 3 ਅੱਤਵਾਦੀ ਢੇਰ

ਜੰਮੂ, 22 ਫਰਵਰੀ (ਚੜ੍ਹਦੀਕਲਾ ਬਿਊਰੋ) : ਜੰਮੂ-ਕਸ਼ਮੀਰ ਦੇ ਕਿਸ਼ਤਵਾੜ ਜ਼ਿਲ੍ਹੇ ਵਿੱਚ ਸੁਰੱਖਿਆ ਬਲਾਂ ਅਤੇ ਦਹਿਸ਼ਤਗਰਦਾਂ ਦਰਮਿਆਨ ਮੁਕਾਬਲਾ ਹੋਇਆ। ਸੁਰੱਖਿਆ ਬਲਾਂ ਨੇ ਜਿਸ ਥਾਂ 'ਤੇ ਅੱਤਵਾਦੀ ਲੁਕੇ ਹੋਏ ਸਨ, ਉਸ ਪੂਰੇ ਟਿਕਾਣੇ ਨੂੰ ਹੀ ਧਮਾਕੇ ਨਾਲ ਉਡਾ ਦਿੱਤਾ। ਫਿਲਹਾਲ ਇਲਾਕੇ ਵਿੱਚ ਸਰਚ ਆਪ੍ਰੇਸ਼ਨ ਅਤੇ ਮੁਕਾਬਲਾ ਹਾਲੇ ਵੀ ਜਾਰੀ ਹੈ। ਅਧਿਕਾਰੀਆਂ ਨੇ ਦੱਸਿਆ ਕਿ ਪਾਕਿਸਤਾਨੀ ਦਹਿਸ਼ਤੀ ਸੰਗਠਨ ਜੈਸ਼-ਏ-ਮੁਹੰਮਦ ਦੇ ਤਿੰਨ ਅੱਤਵਾਦੀਆਂ ਦੇ ਇਸ ਇਲਾਕੇ ਵਿੱਚ ਲੁਕੇ ਹੋਣ ਦੀ ਪੱਕੀ ਸੂਚਨਾ ਮਿਲੀ ਸੀ। ਇਸ ਤੋਂ ਬਾਅਦ ਜਦੋਂ ਸੁਰੱਖਿਆ ਬਲਾਂ ਨੇ ਤਲਾਸ਼ੀ ਮੁਹਿੰਮ ਸ਼ੁਰੂ ਕੀਤੀ ਤਾਂ ਅੱਤਵਾਦੀਆਂ ਨੇ ਗੋਲੀਬਾਰੀ ਸ਼ੁਰੂ ਕਰ ਦਿੱਤੀ, ਜਿਸ ਦਾ ਭਾਰਤੀ ਜਵਾਨਾਂ ਨੇ ਮੂੰਹ-ਤੋੜ ਜਵਾਬ ਦਿੱਤਾ। ਇਸ ਤੋਂ ਪਹਿਲਾਂ 4 ਫਰਵਰੀ ਨੂੰ ਵੀ ਚਤਰੂ ਇਲਾਕੇ ਵਿੱਚ

(ਬਾਕੀ ਸਫਾ 2 'ਤੇ)

### ਟਰੰਪ ਦੇ ਨਵੇਂ ਫ਼ੈਸਲੇ ਕਾਰਨ ਹਾਲਾਤ ਬਦਲੇ

## ਅੰਤਰਿਮ ਵਪਾਰ ਸਮਝੌਤੇ 'ਤੇ ਭਾਰਤ-ਅਮਰੀਕਾ ਦੇ ਮੁੱਖ ਵਾਰਤਾਕਾਰਾਂ ਦੀ ਮੀਟਿੰਗ ਦੀ ਮਿਤੀ ਮੁੜ ਤੈਅ ਕੀਤੀ ਜਾਵੇਗੀ: ਸੂਤਰ

ਚੜ੍ਹਦੀਕਲਾ ਬਿਊਰੋ
=================

ਨਵੀਂ ਦਿੱਲੀ, 22 ਫਰਵਰੀ : ਭਾਰਤ ਅਤੇ ਅਮਰੀਕਾ ਨੇ ਅੰਤਰਿਮ ਵਪਾਰ ਸਮਝੌਤੇ ਦੇ ਖਰੜੇ ਨੂੰ ਅੰਤਿਮ ਰੂਪ ਦੇਣ ਲਈ ਵਾਸ਼ਿੰਗਟਨ ਵਿੱਚ ਆਪਣੇ ਮੁੱਖ ਵਾਰਤਾਕਾਰਾਂ ਦੀ ਪ੍ਰਸਤਾਵਿਤ ਮੀਟਿੰਗ ਨੂੰ ਮੁੜ ਤਹਿ ਕਰਨ ਦਾ ਫੈਸਲਾ ਕੀਤਾ ਹੈ। ਸੂਤਰਾਂ ਨੇ ਐਤਵਾਰ ਨੂੰ ਕਿਹਾ। ਭਾਰਤ 23 ਫਰਵਰੀ ਨੂੰ ਤਿੰਨ ਦਿਨਾਂ ਮੀਟਿੰਗ ਸ਼ੁਰੂ ਕਰਨ ਵਾਲਾ ਸੀ। ਵਣਜ ਮੰਤਰਾਲੇ ਵਿੱਚ ਸੰਯੁਕਤ ਸਕੱਤਰ ਦਰਪਨ ਜੈਨ ਇਸ ਸਮਝੌਤੇ 'ਤੇ ਭਾਰਤ ਲਈ ਮੁੱਖ ਵਾਰਤਾਕਾਰ ਹਨ। ਇੱਕ ਸੂਤਰ ਨੇ ਕਿਹਾ,ਭਾਰਤ-ਅਮਰੀਕਾ ਵਪਾਰ ਸਮਝੌਤੇ ਲਈ ਭਾਰਤੀ ਵਾਰਤਾਕਾਰਾਂ ਦੇ ਅਮਰੀਕਾ ਦੌਰੇ ਦੇ ਸਬੰਧ ਵਿੱਚ, ਦੋਵੇਂ ਧਿਰਾਂ ਦਾ ਮੰਨਣਾ ਹੈ ਕਿ ਇਹ ਮੀਟਿੰਗ ਹੁਣ ਹੋਣੀ ਚਾਹੀਦੀ ਹੈ, ਜਦੋਂ ਦੋਵੇਂ ਧਿਰਾਂ ਨਵੀਨਤਮ ਵਿਕਾਸ ਅਤੇ ਉਨ੍ਹਾਂ ਦੇ ਪ੍ਰਭਾਵ ਦਾ ਮੁਲਾਂਕਣ ਕਰ ਸਕਦੀਆਂ ਹਨ। ਦੋਵਾਂ ਧਿਰਾਂ ਨੂੰ ਇਸ ਲਈ ਸਮੇਂ ਦੀ ਲੋੜ ਹੈ। ਹੁਣ, ਇਸ ਮੀਟਿੰਗ ਦੀ ਮਿਤੀ ਦੋਵਾਂ ਧਿਰਾਂ ਦੀ ਸਹੂਲਤ ਅਨੁਸਾਰ ਮੁੜ ਤੈਅ ਕੀਤੀ ਜਾਵੇਗੀ। ਡੋਨਾਲਡ ਟਰੰਪ ਪ੍ਰਸ਼ਾਸਨ ਦੇ ਪਹਿਲਾਂ ਲਗਾਏ ਗਏ ਵੱਡੇ ਟੈਰਿਫਾਂ ਵਿਰੁੱਧ ਅਮਰੀਕੀ ਸੁਪਰੀਮ ਕੋਰਟ ਦੇ ਫੈਸਲੇ ਤੋਂ ਬਾਅਦ ਇਹ ਵਿਕਾਸ ਮਹੱਤਵ ਰੱਖਦਾ ਹੈ। ਸ਼ੁੱਕਰਵਾਰ ਨੂੰ, ਟਰੰਪ ਨੇ 24 ਫਰਵਰੀ ਤੋਂ 150 ਦਿਨਾਂ ਲਈ ਭਾਰਤ ਸਮੇਤ ਸਾਰੇ ਦੇਸ਼ਾਂ ਤੇ 10 ਪ੍ਰਤੀਸ਼ਤ ਟੈਰਿਫ ਲਗਾਇਆ। ਹਾਲਾਂਕਿ, ਸ਼ਨੀਵਾਰ ਨੂੰ, ਉਨ੍ਹਾਂ ਨੇ 15 ਪ੍ਰਤੀਸ਼ਤ ਤੱਕ ਵਧਾਉਣ ਦਾ ਐਲਾਨ ਕੀਤਾ। ਟਰੰਪ ਦੇ ਆਪਣੇ ਦੂਜੇ ਕਾਰਜਕਾਲ ਵਿੱਚ ਆਰਥਿਕ ਏਜੰਡੇ ਨੂੰ ਇੱਕ ਵੱਡਾ ਝਟਕਾ ਦਿੰਦੇ ਹੋਏ, ਅਮਰੀਕੀ ਸੁਪਰੀਮ ਕੋਰਟ ਨੇ ਵੱਖ-ਵੱਖ ਦੇਸ਼ਾਂ 'ਤੇ ਲਗਾਏ ਗਏ ਟੈਰਿਫ ਨੂੰ ਗੈਰ-ਕਾਨੂੰਨੀ ਕਰਾਰ ਦਿੱਤਾ ਹੈ। ਅਦਾਲਤ ਨੇ ਕਿਹਾ ਕਿ ਰਾਸ਼ਟਰਪਤੀ ਨੇ 1977 ਦੇ ਅੰਤਰਰਾਸ਼ਟਰੀ ਐਮਰਜੈਂਸੀ ਆਰਥਿਕ ਸ਼ਕਤੀਆਂ ਐਕਟ (ਆਈ.ਈ.ਈ.ਪੀ.ਏ.) ਦੀ ਵਰਤੋਂ ਕਰਕੇ ਆਪਣੇ

### ਅੱਜ ਤੋਂ ਤਿੰਨ ਦਿਨਾਂ ਮੀਟਿੰਗ ਸ਼ੁਰੂ ਕਰਨ ਵਾਲਾ ਸੀ ਭਾਰਤ

(ਬਾਕੀ ਸਫਾ 2 'ਤੇ)

## ਪੰਜਾਬ ਪੁਲਿਸ ਮੁਲਾਜ਼ਮਾਂ ਦਾ ਕਤਲ: ਤਹਿਰੀਕ-ਏ-ਤਾਲਿਬਾਨ ਹਿੰਦੁਸਤਾਨ ਨੇ ਲਈ ਜ਼ਿੰਮੇਵਾਰੀ

### ਗੁਰਦਾਸਪੁਰ 'ਚ ਮੁਲਾਜ਼ਮਾਂ ਦੀਆਂ ਮਿਲੀਆਂ ਸਨ ਮ੍ਰਿਤਕ ਦੇਹਾਂ




ਚੜ੍ਹਦੀਕਲਾ ਬਿਊਰੋ
=============

ਗੁਰਦਾਸਪੁਰ, 22 ਫਰਵਰੀ :ਤਹਿਰੀਕ-ਏ-ਤਾਲਿਬਾਨ ਹਿੰਦੁਸਤਾਨ (ਟੀ.ਟੀ.ਐਚ.) ਜਥੇਬੰਦੀ ਦੇ ਐਤਵਾਰ ਸ਼ਾਮ ਨੂੰ ਸੋਸ਼ਲ ਮੀਡੀਆ 'ਤੇ ਪੋਸਟਰ ਵਾਇਰਲ ਹੋਏ ਹਨ, ਜਿਨ੍ਹਾਂ ਵਿੱਚ ਉਨ੍ਹਾਂ ਪਾਕਿਸਤਾਨ ਨਾਲ ਲੱਗਦੀ ਅੰਤਰਰਾਸ਼ਟਰੀ ਸਰਹੱਦ ਦੇ ਨੇੜੇ ਗੁਰਦਾਸਪੁਰ ਜ਼ਿਲ੍ਹੇ ਦੀ ਦੋਰਾਂਗਲਾ ਪੁਲਿਸ ਚੌਕੀ 'ਤੇ ਦੋ ਪੁਲਿਸ ਮੁਲਾਜ਼ਮਾਂ ਦੇ ਕਤਲ ਦੀ ਜ਼ਿੰਮੇਵਾਰੀ ਲਈ ਹੈ। ਹਾਲਾਂਕਿ, ਪੰਜਾਬ ਪੁਲਿਸ ਦੇ ਅਧਿਕਾਰੀਆਂ ਨੇ ਇਸ ਦਾਅਵੇ ਨੂੰ ਖਾਰਜ ਕਰ ਦਿੱਤਾ ਹੈ। ਸੀਨੀਅਰ ਅਧਿਕਾਰੀਆਂ ਦਾ ਕਹਿਣਾ ਹੈ ਕਿ ਪੰਜਾਬ ਜਾਂ ਭਾਰਤ ਵਿੱਚ ਕਿਤੇ ਵੀ ਇਸ ਸਮੂਹ ਦੀ ਕੋਈ ਮੌਜੂਦਗੀ ਨਹੀਂ ਹੈ। ਪਰ, ਇਸ ਮੋੜ 'ਤੇ ਪੁਲਿਸ ਕੋਲ ਹੋਰ ਕੋਈ ਦਾਅਵਾ ਕਰਨ ਲਈ ਵੀ ਕੋਈ ਪੁਖ਼ਤਾ ਸੁਰਾਗ ਨਹੀਂ ਹੈ।

(ਬਾਕੀ ਸਫਾ 2 'ਤੇ)

## ਭੁੱਲਰ ਤੇ ਸ਼ਾਰਦਾ ਦੇ ਜ਼ਬਤ ਕੀਤੇ ਮੋਬਾਇਲਾਂ ਨੇ ਖੋਲ੍ਹੇ ਕਈ ਭੇਤ, ਮੁੜ ਸੁਣਵਾਈ 13 ਮਾਰਚ ਨੂੰ

ਚੰਡੀਗੜ੍ਹ, 22 ਫਰਵਰੀ (ਚੜ੍ਹਦੀਕਲਾ ਬਿਊਰੋ) : ਭ੍ਰਿਸ਼ਟਾਚਾਰ ਦੇ ਮਾਮਲੇ ਵਿੱਚ ਘਿਰੇ ਮੁਅੱਤਲ ਪੰਜਾਬ ਪੁਲਿਸ ਦੇ ਡੀ.ਆਈ.ਜੀ. ਹਰਚਰਨ ਸਿੰਘ ਭੁੱਲਰ ਅਤੇ ਉਹਨਾਂ ਦੇ ਸਾਥੀ ਕ੍ਰਿਸ਼ਨੂ ਸ਼ਾਰਦਾ ਦੀਆਂ ਮੁਸ਼ਕਲਾਂ ਹੋਰ ਵਧ ਸਕਦੀਆਂ ਹਨ । ਸੀ.ਬੀ.ਆਈ. ਨੇ ਚੰਡੀਗੜ੍ਹ ਅਦਾਲਤ ਨੂੰ ਦੱਸਿਆ ਹੈ ਕਿ ਉਹ ਉਹਨਾਂ ਹੋਰ ਅਧਿਕਾਰੀਆਂ ਦੀ ਭੂਮਿਕਾ ਦੀ ਸੁਤੰਤਰ ਤੌਰ 'ਤੇ ਜਾਂਚ ਕਰ ਰਹੀ ਹੈ ਜਿਨ੍ਹਾਂ ਦੇ ਨਾਮ, ਚੈਟ ਅਤੇ ਸ਼ੱਕੀ ਲੈਣ-ਦੇਣ ਦੇ ਰਿਕਾਰਡ ਮੁਲਜ਼ਮਾਂ ਦੇ ਜ਼ਬਤ ਕੀਤੇ ਮੋਬਾਈਲ ਫੋਨਾਂ ਵਿੱਚੋਂ ਮਿਲੇ ਹਨ। ਸੀ.ਬੀ.ਆਈ. ਵੱਲੋਂ ਅਦਾਲਤ ਵਿੱਚ ਪੇਸ਼ ਕੀਤੀ ਸਪਲੀਮੈਂਟਰੀ ਚਾਰਜਸ਼ੀਟ ਅਨੁਸਾਰ ਜਾਂਚ ਦੌਰਾਨ ਭੁੱਲਰ ਦੇ ਦੋ ਅਤੇ ਸ਼ਾਰਦਾ ਦਾ ਇੱਕ ਮੋਬਾਈਲ ਫੋਨ ਜ਼ਬਤ ਕੀਤਾ ਗਿਆ ਸੀ । ਇਹਨਾਂ ਫੋਨਾਂ ਦੇ ਵਿਸ਼ਲੇਸ਼ਣ ਤੋਂ ਕਈ ਅਜਿਹੀਆਂ ਚੈਟਾਂ

(ਬਾਕੀ ਸਫਾ 2 'ਤੇ)

## ਸ਼੍ਰੋਮਣੀ ਕਮੇਟੀ ਖ਼ਿਲਾਫ਼ ਲੱਗੇ ਦੋਸ਼ਾਂ 'ਤੇ ਕਾਰਵਾਈ ਹੋਵੇ: ਗਿ. ਗੌਹਰ

### ਗਿ. ਰਘਬੀਰ ਸਿੰਘ ਤੇ ਗਿ. ਹਰਪ੍ਰੀਤ ਸਿੰਘ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਤਲਬ ਕਰਨ ਦੀ ਅਪੀਲ

ਬਬਲੂ ਮਹਾਜਨ
============

ਅੰਮ੍ਰਿਤਸਰ, 22 ਫਰਵਰੀ : ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਸਾਬਕਾ ਜਥੇਦਾਰ ਤੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਰਣਜੀਤ ਸਿੰਘ ਗੌਹਰ ਏ ਮਸਕੀਨ ਨੇ ਗਿਆਨੀ ਰਘਬੀਰ ਸਿੰਘ ਤੇ ਗਿਆਨੀ ਹਰਪ੍ਰੀਤ ਸਿੰਘ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਤਲਬ ਕਰਕੇ ਸ਼੍ਰੋਮਣੀ ਕਮੇਟੀ ਪ੍ਰਤੀ ਲਗਾਏ ਜਾ ਰਹੇ ਦੋਸ਼ਾਂ ਦਾ ਸਪਸ਼ਟੀਕਰਨ ਲੈ ਕੇ ਢੁੱਕਵੀਂ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਸਕੱਤਰੇਤ ਵਿਖੇ ਮੰਗ ਪੱਤਰ ਲੈ ਕੇ ਪਹੁੰਚੇ ਗਿਆਨੀ ਗੌਹਰ ਨੇ ਕਿਹਾ ਕਿ ਜਦੋਂ ਇਹ ਦੋਵੇ ਜਥੇਦਾਰ ਦੀ ਸੇਵਾ ਕਰ ਰਹੇ ਸਨ ਤਾਂ ਇਨ੍ਹਾਂ ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਵਿਚ ਕਦੇ ਕੋਈ ਗਲਤੀ ਨਜ਼ਰ ਨਹੀਂ ਆਈ ਅੱਜ ਅਹੁਦਿਆਂ ਦਾ ਨਿੱਘ ਮਾਣਨ ਤੋਂ ਬਾਅਦ ਇਨ੍ਹਾਂ ਦੋਹਾਂ ਸਾਬਕਾ ਜਥੇਦਾਰਾਂ ਨੂੰ ਸ਼੍ਰੋਮਣੀ ਕਮੇਟੀ ਦਾ ਪੂਰਾ ਢਾਂਚਾ ਹੀ



ਚਰਮਰਾਇਆ ਲੱਗ ਰਿਹਾ ਹੈ। ਗਿਆਨੀ ਗੌਹਰ ਨੇ ਪੰਥ ਵਿਚ ਦੁਬਿਧਾ ਪੈਦਾ ਕਰਨ ਦੇ ਬਿਆਨਾਂ 'ਤੇ ਟਿਪਣੀ ਕਰਦਿਆ ਕਿਹਾ ਕਿ ਪੰਥ ਨੇ ਇਨ੍ਹਾਂ ਨੂੰ ਵਡੀਆਂ ਪਦਵੀਆਂ ਦੇ ਕੇ ਸਨਮਾਨ ਦਿੱਤਾ ਸੀ ਤੇ ਉਹ ਪੰਥ ਵਿਰੋਧੀ ਤਾਕਤਾ ਦੇ ਹੱਥਾਂ ਵਿਚ ਖੇਡ ਕੇ ਕੌਮ ਨਾਲ ਧ੍ਰੋਹ ਕਮਾ ਰਹੇ ਹਨ। ਗਿਆਨੀ ਗੌਹਰ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖਾਂ ਦੀ ਸਿਰਮੌਰ ਸੰਸਥਾ ਹੈ ਅਤੇ ਇਸ ਸੰਸਥਾ ਦੇ ਇੱਕ ਇਮਾਨਦਾਰ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਬਾਰੇ ਵਿਚ ਬੇਤੁਕੀਆਂ ਗੱਲਾਂ ਕਰਨੀਆਂ ਗਿਆਨੀ ਰਘਬੀਰ ਸਿੰਘ ਤੇ ਗਿਆਨੀ ਹਰਪ੍ਰੀਤ ਸਿੰਘ ਨੂੰ ਸ਼ੋਭਦੀਆਂ ਨਹੀਂ ਹਨ। ਗਿਆਨੀ ਰਘਬੀਰ ਸਿੰਘ ਨੇ ਲੰਮਾ ਸਮਾਂ ਪੰਜ ਪਿਆਰੇ ਸਿੰਘ, ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ, ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ, ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਅਤੇ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਦੀਆਂ ਸੇਵਾਵਾਂ ਕੀਤੀਆਂ। ਇਕ ਧਾਰਮਿਕ ਸ਼ਖਸੀਅਤ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧਕੀ ਢਾਂਚੇ ਉੱਤੇ ਕਿੰਤੂ ਕਰਨਾ ਸੰਕੇਤ ਕਰਦਾ ਹੈ ਕਿ ਗਿਆਨੀ ਰਘਬੀਰ ਸਿੰਘ ਪੰਥ ਵਿਰੋਧੀ ਤਾਕਤਾਂ ਦੇ ਹੱਥਾਂ ਵਿੱਚ ਖੇਡ ਰਹੇ ਹਨ। ਗਿਆਨੀ ਰਘਬੀਰ ਸਿੰਘ ਕੌਮ ਨੂੰ ਆਪਣੀ ਸਥਿਤੀ ਸਪਸ਼ਟ ਕਰਨ ਦੀ ਬਜਾਏ

(ਬਾਕੀ ਸਫਾ 2 'ਤੇ)

### ਸ਼੍ਰੋਮਣੀ ਕਮੇਟੀ ਨਾਲ ਸਿੱਧੀ ਟੱਕਰ

## ਘਪਲਿਆਂ ਸਬੰਧੀ ਸਵਾਲਾਂ ਦਾ 72 ਘੰਟੇ 'ਚ ਜਵਾਬ ਨਾ ਮਿਲਿਆ ਤਾਂ ਸੰਗਤ ਅੱਗੇ ਰੱਖਾਂਗੇ ਸਬੂਤ: ਗਿ. ਰਘਬੀਰ ਸਿੰਘ

ਬਬਲੂ ਮਹਾਜਨ
============

ਅੰਮ੍ਰਿਤਸਰ, 22 ਫਰਵਰੀ : ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਅਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਰਘਬੀਰ ਸਿੰਘ ਹੁਣ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਾਲ ਸਿੱਧੇ ਆ ਟੱਕਰੇ ਹਨ। ਗਿਆਨੀ ਰਘਬੀਰ ਸਿੰਘ ਨੇ ਆਪਣੇ ਵੱਲੋਂ 18 ਫਰਵਰੀ ਨੂੰ ਜਲੰਧਰ ਵਿਖੇ ਕੀਤੀ ਗਈ ਪ੍ਰੈਸ ਕਾਨਫਰੰਸ ਵਿੱਚ ਖੜੇ ਕੀਤੇ ਕਰਪਸ਼ਨ ਦੇ ਸਵਾਲਾਂ ਦੇ ਜਵਾਬ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ 72 ਘੰਟਿਆਂ ਦਾ ਅਲਟੀਮੇਟਮ ਜਾਰੀ ਕਰਕੇ ਮੰਗੇ ਹਨ। ਇੱਕ ਵੀਡੀਓ ਜਾਰੀ ਕਰਦਿਆਂ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਪ੍ਰਧਾਨ 72 ਘੰਟਿਆਂ ਦੇ ਅੰਦਰ ਉਹਨਾਂ ਸਾਰੇ ਸਵਾਲਾਂ ਦੇ ਜਵਾਬ ਦੇਣ, ਜੋ ਉਨ੍ਹਾਂ



ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੰਮਕਾਜ ਨੂੰ ਲੈ ਕੇ ਚੁੱਕੇ ਗਏ ਹਨ। ਜੇਕਰ ਨਿਰਧਾਰਤ ਸਮੇਂ ਵਿੱਚ ਜਵਾਬ ਨਹੀਂ ਮਿਲਦੇ, ਤਾਂ 72 ਘੰਟਿਆਂ ਬਾਅਦ ਉਹ ਸੰਗਤ ਦੇ ਸਾਹਮਣੇ ਰੱਖਣਗੇ। ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਐਸ.ਜੀ.ਪੀ.ਸੀ.

(ਬਾਕੀ ਸਫਾ 2 'ਤੇ)

## ਭਾਰਤ 'ਏ' ਨੇ ਜਿੱਤਿਆ ਏਸ਼ੀਆ ਕੱਪ ਰਾਈਜ਼ਿੰਗ ਸਟਾਰਜ਼-2026 ਦਾ ਖ਼ਿਤਾਬ

### ਫਾਈਨਲ 'ਚ ਬੰਗਲਾਦੇਸ਼ ਨੂੰ ਹਰਾਇਆ

ਬੈਂਕਾਕ, 22 ਫਰਵਰੀ (ਚੜ੍ਹਦੀਕਲਾ ਬਿਊਰੋ) : ਇੰਡੀਆ-ਏ ਦੀ ਮਹਿਲਾ ਟੀਮ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਵਿਮੈਨਜ਼ ਏਸ਼ੀਆ ਕੱਪ ਰਾਈਜ਼ਿੰਗ ਸਟਾਰਜ਼-2026 ਦਾ ਖ਼ਿਤਾਬ ਆਪਣੇ ਨਾਂ ਕਰ ਲਿਆ ਹੈ। ਐਤਵਾਰ ਨੂੰ ਬੈਂਕਾਕ ਵਿੱਚ ਖੇਡੇ ਗਏ ਫਾਈਨਲ ਮੁਕਾਬਲੇ ਵਿੱਚ ਭਾਰਤੀ ਟੀਮ ਨੇ ਬੰਗਲਾਦੇਸ਼ ਨੂੰ 46 ਦੌੜਾਂ ਨਾਲ ਹਰਾ ਕੇ ਟਰਾਫੀ 'ਤੇ ਕਬਜ਼ਾ ਕੀਤਾ। ਭਾਰਤੀ ਟੀਮ ਨੇ ਟਾਸ ਜਿੱਤ ਕੇ ਪਹਿਲਾਂ ਬੱਲੇਬਾਜ਼ੀ ਕਰਨ ਦਾ ਫੈਸਲਾ ਕੀਤਾ ਅਤੇ ਨਿਰਧਾਰਤ 20 ਓਵਰਾਂ ਵਿੱਚ 7 ਵਿਕਟਾਂ ਦੇ ਨੁਕਸਾਨ 'ਤੇ 134 ਦੌੜਾਂ ਬਣਾਈਆਂ। ਇਸ ਦੇ ਜਵਾਬ ਵਿੱਚ ਬੰਗਲਾਦੇਸ਼ ਦੀ ਪੂਰੀ ਟੀਮ 19.1 ਓਵਰਾਂ ਵਿੱਚ ਮਹਿਜ਼ 88 ਦੌੜਾਂ 'ਤੇ ਹੀ ਸਿਮਟ ਗਈ।

(ਬਾਕੀ ਸਫਾ 2 'ਤੇ)

## ਸਾਊਦੀ ਅਰਬ ਤੋਂ ਸਪਲਾਈ ਵਧੀ, ਪਾਬੰਦੀਆਂ ਕਾਰਨ ਰੂਸ ਤੋਂ ਕੱਚੇ ਤੇਲ ਦਾ ਆਯਾਤ ਘਟਿਆ: ਰਿਪੋਰਟ

### 1 ਤੋਂ 18 ਫ਼ਰਵਰੀ ਦੌਰਾਨ ਭਾਰਤ ਦਾ ਕੁਲ ਕੱਚਾ ਤੇਲ ਆਯਾਤ ਡਿੱਗ ਕੇ ਔਸਤਨ 4.85 ਲੱਖ ਬੀ.ਪੀ.ਡੀ. ਰਹਿ ਗਿਆ

ਚੜ੍ਹਦੀਕਲਾ ਬਿਊਰੋ
=================

ਨਵੀਂ ਦਿੱਲੀ, 22 ਫਰਵਰੀ : ਭਾਰਤ ਦੀ ਕੱਚੇ ਤੇਲ ਦੀ ਆਯਾਤ ਰਣਨੀਤੀ ਹੁਣ ਇਕ ਨਵੇਂ ਬਦਲਾਅ ਦੇ ਦੌਰ 'ਚ ਦਾਖ਼ਲ ਹੋ ਰਹੀ ਹੈ। ਆਯਾਤ ਕੀਤੀ ਖੇਪ ਦੇ ਅੰਕੜੇ ਅਤੇ ਵਿਸ਼ਲੇਸ਼ਕ ਦਸਦੇ ਹਨ ਕਿ ਸਾਊਦੀ ਅਰਬ ਦੀ ਅਗਵਾਈ 'ਚ ਪਛਮੀ ਏਸ਼ੀਆ ਦੇ ਸਪਲਾਈਕਰਤਾ ਅਪਣੀ ਬਾਜ਼ਾਰ ਹਿੱਸੇਦਾਰੀ ਮੁੜ ਹਾਸਲ ਕਰ ਰਹੇ ਹਨ। ਜਦਕਿ ਰੂਸੀ ਤੇਲ ਦੀ ਆਮਦ ਹੁਣ ਵੀ ਅਹਿਮ ਬਣੀ ਹੋਈ ਹੈ, ਪਰ ਭੂ-ਰਾਜਨੀਤਿਕ ਅਤੇ ਕੌਮਾਂਤਰੀ ਪਾਬੰਦੀਆਂ ਦੇ ਕਾਰਨ ਇਸ 'ਚ ਕਮੀ




ਆ ਰਹੀ ਹੈ। ਰੂਸ ਤੋਂ ਹੋਣ ਵਾਲੀ ਸਪਲਾਈ 'ਚ ਕਮੀ ਆਉਣ ਕਾਰਨ ਇਕ ਤੋਂ 18 ਫ਼ਰਵਰੀ ਦੌਰਾਨ ਭਾਰਤ ਦਾ ਕੁਲ ਕੱਚਾ ਤੇਲ ਆਯਾਤ ਡਿੱਗ ਕੇ ਔਸਤਨ 4.85 ਲੱਖ ਬੈਰਲ ਪ੍ਰਤੀ ਦਿਨ (ਬੀ.ਪੀ.ਡੀ.) ਰਹਿ ਗਿਆ।

ਇਹ ਜਨਵਰੀ ਦੇ 5.25 ਲੱਖ ਬੀ.ਪੀ.ਡੀ. ਮੁਕਾਬਲੇ ਅੱਠ ਫ਼ੀ ਸਦੀ ਘੱਟ ਹੈ। ਪਿਛਲੇ ਮਹੀਨੇ ਪ੍ਰਮੁੱਖ ਰੂਸੀ ਨਿਰਯਾਤਕਾਂ ਉਤੇ ਅਮਰੀਕੀ ਪਾਬੰਦੀਆਂ ਅਤੇ ਯੂਰਪੀ ਯੂਨੀਅਨ ਦੇ 18ਵੇਂ ਪਾਬੰਦੀ ਪੈਕੇਜ ਦੇ ਅਮਲ 'ਚ ਆਉਣ ਤੋਂ ਬਾਅਦ ਉਥੋਂ ਆਉਣ ਵਾਲੇ ਤੇਲ ਦੇ ਪ੍ਰਵਾਹ 'ਚ ਇਹ ਗਿਰਾਵਟ ਵੇਖੀ ਗਈ ਹੈ। ਜਹਾਜ਼ਾਂ ਦੀ ਆਵਾਜਾਈ ਦੇ ਨਿਗਰਾਨੀ ਅੰਕੜਿਆਂ

(ਬਾਕੀ ਸਫਾ 2 'ਤੇ)

## ਅਮਰੀਕਾ 'ਚ ਅਗਵਾ ਕੀਤੇ ਸਿੱਖ ਬਜ਼ੁਰਗ ਅਵਤਾਰ ਸਿੰਘ ਦੀ ਮਿਲੀ ਲਾਸ਼

ਚੜ੍ਹਦੀਕਲਾ ਬਿਊਰੋ
=================

ਵਾਸ਼ਿੰਗਟਨ, 22 ਫਰਵਰੀ : ਅਮਰੀਕਾ ਦੇ ਟ੍ਰੇਸੀ ਸ਼ਹਿਰ ਦੇ ਗੁਰਦੁਆਰੇ ਤੋਂ ਅਗਵਾ ਹੋਏ ਸਿੱਖ ਵਿਅਕਤੀ ਦੀ ਅੱਜ ਮ੍ਰਿਤਕ ਦੇਹ ਮਿਲ ਗਈ ਹੈ। ਬਜ਼ੁਰਗ ਸਿੱਖ ਨੂੰ ਕਿਹੜੇ ਕਾਰਨਾਂ ਕਰਕੇ ਮੌਤ ਦੇ ਘਾਟ ਉਤਾਰਿਆ ਗਿਆ ਹੈ ਪੁਲਿਸ ਵੱਲੋਂ ਇਸ ਦੀ ਜਾਂਚ ਕੀਤੀ ਜਾ ਰਹੀ ਹੈ। ਮ੍ਰਿਤਕ ਦੀ ਪਛਾਣ ਅਵਤਾਰ ਸਿੰਘ (57) ਵਜੋਂ ਹੋਈ ਹੈ, ਜੋ ਮੂਲ ਰੂਪ ਵਿੱਚ ਲੁਧਿਆਣਾ ਦੇ ਰਹਿਣ ਵਾਲੇ ਸਨ ਅਤੇ ਉਹ ਪਿਛਲੇ ਕਈ ਸਾਲਾਂ ਤੋਂ ਕੈਲੀਫੋਰਨੀਆ ਵਿੱਚ ਪਰਿਵਾਰ ਨਾਲ ਰਹਿ ਰਹੇ ਸਨ। ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ ਨੇ ਇਸ ਸਬੰਧੀ ਜਾਣਕਾਰੀ ਆਪਣੇ ਫੇਸਬੁੱਕ ਪੇਜ 'ਤੇ ਦਿੱਤੀ। ਮ੍ਰਿਤਕ ਸਿੱਖ ਬਜ਼ੁਰਗ ਅਵਤਾਰ ਸਿੰਘ ਟ੍ਰੇਸੀ ਸਥਿਤ ਗੁਰਦੁਆਰਾ ਸਾਹਿਬ ਵਿੱਚ ਰਸੋਈਏ ਵਜੋਂ ਸੇਵਾ ਕਰਦੇ ਸਨ। ਪਰਿਵਾਰ ਨੇ ਸੈਨ ਜੋਆਕਿਨ ਕਾਊਂਟੀ ਸ਼ੈਰਿਫ ਦਫ਼ਤਰ ਵਿੱਚ ਉਨ੍ਹਾਂ ਦੇ ਲਾਪਤਾ ਹੋਣ ਦੀ ਸ਼ਿਕਾਇਤ ਦਰਜ ਕਰਵਾਈ ਸੀ। ਜਿਸ ਤੋਂ ਬਾਅਦ ਪੁਲਿਸ ਨੂੰ ਸੀ.ਸੀ.ਟੀ.ਵੀ. ਫੁਟੇਜ ਮਿਲੀ ਸੀ, ਜਿਸ ਵਿੱਚ ਚਿੱਟੇ ਰੰਗ ਦੀ ਐਸ.ਯੂ.ਵੀ ਅਤੇ ਗੂੜ੍ਹੇ ਕੱਪੜੇ ਪਹਿਨੇ ਤਿੰਨ ਵਿਅਕਤੀ ਅਵਤਾਰ ਸਿੰਘ ਨੂੰ ਜ਼ਬਰਦਸਤੀ ਲੈ ਕੇ



(ਬਾਕੀ ਸਫਾ 2 'ਤੇ)

## ਟਰੰਪ ਦੀ ਨਿੱਜੀ ਰਿਹਾਇਸ਼ 'ਚ ਦਾਖਲ ਹੋਣ ਦੀ ਕੋਸ਼ਿਸ਼ ਕਰਨ ਵਾਲਾ ਨੌਜਵਾਨ ਹਲਾਕ

ਫਲੋਰਿਡਾ, 22 ਫਰਵਰੀ (ਚੜ੍ਹਦੀਕਲਾ ਬਿਊਰੋ) : ਐਤਵਾਰ ਨੂੰ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਮਾਰ-ਏ-ਲਾਗੋ ਰਿਜ਼ੋਰਟ ਵਿੱਚ ਦਾਖਲ ਹੋਣ ਦੀ ਕੋਸ਼ਿਸ਼ ਕਰਨ ਵਾਲੇ ਇੱਕ ਨੌਜਵਾਨ ਨੂੰ ਸੁਰੱਖਿਆ ਕਰਮਚਾਰੀਆਂ ਨੇ ਗੋਲੀ ਮਾਰ ਦਿੱਤੀ। ਗੋਲੀ ਲੱਗਣ ਕਾਰਨ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਰਾਸ਼ਟਰਪਤੀ ਦੀ ਸੁਰੱਖਿਆ ਕਰਨ ਵਾਲੀ ਏਜੰਸੀ, ਸੀਕ੍ਰੇਟ ਸਰਵਿਸ ਨੇ ਕਿਹਾ ਕਿ ਇੱਕ ਆਦਮੀ ਗੈਰ-ਕਾਨੂੰਨੀ ਤੌਰ 'ਤੇ ਦਾਖਲ ਹੋਣ ਦੀ ਕੋਸ਼ਿਸ਼ ਕਰ ਰਿਹਾ ਸੀ। ਜਦੋਂ ਉਸ ਨੇ ਸੁਰੱਖਿਅਤ ਖੇਤਰ ਵਿੱਚ ਦਾਖਲ ਹੋਣ ਦੀ ਕੋਸ਼ਿਸ਼ ਕੀਤੀ, ਤਾਂ ਇੱਕ ਸੀਕ੍ਰੇਟ ਸਰਵਿਸ ਏਜੰਟ ਨੇ ਉਸ ਨੂੰ ਗੋਲੀ ਮਾਰ ਦਿੱਤੀ। ਸੀਕ੍ਰੇਟ ਸਰਵਿਸ ਦੇ ਅਨੁਸਾਰ ਨੌਜਵਾਨ ਕੋਲ ਇੱਕ ਬੰਦੂਕ ਵਰਗਾ ਹਥਿਆਰ ਅਤੇ ਇੱਕ ਬਾਲਣ ਦਾ ਡੱਬਾ

(ਬਾਕੀ ਸਫਾ 2 'ਤੇ)

## ਪਾਸਪੋਰਟ ਸੰਭਾਲਣ ਦਾ ਝੰਜਟ ਖ਼ਤਮ! ਸਰਕਾਰ ਦੇ ਨਵੇਂ ਸਿਸਟਮ ਨਾਲ ਸਮਾਰਟਫੋਨ 'ਚ ਸੇਵ ਹੋਵੇਗਾ ਤੁਹਾਡਾ ਡਾਟਾ




ਨਵੀਂ ਦਿੱਲੀ, 22 ਫਰਵਰੀ (ਚ.ਨ.ਸ.): ਕੇਂਦਰ ਸਰਕਾਰ ਵਿਦੇਸ਼ਾਂ ਵਿੱਚ ਰਹਿਣ ਵਾਲੇ ਭਾਰਤੀ ਪਾਸਪੋਰਟ ਧਾਰਕਾਂ ਲਈ ਇੱਕ ਵੱਡੀ ਸਹੂਲਤ ਸ਼ੁਰੂ ਕਰਨ ਦੀ ਤਿਆਰੀ ਕਰ ਰਹੀ ਹੈ। ਪਾਸਪੋਰਟ ਗੁੰਮ ਹੋਣ ਨਵੀਨੀਕਰਨ ਜਾਂ ਕਿਸੇ ਤਕਨੀਕੀ ਸਮੱਸਿਆ ਦੀ ਸਥਿਤੀ ਵਿੱਚ ਭਾਰਤੀਆਂ ਨੂੰ ਹੁਣ ਕੌਂਸਲੇਟਾਂ ਦੇ ਦੌਰੇ ਨਹੀਂ ਕਰਨੇ ਪੈਣਗੇ। ਸਰਕਾਰ ਇੱਕ ਅੰਤਰਰਾਸ਼ਟਰੀ ਟੋਲ-ਫ੍ਰੀ ਹੈਲਪਲਾਈਨ ਨੰਬਰ ਸ਼ੁਰੂ ਕਰਨ ਦੀ ਯੋਜਨਾ ਬਣਾ ਰਹੀ ਹੈ, ਜੋ ਦੁਨੀਆਂ ਦੇ ਕਿਸੇ ਵੀ ਦੇਸ਼ ਤੋਂ ਪਾਸਪੋਰਟ ਸੇਵਾ ਪ੍ਰੋਗਰਾਮ ਨਾਲ ਸਿੱਧਾ ਸੰਪਰਕ ਕਰਨ ਦੀ ਆਗਿਆ ਦੇਵੇਗਾ।

24-ਘੰਟੇ ਸਹਾਇਤਾ : ਵਿਦੇਸ਼ ਮੰਤਰਾਲੇ ਦੀ ਯੋਜਨਾ ਦੇ ਅਨੁਸਾਰ, ਇਹ ਹੈਲਪਲਾਈਨ ਦਿਨ ਦੇ 24 ਘੰਟੇ, ਸਾਲ ਦੇ 365 ਦਿਨ ਕੰਮ ਕਰੇਗੀ। ਇਸ ਸੇਵਾ ਰਾਹੀਂ, ਭਾਰਤੀ ਨਾਗਰਿਕ ਸਿਰਫ਼ ਇੱਕ ਫੋਨ ਕਾਲ ਨਾਲ ਆਪਣੀਆਂ ਸਮੱਸਿਆਵਾਂ ਦਰਜ ਕਰਵਾ ਸਕਣਗੇ ਅਤੇ ਮਾਹਿਰਾਂ ਤੋਂ ਤੁਰੰਤ ਮਾਰਗਦਰਸ਼ਨ ਪ੍ਰਾਪਤ ਕਰ ਸਕਣਗੇ। ਖਾਸ ਤੌਰ 'ਤੇ ਇਸ ਸਹੂਲਤ ਲਈ ਕੋਈ ਫੀਸ ਨਹੀਂ ਹੋਵੇਗੀ। ਅੰਤਰਰਾਸ਼ਟਰੀ ਕਾਲਾਂ ਦੀ ਸਾਰੀ ਲਾਗਤ ਸਰਕਾਰ ਸਹਿਣ ਕਰੇਗੀ।

ਵਿਦੇਸ਼ਾਂ ਵਿੱਚ ਰਹਿਣ ਵਾਲਿਆਂ ਨੂੰ ਹੋਵੇਗਾ ਸਭ ਤੋਂ ਵੱਧ ਫਾਇਦਾ: ਇਹ ਹੈਲਪਲਾਈਨ ਖਾਸ ਤੌਰ 'ਤੇ ਉਨ੍ਹਾਂ ਭਾਰਤੀਆਂ ਲਈ ਮੱਦਦਗਾਰ ਹੋਵੇਗੀ ਜੋ ਪੜ੍ਹਾਈ, ਰੁਜ਼ਗਾਰ ਜਾਂ ਕੰਮ ਲਈ ਵਿਦੇਸ਼ ਵਿੱਚ ਰਹਿੰਦੇ ਹਨ ਅਤੇ ਐਮਰਜੈਂਸੀ ਦੀ ਸਥਿਤੀ ਵਿੱਚ ਭਾਰਤੀ ਦੂਤਾਵਾਸ ਤੱਕ ਨਹੀਂ ਪਹੁੰਚ ਸਕਦੇ। ਗੁੰਮ ਹੋਏ ਪਾਸਪੋਰਟ, ਨਾਮ ਜਾਂ ਵੀਜ਼ਾ ਗਲਤੀਆਂ, ਪਾਸਪੋਰਟ ਨਵੀਨੀਕਰਨ, ਜਾਂ ਦਸਤਾਵੇਜ਼ ਨਾਲ ਸਬੰਧਤ ਮੁੱਦਿਆਂ ਵਰਗੇ ਮੁੱਦਿਆਂ ਨੂੰ ਫ਼ੋਨ 'ਤੇ ਹੱਲ ਕੀਤਾ ਜਾ ਸਕਦਾ ਹੈ।

ਯੂਨੀਵਰਸਲ ਟੋਲ-ਫ੍ਰੀ ਸਿਸਟਮ ਲਈ ਤਿਆਰੀਆਂ: ਸਰਕਾਰ ਇੱਕ ਅਜਿਹਾ ਸਿਸਟਮ ਵਿਕਸਤ ਕਰ ਰਹੀ ਹੈ ਜਿਸ ਵਿੱਚ ਜ਼ਿਆਦਾਤਰ ਦੇਸ਼ਾਂ ਲਈ ਇੱਕ ਯੂਨੀਵਰਸਲ ਟੋਲ-ਫ੍ਰੀ ਨੰਬਰ ਸ਼ਾਮਲ ਹੋਵੇਗਾ। ਜਿਨ੍ਹਾਂ ਦੇਸ਼ਾਂ ਵਿੱਚ ਤਕਨੀਕੀ ਮੁਸ਼ਕਲਾਂ ਆਉਂਦੀਆਂ ਹਨ, ਉੱਥੇ ਇੱਕ ਵੱਖਰਾ ਨੰਬਰ ਪ੍ਰਦਾਨ ਕੀਤਾ ਜਾਵੇਗਾ। ਕਾਲ ਕਰਨ ਵਾਲੇ ਇਸ ਤਰ੍ਹਾਂ ਅਨੁਭਵ ਕਰਨਗੇ, ਜਿਵੇਂ ਉਹ ਕਿਸੇ ਸਥਾਨਕ ਨੰਬਰ ਨਾਲ ਗੱਲ ਕਰ ਰਹੇ ਹੋਣ, ਜਦੋਂ ਕਿ ਸਹਾਇਤਾ ਭਾਰਤ ਵਿੱਚ ਸਥਿਤ ਸਿਖਲਾਈ ਪ੍ਰਾਪਤ ਮਾਹਰਾਂ ਦੁਆਰਾ ਪ੍ਰਦਾਨ ਕੀਤੀ ਜਾਵੇਗੀ।

ਪ੍ਰਕਿਰਿਆ ਜਾਰੀ ਹੈ, ਲਾਂਚ ਲਈ ਤਿਆਰੀਆਂ ਨੇੜੇ ਹਨ: ਵਿਦੇਸ਼ ਮੰਤਰਾਲੇ ਨੇ ਹੈਲਪਲਾਈਨ ਸਥਾਪਤ ਕਰਨ ਲਈ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ ਅਤੇ ਟੈਲੀਕਾਮ ਕੰਪਨੀਆਂ ਤੋਂ ਟੈਂਡਰ ਮੰਗੇ ਹਨ। ਯੋਜਨਾ ਦੇ ਅਨੁਸਾਰ, ਇਸ ਸਾਲ ਸੇਵਾ ਸ਼ੁਰੂ ਕੀਤੀ ਜਾ ਸਕਦੀ ਹੈ।

ਪਾਸਪੋਰਟ ਸੇਵਾ ਪ੍ਰੋਗਰਾਮ ਦਾ ਵਿਸਥਾਰ : ਭਾਰਤ ਦਾ ਪਾਸਪੋਰਟ ਸੇਵਾ ਪ੍ਰੋਗਰਾਮ 2012 ਵਿੱਚ ਆਧੁਨਿਕ ਰੂਪ ਵਿੱਚ ਸ਼ੁਰੂ ਕੀਤਾ ਗਿਆ ਸੀ ਅਤੇ ਤਕਨੀਕੀ ਸਹਾਇਤਾ ਨਾਲ ਕੰਮ ਕਰ ਰਿਹਾ ਹੈ। ਵਰਤਮਾਨ ਵਿੱਚ, ਦੇਸ਼ ਭਰ ਵਿੱਚ 37 ਪਾਸਪੋਰਟ ਦਫਤਰ, 92 ਪਾਸਪੋਰਟ ਸੇਵਾ ਕੇਂਦਰ ਅਤੇ 450 ਤੋਂ ਵੱਧ ਡਾਕਘਰ ਪਾਸਪੋਰਟ ਕੇਂਦਰ ਕੰਮ ਕਰ ਰਹੇ ਹਨ। ਪਾਸਪੋਰਟ ਜਾਰੀ ਕਰਨ ਅਤੇ ਡੇਟਾ ਸੁਰੱਖਿਆ ਦੀ ਜ਼ਿੰਮੇਵਾਰੀ ਸਰਕਾਰ ਦੀ ਰਹਿੰਦੀ ਹੈ, ਜਦੋਂ ਕਿ ਤਕਨੀਕੀ ਪ੍ਰਬੰਧਨ ਭਾਈਵਾਲ ਕੰਪਨੀਆਂ ਦੁਆਰਾ ਸੰਭਾਲਿਆ ਜਾਂਦਾ ਹੈ।

## ਅਲਜ਼ਾਈਮਰ ਦੇ ਇਲਾਜ 'ਚ ਵੱਡੀ ਕਾਮਯਾਬੀ ਆਈ.ਆਈ.ਟੀ.ਬੀਐੱਚਯੂ, ਏਮਜ਼ ਤੇ ਐਨਆਈਆਈ ਦੇ ਸਾਂਝੇ ਪ੍ਰਯੋਗ ਨਾਲ ਮਿਲਿਆ ਆਈ-43 ਅਣੂ ਕਰੇਗਾ ਹੱਲ

ਨਵੀਂ ਦਿੱਲੀ, 22 ਫਰਵਰੀ (ਚ.ਨ.ਸ.): ਭਾਰਤੀ ਵਿਗਿਆਨੀਆਂ



ਨੇ ਅਲਜ਼ਾਈਮਰ, ਇੱਕ ਗੰਭੀਰ ਅਤੇ ਪ੍ਰਗਤੀਸ਼ੀਲ ਦਿਮਾਗੀ ਬਿਮਾਰੀ ਦੇ ਇਲਾਜ ਵਿੱਚ ਇੱਕ ਮਹੱਤਵਪੂਰਨ ਸਫਲਤਾ ਪ੍ਰਾਪਤ ਕੀਤੀ ਹੈ। ਦੇਸ਼ ਦੀਆਂ ਪ੍ਰਮੁੱਖ ਸੰਸਥਾਵਾਂ, ਆਈ.ਆਈ.ਟੀ. ਬੀਐਚਯੂ, ਏਮਜ਼ ਨਵੀਂ ਦਿੱਲੀ, ਅਤੇ ਨੈਸ਼ਨਲ ਇੰਸਟੀਚਿਊਟ ਆਫ਼ ਇਮਯੂਨੋਲੋਜੀ ਦੇ ਡਾਕਟਰਾਂ ਅਤੇ ਖੋਜਕਰਤਾਵਾਂ ਦੀ ਇੱਕ ਸਾਂਝੀ ਟੀਮ ਨੇ ਆਈ-43 ਨਾਮਕ ਇੱਕ ਨਵਾਂ ਕਿਰਿਆਸ਼ੀਲ ਅਣੂ ਖੋਜਿਆ ਹੈ। ਇਹ ਦਿਮਾਗ ਵਿੱਚ ਪ੍ਰਵੇਸ਼ ਕਰੇਗਾ ਤਾਂ ਜੋ ਇਸ ਬਿਮਾਰੀ ਦਾ ਕਾਰਨ ਬਣਨ ਵਾਲੇ ਕਾਰਕਾਂ ਦੀ ਪਛਾਣ ਕੀਤੀ ਜਾ ਸਕੇ ਅਤੇ ਉਨ੍ਹਾਂ ਨੂੰ ਰੋਕਿਆ ਜਾ ਸਕੇ। ਮਾਹਿਰਾਂ ਦਾ ਦਾਅਵਾ ਹੈ ਕਿ ਆਈ-43 ਇੱਕੋ ਸਮੇਂ ਡਾਇਗਨੌਸਟਿਕ ਅਤੇ ਥੈਰੇਪੀ ਦੋਵੇਂ ਕਾਰਜ ਕਰ ਸਕਦਾ ਹੈ। ਇਸੇ ਕਰਕੇ ਇਸਨੂੰ ਅਲਜ਼ਾਈਮਰ ਦੇ ਇਲਾਜ ਦੇ ਭਵਿੱਖ ਲਈ ਇੱਕ ਵਾਅਦਾ ਕਰਨ ਵਾਲੀ ਖੋਜ ਮੰਨਿਆ ਜਾਂਦਾ ਹੈ। ਇਹ ਖੋਜ ਵੱਕਾਰੀ ਅੰਤਰਰਾਸ਼ਟਰੀ ਮੈਡੀਕਲ ਜਰਨਲ ਨੇਚਰ ਕਮਿਊਨੀਕੇਸ਼ਨਜ਼ ਵਿੱਚ ਪ੍ਰਮੁੱਖਤਾ ਨਾਲ ਪ੍ਰਕਾਸ਼ਿਤ ਹੋਈ ਹੈ। ਖੋਜਕਰਤਾ ਨੇ ਇਸ ਸਰਗਰਮ ਅਣੂ ਦੀ ਖੋਜ ਲਈ ਇੱਕ ਪੇਟੈਂਟ ਵੀ ਦਾਇਰ ਕੀਤਾ ਹੈ। ਜ਼ਰੂਰੀ ਰਸਮਾਂ ਅਤੇ ਪ੍ਰਵਾਨਗੀਆਂ ਪੂਰੀਆਂ ਹੋਣ ਤੋਂ ਬਾਅਦ ਕਲੀਨਿਕਲ ਟਰਾਇਲ ਸ਼ੁਰੂ ਹੋਣਗੇ।

ਇਸ ਖੋਜ ਵਿੱਚ ਏਮਜ਼, ਨਵੀਂ ਦਿੱਲੀ ਵਿਖੇ ਟੀਮ ਦੀ ਅਗਵਾਈ ਕਰਨ ਵਾਲੇ ਬਾਇਓਫਿਜ਼ਿਕਸ ਵਿਭਾਗ ਦੇ ਵਧੀਕ ਪ੍ਰੋਫੈਸਰ ਡਾ. ਸਰੋਜ ਕੁਮਾਰ ਦੇ ਅਨੁਸਾਰ, ਆਈ-43 ਇੱਕ ਵਿਲੱਖਣ ਪਦਾਰਥ ਹੈ ਜੋ ਦਿਮਾਗ ਤੱਕ ਪਹੁੰਚ ਸਕਦਾ ਹੈ। ਆਮ ਤੌਰ ਤੇ, ਦਿਮਾਗ ਇੱਕ ਸੁਰੱਖਿਆ ਪਰਤ ਨਾਲ ਘਿਰਿਆ ਹੁੰਦਾ ਹੈ ਜਿਸਨੂੰ ਖ਼ੂਨ-ਦਿਮਾਗ ਦੀ ਰੁਕਾਵਟ ਕਿਹਾ ਜਾਂਦਾ ਹੈ। ਬਹੁਤ ਸਾਰੀਆਂ ਦਵਾਈਆਂ ਇਸ ਰੁਕਾਵਟ ਨੂੰ ਪਾਰ ਨਹੀਂ ਕਰ ਸਕਦੀਆਂ, ਪਰ ਆਈ-43 ਇਸ ਰੁਕਾਵਟ ਨੂੰ ਪਾਰ ਕਰਦਾ ਹੈ ਅਤੇ ਸਿੱਧਾ ਦਿਮਾਗ ਨੂੰ ਪ੍ਰਭਾਵਿਤ ਕਰਦਾ ਹੈ। ਅਲਜ਼ਾਈਮਰ ਵਿੱਚ, ਐਮੀਲੋਇਡ-ਬੀਟਾ ਪਲੇਕ ਨਾਮਕ ਇੱਕ ਨੁਕਸਾਨਦੇਹ ਪਦਾਰਥ (ਐਨਜ਼ਾਈਮ) ਜੋ ਦਿਮਾਗ ਵਿੱਚ ਇਕੱਠਾ ਹੁੰਦਾ ਹੈ, ਐਸੀਟਿਲਕੋਲੀਨ ਨਾਮਕ ਇੱਕ ਮਹੱਤਵਪੂਰਨ ਰਸਾਇਣ ਨੂੰ ਨਸ਼ਟ ਕਰ ਦਿੰਦਾ ਹੈ, ਜਿਸ ਨਾਲ ਯਾਦਦਾਸ਼ਤ ਘੱਟ ਜਾਂਦੀ ਹੈ।ਆਈ-43 ਇਸ ਐਨਜ਼ਾਈਮ ਦੀ ਪਛਾਣ ਕਰਨ ਵਿੱਚ ਮਦਦ ਕਰਦਾ ਹੈ ਅਤੇ ਬਿਮਾਰੀ ਦਾ ਜਲਦੀ ਪਤਾ ਲਗਾਉਣ ਵਿੱਚ ਮਦਦ ਕਰਦਾ ਹੈ। ਇਸ ਤੋਂ ਇਲਾਵਾ, ਆਈ-43 ਨੁਕਸਾਨਦੇਹ ਐਨਜ਼ਾਈਮ ਨੂੰ ਰੋਕਣ ਅਤੇ ਖਤਮ ਕਰਨ ਦੇ ਵੀ ਸਮਰੱਥ ਹੈ ਜੋ ਐਸੀਟਿਲਕੋਲੀਨ ਨਾਮਕ ਜ਼ਰੂਰੀ ਰਸਾਇਣ ਨੂੰ ਨਸ਼ਟ ਕਰਦਾ ਹੈ। ਐਸੀਟਾਈਲਕੋਲੀਨ ਯਾਦਦਾਸ਼ਤ ਅਤੇ ਸੋਚ ਲਈ ਜ਼ਰੂਰੀ ਹੈ। ਇਸਦੇ ਵਿਨਾਸ਼ ਨੂੰ ਰੋਕਣ ਨਾਲ ਅਲਜ਼ਾਈਮਰ ਨੂੰ ਕੰਟਰੋਲ ਕਰਨ ਵਿੱਚ ਮਦਦ ਮਿਲ ਸਕਦੀ ਹੈ। ਇਹ ਪ੍ਰਾਪਤੀ, ਜੋ ਕਿ ਪੂਰੀ ਤਰ੍ਹਾਂ ਸਵਦੇਸ਼ੀ ਖੋਜ ਤੇ ਅਧਾਰਤ ਹੈ, ਨਾ ਸਿਰਫ ਭਾਰਤ ਦੀਆਂ ਵਿਗਿਆਨਕ ਸਮਰੱਥਾਵਾਂ ਨੂੰ ਵਿਸ਼ਵਵਿਆਪੀ ਮਾਨਤਾ ਦਿੰਦੀ ਹੈ, ਬਲਕਿ, ਹੋਰ ਜਾਂਚਾਂ ਨਾਲ, ਅਲਜ਼ਾਈਮਰ ਦੇ ਪ੍ਰਭਾਵਸ਼ਾਲੀ ਇਲਾਜ ਵੱਲ ਇੱਕ ਵੱਡਾ ਕਦਮ ਸਾਬਤ ਹੋ ਸਕਦੀ ਹੈ।

ਅਲਜ਼ਾਈਮਰ ਨੂੰ ਆਮ ਤੌਰ ਤੇ ਯਾਦਦਾਸ਼ਤ ਗੁਆਉਣ ਵਾਲੀ ਬਿਮਾਰੀ ਕਿਹਾ ਜਾਂਦਾ ਹੈ। ਡਾਕਟਰੀ ਮਾਹਿਰਾਂ ਦੇ ਅਨੁਸਾਰ, ਅਲਜ਼ਾਈਮਰ ਡਿਮੈਂਸ਼ੀਆ (ਦਿਮਾਗੀ ਵਿਗਾੜ) ਦਾ ਇੱਕ ਆਮ ਰੂਪ ਹੈ। ਇਹ ਯਾਦਦਾਸ਼ਤ ਦੇ ਨਾਲ-ਨਾਲ ਸੋਚਣ, ਫੈਸਲਾ ਲੈਣ, ਪਛਾਣਨ ਅਤੇ ਬੋਲਣ ਨੂੰ ਵੀ ਪ੍ਰਭਾਵਿਤ ਕਰਦਾ ਹੈ। ਨਤੀਜੇ ਵਜੋਂ, ਕੰਮ ਕਰਨ ਦੀ ਸਮਰੱਥਾ ਹੌਲੀ-ਹੌਲੀ ਘੱਟ ਜਾਂਦੀ ਹੈ।


**ਚੜ੍ਹਦੀਕਲਾ**

ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈੱਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐਸ.ਐਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।

PRGI (RNI) Regd. No. 22972/1972

Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala. Chief Editor : Jagjit Singh Dardi

PRGI (RNI) Regd. No. 22972/1972


# ਸ.ਫ਼ਾ ਇੱਕ ਦੀ ਬਾਕੀ

## ਨੇਪਾਲ ਦੇ ਕੋਸ਼ੀ ਸੂਬੇ 'ਚ ਲੱਗੇ ਭੂਚਾਲ ਦੇ ਝਟਕੇ

ਪ੍ਰਸ਼ਾਸਨ ਅਤੇ ਪੁਲੀਸ ਸੂਤਰਾਂ ਅਨੁਸਾਰ, ਭੂਚਾਲ ਦੇ ਇਹ ਝਟਕੇ ਗੁਆਂਢੀ ਜ਼ਿਲ੍ਹਿਆਂ ਤਾਪਲੇਜੰਗ ਅਤੇ ਭੋਜਪੁਰ ਵਿੱਚ ਵੀ ਮਹਿਸੂਸ ਕੀਤੇ ਗਏ। ਰਾਹਤ ਦੀ ਗੱਲ ਇਹ ਰਹੀ ਕਿ ਇਸ ਕੁਦਰਤੀ ਆਫ਼ਤ ਕਾਰਨ ਹੁਣ ਤੱਕ ਕਿਸੇ ਵੀ ਤਰ੍ਹਾਂ ਦੇ ਜਾਨੀ ਜਾਂ ਮਾਲੀ ਨੁਕਸਾਨ ਦੀ ਕੋਈ ਖ਼ਬਰ ਨਹੀਂ ਮਿਲੀ ਹੈ। ਜ਼ਿਕਰਯੋਗ ਹੈ ਕਿ ਨੇਪਾਲ ਦੁਨੀਆ ਦੇ ਸਭ ਤੋਂ ਵੱਧ ਭੂਚਾਲ ਪ੍ਰਭਾਵਿਤ ਦੇਸ਼ਾਂ ਦੀ ਸੂਚੀ ਵਿੱਚ 11ਵੇਂ ਨੰਬਰ 'ਤੇ ਆਉਂਦਾ ਹੈ ਅਤੇ ਇਸ ਤੋਂ ਪਹਿਲਾਂ 11 ਜਨਵਰੀ ਨੂੰ ਲਾਮਜੁੰਗ ਜ਼ਿਲ੍ਹੇ ਵਿੱਚ ਵੀ 3.9 ਤੀਬਰਤਾ ਦਾ ਭੂਚਾਲ ਦਰਜ ਕੀਤਾ ਗਿਆ ਸੀ।

## ਕਾਂਗਰਸ ਨੇ ਏ.ਆਈ. ਸੰਮੇਲਨ ਨੂੰ ਆਪਣੀ 'ਗੰਦੀ ਤੇ ਨੰਗੀ' ...

ਵੱਡੀ ਏ.ਆਈ. ਕਾਨਫਰੰਸ ਲਈ 80 ਤੋਂ ਵੱਧ ਦੇਸ਼ਾਂ ਦੇ ਵਫ਼ਦ ਦਿੱਲੀ ਆਏ ਸਨ, ਲੱਗਭੱਗ 20 ਦੇਸ਼ਾਂ ਦੇ ਮੁਖੀ ਭਾਰਤ ਆਏ ਸਨ। ਪ੍ਰਧਾਨ ਮੰਤਰੀ ਨੇ ਕਿਹਾ,"ਪੂਰਾ ਦੇਸ਼ ਮਾਣ ਨਾਲ ਭਰਿਆ ਹੋਇਆ ਸੀ ਪਰ ਕਾਂਗਰਸ ਅਤੇ ਉਸ ਦੀ ਮਸ਼ੀਨਰੀ ਨੇ ਕੀ ਕੀਤਾ? ਕਾਂਗਰਸ ਨੇ ਭਾਰਤ ਵਿਚ ਇਕ ਵਿਸ਼ਵਵਿਆਪੀ ਸਮਾਗਮ ਨੂੰ ਆਪਣੀ ਗੰਦੀ ਅਤੇ 'ਨੰਗੀ' ਸਿਆਸਤ ਲਈ ਇਕ ਅਖਾੜਾ ਬਣਾ ਦਿਤਾ ਹੈ। ਕਾਂਗਰਸੀ ਨੇਤਾ ਆਪਣੇ ਕਪੜੇ ਉਤਾਰਨ ਤੋਂ ਬਾਅਦ ਵਿਦੇਸ਼ੀ ਮਹਿਮਾਨਾਂ ਦੇ ਸਾਹਮਣੇ ਸਮਾਗਮ ਵਾਲੀ ਥਾਂ ਉਤੇ ਪਹੁੰਚੇ। ਮੈਂ ਕਾਂਗਰਸੀਆਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਦੇਸ਼ ਜਾਣਦਾ ਹੈ ਕਿ ਤੁਸੀਂ ਪਹਿਲਾਂ ਹੀ ਨੰਗੇ ਹੋ, ਤਾਂ ਆਪਣੇ ਕਪੜੇ ਉਤਾਰਨ ਦੀ ਕੀ ਲੋੜ ਸੀ?" ਮੋਦੀ ਨੇ ਕਿਹਾ ਕਿ ਕਾਂਗਰਸ ਨੇਤਾਵਾਂ ਨੇ ਉੱਥੇ ਜੋ ਕੀਤਾ ਉਸ ਤੋਂ ਪਤਾ ਲਗਦਾ ਹੈ ਕਿ ਦੇਸ਼ ਦੀ ਸੱਭ ਤੋਂ ਪੁਰਾਣੀ ਪਾਰਟੀ ਵਿਚਾਰਧਾਰਕ ਤੌਰ ਉਤੇ ਕਿੰਨੀ ਦੀਵਾਲੀਆ ਹੋ ਗਈ ਹੈ, ਇਹ ਕਿੰਨੀ ਗਰੀਬ ਹੋ ਗਈ ਹੈ। ਉਨ੍ਹਾਂ ਦੋਸ਼ ਲਾਇਆ ਕਿ ਕਾਂਗਰਸ ਅਪਣੇ ਹੀ ਦੇਸ਼ ਨੂੰ ਬਦਨਾਮ ਕਰਨ ਵਿਚ ਰੁੱਝੀ ਹੋਈ ਹੈ। ਪ੍ਰਧਾਨ ਮੰਤਰੀ ਨੇ ਕਿਹਾ,"ਕਾਂਗਰਸੀ ਨੇਤਾ ਮੋਦੀ ਨੂੰ ਨਫ਼ਰਤ ਕਰਦੇ ਹਨ। ਇਹ ਲੋਕ ਮੇਰੀ ਕਬਰ ਪੁੱਟਣਾ ਚਾਹੁੰਦੇ ਹਨ। ਉਨ੍ਹਾਂ ਨੂੰ ਮੇਰੀ ਮਾਂ ਨੂੰ ਵੀ ਗਾਲ੍ਹਾਂ ਕੱਢਣ ਵਿਚ ਕੋਈ ਇਤਰਾਜ਼ ਨਹੀਂ ਹੈ। ਅਸੀਂ ਇਸ ਨੂੰ ਵੀ ਬਰਦਾਸ਼ਤ ਕਰਾਂਗੇ, ਪਰ ਕਾਂਗਰਸ ਨੂੰ ਯਾਦ ਰਖਣਾ ਚਾਹੀਦਾ ਸੀ ਕਿ ਏ.ਆਈ. ਉਤੇ ਕੇਂਦਰਿਤ ਆਲਮੀ ਕਾਨਫਰੰਸ ਭਾਜਪਾ ਦਾ ਪ੍ਰੋਗਰਾਮ ਨਹੀਂ ਸੀ। ਇਹ ਦੇਸ਼ ਦਾ ਪ੍ਰੋਗਰਾਮ ਸੀ।" ਉਨ੍ਹਾਂ ਦੋਸ਼ ਲਾਇਆ,"ਪਰਸੋਂ ਕਾਂਗਰਸ ਨੇ ਸਾਰੀ ਮਰਿਆਦਾ ਤੋੜ ਦਿਤੀ ਹੈ ਅਤੇ ਪੂਰਾ ਦੇਸ਼ ਕਾਂਗਰਸ ਦੀ ਨੀਤੀ ਉਤੇ ਥੁੱਕ ਰਿਹਾ ਹੈ ਪਰ ਸ਼ਰਮਿੰਦਾ ਹੋਣ ਦੀ ਬਜਾਏ ਇੰਨੀ ਪੁਰਾਣੀ ਪਾਰਟੀ ਦੇ ਨੇਤਾ ਦੇਸ਼ ਦਾ ਅਪਮਾਨ ਕਰਨ ਵਾਲਿਆਂ ਨੂੰ ਗਾਲ੍ਹਾਂ ਕੱਢ ਰਹੇ ਹਨ ਅਤੇ ਬੇਸ਼ਰਮੀ ਨਾਲ ਦੇਸ਼ ਦੀ ਬੇਇੱਜ਼ਤੀ ਕਰਨ ਵਾਲਿਆਂ ਦੀ ਜੈ-ਜੈਕਾਰ ਕਰ ਰਹੇ ਹਨ।" ਤ੍ਰਿਣਮੂਲ ਕਾਂਗਰਸ, ਦ੍ਰਵਿੜ ਮੁਨੇਤਰ ਕੜਗਮ (ਡੀ.ਐਮ.ਕੇ.), ਬਹੁਜਨ ਸਮਾਜ ਪਾਰਟੀ ਅਤੇ ਨੈਸ਼ਨਲ ਕਾਨਫਰੰਸ ਦਾ ਜ਼ਿਕਰ ਕਰਦਿਆਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਕਾਂਗਰਸ ਦੇ ਇਸ ਪਾਪ ਵਿਚ ਇਨ੍ਹਾਂ ਪਾਰਟੀਆਂ ਦੀ ਕੋਈ ਭੂਮਿਕਾ ਨਹੀਂ ਹੈ। ਉਨ੍ਹਾਂ ਕਿਹਾ ਕਿ ਸਿਰਫ ਕਾਂਗਰਸ ਦੇ ਬੇਲਗਾਮ ਨੇਤਾ ਹੀ ਦੇਸ਼ ਨੂੰ ਤਬਾਹ ਕਰਨ ਵਿਚ ਲੱਗੇ ਹੋਏ ਹਨ। ਉਨ੍ਹਾਂ ਕਿਹਾ,"ਕਾਂਗਰਸ ਦੇਸ਼ ਲਈ ਬੋਝ ਬਣ ਗਈ ਹੈ। ਮੈਨੂੰ ਸੰਤੋਸ਼ ਹੈ ਕਿ ਦਿੱਲੀ ਵਿਚ ਵਾਪਰੀ ਘਟਨਾ ਨੂੰ ਲੈ ਕੇ ਕਾਂਗਰਸ ਦੇ ਸਾਰੇ ਸਹਿਯੋਗੀਆਂ ਨੇ ਕਾਂਗਰਸ ਦੀ ਆਲੋਚਨਾ ਕਰਨ ਦੀ ਪੂਰੀ ਹਿੰਮਤ ਵਿਖਾਈ ਹੈ। ਮੈਂ ਵਿਰੋਧੀ ਧਿਰ ਦੇ ਇਨ੍ਹਾਂ ਸਾਥੀਆਂ ਵਲੋਂ ਸੱਚ ਅਤੇ ਦੇਸ਼ ਦੇ ਮਾਣ ਨਾਲ ਖੜ੍ਹੇ ਹੋਣ ਲਈ ਜਨਤਕ ਤੌਰ ਉਤੇ ਧਨਵਾਦ ਕਰਦਾ ਹਾਂ।" ਪ੍ਰਧਾਨ ਮੰਤਰੀ ਨੇ ਕਿਸੇ ਦਾ ਨਾਮ ਲਏ ਬਿਨਾਂ ਕਿਹਾ,"ਜੇਕਰ ਤੁਹਾਨੂੰ ਪ੍ਰਧਾਨ ਮੰਤਰੀ ਦੀ ਕੁਰਸੀ ਉਤੇ ਬੈਠਣਾ ਹੈ ਤਾਂ ਤੁਹਾਨੂੰ ਪਹਿਲਾਂ ਲੋਕਾਂ ਦਾ ਦਿਲ ਜਿੱਤਣਾ ਹੋਵੇਗਾ। ਤੁਸੀਂ ਸੀਟ ਉਤੇ ਕਬਜ਼ਾ ਕਰਨ ਲਈ ਮਹਿਲਾ ਸੰਸਦ ਮੈਂਬਰਾਂ ਨੂੰ ਭੇਜ ਕੇ ਪ੍ਰਧਾਨ ਮੰਤਰੀ ਨਹੀਂ ਬਣ ਸਕਦੇ। ਅਤੇ ਇਸ ਤਰ੍ਹਾਂ ਮਾਤਾਵਾਂ-ਭੈਣਾਂ ਨੂੰ ਅੱਗੇ ਵਧਾਉਣ ਦੇ ਲਈ ਤੁਹਾਡੀ ਕੀ ਮਜਬੂਰੀ ਹੈ? ਕੀ ਤੁਸੀਂ ਇੰਨੇ ਖੋਖਲੇ ਹੋ ਗਏ ਹੋ?"

## ਪ੍ਰਧਾਨ ਮੰਤਰੀ ਵੱਲੋਂ ਭਾਰਤ ਦੀ ਸਭ ਤੋਂ ...

ਭਾਰਤ ਦੇ ਪਹਿਲੇ ਨਮੋ ਭਾਰਤ ਰੀਜਨਲ ਰੈਪਿਡ ਟਰਾਂਜ਼ਿਟ ਸਿਸਟਮ (RRTS) ਦੇ ਬਾਕੀ ਹਿੱਸਿਆਂ ਦਾ ਉਦਘਾਟਨ ਕੀਤਾ। ਇਸ ਵਿੱਚ ਦਿੱਲੀ ਵਿੱਚ ਸਰਾਏ ਕਾਲੇ ਖਾਨ ਅਤੇ ਨਿਊ ਅਸ਼ੋਕ ਨਗਰ ਵਿਚਕਾਰ 5 ਕਿਲੋਮੀਟਰ ਦਾ ਹਿੱਸਾ ਅਤੇ ਉੱਤਰ ਪ੍ਰਦੇਸ਼ ਵਿੱਚ ਮੇਰਠ ਦੱਖਣੀ ਅਤੇ ਮੋਦੀਪੁਰਮ ਵਿਚਕਾਰ 21 ਕਿਲੋਮੀਟਰ ਦਾ ਹਿੱਸਾ ਸ਼ਾਮਲ ਹੈ। ਨਮੋ ਭਾਰਤ ਟਰੇਨ 180 ਕਿਲੋਮੀਟਰ ਪ੍ਰਤੀ ਘੰਟਾ ਦੀ ਡਿਜ਼ਾਈਨ ਸਪੀਡ ਦੇ ਨਾਲ ਭਾਰਤ ਦਾ ਪਹਿਲਾ ਖੇਤਰੀ ਰੈਪਿਡ ਟਰਾਂਜ਼ਿਟ ਸਿਸਟਮ ਹੈ। ਇਹ ਸਾਹਿਬਾਬਾਦ, ਗਾਜ਼ੀਆਬਾਦ, ਮੋਦੀਨਗਰ ਅਤੇ ਮੇਰਠ ਵਰਗੇ ਪ੍ਰਮੁੱਖ ਸ਼ਹਿਰੀ ਕੇਂਦਰਾਂ ਨੂੰ ਦਿੱਲੀ ਨਾਲ ਤੇਜ਼ੀ ਨਾਲ ਜੋੜੇਗਾ। ਕੌਰੀਡੋਰ ਦਾ ਸ਼ੁਰੂਆਤੀ ਸਟੇਸ਼ਨ, ਸਰਾਏ ਕਾਲੇ ਖਾਨ, ਇੱਕ ਵੱਡੇ ਮਲਟੀ-ਮੋਡਲ ਹੱਬ ਵਜੋਂ ਸਥਾਪਿਤ ਹੈ, ਜੋ ਹਜ਼ਰਤ ਨਿਜ਼ਾਮੂਦੀਨ ਰੇਲਵੇ ਸਟੇਸ਼ਨ, ਦਿੱਲੀ ਮੈਟਰੋ ਦੀ ਪਿੰਕ ਲਾਈਨ, ਵੀਰ ਹਕੀਕਤ ਰਾਏ 9♥2"———— ਅਤੇ ਰਿੰਗ ਰੋਡ ਨੂੰ ਆਪਸ ਵਿੱਚ ਜੋੜਦਾ ਹੈ। ਮੇਰਠ ਵਿੱਚ ਸ਼ਤਾਬਦੀ ਨਗਰ, ਬੇਗਮਪੁਲ ਅਤੇ ਮੋਦੀਪੁਰਮ ਸਟੇਸ਼ਨ ਚਾਲੂ ਕੀਤੇ ਜਾ ਰਹੇ ਹਨ। ਮੇਰਠ ਮੈਟਰੋ ਲਗਪਗ 120 ਕਿਲੋਮੀਟਰ ਪ੍ਰਤੀ ਘੰਟਾ ਦੀ ਵੱਧ ਤੋਂ ਵੱਧ ਸੰਚਾਲਨ ਗਤੀ ਦੇ ਨਾਲ ਭਾਰਤ ਦੀ ਸਭ ਤੋਂ ਤੇਜ਼ ਮੈਟਰੋ ਪ੍ਰਣਾਲੀ ਹੋਵੇਗੀ। ਇਹ ਮੈਟਰੋ ਸਾਰੇ ਨਿਰਧਾਰਤ ਸਟਾਪਾਂ ਦੇ ਨਾਲ ਪੂਰੇ ਰਸਤੇ ਨੂੰ ਸਿਰਫ 30 ਮਿੰਟਾਂ ਵਿੱਚ ਤੈਅ ਕਰੇਗੀ। ਦੇਸ਼ ਵਿੱਚ ਆਪਣੀ ਕਿਸਮ ਦੀ ਪਹਿਲੀ ਪਹਿਲਕਦਮੀ ਵਿੱਚ, ਨਮੋ ਭਾਰਤ ਅਤੇ ਮੇਰਠ ਮੈਟਰੋ ਦਾ ਇੱਕੋ ਬੁਨਿਆਦੀ ਢਾਂਚੇ ਤੇ ਚੱਲਣਾ ਏਕੀਕ੍ਰਿਤ ਸ਼ਹਿਰੀ ਅਤੇ ਖੇਤਰੀ ਆਵਾਜਾਈ ਲਈ ਇੱਕ ਮਾਪਦੰਡ ਸਥਾਪਤ ਕਰੇਗਾ। ਇਸ ਨਾਲ ਸੜਕੀ ਆਵਾਜਾਈ ਦਾ ਬੋਝ ਘਟੇਗਾ ਅਤੇ ਵਾਹਨਾਂ ਦੇ ਕਾਰਬਨ ਡਾਈਆਕਸਾਈਡ ਨਿਕਾਸ ਵਿੱਚ ਮਹੱਤਵਪੂਰਨ ਕਮੀ ਆਵੇਗੀ। ਬਿਆਨ ਵਿੱਚ ਕਿਹਾ ਗਿਆ ਹੈ ਕਿ ਇਹ ਪ੍ਰੋਜੈਕਟ ਸ਼ਹਿਰੀ ਗਤੀਸ਼ੀਲਤਾ ਨੂੰ ਬਦਲਣ ਅਤੇ ਨਿਰਵਿਘਨ, ਆਸਾਨ, ਆਧੁਨਿਕ ਅਤੇ ਟਿਕਾਊ ਜਨਤਕ ਆਵਾਜਾਈ ਪ੍ਰਣਾਲੀਆਂ ਨੂੰ ਯਕੀਨੀ ਬਣਾਉਣ ਦੇ ਪ੍ਰਧਾਨ ਮੰਤਰੀ ਦੇ ਦ੍ਰਿਸ਼ਟੀਕੋਣ ਨੂੰ ਹੋਰ ਹੁਲਾਰਾ ਦੇਣਗੇ, ਜੋ ਨਾਗਰਿਕਾਂ ਲਈ ਜੀਵਨ ਦੀ ਸੌਖ ਵਿੱਚ ਸੁਧਾਰ ਕਰਨਗੇ।

## ਹਰ ਵਰਗ ਦੀ ਭਲਾਈ ਲਈ ਵਚਨਬੱਧ 'ਆਪ' ...

ਵਿਰੋਧੀ ਧਿਰ ਦੀ ਆਵਾਜ਼ ਦਬਾਉਣ ਲਈ ਕੇਂਦਰ ਸਰਕਾਰ ਨੇ ਡਿਜੀਟਲ ਜਨਤਾ ਦਾ ਸੰਕਲਪ ਪੇਸ਼ ਕੀਤਾ ਹੈ, ਜਿੱਥੇ ਵੋਟ ਡੇਟਾ ਸ਼ਰਾਰਤ ਰਾਹੀਂ ਬਣਾਇਆ ਜਾਂਦਾ ਹੈ ਅਤੇ ਹਰ ਰਾਜ ਵਿੱਚ ਚੋਣਾਂ ਜਿੱਤਣ ਲਈ ਵਰਤਿਆ ਜਾਂਦਾ ਹੈ। ਅੱਜ ਗੁਜਰਾਤ ਦੇ ਲੋਕ ਆਪ ਨੂੰ ਆਪਣੇ ਮੁਕਤੀਦਾਤਾ ਵਜੋਂ ਦੇਖ ਰਹੇ ਹਨ। ਆਪ ਦੇ ਰੂਪ ਵਿੱਚ ਹਰ ਗੁਜਰਾਤੀ ਪਰਿਵਾਰ ਦੀਆਂ ਅੱਖਾਂ ਵਿੱਚ ਉਮੀਦ ਹੈ। ਸੂਬਿਆਂ ਦੇ ਵਿੱਤੀ ਅਧਿਕਾਰਾਂ ਦਾ ਮੁੱਦਾ ਉਠਾਉਂਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਕੇਂਦਰ ਨੇ ਪੇਂਡੂ ਵਿਕਾਸ ਫੰਡ ਵਿੱਚ ਪੰਜਾਬ ਦੇ ਜਾਇਜ਼ ਹਿੱਸੇ ਨੂੰ ਗੈਰ-ਜਮਹੂਰੀ ਢੰਗ ਨਾਲ ਰੋਕਿਆ ਹੈ, ਇਹੀ ਕੁੱਝ ਸਾਰੇ ਗੈਰ-ਭਾਜਪਾ ਸ਼ਾਸਿਤ ਸੂਬਿਆਂ ਨਾਲ ਹੋ ਰਿਹਾ ਹੈ। ਉਨ੍ਹਾਂ ਕਿਹਾ, ਲੋਕਤੰਤਰ ਵਿੱਚ ਸਰਕਾਰ ਲੋਕਾਂ ਦੀ, ਲੋਕਾਂ ਲਈ ਅਤੇ ਲੋਕਾਂ ਦੁਆਰਾ ਹੁੰਦੀ ਹੈ ਪਰ ਅੱਜ ਵਿਰੋਧੀ ਧਿਰ ਦੀ ਆਵਾਜ਼ ਦਬਾਉਣ ਦਾ ਰੁਝਾਨ ਬਣ ਗਿਆ ਹੈ। ਜਿਵੇਂ ਇੱਕ ਗੁਲਦਸਤੇ ਦੀ ਉਸ ਦੇ ਵੰਨ-ਸੁਵੰਨੇ ਫੁੱਲਾਂ ਲਈ ਪ੍ਰਸ਼ੰਸਾ ਕੀਤੀ ਜਾਂਦੀ ਹੈ, ਉਸੇ ਤਰ੍ਹਾਂ ਲੋਕਤੰਤਰ ਉਦੋਂ ਵਧਦਾ-ਫੁੱਲਦਾ ਹੈ, ਜਦੋਂ ਹਰੇਕ ਆਵਾਜ਼ ਸੁਣੀ ਜਾਂਦੀ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਜ਼ੋਰ ਦੇ ਕੇ ਕਿਹਾ ਕਿ ਸਾਡੀ ਸਰਕਾਰ ਵਿਕਾਸ ਲਈ ਫੰਡ ਵੰਡਦੇ ਸਮੇਂ ਕਿਸੇ ਨਾਲ ਵਿਤਕਰਾ ਨਹੀਂ ਕਰਦੀ। ਉਨ੍ਹਾਂ ਕਿਹਾ,ਜਿੱਥੇ ਵੀ ਆਪ ਨੇ ਸਰਕਾਰ ਬਣਾਈ ਹੈ, ਉੱਥੇ ਕਰਦਾਤਾਵਾਂ ਦੇ ਪੈਸੇ ਦੀ ਵਰਤੋਂ ਆਮ ਆਦਮੀ ਦੀ ਭਲਾਈ ਲਈ ਸਮਝਦਾਰੀ ਨਾਲ ਕੀਤੀ ਗਈ ਹੈ। ਦਿੱਲੀ ਤੋਂ ਬਾਅਦ ਪੰਜਾਬ ਵਿੱਚ ਆਪ ਸਰਕਾਰ ਨੇ ਜਨਤਕ ਭਲਾਈ ਲਈ ਇੱਕ-ਇੱਕ ਰੁਪਏ ਦੀ ਤਰਕਸੰਗਤ ਵਰਤੋਂ ਯਕੀਨੀ ਬਣਾਈ ਹੈ। ਅਹਿਮ ਸੁਧਾਰਾਂ ਦੀ ਨਿਸ਼ਾਨਦੇਹੀ ਕਰਦਿਆਂ ਉਨ੍ਹਾਂ ਕਿਹਾ,"ਅਜਿਹੇ ਸਮੇਂ ਜਦੋਂ ਕੇਂਦਰ ਸਰਕਾਰ ਵੱਲੋਂ ਰਾਸ਼ਟਰੀ ਸੰਪਤੀਆਂ ਨੂੰ ਮਾਮੂਲੀ ਕੀਮਤਾਂ 'ਤੇ ਕੁਝ ਰਸੂਖ਼ਦਾਰ ਦੋਸਤਾਂ ਨੂੰ ਸੌਂਪਿਆ ਜਾ ਰਿਹਾ ਹੈ, ਪੰਜਾਬ ਨੇ ਇੱਕ ਨਿੱਜੀ ਥਰਮਲ ਪਲਾਂਟ ਖ਼ਰੀਦ ਕੇ ਇਤਿਹਾਸ ਰਚਿਆ ਹੈ। ਅਸੀਂ ਮੁਫ਼ਤ ਸਿਹਤ ਸੰਭਾਲ ਪ੍ਰਦਾਨ ਕਰਨ ਲਈ 881 ਆਮ ਆਦਮੀ ਕਲੀਨਿਕ ਖੋਲ੍ਹੇ ਹਨ ਅਤੇ ਸਰਕਾਰੀ ਹਸਪਤਾਲ ਲੋਕਾਂ ਨੂੰ ਮਿਆਰੀ ਡਾਕਟਰੀ ਸੇਵਾਵਾਂ ਪ੍ਰਦਾਨ ਕਰ ਰਹੇ ਹਨ। ਸਿਹਤ ਸੰਭਾਲ ਸੁਧਾਰਾਂ ਬਾਰੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬੇ ਨੇ ਮੁੱਖ ਮੰਤਰੀ ਸਿਹਤ ਯੋਜਨਾ ਸ਼ੁਰੂ ਕੀਤੀ ਹੈ, ਜੋ ਆਪਣੀ ਕਿਸਮ ਦੀ ਪਹਿਲੀ ਅਜਿਹੀ ਯੋਜਨਾ ਹੈ, ਜਿਸ ਤਹਿਤ ਪੰਜਾਬ 'ਚ ਵਸਦੇ ਹਰੇਕ ਪਰਿਵਾਰ ਨੂੰ 10 ਲੱਖ ਤੱਕ ਦਾ ਨਕਦੀ ਰਹਿਤ ਡਾਕਟਰੀ ਇਲਾਜ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ,"ਪੰਜਾਬ, ਅਜਿਹੀ ਵਿਆਪਕ ਸਿਹਤ ਸੰਭਾਲ ਮੁਹੱਈਆ ਕਰਵਾਉਣ ਕਰਨ ਵਾਲਾ ਦੇਸ਼ ਦਾ ਪਹਿਲਾ ਸੂਬਾ ਹੈ। ਇਸ ਦੇ ਨਾਲ ਲੋਕਾਂ 'ਤੇ ਵਿੱਤੀ ਬੋਝ ਕਾਫ਼ੀ ਘੱਟ ਹੋਇਆ ਹੈ ਅਤੇ ਨਾਲ ਹੀ ਮਿਆਰੀ ਸਿਹਤ ਸੇਵਾਵਾਂ ਯਕੀਨੀ ਬਣਾਈਆਂ ਗਈਆਂ ਹਨ। ਇਸ ਇਤਿਹਾਸਕ ਕਦਮ ਦਾ ਉਦੇਸ਼ ਸੂਬੇ ਦੇ ਸਾਰੇ ਪਰਿਵਾਰਾਂ ਨੂੰ ਮਿਆਰੀ ਸਿਹਤ ਸੰਭਾਲ ਪ੍ਰਦਾਨ ਕਰਨਾ ਹੈ।" ਸਿੱਖਿਆ ਖੇਤਰ ਬਾਰੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਸਾਰੇ ਸਰਕਾਰੀ ਸਕੂਲਾਂ ਵਿੱਚ ਬੁਨਿਆਦੀ ਢਾਂਚੇ ਨੂੰ ਅਪਗ੍ਰੇਡ ਕਰਨ ਲਈ ਪੰਜਾਬ ਸਿੱਖਿਆ ਕ੍ਰਾਂਤੀ ਸ਼ੁਰੂ ਕੀਤੀ ਹੈ। ਉਨ੍ਹਾਂ ਕਿਹਾ,ਅਸੀਂ 118 ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਨੂੰ ਸਮਾਰਟ ਕਲਾਸਰੂਮਾਂ, ਆਧਨਿਕ ਉਪਕਰਣਾਂ ਨਾਲ ਲੈਸ ਲੈਬਾਂ, ਖੇਡ ਮੈਦਾਨਾਂ ਨਾਲ ਸ਼ਾਨਦਾਰ ਸਕੂਲਾਂ ਵਿੱਚ ਬਦਲਣ ਲਈ ਵਚਨਬੱਧ ਹਾਂ। ਅਧਿਆਪਕਾਂ ਅਤੇ ਪ੍ਰਿੰਸੀਪਲਾਂ ਨੂੰ ਵਿਸ਼ੇਸ਼ ਸਿਖਲਾਈ ਲਈ ਵਿਦੇਸ਼ ਭੇਜਿਆ ਜਾ ਰਿਹਾ ਹੈ ਤਾਂ ਜੋ ਉਹ ਆਧੁਨਿਕ ਸਿੱਖਿਆ ਅਭਿਆਸਾਂ ਤੋਂ ਚੰਗੀ ਤਰ੍ਹਾਂ ਜਾਣੂ ਹੋਣ ਅਤੇ ਵਿਦਿਆਰਥੀਆਂ ਨੂੰ ਵਿਸ਼ਵਵਿਆਪੀ ਮੁਕਾਬਲੇ ਲਈ ਤਿਆਰ ਕਰ ਸਕਣ। ਇਹ ਬਹੁਤ ਮਾਣ ਵਾਲੀ ਗੱਲ ਹੈ ਕਿ ਪੰਜਾਬ, ਭਾਰਤ ਸਰਕਾਰ ਵੱਲੋਂ ਕਰਵਾਏ ਗਏ ਕੌਮੀ ਅਚੀਵਮੈਂਟ ਸਰਵੇਖਣ ਵਿੱਚ ਕੇਰਲਾ ਨੂੰ ਵੀ ਪਛਾੜ ਕੇ ਪਹਿਲੇ ਸਥਾਨ ਉੱਤੇ ਆ ਗਿਆ ਹੈ। ਬੁਨਿਆਦੀ ਢਾਂਚੇ ਬਾਰੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਨੇ ਆਪਣੇ ਇਤਿਹਾਸ ਵਿੱਚ ਸਭ ਤੋਂ ਵੱਡੀ ਸੜਕ ਨਿਰਮਾਣ ਮੁਹਿੰਮ ਚਲਾਈ ਹੈ, ਜਿਸ ਤਹਿਤ 16209 ਕਰੋੜ ਦੀ ਲਾਗਤ ਨਾਲ 44920 ਕਿਲੋਮੀਟਰ ਸੜਕਾਂ ਬਣਾਈਆਂ ਗਈਆਂ। ਉਨ੍ਹਾਂ ਕਿਹਾ, ਇਹ ਸਾਰੀਆਂ ਸੜਕਾਂ ਪੰਜ ਸਾਲਾਂ ਦੀ ਸਾਂਭ-ਸੰਭਾਲ ਦੀ ਸ਼ਰਤ ਨਾਲ ਬਣਾਈਆਂ ਜਾ ਰਹੀਆਂ ਹਨ, ਜੋ ਉੱਚਤਮ ਗੁਣਵੱਤਾ ਦੇ ਮਿਆਰਾਂ ਅਤੇ ਵਿਸ਼ਵ ਪੱਧਰੀ ਸੜਕ ਸੁਰੱਖਿਆ ਵਿਸ਼ੇਸ਼ਤਾਵਾਂ ਨੂੰ ਯਕੀਨੀ ਬਣਾਉਂਦੀਆਂ ਹਨ। ਇਹ ਪੇਂਡੂ ਬੁਨਿਆਦੀ ਢਾਂਚੇ ਨੂੰ ਹੁਲਾਰਾ ਦੇਵੇਗਾ ਅਤੇ ਪੰਜਾਬ ਭਰ ਵਿੱਚ ਬਿਹਤਰ ਗਤੀਸ਼ੀਲਤਾ ਪ੍ਰਦਾਨ ਕਰੇਗਾ। ਸੁਰੱਖਿਆ ਬਲਾਂ ਦੀਆਂ ਕੁਰਬਾਨੀਆਂ ਨੂੰ ਮਾਨਤਾ ਦਿੰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬੇ ਵੱਲੋਂ ਹਥਿਆਰਬੰਦ ਸੈਨਾਵਾਂ, ਨੀਮ-ਫੌਜੀ ਦਸਤਿਆਂ ਅਤੇ ਅਗਨੀਵੀਰਾਂ ਦੇ ਜਵਾਨਾਂ ਦੇ ਪਰਿਵਾਰਾਂ ਨੂੰ ਇਕ ਕਰੋੜ ਰੁਪਏ ਅਤੇ ਡਿਊਟੀ ਦੌਰਾਨ ਸ਼ਹੀਦ ਹੋਣ ਵਾਲੇ ਪੁਲਿਸ ਮੁਲਾਜ਼ਮਾਂ ਦੇ ਪਰਿਵਾਰਾਂ ਨੂੰ ਦੋ ਕਰੋੜ ਦੀ ਵਿੱਤੀ ਸਹਾਇਤਾ ਪ੍ਰਦਾਨ ਕਰਦਾ ਹੈ। ਉਨ੍ਹਾਂ ਕਿਹਾ, ਇਹ ਸਹਾਇਤਾ ਸਾਡੇ ਨਾਇਕਾਂ ਵੱਲੋਂ ਦਿੱਤੀ ਗਈ ਸਰਵਉੱਚ ਕੁਰਬਾਨੀ ਦੇ ਸਤਿਕਾਰ ਦਾ ਪ੍ਰਤੀਕ ਹੈ। ਇਹ ਦੇਸ਼ ਦੀ ਏਕਤਾ, ਅਖੰਡਤਾ ਅਤੇ ਪ੍ਰਭੂਸੱਤਾ ਦੀ ਰੱਖਿਆ ਕਰਨ ਵਾਲੇ ਸੂਰਬੀਰਾਂ ਨੂੰ ਸਾਡੀ ਨਿਮਰ ਸ਼ਰਧਾਂਜਲੀ ਹੈ। ਇੱਕ ਹੋਰ ਲੋਕ ਪੱਖੀ ਫੈਸਲੇ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਨੇ 19 ਟੋਲ ਪਲਾਜ਼ੇ ਬੰਦ ਕਰ ਦਿੱਤੇ ਹਨ, ਜਿਸ ਨਾਲ ਟੋਲ ਫੀਸਾਂ ਵਿੱਚ ਆਮ ਲੋਕਾਂ ਦੀਆਂ ਜੇਬਾਂ ਵਿੱਚੋਂ ਰੋਜ਼ਾਨਾ 64 ਲੱਖ ਰੁਪਏ ਦੀ ਬੱਚਤ ਹੋਈ ਹੈ। ਆਪਣੀ ਸਰਕਾਰ ਦੀ ਵਚਨਬੱਧਤਾ ਦੁਹਰਾਉਂਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਹਰ ਨੀਤੀਗਤ ਫੈਸਲੇ ਦਾ ਉਦੇਸ਼ ਲੋਕਤੰਤਰ ਨੂੰ ਮਜ਼ਬੂਤ ਕਰਨਾ, ਨਾਗਰਿਕਾਂ ਨੂੰ ਸਸ਼ਕਤ ਬਣਾਉਣਾ ਅਤੇ ਲੋਕ ਭਲਾਈ ਵਾਲਾ ਨਿਜ਼ਾਮ ਯਕੀਨੀ ਬਣਾਉਣਾ ਹੈ।

## ਲਗਾਤਾਰ ਬਦਲਦੇ ਰਹੋ ਪਾਸਵਰਡ, ਓ.ਟੀ.ਪੀ. ...

ਨੌਜਵਾਨਾਂ ਲਈ ਪ੍ਰੇਰਨਾ ਬਣ ਰਹੇ ਹਨ। ਮੋਦੀ ਨੇ ਕਿਹਾ,ਮੈਂ ਅਕਸਰ ਕਹਿੰਦਾ ਹਾਂ, ਜੋ ਖੇਡਦੇ ਹਨ, ਉਹ ਖਿੜਦੇ ਹਨ। ਖੇਡਾਂ ਵੀ ਸਾਨੂੰ ਇਕਜੁੱਟ ਕਰਦੀਆਂ ਹਨ। ਇਨ੍ਹੀਂ ਦਿਨੀਂ, ਤੁਸੀਂ ਟੀ-20 ਵਿਸ਼ਵ ਕੱਪ ਦੇ ਮੈਚ ਦੇਖ ਰਹੇ ਹੋ, ਅਤੇ ਮੈਨੂੰ ਯਕੀਨ ਹੈ ਕਿ ਤੁਹਾਡੀਆਂ ਨਜ਼ਰਾਂ ਅਕਸਰ ਕਿਸੇ ਖਾਸ ਖਿਡਾਰੀ ਵੱਲ ਖਿੱਚੀਆਂ ਜਾਣਗੀਆਂ। ਜਰਸੀ ਕਿਸੇ ਹੋਰ ਦੇਸ਼ ਦੀ ਹੋ ਸਕਦੀ ਹੈ ਪਰ ਨਾਮ ਸੁਣ ਕੇ ਤੁਹਾਨੂੰ ਇੰਝ ਲੱਗਦਾ ਹੈ, ਓਹ, ਉਹ ਸਾਡੇ ਆਪਣੇ ਦੇਸ਼ ਦਾ ਹੈ। ਥੋੜ੍ਹੀ ਜਿਹੀ ਖੁਸ਼ੀ ਦਿਲ ਭਰ ਜਾਂਦੀ ਹੈ, ਕਿਉਂਕਿ ਉਹ ਖਿਡਾਰੀ ਭਾਰਤੀ ਮੂਲ ਦਾ ਹੈ ਅਤੇ ਉਸ ਦੇਸ਼ ਲਈ ਖੇਡ ਰਿਹਾ ਹੈ ਜਿੱਥੇ ਉਸ ਦਾ ਪਰਿਵਾਰ ਵਸਿਆ ਸੀ। ਉਹ ਆਪਣੇ-ਆਪਣੇ ਦੇਸ਼ ਦੀਆਂ ਜਰਸੀ ਪਹਿਨ ਕੇ ਮੈਦਾਨ ਤੇ ਉਤਰਦੇ ਹਨ, ਉਸ ਦੇਸ਼ ਦੀ ਨੁਮਾਇੰਦਗੀ ਪੂਰੇ ਦਿਲ ਨਾਲ ਕਰਦੇ ਹਨ। ਉਨ੍ਹਾਂ ਅੱਗੇ ਕਿਹਾ ਕਿ ਕੈਨੇਡੀਅਨ ਟੀਮ ਵਿੱਚ ਭਾਰਤੀ ਮੂਲ ਦੇ ਸਭ ਤੋਂ ਵੱਧ ਖਿਡਾਰੀ ਹਨ। ਟੀਮ ਦੇ ਕਪਤਾਨ ਦਿਲਪ੍ਰੀਤ ਬਾਜਵਾ ਦਾ ਜਨਮ ਪੰਜਾਬ ਦੇ ਗੁਰਦਾਸਪੁਰ ਵਿੱਚ ਹੋਇਆ ਸੀ। ਨਵਨੀਤ ਧਾਲੀਵਾਲ ਚੰਡੀਗੜ੍ਹ ਤੋਂ ਹੈ। ਇਸ ਸੂਚੀ ਵਿੱਚ ਹਰਸ਼ ਠਾਕਰ ਅਤੇ ਸ਼੍ਰੇਅਸ ਮੋਵਾ ਵਰਗੇ ਨਾਮ ਸ਼ਾਮਲ ਹਨ, ਜੋ ਕੈਨੇਡਾ ਅਤੇ ਭਾਰਤ ਦੋਵਾਂ ਲਈ ਮਾਣ ਲਿਆ ਰਹੇ ਹਨ। ਅਮਰੀਕੀ ਟੀਮ ਵਿੱਚ ਕਈ ਚਿਹਰੇ ਭਾਰਤੀ ਘਰੇਲੂ ਕ੍ਰਿਕਟ ਤੋਂ ਉੱਭਰੇ ਹਨ। ਅਮਰੀਕੀ ਟੀਮ ਦੇ ਕਪਤਾਨ ਮੋਨੰਕ ਪਟੇਲ ਗੁਜਰਾਤ ਦੀਆਂ ਅੰਡਰ-16 ਅਤੇ ਅੰਡਰ-18 ਟੀਮਾਂ ਲਈ ਵੀ ਖੇਡ ਚੁੱਕੇ ਹਨ। ਮੁੰਬਈ ਤੋਂ ਸੌਰਭ, ਦਿੱਲੀ ਤੋਂ ਹਰਮੀਤ ਸਿੰਘ ਅਤੇ ਮਿਲਿੰਦ ਕੁਮਾਰ ਸਾਰੇ ਅਮਰੀਕੀ ਟੀਮ ਦਾ ਮਾਣ ਹਨ। ਓਮਾਨ ਦੀ ਟੀਮ ਅੱਜ ਬਹੁਤ ਸਾਰੇ ਖਿਡਾਰੀਆਂ ਦਾ ਮਾਣ ਕਰਦੀ ਹੈ ਜੋ ਪਹਿਲਾਂ ਭਾਰਤ ਦੇ ਵੱਖ-ਵੱਖ ਰਾਜਾਂ ਵਿੱਚ ਖੇਡ ਚੁੱਕੇ ਹਨ। ਜਤਿੰਦਰ ਸਿੰਘ, ਵਿਨਾਇਕ ਸ਼ੁਕਲਾ, ਕਰਨ, ਜੈ ਅਤੇ ਆਸ਼ੀਸ਼ ਵਰਗੇ ਖਿਡਾਰੀ ਓਮਾਨ ਕ੍ਰਿਕਟ ਦੇ ਮਜ਼ਬੂਤ ਥੰਮ੍ਹ ਹਨ। ਭਾਰਤੀ ਮੂਲ ਦੇ ਖਿਡਾਰੀ ਨਿਊਜ਼ੀਲੈਂਡ, ਯੂ.ਏ.ਈ. ਅਤੇ ਇਟਲੀ ਦੀਆਂ ਟੀਮਾਂ ਵਿੱਚ ਵੀ ਆਪਣੀ ਪਛਾਣ ਬਣਾ ਰਹੇ ਹਨ। ਪ੍ਰਧਾਨ ਮੰਤਰੀ ਨੇ ਕਿਹਾ ਕਿ ਭਾਰਤੀ ਮੂਲ ਦੇ ਬਹੁਤ ਸਾਰੇ ਖਿਡਾਰੀ ਹਨ ਜੋ ਆਪਣੇ ਦੇਸ਼ ਲਈ ਮਾਣ ਲਿਆ ਰਹੇ ਹਨ ਅਤੇ ਉੱਥੋਂ ਦੇ ਨੌਜਵਾਨਾਂ ਨੂੰ ਪ੍ਰੇਰਿਤ ਕਰ ਰਹੇ ਹਨ। ਇਹ ਭਾਰਤੀਅਤਾ ਦਾ ਸਾਰ ਹੈ। ਭਾਰਤੀ ਜਿੱਥੇ ਵੀ ਜਾਂਦੇ ਹਨ ਆਪਣੀ ਮਾਤ ਭੂਮੀ ਦੀਆਂ ਜੜ੍ਹਾਂ ਨਾਲ ਜੁੜੇ ਰਹਿੰਦੇ ਹਨ ਅਤੇ ਆਪਣੀ ਕਰਮ ਭੂਮੀ ਭਾਵ ਜਿਸ ਦੇਸ਼ ਵਿੱਚ ਉਹ ਰਹਿੰਦੇ ਹਨ, ਦੇ ਵਿਕਾਸ ਵਿੱਚ ਵੀ ਯੋਗਦਾਨ ਪਾਉਂਦੇ ਹਨ। ਪ੍ਰਧਾਨ ਮੰਤਰੀ ਨੇ ਤਾਮਿਲਨਾਡੂ ਦੀ ਸਾਬਕਾ ਮੁੱਖ ਮੰਤਰੀ ਜੇ. ਜੈਲਲਿਤਾ ਨੂੰ ਉਨ੍ਹਾਂ ਦੀ ਜਯੰਤੀ (24 ਫਰਵਰੀ) ਤੇ ਸ਼ਰਧਾਂਜਲੀ ਦਿੱਤੀ। ਉਨ੍ਹਾਂ ਕੇਰਲ ਦੀ 250 ਸਾਲ ਪੁਰਾਣੀ ਮਾਮੰਗਮ ਪਰੰਪਰਾ ਦੇ ਮੁੜ ਸੁਰਜੀਤ ਹੋਣ ਦਾ ਜ਼ਿਕਰ ਕੀਤਾ, ਜਿਸ ਨੂੰ ਕੇਰਲ ਕੁੰਭ ਵੀ ਕਿਹਾ ਜਾਂਦਾ ਹੈ।

## ਕਿਸ਼ਤਵਾੜ 'ਚ ਸੁਰੱਖਿਆ ਬਲਾਂ ਨਾਲ ਮੁਕਾਬਲੇ ਦੌਰਾਨ ਜੈਸ਼-ਏ-ਮੁਹੰਮਦ ਦੇ 3 ਅੱਤਵਾਦੀ ਢੇਰ

ਸੁਰੱਖਿਆ ਬਲਾਂ ਨੇ ਜੈਸ਼ ਦੇ ਇੱਕ ਅੱਤਵਾਦੀ ਨੂੰ ਮਾਰ ਮੁਕਾਇਆ ਸੀ। ਇਸੇ ਤਰ੍ਹਾਂ ਊਧਮਪੁਰ ਜ਼ਿਲ੍ਹੇ ਵਿੱਚ ਵੀ ਇੱਕ ਗੁਫਾ ਵਿੱਚ ਲੁਕੇ ਦੋ ਅੱਤਵਾਦੀਆਂ ਨੂੰ ਗ੍ਰਨੇਡ ਧਮਾਕੇ ਰਾਹੀਂ ਖਤਮ ਕਰ ਦਿੱਤਾ ਗਿਆ ਸੀ। ਸੁਰੱਖਿਆ ਬਲਾਂ ਵੱਲੋਂ ਇਲਾਕੇ ਵਿੱਚ ਅੱਤਵਾਦੀਆਂ ਦੇ ਸਫਾਏ ਲਈ ਲਗਾਤਾਰ ਸਖ਼ਤ ਮੁਹਿੰਮ ਚਲਾਈ ਜਾ ਰਹੀ ਹੈ।

## ਅੰਤਰਿਮ ਵਪਾਰ ਸਮਝੌਤੇ 'ਤੇ ਭਾਰਤ-ਅਮਰੀਕਾ ਦੇ ਮੁੱਖ ਵਾਰਤਾਕਾਰਾਂ...

ਅਧਿਕਾਰ ਦੀ ਦੁਰਵਰਤੋਂ ਕੀਤੀ। ਅਮਰੀਕਾ ਨੇ ਅਗਸਤ, 2025 ਵਿੱਚ ਭਾਰਤ ਤੇ 25 ਪ੍ਰਤੀਸ਼ਤ ਜਵਾਬੀ ਟੈਰਿਫ ਲਗਾਇਆ। ਬਾਅਦ ਵਿੱਚ, ਰੂਸ ਤੋਂ ਖਰੀਦੇ ਗਏ ਕੱਚੇ ਤੇਲ ਤੇ 25 ਪ੍ਰਤੀਸ਼ਤ ਵਾਧੂ ਟੈਰਿਫ ਲਗਾਇਆ ਗਿਆ, ਜਿਸ ਨਾਲ ਭਾਰਤ ਦੀ ਕੁੱਲ ਟੈਰਿਫ ਦਰ 50 ਪ੍ਰਤੀਸ਼ਤ ਹੋ ਗਈ। ਇਸ ਮਹੀਨੇ ਦੇ ਸ਼ੁਰੂ ਵਿੱਚ, ਭਾਰਤ ਅਤੇ ਅਮਰੀਕਾ ਇੱਕ ਅੰਤਰਿਮ ਵਪਾਰ ਸਮਝੌਤੇ ਨੂੰ ਅੰਤਿਮ ਰੂਪ ਦੇਣ ਲਈ ਇੱਕ ਢਾਂਚੇ ਤੇ ਸਹਿਮਤ ਹੋਏ ਸਨ। ਇਸ ਸਮਝੌਤੇ ਦੇ ਤਹਿਤ, ਅਮਰੀਕਾ ਟੈਰਿਫ ਨੂੰ 18 ਪ੍ਰਤੀਸ਼ਤ ਤੱਕ ਘਟਾ ਦੇਵੇਗਾ ਅਤੇ ਰੂਸ ਤੋਂ ਤੇਲ ਖਰੀਦ ਤੇ ਲਗਾਏ ਗਏ ਵਾਧੂ 25 ਪ੍ਰਤੀਸ਼ਤ ਟੈਰਿਫ ਨੂੰ ਵੀ ਹਟਾ ਦੇਵੇਗਾ। ਸੁਪਰੀਮ ਕੋਰਟ ਦੇ ਫੈਸਲੇ ਤੋਂ ਬਾਅਦ, ਟਰੰਪ ਨੇ ਫਿਰ ਤੋਂ ਇਨ੍ਹਾਂ ਡਿਊਟੀਆਂ ਵਿੱਚ 15 ਪ੍ਰਤੀਸ਼ਤ ਵਾਧਾ ਕਰਨ ਦਾ ਐਲਾਨ ਕੀਤਾ ਹੈ। ਜੇਕਰ ਇਹ ਡਿਊਟੀ ਨੋਟੀਫਾਈ ਕੀਤੀ ਜਾਂਦੀ ਹੈ, ਤਾਂ ਇਹ ਅਮਰੀਕਾ ਵਿੱਚ ਮੌਜੂਦਾ ਐਮ.ਐਫ.ਐਨ. ਜਾਂ ਆਯਾਤ ਡਿਊਟੀ ਤੋਂ ਇਲਾਵਾ ਹੋਵੇਗੀ। ਉਦਾਹਰਣ ਵਜੋਂ, ਜੇਕਰ ਕੋਈ ਉਤਪਾਦ ਪੰਜ ਪ੍ਰਤੀਸ਼ਤ ਐਮ.ਐਫ.ਐਨ. ਡਿਊਟੀ ਦੇ ਅਧੀਨ ਹੈ, ਤਾਂ ਹੋਰ 15 ਪ੍ਰਤੀਸ਼ਤ ਜੋੜਨ ਨਾਲ ਇਹ 20 ਪ੍ਰਤੀਸ਼ਤ ਹੋ ਜਾਵੇਗਾ। ਹਾਲਾਂਕਿ, ਇਸ ਬਾਰੇ ਕੋਈ ਸਪੱਸ਼ਟਤਾ ਨਹੀਂ ਹੈ ਕਿ 150 ਦਿਨਾਂ ਦੀ ਮਿਆਦ ਤੋਂ ਬਾਅਦ ਭਾਰਤ ਵਰਗੇ ਦੇਸ਼ਾਂ ਤੇ ਅਮਰੀਕੀ ਡਿਊਟੀ ਕੀ ਹੋਵੇਗੀ। ਅਮਰੀਕਾ ਭਾਰਤ ਦੇ ਕੁੱਲ ਨਿਰਯਾਤ ਦਾ ਲਗਭਗ 18 ਪ੍ਰਤੀਸ਼ਤ ਅਤੇ ਇਸ ਦੇ ਆਯਾਤ ਦਾ 6.22 ਪ੍ਰਤੀਸ਼ਤ ਹੈ। ਵਿੱਤੀ ਸਾਲ 2024-25 ਵਿੱਚ, ਦੋਵਾਂ ਦੇਸ਼ਾਂ ਵਿਚਕਾਰ ਦੁਵੱਲਾ ਵਪਾਰ 186 ਅਰਬ ਡਾਲਰ ਸੀ।

## ਪੰਜਾਬ ਪੁਲਿਸ ਮੁਲਾਜ਼ਮਾਂ ਦਾ ਕਤਲ: ਤਹਿਰੀਕ-ਏ-...

ਜ਼ਿਕਰਯੋਗ ਹੈ ਕਿ ਪੰਜਾਬ ਦੇ ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਅਡੀਆਂ ਵਿੱਚ ਦੋ ਪੁਲੀਸ ਮੁਲਾਜ਼ਮ ਮ੍ਰਿਤਕ ਪਾਏ ਗਏ ਹਨ, ਜਿਨ੍ਹਾਂ ਦੇ ਸਰੀਰ 'ਤੇ ਗੋਲੀਆਂ ਲੱਗਣ ਦੇ ਨਿਸ਼ਾਨ ਮਿਲੇ ਹਨ। ਮ੍ਰਿਤਕਾਂ ਦੀ ਪਛਾਣ ਸਹਾਇਕ ਸਬ-ਇੰਸਪੈਕਟਰ (ਐਸ.ਆਈ.) ਗੁਰਨਾਮ ਸਿੰਘ ਅਤੇ ਹੋਮ ਗਾਰਡ ਜਵਾਨ ਅਸ਼ੋਕ ਕੁਮਾਰ ਵਜੋਂ ਹੋਈ ਹੈ। ਘਟਨਾ ਦੀ ਸੂਚਨਾ ਮਿਲਦਿਆਂ ਹੀ ਸਥਾਨਕ ਪੁਲੀਸ ਨੇ ਮੌਕੇ 'ਤੇ ਪਹੁੰਚ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਇਸ ਦਰਦਨਾਕ ਘਟਨਾ ਤੋਂ ਬਾਅਦ ਪੂਰੇ ਵਿਭਾਗ ਅਤੇ ਇਲਾਕੇ ਵਿੱਚ ਦਹਿਸ਼ਤ ਦਾ ਮਾਹੌਲ ਹੈ। ਦੋਰਾਂਗਲਾ ਪੁਲੀਸ ਸਟੇਸ਼ਨ ਦੇ ਇੰਚਾਰਜ ਬਨਾਰਸੀ ਦਾਸ ਨੇ ਦੱਸਿਆ ਕਿ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ। ਜਦੋਂ ਉਨ੍ਹਾਂ ਤੋਂ ਉਨ੍ਹਾਂ ਰਿਪੋਰਟਾਂ ਬਾਰੇ ਪੁੱਛਿਆ ਗਿਆ ਜਿਨ੍ਹਾਂ ਵਿੱਚ ਦਾਅਵਾ ਕੀਤਾ ਜਾ ਰਿਹਾ ਹੈ ਕਿ ਦੋਵਾਂ ਮੁਲਾਜ਼ਮਾਂ ਨੇ ਕਿਸੇ ਵਿਵਾਦ ਤੋਂ ਬਾਅਦ ਇੱਕ-ਦੂਜੇ ਨੂੰ ਗੋਲੀ ਮਾਰ ਦਿੱਤੀ, ਤਾਂ ਉਨ੍ਹਾਂ ਕਿਹਾ ਕਿ ਜਾਂਚ ਅਜੇ ਜਾਰੀ ਹੈ ਅਤੇ ਫਿਲਹਾਲ ਕੁਝ ਵੀ ਕਹਿਣਾ ਜਲਦਬਾਜ਼ੀ ਹੋਵੇਗੀ। ਪੁਲੀਸ ਵੱਲੋਂ ਮੌਕੇ ਤੋਂ ਸਬੂਤ ਇਕੱਠੇ ਕੀਤੇ ਗਏ ਹਨ ਅਤੇ ਲਾਸ਼ਾਂ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਗਿਆ ਹੈ ਤਾਂ ਜੋ ਮੌਤ ਦੇ ਅਸਲ ਕਾਰਨਾਂ ਦਾ ਪਤਾ ਲੱਗ ਸਕੇ।

## ਭੁੱਲਰ ਤੇ ਸ਼ਾਰਦਾ ਦੇ ਜ਼ਬਤ ਕੀਤੇ ਮੋਬਾਇਲਾਂ ਨੇ ਖੋਲ੍ਹੇ ...

ਸਾਹਮਣੇ ਆਈਆਂ ਹਨ ਜੋ ਹੋਰ ਸਰਕਾਰੀ ਮੁਲਾਜ਼ਮਾਂ ਅਤੇ ਨਿੱਜੀ ਵਿਅਕਤੀਆਂ ਨਾਲ ਜੁੜੇ ਰਿਸ਼ਵਤਖੋਰੀ ਦੇ ਸ਼ੱਕੀ ਮਾਮਲਿਆਂ ਵੱਲ ਇਸ਼ਾਰਾ ਕਰਦੀਆਂ ਹਨ। ਮੁਲਜ਼ਮ ਕ੍ਰਿਸ਼ਨੂ ਸ਼ਾਰਦਾ ਦੀ ਰਿਹਾਇਸ਼ ਤੋਂ ਮਿਲੀ ਇੱਕ ਡਾਇਰੀ ਅਤੇ ਹੋਰ ਦਸਤਾਵੇਜ਼ਾਂ ਤੋਂ ਪਤਾ ਲੱਗਾ ਹੈ ਕਿ ਉਹ ਚੰਡੀਗੜ੍ਹ ਦੇ ਵੱਖ-ਵੱਖ ਵਿਭਾਗਾਂ ਦੇ ਸੀਨੀਅਰ ਅਧਿਕਾਰੀਆਂ ਤੋਂ ਰਿਸ਼ਵਤ ਦੇ ਬਦਲੇ ਨਾਜਾਇਜ਼ ਫਾਇਦੇ ਦਿਵਾਉਣ ਦਾ ਕੰਮ ਕਰਦਾ ਸੀ। ਡੀ.ਆਈ.ਜੀ. ਭੁੱਲਰ ਦੇ ਵਟਸਐਪ ਚੈਟ ਤੋਂ ਖੁਲਾਸਾ ਹੋਇਆ ਹੈ ਕਿ ਉਹ ਨਿੱਜੀ ਵਿਅਕਤੀਆਂ ਨਾਲ ਸਬੰਧ ਕੇਸਾਂ ਦੀ ਗੁਪਤ ਜਾਣਕਾਰੀ ਸਾਂਝੀ ਕਰ ਰਿਹਾ ਸੀ। ਇਸ ਤੋਂ ਇਲਾਵਾ ਉਹ ਅਦਾਲਤੀ ਕਾਰਵਾਈਆਂ ਤੇ ਨਜ਼ਰ ਰੱਖਣ ਅਤੇ ਜਾਂਚ ਪ੍ਰਕਿਰਿਆ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਵਿੱਚ ਵੀ ਸ਼ਾਮਲ ਸੀ। ਹਾਲਾਂਕਿ ਮੌਜੂਦਾ ਮਾਮਲੇ ਨਾਲ ਸਿੱਧਾ ਜੁੜਿਆ ਕੋਈ ਨਵਾਂ ਦੋਸ਼ੀ ਸਬੂਤ ਸਾਹਮਣੇ ਨਹੀਂ ਆਇਆ, ਪਰ ਫੋਨਾਂ ਤੋਂ ਮਿਲੇ ਡਾਟਾ ਦੇ ਅਧਾਰ ਤੇ ਹੋਰਨਾਂ ਅਧਿਕਾਰੀਆਂ ਵਿਰੁੱਧ ਜਾਂਚ ਜਾਰੀ ਰੱਖੀ ਜਾ ਰਹੀ ਹੈ। ਅਦਾਲਤ ਨੇ ਇਸ ਮਾਮਲੇ ਦੀ ਅਗਲੀ ਸੁਣਵਾਈ 13 ਮਾਰਚ ਲਈ ਤੈਅ ਕੀਤੀ ਹੈ।

## ਸ਼੍ਰੋਮਣੀ ਕਮੇਟੀ ਖ਼ਿਲਾਫ਼ ਲੱਗੇ ਦੋਸ਼ਾਂ ...

ਕੌਮ ਨੂੰ ਹੋਰ ਉਲਝਣਾ ਵਿੱਚ ਪਾ ਰਹੇ ਹਨ। ਚਾਹੀਦਾ ਤਾਂ ਇਹ ਸੀ ਕਿ ਗਿਆਨੀ ਰਘਬੀਰ ਸਿੰਘ 72 ਘੰਟੇ ਦੇ ਸਮੇਂ ਅੰਦਰ ਪੰਥ ਦੀ ਪਾਰਲੀਮੈਂਟ ਨੂੰ ਲਗਾਏ ਗਏ ਇਲਜ਼ਾਮਾਂ ਦਾ ਜਵਾਬ ਦਿੰਦੇ, ਪਰ ਅਫਸੋਸ ਕਿ ਗਿਆਨੀ ਰਘਬੀਰ ਸਿੰਘ ਪੰਥਕ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਜਵਾਬ ਦੇਣ ਦੀ ਬਜਾਏ ਨਵੀਆਂ ਕਹਾਣੀਆਂ ਘੜ ਕੇ ਕੌਮ ਵਿਚ ਨਵੀਂ ਦੁਵਿਧਾ ਪੈਦਾ ਕਰਕੇ ਵਿਰੋਧੀਆਂ ਦਾ ਹੱਥ ਠੋਕਾ ਬਣ ਰਹੇ ਹਨ। ਉਨ੍ਹਾਂ ਗਿਆਨੀ ਰਘਬੀਰ ਸਿੰਘ ਤੇ ਗਿਆਨੀ ਹਰਪ੍ਰੀਤ ਸਿੰਘ ਨੂੰ ਅਪੀਲ ਕੀਤੀ ਕਿ ਪਹਿਲਾਂ ਆਪਣੀ ਪੀੜ੍ਹੀ ਥੱਲੇ ਸੋਟੀ ਫੇਰਨ। ਉਹਨਾਂ ਯਾਦ ਕਰਵਾਇਆ ਕਿ ਆਪਣੀ ਪੂਰੇ ਸੇਵਾ ਕਾਲ ਦੌਰਾਨ ਗਿਆਨੀ ਰਘਬੀਰ ਸਿੰਘ ਅਤੇ ਗਿਆਨੀ ਹਰਪ੍ਰੀਤ ਸਿੰਘ ਨੇ ਦੇਸ਼ ਵਿਦੇਸ਼ਾਂ ਦੀਆਂ ਸੰਗਤਾਂ ਵਲੋਂ ਭੇਟ ਕੀਤੀ ਮਾਇਆ ਗੁਰੂ ਦੀ ਗੋਲਕ ਵਿਚ ਜਮਾਂ ਨਹੀਂ ਕਰਵਾਈ। ਗਿਆਨੀ ਗੌਹਰ ਨੇ ਕਿਹਾ ਕਿ ਗਿਆਨੀ ਰਘਬੀਰ ਸਿੰਘ ਆਪਣੇ ਅਹੁਦੇ ਤੋਂ ਲਾਂਭੇ ਹੋ ਕੇ ਕੌਮ ਨੂੰ ਦੱਸਣ ਕਿ ਉਹਨਾਂ ਨੇ ਹੁਣ ਤੱਕ ਦੇਸ਼ ਵਿਦੇਸ਼ਾਂ ਵਿਚੋਂ ਕਿੰਨੀ ਮਾਇਆ ਇਕੱਠੀ ਕੀਤੀ ਹੈ ਅਤੇ ਉਸ ਮਾਇਆ ਵਿਚੋਂ ਕਿੰਨੇ ਮਾਇਆ ਗੁਰੂ ਦੀ ਗਲਿਕ ਵਿਚ ਜਮ੍ਹਾ ਕਰਵਾਈ ਹੈ। ਗਿਆਨੀ ਗੌਹਰ ਨੇ ਦਸਿਆ ਕਿ ਬਤੌਰ ਜਥੇਦਾਰ ਤਖਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਉਨ੍ਹਾਂ ਕਰੀਬ 80 ਕਰੋੜ ਰੁਪਏ ਤਖਤ ਸਾਹਿਬ ਵਿਖੇ ਦੇਸ਼ ਵਿਦੇਸ਼ਾਂ ਦੀਆਂ ਸੰਗਤਾਂ ਪਾਸੋਂ ਦਸਵੰਧ ਦੇ ਰੂਪ ਵਿਚ ਇੱਕਤਰ ਕਰਕੇ ਜਮਾਂ ਕਰਵਾਈ ਸੀ, ਹਾਲਾਂਕਿ ਤਖਤ ਸਾਹਿਬ ਦੀ ਆਮਦਨ ਸ੍ਰੀ ਹਰਿਮੰਦਰ ਸਾਹਿਬ ਤੋਂ ਕਈ ਗੁਣਾ ਘੱਟ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਖਰਚੇ ਉੱਤੇ ਦੇਸ਼ ਵਿਦੇਸ਼ਾਂ ਦੇ ਪ੍ਰਚਾਰ ਸਮੇਂ ਗਿਆਨੀ ਰਘਬੀਰ ਸਿੰਘ ਤੇ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਵਿਚੋਂ ਇਕੱਠੀ ਕੀਤੀ ਮਾਇਆ ਦੀ ਜਾਂਚ ਕਰਨੀ ਚਾਹੀਦੀ ਤਾਂ ਜੋ ਸੱਚ ਸੰਗਤ ਦੇ ਸਾਹਮਣੇ ਆ ਸਕੇ। ਉਨਾਂ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਤੋਂ ਮੰਗ ਕੀਤੀ ਕਿ ਗਿਆਨੀ ਰਘਬੀਰ ਸਿੰਘ ਤੇ ਗਿਆਨੀ ਹਰਪ੍ਰੀਤ ਸਿੰਘ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਤਲਬ ਕਰਕੇ ਸਪੱਸ਼ਟੀਕਰਨ ਲਿਆ ਜਾਵੇ। ਜਥੇਦਾਰ ਨੇ ਨਾਮ ਸਕੱਤਰੇਤ ਦੇ ਇੰਚਾਰਜ ਬਗੀਚਾ ਸਿੰਘ ਨੂੰ ਸੌਂਪੇ ਪੱਤਰ ਬਾਰੇ ਗਿਆਨੀ ਰਣਜੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਪੱਤਰ ਵਿਚ ਬੇਨਤੀ ਕੀਤੀ ਹੈ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ, ਸ੍ਰੀ ਅਕਾਲ ਤਖਤ ਸਾਹਿਬ ਜੀ ਤਖਤ ਸ੍ਰੀ ਦਮਦਮਾ ਸਾਹਿਬ ਜੀ ਆਦਿ ਜਥੇਦਾਰ ਸਾਹਿਬਾਨ ਦੀ ਪਦਵੀ ਬਹੁਤ ਹੀ ਸਤਿਕਾਰਯੋਗ ਅਤੇ ਪੂਜਨੀਕ ਹੈ। ਇਸ ਸਤਿਕਾਰਤ ਅਹੁਦੇ 'ਤੇ ਜਿਹੜੀ ਵੀ ਧਾਰਮਿਕ ਸਖਸ਼ੀਅਤ ਨੂੰ ਸੇਵਾ ਮਿਲਦੀ ਹੈ, ਦੇਸ਼ ਵਿਦੇਸ਼ਾਂ ਦੀਆਂ ਸੰਗਤਾਂ ਉਸ ਸਖਸ਼ੀਅਤ ਨੂੰ ਗੁਰੂ ਸਾਹਿਬ ਦੇ ਪਰਮ ਸੇਵਕ ਦੇ ਰੂਪ ਵੱਜੋਂ ਸਨਮਾਨ ਦਿੰਦੀਆਂ ਹਨ। ਆਪ ਵੀ ਇਹਨਾਂ ਸਨਮਾਨਿਤ ਸੇਵਾਵਾਂ ਨਿਭਾ ਰਹੇ ਹੋ। ਸੰਗਤਾਂ ਵੱਲੋਂ ਸ਼ਰਧਾ ਨਾਲ ਮਿਲਣ ਵਾਲੇ ਸਤਿਕਾਰ ਤੇ ਮਾਨ ਸਨਮਾਨ ਬਾਰੇ ਤੁਹਾਨੂੰ ਵਿਅਕਤੀਗਤ ਤੌਰ 'ਤੇ ਪੂਰਨ ਅਨੁਭਵ ਹੈ। ਸੰਗਤਾਂ ਦੀਆਂ ਉਪਰੋਕਤ ਭਾਵਨਾਵਾਂ ਨੂੰ ਕਿਸੇ ਕਿਸਮ ਦੀ ਠੇਸ ਨਾ ਪਹੁੰਚੇ ਇਸ ਦਾ ਧਿਆਨ ਰੱਖਣਾ ਜਥੇਦਾਰ ਸਾਹਿਬਾਨ ਦਾ ਪਹਿਲਾ ਫਰਜ਼ ਬਣਦਾ ਹੈ। ਦਾਸ ਨੇ ਵੀ ਤਖਤ ਸ੍ਰੀ ਹਰਿਮੰਦਰ ਹੀ ਪਟਨਾ ਸਾਹਿਬ ਦੇ ਜਥੇਦਾਰ ਅਤੇ ਮੁੱਖ ਗ੍ਰੰਥੀ ਵੱਜੋਂ ਲੰਮਾਂ ਸਮਾਂ ਸੇਵਾਵਾਂ ਨਿਭਾਈਆਂ ਹਨ ਉਪਰੋਕਤ ਵਿਸ਼ੇ 'ਤੇ ਅਨੁਭਵ ਰੱਖਦਾ ਹਾਂ। ਇਸ ਲਈ ਇਸ ਪੱਤਰ ਰਾਹੀਂ ਬੇਨਤੀ ਹੈ ਕਿ 19 ਫਰਵਰੀ 2026 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਵੱਲੋਂ ਗਿਆਨੀ ਰਘਬੀਰ ਸਿੰਘ ਜੀ ਮੁੱਖ ਗ੍ਰੰਥੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵੱਲੋ 18 ਫਰਵਰੀ 2026 ਨੂੰ ਪ੍ਰੈਸ ਕਲੱਬ ਜਲੰਧਰ ਵਿਖੇ ਇੱਕ ਪ੍ਰੈਸ ਕਾਨਫਰੰਸ ਕਰਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਵਿੱਚ ਭ੍ਰਿਸ਼ਟਾਚਾਰ ਦੇ ਵੱਡੇ ਦੋਸ਼ ਲਗਾਏ ਗਏ ਸਨ, ਜਿਸ ਸਬੰਧੀ ਅੰਤ੍ਰਿੰਗ ਕਮੇਟੀ ਨੇ ਮੀਟਿੰਗ ਕਰਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਵੱਲੋਂ 72 ਘੰਟੇ ਦਾ ਸਮਾਂ ਦੇ ਕੇ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਪਾਸੋਂ ਇਸ ਦੇ ਸਬੂਤ ਅਤੇ ਸਪਸ਼ਟੀਕਰਨ ਮੰਗੇ ਸਨ। ਜਿਹੜੇ ਵੀ ਦੋਸ਼ ਕਿਸੇ ਵੱਲੋਂ ਵੀ ਲਗਾਏ ਕਿਸੇ ਤੇ ਲਗਾਏ ਜਾਂਦੇ ਹਨ ਉਹਦੇ ਸਬੂਤ ਹੋਣੇ ਲਾਜਮੀ ਹੁੰਦੇ ਹਨ ਗਿਆਨੀ ਰਘਬੀਰ ਸਿੰਘ ਵੱਲੋਂ ਅੱਜ ਇੱਕ ਵੀਡੀਓ ਜਾਰੀ ਕਰਕੇ ਇਹਨਾਂ ਸਬੂਤਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੂੰ ਦੇਣ ਦੀ ਬਜਾਏ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੂੰ ਹੀ 72 ਘੰਟੇ ਦਾ ਅਲਟੀਮੇਟਮ ਦੇ ਕੇ ਇੱਕ ਨਵਾਂ ਵਿਵਾਦ ਛੇੜਨ ਅਤੇ ਪੰਥ ਵਿੱਚ ਦੁਬਿਧਾਵਾਂ ਪੈਦਾ ਕੋਸ਼ਿਸ਼ ਕੀਤੀ ਹੈ ਕਿਉਂਕਿ ਗਿਆਨੀ ਰਘਬੀਰ ਸਿੰਘ ਇਕ ਧਾਰਮਿਕ ਸ਼ਖ਼ਸ਼ੀਅਤ ਹਨ ਅਤੇ ਇਹ ਸ੍ਰੀ ਅਕਾਲ ਤਖਤ ਸਾਹਿਬ ਅਤੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਬਤੌਰ ਜਥੇਦਾਰ ਅਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਪ੍ਰਮੁੱਖ ਗ੍ਰੰਥੀ ਗ੍ਰੰਥੀ ਵਜੋਂ ਲੰਮਾ ਸਮਾਂ ਵੱਖ-ਵੱਖ ਸੇਵਾਵਾਂ ਨਿਭਾਉਂਦੇ ਆ ਰਹੇ ਹਨ। ਲੱਗਦਾ ਹੈ ਇਸ ਪਿੱਛੇ ਕਿਸੇ ਸਿਆਸੀ ਧਿਰ ਦਾ ਹੱਥ ਹੈ ਅਤੇ ਗਿਆਨੀ ਰਘਬੀਰ ਸਿੰਘ ਸਿੰਘ ਪੰਥ ਦੋਖੀਆਂ ਦੇ ਹੱਥਾਂ ਵਿਚ ਖੇਡ ਰਹੇ ਹਨ ਜਾਂ ਗਿਆਨੀ ਰਘਬੀਰ ਸਿੰਘ ਨੂੰ ਪੰਥ ਦੀ ਸੁਪਰੀਮ ਅਦਾਲਤ ਸ੍ਰੀ ਅਕਾਲ ਤਖਤ ਸਾਹਿਬ ਤੇ ਵਿਚਾਰਨਾ ਚਾਹੀਦਾ ਹੈ ਇਸ ਲਈ ਇਸ ਸਾਰੇ ਮਾਮਲੇ ਨੂੰ ਸ੍ਰੀ ਅਕਾਲ ਤਖਤ ਸਾਹਿਬ ਤੇ ਬਤੌਰ ਜਥੇਦਾਰ ਹੁੰਦਿਆਂ ਆਪ ਆਪਣੇ ਹੱਥ ਵਿੱਚ ਲੈਂਦੇ ਹੋਏ ਜਲਦ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਸੱਦ ਕੇ ਇਸ ਸਬੰਧੀ ਕੋਈ ਮਿਸਾਲੀ ਠੋਸ ਫੈਸਲਾ ਕਰੋ। ਇਸ ਦੇ ਨਾਲ ਹੀ ਗਿਆਨੀ ਹਰਪ੍ਰੀਤ ਸਿੰਘ ਸਾਬਕਾ ਜਥੇਦਾਰ ਤਖਤ ਸ੍ਰੀ ਦਮਦਮਾ ਸਾਹਿਬ ਤੇ ਸਾਬਕਾ ਕਾਰਜਕਾਰੀ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਵੱਲੋ ਵੀ ਪਿਛਲੇ ਦਿਨੀ ਕੁਝ ਦੋਸ਼ ਲਗਾਏ ਗਏ ਸਨ ਇਹ ਮਾਮਲਾ ਵੀ ਸ੍ਰੀ ਅਕਾਲ ਤਖਤ ਸਾਹਿਬ ਤੇ ਵਿਚਾਰਨਾ ਚਾਹੀਦਾ ਹੈ। ਇਸ ਲਈ ਬੇਨਤੀ ਹੈ ਕਿ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਜਲਦ ਤੋਂ ਜਲਦ ਸੱਦ ਕੇ ਇਨ੍ਹਾਂ ਮਾਮਲਿਆਂ ਨੂੰ ਵਿਚਾਰਿਆ ਜਾਵੇ। ਤਾਂ ਜੋ ਸੱਚ ਖਾਲਸਾ ਪੰਥ ਦੀ ਨੁਮਾਇੰਦਾ ਜਮਾਤ ਪ੍ਰਤਿ ਪਾਏ ਜਾ ਰਹੇ ਭਰਮ ਭੁਲੇਖੇ ਖਤਮ ਹੋ ਸਕਣ। ਆਸ ਹੈ ਕਿ ਮੇਰੇ ਇਸ ਪੱਤਰ 'ਤੇ ਤੁਰੰਤ ਮਾਮਲੇ ਦੀ ਗੰਭੀਰਤਾ ਨੂੰ ਸਮਝਦੇ ਹੋਏ ਕਾਰਵਾਈ ਜਰੂਰ ਕਰੋਗੇ।

## ਘਪਲਿਆਂ ਸਬੰਧੀ ਸਵਾਲਾਂ ਦਾ 72 ਘੰਟੇ 'ਚ ਜਵਾਬ ਨਾ ...

ਪ੍ਰਧਾਨ ਨੇ ਖੁਦ ਇਹ ਗੱਲ ਮੰਨੀ ਹੈ ਕਿ ਐਸਜੀਪੀਸੀ ਵਿੱਚ ਹਰ ਰੋਜ਼ 10 ਤੋਂ 15 ਘਪਲੇ ਹੋ ਰਹੇ ਹਨ। ਇਸੇ ਕਾਰਨ ਉਨ੍ਹਾਂ ਵੱਲੋਂ ਇਹ ਸਵਾਲ ਚੁੱਕੇ ਗਏ ਸਨ, ਪਰ ਹੁਣ ਪ੍ਰਧਾਨ ਇਨ੍ਹਾਂ ਸਵਾਲਾਂ ਤੋਂ ਭੱਜ ਰਹੇ ਹਨ। ਉਨ੍ਹਾਂ ਦੋਸ਼ ਲਗਾਇਆ ਕਿ ਪ੍ਰੈਸ ਕਾਨਫਰੰਸ ਦੌਰਾਨ ਪ੍ਰਧਾਨ ਨੂੰ ਸਿੱਖ ਕੌਮ ਤੋਂ ਮਾਫ਼ੀ ਮੰਗਣੀ ਪਈ, ਜੋ ਆਪਣੇ ਆਪ ਵਿੱਚ ਵੱਡਾ ਸੰਕੇਤ ਹੈ। ਉਹਨਾਂ ਕਿਹਾ ਕਿ ਅੰਤਰਿਕ ਕਮੇਟੀ ਦੀ ਇਕੱਤਰਤਾ ਕਰਕੇ ਉਨ੍ਹਾਂ ਵੱਲੋਂ ਖੜੇ ਕੀਤੇ ਸਵਾਲਾਂ ਦੇ ਜਵਾਬ ਦੇਣ ਦੀ ਬਜਾਏ 72 ਘੰਟੇ ਦਾ ਸਮਾਂ ਦੇ ਕੇ ਸਪਸ਼ਟੀਕਰਨ ਮੰਗਿਆ ਹੈ ਜੋ ਉਹ ਸੰਗਤ ਅੱਗੇ ਰੱਖਣਗੇ। ਉਨ੍ਹਾਂ ਕਿਹਾ ਕਿ ਸਾਡੀ ਮੰਗ ਸਿਰਫ਼ ਇਹ ਹੈ ਕਿ ਐਸਜੀਪੀਸੀ ਵਿੱਚ ਹੋ ਰਹੇ ਸਾਰੇ ਘਪਲਿਆਂ ਬਾਰੇ ਤਸੱਲੀਬਖ਼ਸ਼ ਅਤੇ ਪਾਰਦਰਸ਼ੀ ਜਵਾਬ ਦਿੱਤੇ ਜਾਣ। ਜੇਕਰ 72 ਘੰਟਿਆਂ ਵਿੱਚ ਜਵਾਬ ਨਹੀਂ ਮਿਲਦੇ, ਤਾਂ ਸਾਰੇ ਮਸਲੇ ਸਬੂਤਾਂ ਸਮੇਤ ਸੰਗਤ ਅੱਗੇ ਰੱਖੇ ਜਾਣਗੇ। ਗਿਆਨੀ ਰਘਬੀਰ ਸਿੰਘ ਨੇ ਦਾਅਵਾ ਕੀਤਾ ਕਿ ਉਨ੍ਹਾਂ ਕੋਲ ਹਰ ਸਵਾਲ ਨਾਲ ਜੁੜੇ ਪੱਕੇ ਸਬੂਤ ਮੌਜੂਦ ਹਨ।

## ਭਾਰਤ 'ਏ' ਨੇ ਜਿੱਤਿਆ ਏਸ਼ੀਆ ਕੱਪ ਰਾਈਜ਼ਿੰਗ ...

ਭਾਰਤ ਦੀ ਜਿੱਤ ਵਿੱਚ ਤੇਜਲ ਹਸਬਨੀਸ ਨੇ ਅਹਿਮ ਭੂਮਿਕਾ ਨਿਭਾਈ। ਉਨ੍ਹਾਂ ਨੇ ਤੇਜ਼ ਤਰਾਰ ਬੱਲੇਬਾਜ਼ੀ ਕਰਦਿਆਂ ਸਿਰਫ਼ 34 ਗੇਂਦਾਂ ਵਿੱਚ ਨਾਬਾਦ 51 ਦੌੜਾਂ ਦੀ ਅਰਧ-ਸੈਂਕੜੇ ਵਾਲੀ ਪਾਰੀ ਖੇਡੀ। ਉਸ ਨੂੰ ਪਲੇਅਰ ਆਫ ਦਿ ਮੈਚ ਚੁਣਿਆ ਗਿਆ। ਭਾਰਤੀ ਗੇਂਦਬਾਜ਼ਾਂ ਨੇ ਵੀ ਸ਼ੁਰੂ ਤੋਂ ਹੀ ਬੰਗਲਾਦੇਸ਼ੀ ਬੱਲੇਬਾਜ਼ਾਂ 'ਤੇ ਦਬਾਅ ਬਣਾਈ ਰੱਖਿਆ, ਜਿਸ ਕਾਰਨ ਬੰਗਲਾਦੇਸ਼ ਦੀ ਟੀਮ ਕਦੇ ਵੀ ਟੀਚੇ ਦੇ ਨੇੜੇ ਪਹੁੰਚਦੀ ਨਜ਼ਰ ਨਹੀਂ ਆਈ।

## ਸਾਊਦੀ ਅਰਬ ਤੋਂ ਸਪਲਾਈ ਵਧੀ, ਪਾਬੰਦੀਆਂ...

ਤੋਂ ਪਤਾ ਲਗਦਾ ਹੈ ਕਿ ਭਾਰਤ ਨੂੰ ਹੋਣ ਵਾਲੀ ਰੂਸੀ ਸਪਲਾਈ ਦਸੰਬਰ, 2025 ਦੇ 12.8 ਲੱਖ ਬੀ.ਪੀ.ਡੀ. ਤੋਂ ਘਟ ਕੇ ਜਨਵਰੀ 'ਚ 12.2 ਲੱਖ ਬੀ.ਪੀ.ਡੀ. ਰਹਿ ਗਈ ਅਤੇ ਫ਼ਰਵਰੀ ਦੀ ਸ਼ੁਰੂਆਤ 'ਚ ਇਹ ਲਗਭਗ 10 ਫ਼ੀ ਸਦੀ ਹੋਰ ਘਟ ਕੇ 10.9 ਲੱਖ ਬੀ.ਪੀ.ਡੀ. 'ਤੇ ਆ ਗਈ। ਕੌਮਾਂਤਰੀ ਜਿਣਸ ਅੰਕੜੇ ਵਿਸ਼ਲੇਸ਼ਣ ਕੰਪਨੀ 'ਕੈਪਲਰ' ਦੇ ਮੁੱਖ ਖੋਜ ਵਿਸ਼ਲੇਸ਼ਕ ਸੁਮਿਤ ਰਿਤੋਲਿਆ ਨੇ ਕਿਹਾ, "ਫ਼ਰਵਰੀ 'ਚ ਭਾਰਤ ਦਾ ਰੂਸੀ ਕੱਚਾ ਤੇਲ ਆਯਾਤ ਲਗਭਗ 10-12 ਲੱਖ ਬੀ.ਪੀ.ਡੀ. ਰਹਿਣ ਦਾ ਅੰਦਾਜ਼ਾ ਹੈ, ਜਿਸ ਦੇ ਮਾਰਚ 'ਚ ਘਟ ਕੇ ਲਗਭਗ 8-10 ਲੱਖ ਬੀ.ਪੀ.ਡੀ. ਤਕ ਆਉਣ ਦੀ ਸੰਭਾਵਨਾ ਹੈ। ਸਾਲ 2022 'ਚ ਯੂਕਰੇਨ ਜੰਗ ਤੋਂ ਬਾਅਦ ਭਾਰਤੀ ਛੋਟ ਮਿਲਣ ਕਾਰਨ ਭਾਰਤ ਨੇ ਰੂਸੀ ਤੇਲ ਦੀ ਖ਼ਰੀਦ ਵੱਡੇ ਪੱਧਰ 'ਤੇ ਸ਼ੁਰੂ ਕੀਤੀ ਸੀ, ਪਰ ਹੁਣ ਇਹ ਆਮਦ ਵਧਣ ਦੀ ਬਜਾਏ ਸਥਿਰ ਹੁੰਦੀ ਦਿਸ ਰਹੀ ਹੈ। ਉਨ੍ਹਾਂ ਕਿਹਾ, "ਹਾਲਾਂਕਿ ਅਸੀਂ ਇਸ ਨੂੰ ਇਕ ਅਲਪਕਾਲਿਕ ਸਥਿਰਤਾ ਦੇ ਰੂਪ 'ਚ ਵੇਖ ਰਹੇ ਹਾਂ, ਨਾ ਕਿ 2025 ਦੇ ਮੱਧ 'ਚ ਵੇਖੇ ਗਏ ਉੱਚਤਮ ਪੱਧਰ 'ਤੇ ਵਾਪਸੀ ਦੇ ਰੂਪ 'ਚ। ਸਾਡਾ ਅੰਦਾਜ਼ਾ ਹੈ ਕਿ ਕਾਰੋਬਾਰੀ ਅਤੇ ਨੀਤੀਗਤ ਰੇੜਕਿਆਂ ਕਾਰਨ, 2024-2025 ਮੁਕਾਬਲੇ 2026 'ਚ ਭਾਰਤ ਦੇ ਕੁਲ ਆਯਾਤ 'ਚ ਰੂਸ ਦੀ ਹਿੱਸੇਦਾਰੀ ਹੌਲੀ-ਹੌਲੀ ਘੱਟ ਹੋ ਕੇ ਇਕ ਹੇਠਲੇ ਪੱਧਰ 'ਤੇ ਸਥਿਰ ਹੋ ਜਾਵੇਗੀ।" ਮੌਜੂਦਾ ਵਿਸ਼ਲੇਸ਼ਣ ਅਨੁਸਾਰ, ਅਮਰੀਕਾ ਅਤੇ ਭਾਰਤ ਵਿਚਕਾਰ ਇਕ ਵਿਹਾਰਕ ਸਮਝ ਬਣੀ ਹੈ ਜੋ ਭਾਰਤ ਨੂੰ ਅਪਣੀਆਂ ਬੁਨਿਆਦੀ ਜ਼ਰੂਰਤਾਂ ਲਈ ਰੂਸੀ ਆਯਾਤ ਦੀ ਇਜਾਜ਼ਤ ਦਿੰਦੀ ਹੈ, ਪਰ ਇਸ ਨੂੰ ਹੋਰ ਵਧਾਉਣ ਲਈ ਉਤਸ਼ਾਹਿਤ ਨਹੀਂ ਕਰਦੀ। ਜਿਉਂ-ਜਿਉਂ ਰੂਸੀ ਤੇਲ ਦੀ ਮਾਤਰਾ ਘੱਟ ਹੋ ਰਹੀ ਹੈ, ਪਛਮੀ ਏਸ਼ੀਆ ਖਾੜੀ ਦੇਸ਼ ਇਸ ਕਮੀ ਨੂੰ ਪੂਰਾ ਕਰ ਰਹੇ ਹਨ। ਰਿਤੋਲੀਆ ਨੇ ਦਸਿਆ ਕਿ ਸਾਊਦੀ ਅਰਬ ਨਾਲ ਹੋਣ ਵਾਲੀ ਸਪਲਾਈ ਫ਼ਰਵਰੀ 'ਚ 10 ਲੱਖ ਤੋਂ 11 ਲੱਖ ਬੀ.ਪੀ.ਡੀ. ਤਕ ਪਹੁੰਚਣ ਦੀ ਉਮੀਦ ਹੈ, ਜੋ ਨਵੰਬਰ, 2019 ਤੋਂ ਬਾਅਦ ਦਾ ਉੱਚਤਮ ਪੱਧਰ ਹੈ। ਮਹੀਨੇ ਦੀ ਸ਼ੁਰੂਆਤ ਤੋਂ ਹੁਣ ਤਕ ਸਾਊਦੀ ਅਰਬ ਤੋਂ ਆਉਣ ਵਾਲੇ ਤੇਲ ਦਾ ਪ੍ਰਵਾਹ ਲਗਭਗ 14 ਲੱਖ ਬੀ.ਪੀ.ਡੀ. ਦਰਜ ਕੀਤਾ ਗਿਆ ਹੈ। ਹਾਲਾਂਕਿ, ਮਾਰਚ ਦੀ ਸ਼ੁਰੂਆਤ 'ਚ ਇਸ 'ਚ ਕੁੱਝ ਨਰਮੀ ਆਉਣ ਦੀ ਸੰਭਾਵਨਾ ਹੈ। ਵਰਤਮਾਨ ਰੁਝਾਨਾਂ ਦੇ ਆਧਾਰ 'ਤੇ, ਸਾਊਦੀ ਅਰਬ ਫ਼ਰਵਰੀ 'ਚ ਭਾਰਤ ਦੇ ਸਿਖਰਲੇ ਸਪਲਾਈਕਰਤਾ ਦੇ ਰੂਪ 'ਚ ਉਭਰਿਆ ਹੈ, ਜਿਸ ਤੋਂ ਬਾਅਦ ਰੂਸ ਅਤੇ ਇਰਾਕ ਦਾ ਨੰਬਰ ਆਉਂਦਾ ਹੈ।

## ਅਮਰੀਕਾ 'ਚ ਅਗ਼ਵਾ ਕੀਤੇ ਸਿੱਖ ਬਜ਼ੁਰਗ ...

ਜਾਂਦੇ ਦਿਖਾਈ ਦੇ ਰਹੇ ਸਨ। ਪੁਲਿਸ ਅਨੁਸਾਰ 17 ਫਰਵਰੀ ਨੂੰ ਸ਼ਾਮ 8:52 ਵਜੇ ਅਵਤਾਰ ਸਿੰਘ ਲਾਪਤਾ ਹੋਣ ਦੀ ਸੂਚਨਾ ਮਿਲਣ ਤੋਂ ਬਾਅਦ ਪੁਲਿਸ ਨੇ ਜਾਂਚ ਸ਼ੁਰੂ ਕਰ ਦਿੱਤੀ ਸੀ। ਪੁਲਿਸ ਨੇ ਅਵਤਾਰ ਸਿੰਘ ਅਤੇ ਸ਼ੱਕੀ ਐਸ.ਯੂ.ਵੀ. ਦੀਆਂ ਤਸਵੀਰਾਂ ਸੋਸ਼ਲ ਮੀਡੀਆ 'ਤੇ ਜਾਰੀ ਕਰਕੇ ਲੋਕਾਂ ਨੂੰ ਇਸ ਸਬੰਧੀ ਜਾਣਕਾਰੀ ਦੇਣ ਦੀ ਅਪੀਲ ਕੀਤੀ ਸੀ। ਅਮਰੀਕੀ ਪੁਲਿਸ ਅਨੁਸਾਰ ਇੱਕ ਸੀ.ਸੀ.ਟੀ.ਵੀ. ਫੁਟੇਜ ਸਾਹਮਣੇ ਆਈ ਸੀ, ਜਿਸ ਤੋਂ ਪਤਾ ਲੱਗਾ ਕਿ ਤਿੰਨ ਅਣਪਛਾਤੇ ਵਿਅਕਤੀਆਂ ਨੇ ਅਵਤਾਰ ਸਿੰਘ ਨੂੰ ਜ਼ਬਰਦਸਤੀ ਕਾਰ ਵਿੱਚ ਬਿਠਾਇਆ ਅਤੇ ਉਸ ਤੋਂ ਬਾਅਦ ਉੱਥੋਂ ਚਲੇ ਗਏ। ਹੁਣ ਸੀ.ਸੀ.ਟੀ.ਵੀ. ਫੁਟੇਜ ਦੇ ਅਧਾਰ ਤੇ ਮੁਲਜ਼ਮਾਂ ਦੀ ਪਛਾਣ ਕਰਕੇ ਭਾਲ ਕੀਤੀ ਜਾ ਰਹੀ ਹੈ।

## ਟਰੰਪ ਦੀ ਨਿਜੀ ਰਿਹਾਇਸ਼ 'ਚ ਦਾਖਲ ਹੋਣ ਦੀ ਕੋਸ਼ਿਸ਼ ...

ਸੀ। ਮ੍ਰਿਤਕ ਵਿਅਕਤੀ 20 ਸਾਲ ਦਾ ਸੀ, ਹਾਲਾਂਕਿ ਉਸ ਦੀ ਪਛਾਣ ਅਜੇ ਜਾਰੀ ਨਹੀਂ ਕੀਤੀ ਗਈ ਹੈ। ਜਾਂਚ ਜਾਰੀ ਹੈ। ਘਟਨਾ ਦੇ ਸਮੇਂ ਰਾਸ਼ਟਰਪਤੀ ਟਰੰਪ ਵਾਸ਼ਿੰਗਟਨ, ਡੀ.ਸੀ. ਵਿੱਚ ਵ੍ਹਾਈਟ ਹਾਊਸ ਵਿੱਚ ਸਨ। ਉਹ ਆਮ ਤੌਰ ਤੇ ਵੀਕਐਂਡ ਮਾਰ-ਏ-ਲਾਗੋ ਵਿੱਚ ਬਿਤਾਉਂਦੇ ਹਨ।

# ਗੁਰਬਾਣੀ ਕੀਰਤਨ ਮਨੁੱਖਤਾ ਨੂੰ ਸ਼ੁੱਧ ਤੇ ਸਮਾਜਿਕ ਬੁਰਾਈਆਂ ਤੋਂ ਦੂਰ ਰਹਿਣ ਦੀ ਪ੍ਰੇਰਣਾ ਦਿੰਦੈ : ਕਾਲਕਾ

ਨਵੀਂ ਦਿੱਲੀ, 22 ਫਰਵਰੀ (ਅੰਮ੍ਰਿਤਪਾਲ ਸਿੰਘ): ਹਰਮੀਤ ਸਿੰਘ ਕਾਲਕਾ, ਪ੍ਰਧਾਨ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਨਸ਼ਾ ਮੁਕਤ ਸਮਾਜ ਦੀ ਸਿਰਜਣਾ ਦੇ ਉਦੇਸ਼ ਨਾਲ ਵਰਲਡ ਪੰਜਾਬੀ ਆਰਗਨਾਈਜੇਸ਼ਨ ਤੇ ਸੰਨ ਫਾਊਂਡੇਸ਼ਨ ਵੱਲੋਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਿਸ਼ੇਸ਼ ਸਹਿਯੋਗ ਨਾਲ ਗੁਰਦੁਆਰਾ ਸੀਸ ਗੰਜ ਸਾਹਿਬ ਵਿਖੇ ਵਿਸ਼ਾਲ ਸਲਾਨਾ ਕੀਰਤਨ ਸਮਾਗਮ ਕਰਵਾਇਆ ਗਿਆ। ਪ੍ਰਧਾਨ ਕਾਲਕਾ ਨੇ ਕਿਹਾ ਕਿ ਗੁਰਬਾਣੀ ਕੀਰਤਨ ਮਨੁੱਖਤਾ ਨੂੰ ਅੰਦਰੋਂ ਸ਼ੁੱਧ ਕਰਦਾ ਹੈ ਤੇ ਸਮਾਜਿਕ ਬੁਰਾਈਆਂ ਤੋਂ ਦੂਰ ਰਹਿਣ ਦੀ ਪ੍ਰੇਰਣਾ ਦਿੰਦਾ ਹੈ। ਉਨ੍ਹਾਂ ਕਿਹਾ ਕਿ ਨਸ਼ਿਆਂ ਵਰਗੀ ਗੰਭੀਰ ਸਮੱਸਿਆ ਨਾਲ ਨਜਿੱਠਣ ਲਈ ਆਤਮਿਕ ਜਾਗਰੂਕਤਾ ਅਤੇ ਗੁਰੂ ਘਰ ਨਾਲ ਜੁੜਾਵ ਸਭ ਤੋਂ ਪ੍ਰਭਾਵਸ਼ਾਲੀ ਮਾਰਗ ਹੈ। ਉਨ੍ਹਾਂ ਨੇ ਕਿਹਾ ਕਿ ਅਜਿਹੇ ਸਮਾਗਮ ਨੌਜਵਾਨ ਪੀੜ੍ਹੀ ਨੂੰ ਸਹੀ ਦਿਸ਼ਾ ਦਿੰਦੇ ਹਨ ਅਤੇ ਚੜ੍ਹਦੀ ਕਲਾ ਵਾਲਾ ਸਮਾਜ ਰਚਣ ਵਿੱਚ ਮੱਦਦਗਾਰ ਸਾਬਤ ਹੁੰਦੇ ਹਨ।



ਉਨ੍ਹਾਂ ਦੱਸਿਆ ਕਿ ਇਸ ਮੌਕੇ 'ਤੇ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਹਾਜ਼ਰੀ ਭਰੀ, ਗੁਰਬਾਣੀ ਕੀਰਤਨ ਦਾ ਰਸ ਮਾਣਿਆ ਤੇ ਗੁਰੂ ਸਾਹਿਬ ਅੱਗੇ ਨਤਮਸਤਕ ਹੋ ਕੇ ਨਸ਼ਾ ਮੁਕਤ ਜੀਵਨ ਜੀਊਣ ਦਾ ਸੰਕਲਪ ਕੀਤਾ। ਸਮਾਗਮ ਦੌਰਾਨ ਗੁਰਬਾਣੀ ਦੀਆਂ ਰਸਭਰੀਆਂ ਧੁਨਾਂ ਨਾਲ ਸਾਰਾ ਮਾਹੌਲ ਆਤਮਿਕ ਰੰਗ ਵਿੱਚ ਰੰਗਿਆ ਰਿਹਾ। ਪ੍ਰਧਾਨ ਕਾਲਕਾ ਨੇ ਵਰਲਡ ਪੰਜਾਬੀ ਆਰਗਨਾਈਜੇਸ਼ਨ ਤੇ ਸੰਨ ਫਾਊਂਡੇਸ਼ਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਮਾਜਿਕ ਸੁਧਾਰ ਲਈ ਧਾਰਮਿਕ ਤੇ ਸਮਾਜਿਕ ਸੰਸਥਾਵਾਂ ਦਾ ਸਾਂਝਾ ਉਪਰਾਲਾ ਸਮੇਂ ਦੀ ਲੋੜ ਹੈ। ਉਨ੍ਹਾਂ ਨੇ ਭਰੋਸਾ ਦਿੱਤਾ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਭਵਿੱਖ ਵਿੱਚ ਵੀ ਨਸ਼ਾ ਮੁਕਤ ਅਤੇ ਸਿਹਤਮੰਦ ਸਮਾਜ ਦੀ ਸਿਰਜਣਾ ਲਈ ਇਸ ਤਰ੍ਹਾਂ ਦੇ ਆਤਮਿਕ ਤੇ ਜਾਗਰੂਕਤਾ ਭਰੇ ਸਮਾਗਮ ਕਰਵਾਉਂਦੀ ਰਹੇਗੀ। ਇਹ ਸਮਾਗਮ ਗੁਰਬਾਣੀ ਦੇ ਪਵਿੱਤਰ ਸੁਰਾਂ ਰਾਹੀਂ ਸਮਾਜ ਨੂੰ ਨਵੀਂ ਸੋਚ, ਨਵੀਂ ਉਮੀਦ ਅਤੇ ਨਵੀਂ ਦਿਸ਼ਾ ਦੇਣ ਵਾਲਾ ਯਾਦਗਾਰੀ ਸਮਾਗਮ ਸਾਬਤ ਹੋਇਆ।

# ਫ਼ਾਜ਼ਿਲਕਾ ਦੇ ਬਸਤੀ ਹਜ਼ੂਰ ਸਕੂਲ ਦੇ ਮੁੜ ਨਿਰਮਾਣ ਦੇ ਹੁਕਮ, ਛੇ ਮਹੀਨਿਆਂ 'ਚ ਤਿਆਰ ਹੋਵੇਗੀ ਨਵੀਂ ਇਮਾਰਤ : ਬੈਂਸ

ਚੰਡੀਗੜ੍ਹ, 22 ਫਰਵਰੀ (ਚ.ਨ.ਸ.): ਫਾਜ਼ਿਲਕਾ ਦੇ ਬਸਤੀ ਹਜ਼ੂਰ ਵਿੱਚ ਸਰਕਾਰੀ ਪ੍ਰਾਇਮਰੀ ਸਕੂਲ ਦੀ ਇਮਾਰਤ ਦੀ ਮਾੜੀ ਹਾਲਤ ਬਾਰੇ ਨੋਟਿਸ 'ਚ ਆਉਣ ਦੇ ਤੁਰੰਤ ਬਾਅਦ ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਇਸ ਸਕੂਲ ਦੀ ਇਮਾਰਤ ਦੀ ਨਵੇਂ ਸਿਰਿਓਂ ਉਸਾਰੀ ਕਰਨ ਦੇ ਹੁਕਮ ਦਿੱਤੇ ਹਨ। ਸਿੱਖਿਆ ਮੰਤਰੀ ਨੇ ਤੁਰੰਤ ਕਾਰਵਾਈ ਕਰਦਿਆਂ ਸਕੂਲ ਸਿੱਖਿਆ ਵਿਭਾਗ ਨੂੰ ਇਸ ਸਬੰਧੀ ਲੋੜੀਂਦੇ ਕਦਮ ਚੁੱਕਣ ਕਰਨ ਦੇ ਨਿਰਦੇਸ਼ ਦਿੱਤੇ ਤੇ ਭਰੋਸਾ ਦਿੱਤਾ ਕਿ ਸਕੂਲ ਦੀ ਨਵੀਂ ਇਮਾਰਤ ਛੇ ਮਹੀਨਿਆਂ ਦੇ ਅੰਦਰ ਮੁਕੰਮਲ ਹੋ ਜਾਵੇਗੀ, ਜਿਸ ਦੀ ਉਹ ਨਿੱਜੀ ਤੌਰ 'ਤੇ ਨਿਗਰਾਨੀ ਕਰਨਗੇ। ਇਸ ਮਾਮਲੇ ਦਾ ਜ਼ਿਕਰ ਕਰਦਿਆਂ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਬਸਤੀ ਹਜ਼ੂਰ ਵਿੱਚ ਸਰਕਾਰੀ ਸਕੂਲ ਦੀ ਮਾੜੀ ਹਾਲਤ ਬਾਰੇ ਕੱਲ੍ਹ ਮੇਰੇ ਧਿਆਨ ਵਿੱਚ ਲਿਆਂਦਾ ਗਿਆ। ਉਨ੍ਹਾਂ ਕਿਹਾ ਕਿ ਮੈਂ ਅਧਿਕਾਰੀਆਂ ਨੂੰ ਇਸ ਸਬੰਧੀ ਤੁਰੰਤ ਕਾਰਵਾਈ ਦੇ ਨਿਰਦੇਸ਼ ਦੇ ਦਿੱਤੇ ਹਨ ਅਤੇ ਮੈਂ ਖੁਦ ਜਾ ਕੇ ਸਕੂਲ ਦੀ ਸਥਿਤੀ ਦਾ ਨਿਰੀਖਣ ਕਰਾਂਗਾ।



ਉਨ੍ਹਾਂ ਕਿਹਾ ਕਿ ਇਸ ਸਕੂਲ ਕੋਲ ਅਗਲੇ 6 ਮਹੀਨਿਆਂ ਦੇ ਅੰਦਰ ਇੱਕ ਨਵੀਂ ਇਮਾਰਤ ਹੋਵੇਗੀ ਤੇ ਇਹ ਕੋਈ ਰਾਜਨੀਤਿਕ ਬਿਆਨ ਨਹੀਂ; ਸਗੋਂ ਮੇਰੀ ਨਿੱਜੀ ਗਰੰਟੀ ਹੈ।

ਸੂਬੇ ਦੇ ਸਕੂਲੀ ਬੁਨਿਆਦੀ ਢਾਂਚੇ ਵਿੱਚ ਵਿਆਪਕ ਸੁਧਾਰਾਂ ਬਾਰੇ ਗੱਲ ਕਰਦਿਆਂ ਸਿੱਖਿਆ ਮੰਤਰੀ ਨੇ ਕਿਹਾ ਕਿ ਪੰਜਾਬ ਵਿੱਚ ਲਗਭਗ 20,000 ਸਰਕਾਰੀ ਸਕੂਲ ਹਨ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਸਕੂਲ ਸਾਨੂੰ ਪਿਛਲੀਆਂ ਸਰਕਾਰਾਂ ਦੀ ਦਹਾਕਿਆਂ ਦੀ ਅਣਗਹਿਲੀ ਕਰਕੇ ਪੂਰੀ ਤਰ੍ਹਾਂ ਖਸਤਾ ਹਾਲਤ ਵਿੱਚ ਵਿਰਾਸਤ 'ਚ ਮਿਲੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ ਪਿਛਲੇ ਕੁਝ ਸਾਲਾਂ ਵਿੱਚ ਸੈਂਕੜੇ ਅਜਿਹੇ ਸਕੂਲਾਂ ਦੀ ਨੁਹਾਰ ਬਦਲੀ ਹੈ ਅਤੇ ਇਹ ਕੰਮ ਪੂਰੇ ਜ਼ੋਰਾਂ-ਸ਼ੋਰਾਂ ਨਾਲ ਜਾਰੀ ਹੈ। ਉਨ੍ਹਾਂ ਕਿਹਾ ਕਿ ਅਸੀਂ ਸੂਬੇ ਦੇ ਸਾਰੇ 20,000 ਸਕੂਲਾਂ ਦੀ ਕਾਇਆਕਲਪ ਕਰਨ ਦੇ ਮਿਸ਼ਨ 'ਤੇ ਹਾਂ ਤੇ ਸੂਬਾ ਸਰਕਾਰ ਪੂਰੀ ਵਚਨਬੱਧਤਾ ਤੇ ਪਾਰਦਰਸ਼ਤਾ ਨਾਲ ਇਸ ਟੀਚੇ ਵੱਲ ਲਗਾਤਾਰ ਅੱਗੇ ਵਧ ਰਹੀ ਹੈ। ਸਿੱਖਿਆ ਸੁਧਾਰਾਂ ਪ੍ਰਤੀ ਆਪਣੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਇਹ ਸਿਰਫ਼ ਵੱਡੇ ਦਾਅਵਿਆਂ ਦਾ ਨਹੀਂ, ਬਲਕਿ ਜਵਾਬਦੇਹੀ ਤੇ ਨਿਰੰਤਰ ਕਾਰਵਾਈ ਦਾ ਸਫ਼ਰ ਹੈ ਤੇ ਸਿੱਖਿਆ ਮੇਰੇ ਲਈ ਕੋਈ ਰਾਜਨੀਤੀ ਨਹੀਂ; ਸਗੋਂ ਮੇਰਾ ਜਨੂੰਨ ਅਤੇ ਜ਼ਿੰਮੇਵਾਰੀ ਹੈ।

# ਹੋਲੇ ਮਹੱਲੇ ਦੀ ਆਮਦ ਤੋਂ ਪਹਿਲਾਂ ਹੀ ਸੰਗਤਾਂ ਦਾ ਉਮੜਿਆ ਸਲਾਬ

## ਵੱਡੀ ਗਿਣਤੀ ਵਿੱਚ ਨਾਨਕ ਨਾਮ ਲੇਵਾ ਸੰਗਤਾਂ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਹੋਈਆਂ ਨਤਮਸਤਕ



ਸ੍ਰੀ ਅਨੰਦਪੁਰ ਸਾਹਿਬ, 22 ਫਰਵਰੀ (ਤਰਲੋਚਨ ਸਿੰਘ): ਖਾਲਸਾ ਪੰਥ ਦੀ ਚੜ੍ਹਦੀ ਕਲਾ ਦੇ ਪ੍ਰਤੀਕ ਅਤੇ ਕੌਮੀ ਤਿਉਹਾਰ ਹੋਲੇ ਮਹੱਲੇ ਦੀ ਆਮਦ ਨੂੰ ਅਜੇ ਕੁਝ ਦਿਨ ਬਾਕੀ ਹਨ ਪ੍ਰੰਤੂ ਹੋਲੇ ਮਹੱਲੇ ਦੀ ਆਰੰਭਤਾ ਤੋਂ ਪਹਿਲਾਂ ਹੀ ਵੱਡੀ ਗਿਣਤੀ ਵਿੱਚ ਸੰਗਤਾਂ ਅਨੰਦਾਂ ਦੀ ਪੁਰੀ ਤੇ ਖਾਲਸਾ ਪੰਥ ਦੀ ਜਨਮ ਭੂਮੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਪਹੁੰਚਣੀਆਂ ਸ਼ੁਰੂ ਹੋ ਗਈਆਂ ਹਨ। ਅੱਜ ਵੱਡੀ ਗਿਣਤੀ ਵਿੱਚ ਨਾਨਕ ਲੇਵਾ ਸੰਗਤਾਂ ਜਿੱਥੇ ਖਾਲਸਾ ਪੰਥ ਦੇ ਪ੍ਰਗਟ ਅਸਥਾਨ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਨਤਮਸਤਕ ਹੋਈਆਂ ਉੱਥੇ ਹੀ ਇੱਥੋਂ ਦੇ ਗੁਰਦੁਆਰਾ ਸੀਸਗੰਜ ਸਾਹਿਬ ਅਤੇ ਭੋਰਾ ਸਾਹਿਬ ਵਿਖੇ ਨਤਮਸਤਕ ਹੋਈਆਂ। ਦੱਸਣਯੋਗ ਹੈ ਕਿ ਪੰਥ ਦੀ ਸਿਰਮੋਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧ ਕਮੇਟੀ ਵੱਲੋਂ ਵੱਖ-ਵੱਖ ਪੰਥਕ ਸ਼ਖਸ਼ੀਅਤਾਂ ਤੇ ਕਾਰ ਸੇਵਾ ਵਾਲੇ ਮਹਾਂਪੁਰਸ਼ਾਂ ਦੇ ਸਹਿਯੋਗ ਨਾਲ 27 ਫਰਵਰੀ ਤੋਂ 4 ਮਾਰਚ ਤੱਕ ਮਨਾਇਆ ਜਾ ਰਿਹਾ ਹੈ। ਜਿਸ ਦੀ ਆਰੰਭਤਾ 26 ਫਰਵਰੀ ਦੀ ਰਾਤ ਨੂੰ ਗੁ: ਕਿਲ੍ਹਾ ਅਨੰਦਗੜ੍ਹ ਸਾਹਿਬ ਵਿਖੇ ਪੰਜ ਨਗਾਰਿਆਂ 'ਤੇ ਚੋਟਾਂ ਲਗਾ ਕੇ ਖਾਲਸਾਈ ਜਾਹੋ ਜਲਾਲ ਨਾਲ ਹੋਵੇਗੀ। ਜਿਸ ਦੇ ਪਹਿਲੇ ਪੜਾਅ ਤਹਿਤ 27 ਫਰਵਰੀ ਨੂੰ ਗੁ: ਪਤਾਲਪੁਰੀ ਸਾਹਿਬ ਕੀਰਤਪੁਰ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ ਜਿਨ੍ਹਾਂ ਦੇ ਭੋਗ 1 ਮਾਰਚ ਨੂੰ ਪਾਏ ਜਾਣਗੇ। ਦੂਜੇ ਪੜਾਅ ਤਹਿਤ ਸ੍ਰੀ ਅਨੰਦਪੁਰ ਸਾਹਿਬ ਦੀ ਮੁਬਾਰਕ ਧਰਤੀ 'ਤੇ ਸਥਿਤ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ 2 ਮਾਰਚ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ ਜਿਨ੍ਹਾਂ ਦੇ ਭੋਗ 4 ਮਾਰਚ ਨੂੰ ਪਾਏ ਜਾਣਗੇ। ਉਪਰੰਤ ਦੁਪਹਿਰ 12 ਵਜੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਨਿਹੰਗ ਸਿੰਘ ਜਥੇਬੰਦੀਆਂ ਵੱਲੋਂ ਵਿਸ਼ਾਲ ਮਹੱਲਾ ਸਜਾਇਆ ਜਾਵੇਗਾ।

# ਸੰਜੀਵ ਅਰੋੜਾ ਵੱਲੋਂ ਆਈ.ਟੀ.ਸੀ. ਹੋਟਲਜ਼ ਦੇ ਵੈਲਕਮ ਹੋਟਲ ਦਾ ਉਦਘਾਟਨ; ਮੋਹਾਲੀ ਦੇ ਤੇਜ਼ ਵਿਕਾਸ ਤੇ ਪ੍ਰੀਮੀਅਮ ਹੋਟਲ ਕਮਰਿਆਂ ਦੀ ਵਧਦੀ ਮੰਗ 'ਤੇ ਦਿੱਤਾ ਜ਼ੋਰ

ਚੰਡੀਗੜ੍ਹ, 22 ਫਰਵਰੀ (ਚ.ਨ.ਸ.): ਕੈਬਨਿਟ ਮੰਤਰੀ ਸੰਜੀਵ ਅਰੋੜਾ ਨੇ ਆਈ.ਟੀ.ਸੀ. ਹੋਟਲਜ਼ ਲਿਮਟਿਡ ਮੋਹਾਲੀ-ਚੰਡੀਗੜ੍ਹ ਦੇ ਵੈਲਕਮ ਹੋਟਲ ਦਾ ਰਸਮੀ ਉਦਘਾਟਨ ਕੀਤਾ, ਜੋ ਕਿ ਖੇਤਰ ਵਿਚ ਪ੍ਰੀਮੀਅਮ ਪਰਾਹੁਣਚਾਰੀ ਸਹੂਲਤਾਂ ਉੱਪਲੱਬਧ ਕਰਾਉਣ ਲਈ ਇੱਕ ਅਹਿਮ ਵਾਧਾ ਹੈ ਤੇ ਪੰਜਾਬ ਵਿੱਚ ਸੈਲਾਨੀਆਂ, ਨਿਵੇਸ਼ਕਾਂ ਅਤੇ ਕਾਰੋਬਾਰੀਆਂ ਲਈ ਇੱਕ ਨਵਾਂ ਗੇਟਵੇ ਹੈ। ਸਮਾਗਮ ਦੀ ਸ਼ੁਰੂਆਤ ਮਾਨਯੋਗ ਮੰਤਰੀ ਵੱਲੋਂ ਰਿਬਨ ਕੱਟਣ ਨਾਲ ਕੀਤੀ ਗਈ, ਇਸ ਤੋਂ ਬਾਅਦ ਖੁਸ਼ਹਾਲੀ ਦੇ ਪ੍ਰਤੀਕ ਵਜੋਂ ਰਵਾਇਤੀ ਦੀਵਾ ਜਗਾਉਣ ਦੀ ਰਸਮ ਹੋਈ। ਇਸ ਸਮਾਗਮ ਵਿੱਚ ਆਈ.ਟੀ.ਸੀ. ਹੋਟਲਜ਼ ਲਿਮਟਿਡ ਦੇ ਮੈਨੇਜਿੰਗ ਡਾਇਰੈਕਟਰ ਅਨਿਲ ਚੱਢਾ, ਗੁਜਰਾਲ ਗਰੁੱਪ ਦੇ ਮੈਨੇਜਿੰਗ ਡਾਇਰੈਕਟਰ ਭੁਪਿੰਦਰ ਸਿੰਘ ਗੁਜਰਾਲ ਤੇ ਗਗਨਜੀਤ ਸਿੰਘ ਗੁਜਰਾਲ ਸਮੇਤ ਉੱਘੇ ਉਦਯੋਗਿਕ ਆਗੂਆਂ ਨੇ ਸ਼ਿਰਕਤ ਕੀਤੀ। ਇਕੱਠ ਨੂੰ ਸੰਬੋਧਨ ਕਰਦਿਆਂ ਮੰਤਰੀ ਸੰਜੀਵ ਅਰੋੜਾ ਨੇ ਮੋਹਾਲੀ ਦੇ ਸਕਾਈਲਾਈਨ ਵਿੱਚ ਵੈਲਕਮਹੋਟਲ ਦੇ ਸ਼ਾਮਲ ਹੋਣ ਦਾ ਨਿੱਘਾ ਸਵਾਗਤ ਕੀਤਾ ਤੇ ਉੱਤਰੀ ਭਾਰਤ ਵਿਚ ਤੇਜ਼ੀ ਨਾਲ ਵਧ ਰਹੇ ਆਰਥਿਕ ਅਤੇ ਸੰਸਥਾਗਤ ਹੱਬਾਂ ਵਜੋਂ ਉਭਰ ਰਹੇ ਇਸ ਸ਼ਹਿਰ 'ਤੇ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ਆਈਟੀ ਸਿਟੀ, ਐਰੋਸਿਟੀ, ਸਿਹਤ ਸੰਭਾਲ ਸੰਸਥਾਵਾਂ, ਯੂਨੀਵਰਸਿਟੀਆਂ ਤੇ ਕਨਵੈਨਸ਼ਨ ਬੁਨਿਆਦੀ ਢਾਂਚੇ ਦੇ ਤੇਜ਼ ਵਿਸਥਾਰ ਦੇ ਨਾਲ, ਮੋਹਾਲੀ ਵਿਚ ਬੜੀ ਤੇਜ਼ੀ ਨਾਲ ਘਰੇਲੂ ਤੇ ਅੰਤਰਰਾਸ਼ਟਰੀ ਲੋਕਾਂ ਦੀ ਆਮਦ ਵਿਚ ਨਿਰੰਤਰ ਵਾਧਾ ਦੇਖਿਆ ਜਾ ਰਿਹਾ ਹੈ। ਮੰਤਰੀ ਨੇ ਜ਼ੋਰ ਦੇ ਕੇ ਕਿਹਾ ਕਿ ਇਸ ਵਿਕਾਸ ਦੇ ਰਾਹ ਨੇ ਵਪਾਰਕ ਨੁਮਾਇੰਦਿਆ, ਵਿਸ਼ਵਵਿਆਪੀ ਨਿਵੇਸ਼ਕਾਂ, ਸੈਲਾਨੀਆਂ ਤੇ ਖੇਤਰ ਵਿੱਚ ਆਯੋਜਿਤ ਕੀਤੇ ਜਾ ਰਹੇ ਵੱਡੇ ਪੱਧਰ ਦੇ ਸਮਾਗਮਾਂ ਨੂੰ ਨੇਪਰੇ ਚੜ੍ਹਾਉਣ ਲਈ ਬਹੁਤ ਸਾਰੇ ਉੱਚ-ਗੁਣਵੱਤਾ ਵਾਲੇ ਹੋਟਲ ਕਮਰਿਆਂ ਦੀ ਸਪੱਸ਼ਟ ਤੇ ਵਧਦੀ ਲੋੜ ਪੈਦਾ ਕੀਤੀ ਹੈ।




ਮੰਤਰੀ ਨੇ ਕਿਹਾ, "ਮੋਹਾਲੀ ਹੁਣ ਵਿਕਾਸ ਦੇ ਸਿਖਰ 'ਤੇ ਹੈ। ਆਈਟੀ, ਸਿੱਖਿਆ, ਸਿਹਤ ਸੰਭਾਲ ਅਤੇ ਉਦਯੋਗਿਕ ਵਾਤਾਵਰਣ ਪ੍ਰਣਾਲੀਆਂ ਦੇ ਵਿਸਥਾਰ ਦੇ ਨਾਲ, ਵਿਸ਼ਵ ਪੱਧਰੀ ਪਰਾਹੁਣਚਾਰੀ ਬੁਨਿਆਦੀ ਢਾਂਚੇ ਦੀ ਮੰਗ ਤੇਜ਼ੀ ਨਾਲ ਵਧ ਰਹੀ ਹੈ। ਪੰਜਾਬ ਆਈਟੀਸੀ ਹੋਟਲਾਂ ਦੁਆਰਾ ਇਸ ਨਿਵੇਸ਼ ਦਾ ਸਵਾਗਤ ਕਰਦਾ ਹੈ, ਅਤੇ ਅਸੀਂ ਅਜਿਹੇ ਹੋਰ ਬਹੁਤ ਸਾਰੇ ਪ੍ਰੋਜੈਕਟਾਂ ਦੀ ਉਮੀਦ ਕਰਦੇ ਹਾਂ ਜੋ ਸਾਡੇ ਸੈਰ-ਸਪਾਟਾ ਜਗਤ ਤੇ ਸੇਵਾ ਆਰਥਿਕਤਾ ਨੂੰ ਮਜ਼ਬੂਤ ਕਰਨਗੇ।" ਉਨ੍ਹਾਂ ਅੱਗੇ ਜ਼ੋਰ ਦਿੱਤਾ ਕਿ ਪੰਜਾਬ ਸਰਕਾਰ ਪਾਰਦਰਸ਼ੀ ਪ੍ਰਵਾਨਗੀਆਂ, ਨੀਤੀਗਤ ਸਹਾਇਤਾ ਅਤੇ ਕਾਰੋਬਾਰ ਕਰਨ ਵਿੱਚ ਆਸਾਨੀ ਰਾਹੀਂ ਪਰਾਹੁਣਚਾਰੀ ਨਿਵੇਸ਼ਾਂ ਲਈ ਇੱਕ ਬਹੁਤ ਹੀ ਸਾਜ਼ਗਾਰ ਮਾਹੌਲ ਬਣਾਉਣ ਲਈ ਵਚਨਬੱਧ ਹੈ। ਮੰਤਰੀ ਨੇ ਇਹ ਵੀ ਦੱਸਿਆ ਕਿ ਸੂਬਾ ਉੱਚ ਪੱਧਰੇ ਪਰਾਹੁਣਚਾਰੀ ਵਿਕਾਸ ਲਈਂ ਢੁਕਵੀਂ ਵਿਰਾਸਤ ਅਤੇ ਸੰਸਥਾਗਤ ਜਾਇਦਾਦਾਂ ਦੀ ਸੁਚੱਜੇ ਢੰਗ ਨਾਲ ਮੁੜ ਵਰਤੋਂ ਕਰਨ ਲਈ ਸਰਗਰਮੀ ਨਾਲ ਖੋਜ ਕਰ ਰਿਹਾ ਹੈ 9 ਇਸ ਦੇ ਨਾਲ ਹੀ ਸੈਰ-ਸਪਾਟਾ ਪ੍ਰੋਤਸਾਹਨ ਅਤੇ ਸੱਭਿਆਚਾਰਕ ਸੰਪਤੀਆਂ ਦੀ ਸੰਭਾਲ ਦੋਵਾਂ ਨੂੰ ਯਕੀਨੀ ਬਣਾਇਆ ਜਾ ਰਿਹਾ ਹੈ। ਸਰਕਾਰ ਦੀ ਦੂਰ ਅੰਦੇਸ਼ ਸੋਚ ਦੀ ਪੁਸ਼ਟੀ ਕਰਦੇ ਹੋਏ ਮੰਤਰੀ ਸੰਜੀਵ ਅਰੋੜਾ ਨੇ ਕਿਹਾ ਕਿ ਪਰਾਹੁਣਚਾਰੀ-ਅਗਵਾਈ ਵਾਲਾ ਵਿਕਾਸ ਪੰਜਾਬ ਦੇ ਆਰਥਿਕ ਰੋਡਮੈਪ ਦਾ ਅਨਿਖੜਵਾ ਅੰਗ ਹੈ, ਕਿਉਂਕਿ ਇਹ ਹੁਨਰ ਦੇ ਅਧਾਰ 'ਤੇ ਕਾਫ਼ੀ ਰੁਜ਼ਗਾਰ ਮੌਕੇ ਪੈਦਾ ਕਰਦਾ ਹੈ, ਐਮ. ਐਸ.ਐਮ.ਈ. ਦਾ ਸਮਰਥਨ ਕਰਦਾ ਹੈ ਤੇ ਮੋਹਾਲੀ ਵਰਗੇ ਉੱਭਰ ਰਹੇ ਵਿਕਾਸ ਕੇਂਦਰਾਂ ਦੇ ਸਮੁੱਚੇ ਨਿਵੇਸ਼ ਆਕਰਸ਼ਣ ਨੂੰ ਵਧਾਉਂਦਾ ਹੈ।

ਆਪਣੇ ਭਾਸ਼ਣ ਵਿੱਚ ਭੁਪਿੰਦਰ ਸਿੰਘ ਗੁਜਰਾਲ ਨੇ ਪੰਜਾਬ ਸਰਕਾਰ ਦਾ ਇਸ ਸੁਵਿਧਾਜਨਕ ਅਤੇ ਜਵਾਬਦੇਹ ਪਹੁੰਚ ਲਈ ਧੰਨਵਾਦ ਪ੍ਰਗਟ ਕੀਤਾ ਤੇ ਕਿਹਾ ਕਿ ਮੋਹਾਲੀ ਦਾ ਵਿਕਸਤ ਹੋ ਰਿਹਾ ਕਾਰੋਬਾਰ ਅਤੇ ਸੈਰ-ਸਪਾਟਾ ਵਾਤਾਵਰਣ ਇਸਨੂੰ ਪ੍ਰੀਮੀਅਮ ਪਰਾਹੁਣਚਾਰੀ ਪ੍ਰੋਜੈਕਟਾਂ ਲਈ ਇੱਕ ਆਦਰਸ਼ ਸਥਾਨ ਬਣਾਉਂਦਾ ਹੈ। ਉਨ੍ਹਾਂ ਹੋਟਲ ਨੂੰ ਪੰਜਾਬ ਦੀ ਵਿਕਾਸ ਕਹਾਣੀ ਵਿੱਚ ਇੱਕ ਮਾਣਮੱਤਾ ਯੋਗਦਾਨ ਦੱਸਿਆ।

ਆਈ.ਟੀ.ਸੀ.ਹੋਟਲਜ਼ ਲਿਮਟਿਡ ਦੇ ਮੈਨੇਜਿੰਗ ਡਾਇਰੈਕਟਰ ਅਨਿਲ ਚੱਢਾ ਨੇ ਬ੍ਰਾਂਡ ਦੀ ਉੱਚ-ਵਿਕਾਸ ਵਾਲੇ ਸ਼ਹਿਰਾਂ ਵਿੱਚ ਵਿਸਥਾਰ ਕਰਨ ਦੀ ਵਚਨਬੱਧਤਾ ਦੁਹਰਾਈ ਅਤੇ ਕਿਹਾ ਕਿ ਮੋਹਾਲੀ ਦੀ ਰਣਨੀਤਕ ਸਥਿਤੀ, ਮਜ਼ਬੂਤ ਬੁਨਿਆਦੀ ਢਾਂਚਾ ਅਤੇ ਮਜ਼ਬੂਤ ਆਰਥਿਕ ਗਤੀ ਇਸਨੂੰ ਵਿਸ਼ਵ ਪੱਧਰੀ ਪਰਾਹੁਣਚਾਰੀ ਲਈ ਇੱਕ ਕੁਦਰਤੀ ਅਤੇ ਢੁਕਵੇਂ ਵਿਕਲਪ ਵਜੋਂ ਪੇਸ਼ ਕਰ ਰਹੀ ਹੈ। ਸਮਾਗਮ ਇੱਕ ਪ੍ਰਤੀਕਾਤਮਕ ਕੁੰਜੀ ਅਤੇ ਮਮੈਂਟੋ ਨਾਲ ਸਮਾਪਤ ਹੋਇਆ, ਜਿਸ ਨਾਲ ਰਸਮੀ ਤੌਰ 'ਤੇ ਕਾਰਜਾਂ ਦੀ ਸ਼ੁਰੂਆਤ ਹੋਈ ਅਤੇ ਮੋਹਾਲੀ ਅਤੇ ਪੰਜਾਬ ਲਈ ਨਿਰੰਤਰ ਵਿਕਾਸ, ਵਧ ਵਿਜ਼ਟਰ ਸਮਰੱਥਾ ਅਤੇ ਜੀਵੰਤ ਪਰਾਹੁਣਚਾਰੀ ਭਵਿੱਖ ਦੇ ਸਾਂਝੇ ਉੱਦਮ ਦਾ ਜਸ਼ਨ ਮਨਾਇਆ ਗਿਆ।

### ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੇ ਐਸ.ਜੀ.ਪੀ.ਸੀ. ਸਬੰਧੀ ਲੱਗੇ ਦੋਸ਼ਾਂ 'ਤੇ ਸਰਨਾ ਦਾ ਤਿੱਖਾ ਹਮਲਾ

# ਪਰਮਜੀਤ ਸਿੰਘ ਸਰਨਾ ਵੱਲੋਂ ਗਿ. ਰਘਬੀਰ ਸਿੰਘ ਨੂੰ ਪੰਥ ਦੀ ਕਚਹਿਰੀ 'ਚ ਪੇਸ਼ ਹੋਣ ਦੀ ਚੁਣੌਤੀ

ਅੰਮ੍ਰਿਤਸਰ, 22 ਫਰਵਰੀ (ਬਬਲੂ ਮਹਾਜਨ): ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਤੇ ਸ਼੍ਰੋਮਣੀ ਅਕਾਲ ਦਲ ਦਿੱਲੀ ਇਕਾਈ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਰਘਬੀਰ ਸਿੰਘ ਨੂੰ ਪੰਥ ਦੀ ਕਚਹਿਰੀ ਵਿਚ ਪੇਸ਼ ਕਰਦਿਆ ਕਿਹਾ ਕਿ ਗਿਆਨੀ ਰਘਬੀਰ ਸਿੰਘ ਜੀ, ਤੁਹਾਡੇ ਪਰਿਵਾਰ ਦਾ ਪਾਲਣ ਪੋਸ਼ਨ ਪੰਥ ਕਰੇ 'ਤੇ ਤੁਸੀ ਪੰਥ ਵਿਰੋਧੀਆਂ ਦੀ ਚਾਕਰੀ ਕਰੋ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵਿਚ ਪਾਠੀ ਭਰਤੀ ਹੋ ਕੇ ਜਿਸ ਸੰਸਥਾ ਵਿਚ ਤੁਸੀਂ ਸੇਵਾ ਕੀਤੀ ਉਸ ਸੰਸਥਾ ਨੇ ਤੁਹਾਨੂੰ ਪੰਥ ਵਿਚ ਮਾਨ ਸਨਮਾਨ ਦਿੰਦਿਆ ਸਿੱਖ ਪੰਥ ਦੀਆਂ ਉੱਚੀਆਂ ਤੇ ਸੁੱਚੀਆਂ ਸੇਵਾਵਾਂ ਦਿੰਦਿਆਂ ਸ੍ਰੀ ਅਕਾਲ ਤਖਤ ਸਾਹਿਬ ਦੇ ਪੰਜ ਪਿਆਰਿਆਂ ਵਿਚ ਸੇਵਾ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗੰਥੀ, ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਤੋਂ ਬਾਅਦ ਅਹਿਮ ਸੇਵਾਵਾਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗੰਥੀ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਦੀਆਂ ਸੇਵਾਵਾਂ ਵੀ ਸ਼੍ਰੋਮਣੀ ਕਮੇਟੀ ਨੇ ਆਪਣੇ ਪ੍ਰਬੰਧ ਵਿਚ ਸੌਂਪੀਆਂ ਸਨ। ਇਨ੍ਹਾਂ ਸੇਵਾਵਾਂ ਨੂੰ ਤਨ ਦੇਹੀ ਨਾਲ ਨਾ ਨਿਭਾ ਕੇ ਨਾ ਤਾਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗੰਥੀ ਵੱਲੋਂ ਨਿਭਾਈਆਂ ਜਾਂਦੀਆਂ ਡਿਊਟੀਆਂ 'ਤੇ ਕਦੀ ਬਿਰਾਜਮਾਨ ਹੋਏ ਤੇ ਨਾ ਹੀ ਸਿੱਖ ਪੰਥ ਨਾਲ ਅਹਿਮ ਜੁੜੇ ਮਾਮਲੇ ਦੇ ਫੈਸਲੇ ਨੂੰ 2 ਦਸੰਬਰ 2024 ਵਾਲੇ ਦਿਨ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਹੁੰਦਿਆ ਕਰ ਸਕੇ। ਇਹ ਫੈਸਲਾ ਕਰਨ ਦੇ ਅਧਿਕਾਰ ਪੰਥ ਵਿਰੋਧੀਆਂ ਦੇ ਹੱਥਾਂ ਵਿਚ ਖੇਡਣ ਵਾਲੇ ਗਿਆਨੀ ਹਰਪ੍ਰੀਤ ਸਿੰਘ ਨੂੰ ਦੇ ਕੇ ਪੰਥ ਨੂੰ ਖੇਰੂੰ-ਖੇਰੂੰ ਕਰਨ ਦੇ ਨਾਲ ਨਾਲ ਸਾਰਿਆਂ ਨੂੰ ਇਕ ਕਰਨ ਦੀ ਥਾਂ 100 ਸਾਲ ਪੁਰਾਤਨ ਸੰਸਥਾ ਸ਼੍ਰੋਮਣੀ ਅਕਾਲੀ ਦਲ ਨੂੰ ਹੀ ਭੰਗ ਅਤੇ ਖਤਮ ਕਰਨ ਦਾ ਯਤਨ ਕੀਤਾ ਗਿਆ, ਜਿਹੜੀ ਸੰਸਥਾ ਦਾ ਜਨਮ ਸ੍ਰੀ ਅਕਾਲ ਤਖਤ ਸਾਹਿਬ ਤੋਂ ਹੋਇਆ ਹੋਵੇ, ਉਸ ਸੰਸਥਾ ਨੂੰ ਗੁਰੂ ਸਾਹਿਬ ਨੇ ਆਪ ਵਰਤ ਕੇ ਬਚਾ ਲਿਆ ਤੇ ਸ਼੍ਰੋਮਣੀ ਅਕਾਲੀ ਦਲ ਪੰਜਾਬ ਅਤੇ ਦੇਸ਼ ਵਿਦੇਸ਼ ਦੇ ਲੋਕਾਂ ਵਿਚ ਮੁੜ ਉਭਰ ਚੁੱਕੀ ਹੈ। ਸਰਨਾ ਨੇ ਗਿਆਨੀ ਰਘਬੀਰ ਸਿੰਘ ਨੂੰ ਕਿਹਾ ਕਿ ਜਿਸ ਦੀ ਚੜ੍ਹਾਈ ਨਾ ਦੇਖਦੇ ਹੋਏ ਹੁਣ ਪੰਥ ਵਿਰੋਧੀਆਂ ਨੇ ਝੂਠ ਦਾ ਪੁਲੰਦਾ ਤੁਹਾਡੇ ਹੱਥ ਵਿਚ ਸੌਂਪ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਨੂੰ ਬਦਨਾਮ ਕਰਨ ਦਾ ਜੋ ਯਤਨ ਕੀਤਾ ਸੀ, ਉਸ ਨੂੰ ਸਫਲ ਹੁੰਦਾ ਨਾ ਦੇਖ ਮੂੰਹ ਦੀ ਖਾਣੀ ਪਈ ਹੈ।



ਸਰਨਾ ਨੇ ਗਿਆਨੀ ਰਘਬੀਰ ਸਿੰਘ ਨੂੰ ਸਵਾਲ ਕਰਦਿਆ ਦੋਸ਼ ਲਗਾਇਆ ਕਿ ਦੋਸ਼ਾਂ ਨੂੰ ਸਾਬਤ ਕਰਨ ਦੀ ਥਾਂ ਪੰਥ ਨੂੰ ਇਸ ਦਾ ਜਵਾਬ ਦੇ ਦਿਓ ਕਿ ਦਿੱਲੀ ਵਿਖੇ ਬਾਬਾ ਵਿਰਸਾ ਸਿੰਘ ਦੇ ਸਥਾਨ 'ਤੇ ਰਾਤ ਰਹਿ ਕੇ ਜਗ ਹਵਨ ਕਰਵਾਉਂਦੇ ਰਹੇ ਹੋ ਜਾਂ ਫਿਰ ਹਰਮੀਤ ਸਿੰਘ ਕਾਲਕਾ ਤੇ ਮਨਜਿੰਦਰ ਸਿੰਘ ਸਿਰਸਾ ਨਾਲ ਕਿਹੜੀਆਂ ਗੁੱਪਤ ਮੀਟਿੰਗਾਂ ਹੋਈਆਂ ਹਨ। ਜਾਂ ਫਿਰ ਇਨ੍ਹਾਂ ਪਾਸੋਂ ਆਪਣੀ ਇਨਾਮ ਦੀ ਰਾਸ਼ੀ ਤਾਂ ਲੈਣ ਲਈ ਤਾਂ ਨਹੀਂ ਪਹੁੰਚੇ, ਸਿੱਖ ਪੰਥ ਨੂੰ ਇਨ੍ਹਾਂ ਸਾਰੇ ਸਵਾਲਾਂ ਦਾ ਜਵਾਬ ਵੀ ਤੁਹਾਨੂੰ ਦੇਣਾ ਪਵੇਗਾ।

# ਨਾਲਾਗੜ੍ਹ ਪੁਲਿਸ ਸਟੇਸ਼ਨ ਧਮਾਕਾ: ਬੀ.ਕੇ.ਆਈ. ਨਾਲ ਸਬੰਧਤ ਦੋ ਮੁੱਖ ਦੋਸ਼ੀ ਪਿਸਤੌਲ ਸਮੇਤ ਗ੍ਰਿਫ਼ਤਾਰ

ਚੰਡੀਗੜ੍ਹ, 22 ਫਰਵਰੀ (ਚ.ਨ.ਸ.): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ



ਨਿਰਦੇਸ਼ਾਂ 'ਤੇ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਚੱਲ ਰਹੀ ਮੁਹਿੰਮ ਦੌਰਾਨ ਵੱਡੀ ਸਫਲਤਾ ਤਹਿਤ ਕਾਊਂਟਰ ਇੰਟੈਲੀਜੈਂਸ (ਸੀਆਈ) ਜਲੰਧਰ ਨੇ ਸੀਆਈ ਐਸ.ਏ.ਐਸ. ਨਗਰ ਨਾਲ ਸਾਂਝੇ ਆਪ੍ਰੇਸ਼ਨ ਵਿੱਚ ਹਿਮਾਚਲ ਪ੍ਰਦੇਸ਼ ਦੇ ਨਾਲਾਗੜ੍ਹ ਪੁਲਿਸ ਸਟੇਸ਼ਨ 'ਤੇ ਆਰ.ਡੀ. ਐਕਸ.-ਅਧਾਰਤ ਇੰਪ੍ਰੋਵਾਈਜ਼ਡ ਐਕਸਪਲੋਸਿਵ ਡਿਵਾਈਸ (ਆਈ.ਈ.ਡੀ.) ਧਮਾਕੇ ਵਿੱਚ ਸ਼ਾਮਲ ਦੋ ਮੁੱਖ ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਹ ਜਾਣਕਾਰੀ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਅੱਜ ਇੱਥੇ ਸਾਂਝੀ ਕੀਤੀ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਮਹਾਵੀਰ ਉਰਫ਼ ਕਾਕਾ ਅਤੇ ਮਨਪ੍ਰੀਤ ਉਰਫ਼ ਮਨੀ ਵਜੋਂ ਹੋਈ ਹੈ, ਦੋਵੇਂ ਐਸਬੀਐਸ ਨਗਰ ਦੇ ਰਹਿਣ ਵਾਲੇ ਹਨ। ਆਪ੍ਰੇਸ਼ਨ ਦੌਰਾਨ ਉਨ੍ਹਾਂ ਦੇ ਕਬਜ਼ੇ ਵਿੱਚੋਂ ਇੱਕ 9 ਐਮ.ਐਮ. ਗਲੌਕ ਪਿਸਤੌਲ ਅਤੇ ਚਾਰ ਜ਼ਿੰਦਾ ਕਾਰਤੂਸ ਬਰਾਮਦ ਕੀਤੇ ਗਏ।

ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਮੁਲਜ਼ਮ ਪਾਬੰਦੀਸ਼ੁਦਾ ਅੱਤਵਾਦੀ ਸੰਗਠਨ ਬੱਬਰ ਖਾਲਸਾ ਇੰਟਰਨੈਸ਼ਨਲ (ਬੀ.ਕੇ.ਆਈ.) ਨਾਲ ਜੁੜੇ ਵਿਦੇਸ਼ ਅਧਾਰਤ ਮਾਸਟਰਮਾਈਂਡ ਗੋਪੀ ਨਵਾਂਸ਼ਹਰੀਆ, ਜੱਸੀ ਕੁਲਾਮ ਅਤੇ ਸੁਸ਼ਾਂਤ ਚੋਪੜਾ ਦੇ ਨਿਰਦੇਸ਼ਾਂ 'ਤੇ ਕੰਮ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਨੇ ਵਿਦੇਸ਼ੀ ਹੈਂਡਲਰਾਂ ਦੇ ਨਿਰਦੇਸ਼ਾਂ 'ਤੇ ਆਪਣੇ ਸਾਥੀਆਂ ਨਾਲ ਮਿਲ ਕੇ ਆਰ.ਡੀ. ਐਕਸ.-ਅਧਾਰਤ ਆਈਈਡੀ ਤੇ ਹੈਂਡ ਗ੍ਰਨੇਡ ਵਾਲੀਆਂ ਖੇਪਾਂ ਪ੍ਰਾਪਤ ਕੀਤੀਆਂ ਸਨ। ਗ਼ੌਰਤਲਬ ਹੈ ਕਿ ਗ੍ਰਿਫ਼ਤਾਰ ਕੀਤੇ ਦੋਸ਼ੀਆਂ ਵੱਲੋਂ 1 ਜਨਵਰੀ, 2026 ਨੂੰ ਹਿਮਾਚਲ ਪ੍ਰਦੇਸ਼ ਦੇ ਨਾਲਾਗੜ੍ਹ ਪੁਲਿਸ ਥਾਣੇ 'ਤੇ ਧਮਾਕੇ ਲਈ ਵਰਤਿਆ ਇੱਕ ਆਈਈਡੀ (ਆਰਡੀਐਕਸ) ਵੀ ਇਨ੍ਹਾਂ ਖੇਪਾਂ ਵਿੱਚੋਂ ਹੀ ਸੀ।

ਡੀਜੀਪੀ ਨੇ ਦੱਸਿਆ ਕਿ ਉਨ੍ਹਾਂ ਦੇ ਛੇ ਮੁਲਜ਼ਮਾਂ ਨੂੰ ਪਹਿਲਾਂ ਹੀ ਪੰਜਾਬ ਪੁਲਿਸ ਨੇ ਗ੍ਰਿਫ਼ਤਾਰ ਕੀਤਾ ਹੈ, ਜੋ ਅੱਤਵਾਦੀ ਹਾਰਡਵੇਅਰ ਪ੍ਰਾਪਤ ਕਰਕੇ ਅੱਗੇ ਸਪਲਾਈ ਕਰ ਰਹੇ ਸਨ। ਉਨ੍ਹਾਂ ਅੱਗੇ ਕਿਹਾ ਕਿ ਇਨ੍ਹਾਂ ਦੋਵਾਂ ਦੀ ਗ੍ਰਿਫ਼ਤਾਰੀ ਨਾਲ ਪੂਰੇ ਮਾਡਿਊਲ ਦਾ ਪਰਦਾਫਾਸ਼ ਹੋ ਗਿਆ ਹੈ। ਇਸ ਸਬੰਧ ਵਿੱਚ ਬੀਐਨਐਸ ਤੇ ਆਰਮਜ਼ ਐਕਟ ਦੀਆਂ ਸਬੰਧਤ ਧਾਰਾਵਾਂ ਤਹਿਤ ਮੋਹਾਲੀ ਦੇ ਪੁਲਿਸ ਸਟੇਸ਼ਨ ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ (ਐਸਐਸਓਸੀ) ਵਿਖੇ ਕੇਸ ਦਰਜ ਕੀਤਾ ਗਿਆ ਹੈ।

# ਗੈਂਗਸਟਰਾਂ 'ਤੇ ਵਾਰ ਦੇ 33ਵੇਂ 647 ਥਾਵਾਂ 'ਤੇ ਛਾਪੇਮਾਰੀ ਦੌਰਾਨ 245 ਕਾਬੂ

ਚੰਡੀਗੜ੍ਹ, 22 ਫਰਵਰੀ (ਚ.ਨ.ਸ.): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ 'ਤੇ ਚੱਲ ਰਹੀ ਫੈਸਲਾਕੁੰਨ ਮੁਹਿੰਮ "ਗੈਂਗਸਟਰਾਂ ਤੇ




ਵਾਰ" ਦੇ 33ਵੇਂ ਦਿਨ ਪੰਜਾਬ ਪੁਲਿਸ ਨੇ ਅੱਜ ਸੂਬੇ ਭਰ ਵਿੱਚ ਗੈਂਗਸਟਰਾਂ ਦੇ ਸਾਥੀਆਂ ਦੇ ਪਛਾਣੇ ਗਏ ਅਤੇ ਮੈਪ ਕੀਤੇ 647 ਟਿਕਾਣਿਆਂ 'ਤੇ ਛਾਪੇਮਾਰੀ ਕੀਤੀ। ਜ਼ਿਕਰਯੋਗ ਹੈ ਕਿ "ਗੈਂਗਸਟਰਾਂ ਤੇ ਵਾਰ"-ਪੰਜਾਬ ਨੂੰ ਗੈਂਗਸਟਰ ਮੁਕਤ ਸੂਬਾ ਬਣਾਉਣ ਲਈ ਫੈਸਲਾਕੁੰਨ ਜੰਗ ਹੈ, ਜਿਸਦੀ ਸ਼ੁਰੂਆਤ 20 ਜਨਵਰੀ, 2026 ਨੂੰ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਕੀਤੀ ਸੀ। ਇਸ ਮੁਹਿੰਮ ਤਹਿਤ ਐਂਟੀ-ਗੈਂਗਸਟਰ ਟਾਸਕ ਫੋਰਸ (ਏਜੀਟੀਐਫ) ਪੰਜਾਬ ਦੇ ਪੂਰੇ ਤਾਲਮੇਲ ਨਾਲ ਸਾਰੇ ਜ਼ਿਲ੍ਹਿਆਂ ਦੀਆਂ ਪੁਲਿਸ ਟੀਮਾਂ ਸੂਬੇ ਭਰ ਵਿੱਚ ਵਿਸ਼ੇਸ਼ ਕਾਰਵਾਈਆਂ ਕਰ ਰਹੀਆਂ ਹਨ।

ਮੁਹਿੰਮ ਦੇ 33ਵੇਂ ਦਿਨ, ਪੁਲਿਸ ਟੀਮਾਂ ਨੇ 245 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ 4 ਹਥਿਆਰ ਬਰਾਮਦ ਕੀਤੇ, ਜਿਸ ਨਾਲ ਮੁਹਿੰਮ ਦੀ ਸ਼ੁਰੂਆਤ ਤੋਂ ਹੁਣ ਤੱਕ ਕੁੱਲ ਗ੍ਰਿਫ਼ਤਾਰੀਆਂ ਦੀ ਕੁੱਲ ਗਿਣਤੀ 10,874 ਹੋ ਗਈ ਹੈ। ਇਸ ਤੋਂ ਇਲਾਵਾ 100 ਵਿਅਕਤੀਆਂ ਵਿਰੁੱਧ ਇਹਤਿਆਤੀ ਕਾਰਵਾਈ ਕੀਤੀ ਗਈ ਹੈ, ਜਦੋਂ ਕਿ 142 ਵਿਅਕਤੀਆਂ ਨੂੰ ਤਫ਼ਤੀਸ਼ ਅਤੇ ਪੁੱਛਗਿੱਛ ਪਿੱਛੋਂ ਛੱਡ ਦਿੱਤਾ ਗਿਆ। ਪੁਲਿਸ ਟੀਮਾਂ ਨੇ ਕਾਰਵਾਈ ਦੌਰਾਨ 9 ਭਗੌੜੇ ਅਪਰਾਧੀਆਂ (ਪੀਓ) ਨੂੰ ਵੀ ਗ੍ਰਿਫ਼ਤਾਰ ਕੀਤਾ ਹੈ।

ਉਨ੍ਹਾਂ ਕਿਹਾ ਕਿ ਲੋਕ ਲੋੜੀਂਦੇ ਅਪਰਾਧੀਆਂ ਅਤੇ ਗੈਂਗਸਟਰਾਂ ਬਾਰੇ ਐਂਟੀ ਗੈਂਗਸਟਰ ਹੈਲਪਲਾਈਨ ਨੰਬਰ 93946-93946 ਰਾਹੀਂ ਗੁਪਤ ਰੂਪ ਵਿੱਚ ਜਾਣਕਾਰੀ ਦੇ ਸਕਦੇ ਹਨ ਤੇ ਇਸ 'ਤੇ ਅਪਰਾਧ ਤੇ ਅਪਰਾਧਿਕ ਗਤੀਵਿਧੀਆਂ ਬਾਰੇ ਸੂਹ/ਜਾਣਕਾਰੀ ਵੀ ਸਾਂਝੀ ਕੀਤੀ ਜਾ ਸਕਦੀ ਹੈ। ਇਸ ਦੌਰਾਨ ਪੁਲਿਸ ਟੀਮਾਂ ਨੇ ਨਸ਼ਿਆਂ ਵਿਰੁੱਧ ਆਪਣੀ ਮੁਹਿੰਮ "ਯੁੱਧ ਨਸ਼ਿਆਂ ਵਿਰੁੱਧ" ਨੂੰ 358ਵੇਂ ਦਿਨ ਵੀ ਜਾਰੀ ਰੱਖਦਿਆਂ ਅੱਜ 91 ਨਸ਼ੇ ਤਸਕਰਾਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਦੇ ਕਬਜ਼ੇ ਵਿੱਚੋਂ 1.9 ਕਿਲੋ ਹੈਰੋਇਨ, 200 ਗ੍ਰਾਮ ਅਫੀਮ, 1012 ਨਸ਼ੀਲੀਆਂ ਗੋਲੀਆਂ/ਕੈਪਸੂਲ ਅਤੇ 5870 ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ। ਇਸ ਦੇ ਨਾਲ ਸਿਰਫ਼ 358 ਦਿਨਾਂ ਵਿੱਚ ਗ੍ਰਿਫ਼ਤਾਰ ਕੀਤੇ ਗਏ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ 50,811 ਹੋ ਗਈ ਹੈ। ਨਸ਼ਾ ਛੁਡਾਊ ਮੁਹਿੰਮ ਤਹਿਤ ਪੰਜਾਬ ਪੁਲਿਸ ਨੇ 39 ਵਿਅਕਤੀਆਂ ਨੂੰ ਨਸ਼ਾ ਛੱਡਣ ਅਤੇ ਮੁੜ ਵਸੇਬੇ ਦਾ ਇਲਾਜ ਲੈਣ ਲਈ ਰਾਜ਼ੀ ਕੀਤਾ।

# 13 ਸਾਲਾ ਵਿਦਿਆਰਥਣ ਨਾਲ ਜਬਰ-ਜਨਾਹ ਦੇ ਦੋਸ਼ 'ਚ 5 ਅਧਿਆਪਕ ਗ੍ਰਿਫ਼ਤਾਰ

ਕੇਂਦਰਪਾੜਾ, 22 ਫਰਵਰੀ (ਚ.ਨ.ਸ.): ਓਡੀਸ਼ਾ ਦੇ ਕੇਂਦਰਪਾੜਾ ਜ਼ਿਲ੍ਹੇ ਵਿੱਚ ਇੱਕ ਨਿੱਜੀ ਸਕੂਲ ਦੇ ਪੰਜ ਅਧਿਆਪਕਾਂ ਨੂੰ 13 ਸਾਲਾ ਨਾਬਾਲਗ ਲੜਕੀ ਨਾਲ ਜਬਰ-ਜਨਾਹ ਕਰਨ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ। ਪੁਲੀਸ ਅਨੁਸਾਰ ਇਹ ਗ੍ਰਿਫ਼ਤਾਰੀਆਂ ਸ਼ਨੀਵਾਰ ਨੂੰ ਉਸ ਸਮੇਂ ਕੀਤੀਆਂ ਗਈਆਂ ਜਦੋਂ ਸੱਤਵੀਂ ਜਮਾਤ ਦੀ ਵਿਦਿਆਰਥਣ ਦੇ ਪਿਤਾ ਅਤੇ ਜ਼ਿਲ੍ਹਾ ਬਾਲ ਭਲਾਈ ਕਮੇਟੀ (3W3) ਨੇ ਰਾਜਕਨਿਕਾ ਪੁਲੀਸ ਸਟੇਸ਼ਨ ਵਿੱਚ ਵੱਖ-ਵੱਖ ਸ਼ਿਕਾਇਤਾਂ ਦਰਜ ਕਰਵਾਈਆਂ। ਪੀੜਤ ਬੱਚੀ ਨੇ ਦੋਸ਼ ਲਾਇਆ ਸੀ ਕਿ ਇਹ ਅਧਿਆਪਕ ਲੰਬੇ ਸਮੇਂ ਤੋਂ ਉਸ ਦਾ ਜਿਨਸੀ ਸ਼ੋਸ਼ਣ ਕਰ ਰਹੇ ਸਨ, ਜਿਸ ਤੋਂ ਬਾਅਦ ਮਾਪਿਆਂ ਨੇ ਬਾਲ ਭਲਾਈ ਕਮੇਟੀ ਤੱਕ ਪਹੁੰਚ ਕੀਤੀ। ਬਾਲ ਭਲਾਈ ਕਮੇਟੀ ਦੀ ਮੈਂਬਰ ਸਵਾਗਤਿਕਾ ਪਾਤਰਾ ਨੇ ਦੱਸਿਆ ਕਿ 18 ਫਰਵਰੀ ਨੂੰ ਸ਼ਿਕਾਇਤ ਮਿਲਣ ਤੋਂ ਬਾਅਦ 48 ਘੰਟਿਆਂ ਦੀ ਮੁੱਢਲੀ ਜਾਂਚ ਕੀਤੀ ਗਈ ਅਤੇ ਮਾਮਲਾ ਕਾਨੂੰਨੀ ਕਾਰਵਾਈ ਲਈ ਪੁਲੀਸ ਨੂੰ ਸੌਂਪ ਦਿੱਤਾ ਗਿਆ। ਰਾਜਕਨਿਕਾ ਪੁਲੀਸ ਸਟੇਸ਼ਨ ਦੇ ਇੰਚਾਰਜ ਸੰਜੇ ਮਲਿਕ ਨੇ ਪੁਸ਼ਟੀ ਕੀਤੀ ਹੈ ਕਿ ਅਧਿਆਪਕਾਂ ਨੂੰ ਮੁੱਢਲੀ ਜਾਂਚ ਦੇ ਆਧਾਰ 'ਤੇ ਗ੍ਰਿਫ਼ਤਾਰ ਕਰ ਲਿਆ ਗਿਆ ਹੈ ਤੇ ਅਗਲੇਰੀ ਜਾਂਚ ਜਾਰੀ ਹੈ। ਦੂਜੇ ਪਾਸੇ, ਵਿਰੋਧੀ ਧਿਰ ਬੀ.ਜੇ.ਡੀ. ਨੇ ਇਸ ਘਟਨਾ ਵਿਰੁੱਧ ਸਖ਼ਤ ਇਤਰਾਜ਼ ਜਤਾਉਂਦਿਆਂ ਕੇਂਦਰਪਾੜਾ ਦੇ ਐਸ.ਪੀ. ਨੂੰ ਮੰਗ ਪੱਤਰ ਸੌਂਪਿਆ ਹੈ ਅਤੇ ਦੋਸ਼ੀਆਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦੇਣ ਦੀ ਮੰਗ ਕੀਤੀ ਹੈ।

# ਮਨੁੱਖੀ ਅਧਿਕਾਰ ਕੌਂਸਲ (ਭਾਰਤ) ਦੀ ਕੌਮੀ ਪ੍ਰਧਾਨ ਆਰਤੀ ਰਾਜਪੂਤ ਨੂੰ ਮਿਲੀ ਧਮਕੀ

ਜਲੰਧਰ, 22 ਫਰਵਰੀ (ਚ.ਨ.ਸ.): ਜਲੰਧਰ ਵਿਚ ਮਨੁੱਖੀ ਅਧਿਕਾਰ ਕੌਂਸਲ (ਭਾਰਤ) ਦੀ ਕੌਮੀ ਪ੍ਰਧਾਨ ਆਰਤੀ ਰਾਜਪੂਤ ਨੂੰ ਵਿਦੇਸ਼ੀ ਨੰਬਰ ਤੋਂ ਧਮਕੀ ਮਿਲਣ ਦੀ ਖ਼ਬਰ ਸਾਹਮਣੇ ਆਈ ਹੈ। ਕਾਲ ਕਰਨ ਵਾਲੇ ਨੇ ਉਸ ਨੂੰ ਰਾਜਨੀਤੀ ਤੋਂ ਦੂਰ ਰਹਿਣ ਦੀ ਚਿਤਾਵਨੀ ਦਿੱਤੀ ਅਤੇ ਕਿਹਾ ਕਿ ਉਸ ਨੂੰ ਵੇਖ ਲਿਆ ਜਾਵੇਗਾ। ਇਸ ਘਟਨਾ ਤੋਂ ਬਾਅਦ ਆਰਤੀ ਰਾਜਪੂਤ ਨੇ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ ਅਤੇ ਪੁਲਿਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਆਰਤੀ ਰਾਜਪੂਤ ਨੇ ਦੱਸਿਆ ਕਿ ਕੱਲ੍ਹ ਰਾਤ ਇਕ ਵਿਦੇਸ਼ੀ ਨੰਬਰ ਤੋਂ ਉਸ ਨੂੰ ਕਾਲ ਆਈ। ਕਾਲ ਕਰਨ ਵਾਲੇ ਨੇ ਪਹਿਲਾਂ ਉਸ ਦਾ ਨਾਮ ਪੁੱਛਿਆ ਅਤੇ ਫਿਰ ਗਾਲੀ-ਗਲੋਚ ਕਰਨ ਲੱਗ ਪਏ। ਕਾਲ ਕਰਨ ਵਾਲੇ ਨੇ ਕਿਹਾ ਕਿ ਉਹ ਇਨ੍ਹੀਂ ਦਿਨੀਂ ਕਈ ਇੰਟਰਵਿਊ ਦੇ ਰਹੀ ਹੈ ਅਤੇ ਸੜਕਾਂ ਦੇ ਬੰਦ ਹੋਣ ਬਾਰੇ ਚਿੰਤਾਵਾਂ ਜ਼ਾਹਰ ਕਰ ਰਹੀ ਹੈ। ਫੋਨ ਕਰਨ ਵਾਲੇ ਨੇ ਧਮਕੀ ਦਿੰਦੇ ਹੋਏ ਕਿਹਾ, "ਤੈਨੂੰ ਰਾਜਨੀਤੀ ਦਾ ਬਹੁਤ ਸ਼ੌਕ ਹੈ। ਅਸੀਂ ਤੈਨੂੰ ਵੇਖ ਲਵਾਂਗੇ ਤੇ ਆਉਣ ਵਾਲੇ ਦਿਨਾਂ ਵਿੱਚ ਤੈਨੂੰ ਪਤਾ ਲੱਗ ਜਾਵੇਗਾ ਕਿ ਮੈਂ ਕੌਣ ਹਾਂ।" ਜਦੋਂ ਆਰਤੀ ਰਾਜਪੂਤ ਨੇ ਫੋਨ ਕਰਨ ਵਾਲੇ ਦੀ ਪਛਾਣ ਪੁੱਛੀ ਤਾਂ ਉਸ ਨੇ ਕਿਹਾ ਕਿ ਜਲਦੀ ਹੀ ਪਤਾ ਲਗਾ ਲਵੇਗਾ ਕਿ ਉਹ ਕੌਣ ਹੈ, ਜਿਸ ਤੋਂ ਬਾਅਦ ਉਸ ਨੇ ਫੋਨ ਕੱਟ ਦਿੱਤਾ। ਆਰਤੀ ਰਾਜਪੂਤ ਮੁਤਾਬਕ ਦੋ ਦਿਨ ਪਹਿਲਾਂ ਸਰਕਾਰ ਨੇ ਸ੍ਰੀ ਰਾਮ ਚੌਕ ਅਤੇ ਕੰਪਨੀ ਬਾਗ ਚੌਕ 'ਤੇ ਇਕ ਪ੍ਰੋਗਰਾਮ ਦਾ ਆਯੋਜਨ ਕੀਤਾ ਸੀ, ਜਿਸ ਕਾਰਨ ਸੜਕ ਬੰਦ ਹੋ ਗਈ ਸੀ। ਇਸ ਨਾਲ ਯਾਤਰੀਆਂ ਨੂੰ ਕਾਫ਼ੀ ਪ੍ਰੇਸ਼ਾਨੀ ਦਾ ਸਾਹਮਣਾ ਕਰਨ ਪਿਆ ਸੀ। ਉਸ ਨੇ ਇਸ ਸਬੰਧ ਵਿਚ ਨਗਰ ਨਿਗਮ, ਡਿਪਟੀ ਕਮਿਸ਼ਨਰ ਅਤੇ ਜਲੰਧਰ ਪੁਲਸ ਕਮਿਸ਼ਨਰ ਕੋਲ ਸ਼ਿਕਾਇਤ ਦਰਜ ਕਰਵਾਈ ਸੀ। ਆਰਤੀ ਰਾਜਪੂਤ ਦਾ ਮੰਨਣਾ ਹੈ ਕਿ ਇਹ ਕਾਲ ਉਸ ਨੂੰ ਡਰਾਉਣ ਅਤੇ ਧਮਕੀ ਦੇਣ ਲਈ ਕੀਤਾ ਗਿਆ ਹੈ ਤਾਂ ਕਿ ਉਹ ਆਪਣੀ ਸ਼ਿਕਾਇਤ ਵਾਪਸ ਲੈ ਲਵੇ। ਜਦਿਕ ਉਸ ਨੇ ਸਪੱਸ਼ਟ ਕੀਤਾ ਕਿ ਉਹ ਡਰਨ ਵਾਲੀ ਨਹੀਂ ਹੈ ਅਤੇ ਇਸ ਮਾਮਲੇ ਵਿੱਚ ਕਾਰਵਾਈ ਕਰਵਾਏਗੀ । ਉਸ ਨੇ ਪੁਲਸ ਨੂੰ ਕਾਲ ਕਰਨ ਵਾਲੇ ਦਾ ਫੋਨ ਨੰਬਰ ਅਤੇ ਸੰਬੰਧਤ ਵੀਡੀਓ ਉਪਲੱਬਧ ਕਰਵਾ ਦਿੱਤੀ ਹੈ।



# ਅੱਤਵਾਦੀ ਸਾਜਿਸ਼ ਦੀ ਯੋਜਨਾ ਬਣਾਉਣ ਦੇ ਦੋਸ਼ 'ਚ ਤਾਮਿਲਨਾਡੂ ਤੋਂ 6 ਸ਼ੱਕੀ ਗ੍ਰਿਫ਼ਤਾਰ

ਨਵੀਂ ਦਿੱਲੀ, 22 ਫਰਵਰੀ (ਚ.ਨ.ਸ.): ਦਿੱਲੀ ਪੁਲਿਸ ਨੇ ਪਾਕਿਸਤਾਨ ਦੀ ਖੁਫੀਆ ਏਜੰਸੀ, ਆਈ.ਐਸ.ਆਈ. ਅਤੇ ਬੰਗਲਾਦੇਸ਼ੀ ਅੱਤਵਾਦੀ ਸੰਗਠਨਾਂ ਦੇ ਸਮਰਥਨ ਨਾਲ ਇਕ ਵੱਡੀ ਅੱਤਵਾਦੀ ਸਾਜਿਸ਼ ਦੀ ਯੋਜਨਾ ਬਣਾਉਣ ਦੇ ਦੋਸ਼ ਵਿਚ ਤਾਮਿਲਨਾਡੂ ਤੋਂ ਛੇ ਸ਼ੱਕੀ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਦਿੱਲੀ ਪੁਲਿਸ ਦੇ ਅਧਿਕਾਰੀ ਨੇ ਦੱਸਿਆ ਕਿ ਮਿਜ਼ਾਨੁਰ ਰਹਿਮਾਨ, ਮੁਹੰਮਦ ਸ਼ਬਾਤ, ਉਮਰ, ਮੁਹੰਮਦ ਲਿਟਨ, ਮੁਹੰਮਦ ਸ਼ਾਹਿਦ ਅਤੇ ਮੁਹੰਮਦ ਉੱਜਲ ਨੂੰ ਗ੍ਰਿਫ਼ਤਾਰ ਕੀਤਾ ਹੈ, ਜੋ ਸਮਾਜ ਵਿਰੋਧੀ ਗਤੀਵਿਧੀਆਂ ਵਿਚ ਸ਼ਾਮਲ ਹਨ। ਉਹ ਪਾਕਿਸਤਾਨ ਸਥਿਤ ਅੱਤਵਾਦੀ ਸੰਗਠਨਾਂ ਦੇ ਸਮਰਥਨ ਵਿਚ ਸੋਸ਼ਲ ਮੀਡੀਆ 'ਤੇ ਸਮੱਗਰੀ ਪੋਸਟ ਕਰ ਰਹੇ ਸਨ। ਦੋ ਮੁਲਜ਼ਮਾਂ ਨੂੰ ਉਥੁਕੁਲੀ ਤੋਂ, ਤਿੰਨ ਪੱਲਾਦਮ ਤੋਂ ਅਤੇ ਇਕ ਤਿਰੁਮੁਰੁਗਨਪੁੰਡੀ ਖੇਤਰ ਤੋਂ ਗ੍ਰਿਫ਼ਤਾਰ ਕੀਤਾ ਗਿਆ ਹੈ। ਉਹ ਜਾਅਲੀ ਆਧਾਰ ਕਾਰਡਾਂ ਦੀ ਵਰਤੋਂ ਕਰਕੇ ਆਪਣੀ ਪਛਾਣ ਛੁਪਾ ਕੇ ਕੱਪੜਾ ਉਦਯੋਗ ਵਿਚ ਕੰਮ ਕਰ ਰਹੇ ਸਨ। ਕਾਰਵਾਈ ਦੌਰਾਨ ਅੱਠ ਮੋਬਾਈਲ ਫੋਨ ਅਤੇ 16 ਸਿਮ ਕਾਰਡ ਬਰਾਮਦ ਕੀਤੇ ਗਏ ਹਨ। ਸਾਰੇ ਮੁਲਜ਼ਮਾਂ ਨੂੰ ਰੇਲਗੱਡੀ ਰਾਹੀਂ ਦਿੱਲੀ ਲਿਆਂਦਾ ਜਾ ਰਿਹਾ ਹੈ; ਜਾਂਚ ਜਾਰੀ ਹੈ। ਅੱਤਵਾਦੀਆਂ ਦੀ ਮਦਦ ਕਰਨ ਦੇ ਸ਼ੱਕ ਵਿਚ ਇਨ੍ਹਾਂ ਮੁਲਜ਼ਮਾਂ ਨੇ ਕਈ ਸ਼ਹਿਰਾਂ ਦੀ ਰੇਕੀ ਕੀਤੀ। ਦਿਲੀ ਵਿੱਚ "ਫ੍ਰੀ ਕਸ਼ਮੀਰ" ਦੇ ਪੋਸਟਰ ਲਗਾਏ ਗਏ ਸਨ।



# ਕੈਬਨਿਟ ਮੰਤਰੀ ਕਟਾਰੂਚੱਕ ਨੇ ਧਾਰੀਵਾਲ ਵਿਖੇ ਅੰਬੇਡਕਰ ਭਵਨ ਦਾ ਨੀਂਹ ਪੱਥਰ ਰੱਖਿਆ

ਧਾਰੀਵਾਲ, 22 ਫਰਵਰੀ (ਅਸ਼ੋਕ ਕੁਮਾਰ ): ਕੈਬਨਿਟ ਮੰਤਰੀ ਪੰਜਾਬ ਲਾਲ ਚੰਦ ਕਟਾਰੂਚੱਕ ਵੱਲੋਂ ਆਪਣੀ ਅਖਤਿਆਰੀ ਫੰਡ ਵਿੱਚੋਂ ਪੰਜ ਲੱਖ ਰੁਪਏ ਦੀ ਗ੍ਰਾਂਟ ਜਾਰੀ ਕਰਦੇ ਹੋਏ ਸ੍ਰੀ ਗੁਰੂ ਰਵਿਦਾਸ ਧਰਮਸ਼ਾਲਾ ਧਾਰੀਵਾਲ ਵਿਖੇ ਬਣਨ ਜਾ ਰਹੇ ਡਾ. ਅੰਬੇਡਕਰ ਭਵਨ ਦਾ ਨੀਂਹ ਪੱਥਰ ਰੱਖਿਆ ਤੇ ਪੰਜ ਲੱਖ ਰੁਪਏ ਹੋਰ ਜਾਰੀ ਕਰਨ ਦਾ ਵਾਅਦਾ ਕੀਤਾ। ਇਸ ਨੇਕ ਕਾਰਜ ਲਈ ਡਾਕਟਰ ਕਮਲਜੀਤ ਸਿੰਘ ਕੇ.ਜੇ. ਅਤੇ ਪ੍ਰੇਮ ਸਿੰਘ ਸਿੰਘਪੁਰੀਆਂ ਵੱਲੋਂ ਇੱਕ ਇੱਥ ਲੱਖ ਰੁਪਏ, ਪ੍ਰਧਾਨ ਮਾਸਟਰ ਪ੍ਰਕਾਸ਼ ਚੰਦ ਅਤੇ ਪ੍ਰੈਸ ਸੱਕਤਰ ਹਰਭਜਨ ਸਿੰਘ ਵੱਲੋ ਪੰਜਾਹ ਹਜਾਰ ਰੁਪਏ ਦਾ ਵੱਖਰਾਂ ਯੋਗਦਾਨ ਪਾਇਆ ਗਿਆ । ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਸ੍ਰੀ ਲਾਲ ਚੰਦ ਕਟਾਰੂਚੱਕ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਵੱਲੋਂ ਹਰੇਕ ਧਰਮ ਦਾ ਸਤਿਕਾਰ ਕਰਦੇ ਹੋਏ ਸ੍ਰੀ ਗੁਰੂ ਤੇਗ ਬਹਾਦੁਰ ਜੀ ਦਾ 350ਵਾਂ ਸ਼ਹੀਦੀ-ਪੁਰਬ ਪੂਰਾ ਸਾਲ ਮਨਾਇਆ ਗਿਆ ਜਦਕਿ ਹੁਣ ਸ੍ਰੀ ਗੁਰੂ ਰਵਿਦਾਸ ਜੀ ਦਾ 650ਵਾਂ ਪ੍ਰਕਾਸ਼ ਪੁਰਬ ਸਮਾਗਮ ਵੀ 6 ਫਰਵਰੀ ਖੜ੍ਹਾਲਗੜ੍ਹ ਤੋਂ ਆਰੰਭ ਹੋਏ ਹਨ ਜੋਕਿ ਪੂਰਾ ਸਾਲ ਸਤਿਕਾਰ ਸਹਿਤ ਮਨਾਏ ਜਾਣਗੇ । ਉਨ੍ਹਾਂ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਡੇਰਾ ਸੱਚ ਖੰਡ ਬਲਾਂ ਵਿਖੇ 10 ਏਕੜ ਜਮੀਨ ਅਧਿਐਨ ਸੈਂਟਰ ਬਣੇਗਾ ਜਿਥੇ ਸ੍ਰੀ ਗੁਰੂ ਰਵਿਦਾਸ ਜੀ ਦੀਆਂ ਸਿਖਿਆਵਾਂ ਦਾ ਅਧਿਐਨ ਹੋਵੇਗਾ।



ਉਨ੍ਹਾਂ ਨੇ ਦੱਸਿਆ ਕਿ ਮੁੱਖ ਮੰਤਰੀ ਪੰਜਾਬ ਵੱਲੋ 12 ਸਪੈਸ਼ਲ ਰੇਲ ਗੱਡੀਆਂ ਸ੍ਰੀ ਗੁਰੂ ਰਵਿਦਾਸ ਜੀ ਦੇ ਜਨਮ ਸਥਾਨ ਕਾਂਸ਼ੀ ਵਿੱਖੇ ਪੰਜਾਬ ਵਿੱਚੋ ਜਾਣਗੀਆਂ ਜਿਥੇ ਸੰਗਤਾਂ ਨਤਮਸਤਕ ਹੋ ਕੇ ਸ੍ਰੀ ਗੁਰ ਰਵਿਦਾਸ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਨਗੀਆਂ। ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਅਤੇ ਕਾਂਗਰਸ ਪੰਜਾਬ ਪ੍ਰਧਾਨ ਰਾਜਾ ਵੜਿੰਗ ਵੱਲੋਂ ਐਸ.ਸੀ. ਭਾਈਚਾਰੇ ਸਬੰਧੀ ਦਿੱਤੇ ਵਿਵਾਦਿਤ ਬਿਆਨ ਤੇ ਪ੍ਰਤੀਕ੍ਰਿਆ ਪ੍ਰਗਟ ਕਰਦੇ ਕਿਹਾ ਕਿ ਅਜਿਹੇ ਕਾਂਗਰਸੀ ਲੀਡਰ ਹਮੇਸ਼ਾ ਹੀ ਐਸ.ਸੀ./ਬੀ.ਸੀ. ਵਰਗ ਤੋਂ ਨਫਰਤ ਕਰਦੇ ਹਨ ਅਤੇ ਅਜਿਹੇ ਲੀਡਰਾਂ ਨੂੰ ਵੋਟਾਂ ਦੌਰਾਨ ਜਵਾਬ ਦਿੱਤਾ ਜਾਵੇਗਾ । ਇਸ ਮੌਕੇ ਤੇ ਹਲਕਾ ਇੰਚਾਰਜ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਨੇ ਕੈਬਨਿਟ ਮੰਤਰੀ ਸ੍ਰੀ ਲਾਲ ਚੰਦ ਕਟਾਰੂਚੱਕ ਦਾ ਧੰਨਵਾਦ ਕਰਦਿਆ ਕਿਹਾ ਕਿ ਡਾਕਟਰ ਅੰਬੇਡਕਰ ਭਵਨ ਤਿਆਰ ਹੋਣ ਨਾਲ ਇਲਾਕੇ ਨਿਵਾਸੀਆਂ ਨੂੰ ਕਾਫੀ ਫਾਇੰਦਾ ਹੋਵੇਗਾ । ਇਸ ਮੌਕੇ ਸ੍ਰੀ ਗੁਰੂ ਰਵਿਦਾਸ ਧਰਮਸ਼ਾਲਾ ਧਾਰੀਵਾਲ ਦੇ ਪ੍ਰਧਾਨ ਮਾਸਟਰ ਪ੍ਰਕਾਸ਼ ਚੰਦ , ਸੈਕਟਰੀ ਬਲਕਾਰ ਸਿੰਘ ਸਮੇਤ ਸਮੁੱਚੀ ਪ੍ਰਬੰਧਕ ਕਮੇਟੀ ਵੱਲੋ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਤੇ ਹਲਕਾ ਇੰਚਾਰਜ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਦਾ ਸ੍ਰੀ ਗੁਰੂ ਰਵਿਦਾਸ ਜੀ ਦਾ ਸਰੂਪ ਅਤੇ ਸਿਰੋਪਾਓ ਦੇ ਕੇ ਸਨਮਾਣਿਤ ਕੀਤਾ ਗਿਆ। ਇਸ ਮੌਕੇ ਤੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਡਾਕਟਰ ਕਮਲਜੀਤ ਸਿੰਘ ਕੇ.ਜੇ., ਚੇਅਰਮੈਨ ਭੁਪਿੰਦਰ ਸਿੰਘ ਰਿੰਕਾ, ਪ੍ਰਧਾਨ ਅਸ਼ਵਨੀ ਦੁੱਗਲ, ਵਾਈਸ ਪ੍ਰਧਾਨ ਦੀਪਕ ਕੁਮਾਰ ਰਿੰਟੂ, ਨੋਨੀ ਖੋਸਲਾ, ਨਰਾਇਣ ਮਲਹੋਤਰਾ, ਰਿਟਾ.ਐਸ.ਡੀ.ਓ. ਇੰਜ. ਕਸਤੂਰੀ ਲਾਲ, ਸਰਪੰਚ ਨੰਦ ਲਾਲ ਕਲਿਆਣਪੁਰ, ਐਸ.ਸੀ.ਵਿੰਗ ਜਿਲ੍ਹਾ ਪ੍ਰਧਾਨ ਜਸਵਿੰਦਰ ਪਾਲ ਸਰਪੰਚ, ਗੁਰਮੀਤ ਸਿੰਘ ਸਰਪੰਚ, ਬੀਬੀ ਸੁਖਵਿੰਦਰ ਕੌਰ ਬਾਜਵਾ ਤੋਂ ਇਲਾਵਾ ਵੱਡੀ ਗਿਣਤੀ 'ਚ ਇਲਾਕੇ ਦੀਆਂ ਸਖਸ਼ੀਅਤਾਂ ਅਤੇ ਸੰਗਤਾਂ ਹਾਜਰ ਸਨ।

# ਸਰਹੱਦ ਪਾਰੋਂ ਗ਼ੈਰ-ਕਾਨੂੰਨੀ ਹਥਿਆਰਾਂ ਦੀ ਤਸਕਰੀ 'ਚ ਸ਼ਾਮਲ ਮਾਡਿਊਲ ਨਾਲ ਸਬੰਧਤ ਦੋ ਮੁਲਜ਼ਮ 5 ਆਧੁਨਿਕ ਪਿਸਤੌਲਾਂ ਸਣੇ ਕਾਬੂ

ਚੰਡੀਗੜ੍ਹ/ਅੰਮ੍ਰਿਤਸਰ, 22 ਫਰਵਰੀ (ਚ.ਨ.ਸ.): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਜਾਰੀ ਮੁਹਿੰਮ ਦੌਰਾਨ ਵੱਡੀ ਸਫ਼ਲਤਾ ਹਾਸਲ ਕਰਦਿਆਂ ਅੰਮ੍ਰਿਤਸਰ ਕਮਿਸ਼ਨਰੇਟ ਪੁਲਿਸ ਨੇ ਪੰਜ ਆਧੁਨਿਕ ਪਿਸਤੌਲਾਂ ਸਮੇਤ ਦੋ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਕੇ ਸਰਹੱਦ ਪਾਰੋਂ ਗੈਰ-ਕਾਨੂੰਨੀ ਹਥਿਆਰਾਂ ਦੀ ਤਸਕਰੀ 'ਚ ਸ਼ਾਮਲ ਮਾਡਿਊਲ ਦਾ ਪਰਦਾਫਾਸ਼ ਕੀਤਾ ਹੈ। ਇਹ ਜਾਣਕਾਰੀ ਅੱਜ ਇਥੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ। ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਦੀ ਪਛਾਣ ਅੰਮ੍ਰਿਤਸਰ ਦੇ ਪਿੰਡ ਭਿੰਡੀ ਨੈਣ ਦੇ ਵਸਨੀਕ ਸ਼ੇਰਾ ਸਿੰਘ (26) ਤੇ ਅੰਮ੍ਰਿਤਸਰ ਦੇ ਪਿੰਡ ਤੂਰ ਦੇ ਵਸਨੀਕ ਜਗਰੂਪ ਸਿੰਘ ਉਰਫ਼ ਜੂਪਾ (21) ਵਜੋਂ ਹੋਈ ਹੈ। ਮੁਲਜ਼ਮਾਂ ਤੋਂ ਬਰਾਮਦ ਕੀਤੇ ਗਏ ਪਿਸਤੌਲਾਂ ਵਿੱਚ ਇੱਕ .30 ਬੋਰ ਪੀਐਕਸ5 ਸਟੋਰਮ ਪਿਸਤੌਲ , ਇੱਕ 9ਐਮਐਮ ਆਸਟ੍ਰੀਆ-ਮੇਡ ਗਲੌਕ, ਦੋ .30 ਬੋਰ ਚੀਨੀ ਨੋਰਿੰਕੋ ਪਿਸਤੌਲ, ਇੱਕ .32 ਬੋਰ ਪਿਸਤੌਲ ਤੇ 10 ਜ਼ਿੰਦਾ ਕਾਰਤੂਸ ਸ਼ਾਮਲ ਹਨ।



ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਮੁੱਢਲੀ ਜਾਂਚ ਅਨੁਸਾਰ ਉਕਤ ਮੁਲਜ਼ਮ ਸੋਸ਼ਲ ਮੀਡੀਆ ਪਲੇਟਫਾਰਮਾਂ ਰਾਹੀਂ ਪਾਕਿਸਤਾਨ-ਅਧਾਰਤ ਤਸਕਰਾਂ ਦੇ ਸੰਪਰਕ ਵਿਚ ਸਨ ਅਤੇ ਉਨ੍ਹਾਂ ਦੇ ਨਿਰਦੇਸ਼ਾਂ 'ਤੇ ਗ਼ੈਰਕਾਨੂੰਨੀ ਹਥਿਆਰਾਂ ਦੀ ਖੇਪ ਹਾਸਲ ਕਰਕੇ ਇਸਨੂੰ ਅੱਗੇ ਅਪਰਾਧਕ ਤੱਤਾਂ ਨੂੰ ਸਪਲਾਈ ਕਰਦੇ ਸਨ। ਡੀਜੀਪੀ ਨੇ ਕਿਹਾ ਕਿ ਗੈਰ-ਕਾਨੂੰਨੀ ਹਥਿਆਰਾਂ ਦੇ ਨੈੱਟਵਰਕ ਦੇ ਅਗਲੇ-ਪਿਛਲੇ ਸਬੰਧਾਂ ਦਾ ਪਤਾ ਲਗਾਉਣ ਲਈ ਹੋਰ ਜਾਂਚ ਜਾਰੀ ਹੈ।

ਕਾਰਵਾਈ ਦੇ ਵੇਰਵੇ ਦਿੰਦਿਆਂ ਪੁਲਿਸ ਕਮਿਸ਼ਨਰ (ਸੀਪੀ) ਅੰਮ੍ਰਿਤਸਰ ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਭਰੋਸੇਯੋਗ ਸੂਤਰਾਂ ਤੋਂ ਮਿਲੀ ਗੁਪਤ ਜਾਣਕਾਰੀ ਦੇ ਆਧਾਰ 'ਤੇ ਕਾਰਵਾਈ ਕਰਦਿਆਂ ਪੁਲਿਸ ਟੀਮਾਂ ਨੇ ਬਾਈਪਾਸ ਰੋਡ 'ਤੇ ਸਾਡਾ ਪਿੰਡ ਨੇੜੇ ਸੁਚੱਜੇ ਤਾਲਮੇਲ ਨਾਲ ਆਪ੍ਰੇਸ਼ਨ ਚਲਾਇਆ ਅਤੇ ਸ਼ੇਰਾ ਸਿੰਘ ਤੇ ਜਗਰੂਪ ਸਿੰਘ ਉਰਫ਼ ਜੂਪਾ ਨੂੰ ਇੱਕ ਗਲੌਕ ਪਿਸਤੌਲ ਅਤੇ ਇੱਕ .30 ਬੋਰ ਪੀਐਕਸ5 ਸਟੋਰਮ ਪਿਸਤੌਲ ਸਮੇਤ ਗ੍ਰਿਫ਼ਤਾਰ ਕਰ ਲਿਆ। ਉਨ੍ਹਾਂ ਕਿਹਾ ਕਿ ਅਗਲੇਰੀ ਜਾਂਚ ਦੌਰਾਨ ਪੁਲਿਸ ਨੂੰ ਦੋਵੇਂ ਗ੍ਰਿਫ਼ਤਾਰ ਮੁਲਜ਼ਮਾਂ ਵੱਲੋਂ ਕੀਤੇ ਖੁਲਾਸਿਆਂ ਦੇ ਆਧਾਰ 'ਤੇ ਤਿੰਨ ਹੋਰ ਪਿਸਤੌਲ ਬਰਾਮਦ ਹੋਏ। ਪੁਲਿਸ ਕਮਿਸ਼ਨਰ ਨੇ ਕਿਹਾ ਕਿ ਦੋਵੇਂ ਗ੍ਰਿਫ਼ਤਾਰ ਮੁਲਜ਼ਮ ਅੰਤਰਰਾਸ਼ਟਰੀ ਸਰਹੱਦ ਨੇੜੇ ਰਹਿ ਰਹੇ ਸਨ, ਜਿੱਥੋਂ ਉਨ੍ਹਾਂ ਲਈ ਗੈਰ-ਕਾਨੂੰਨੀ ਹਥਿਆਰਾਂ ਦੀ ਖੇਪ ਹਾਸਲ ਕਰਨਾ ਆਸਾਨ ਸੀ। ਉਨ੍ਹਾਂ ਦੱਸਿਆ ਕਿ ਉਕਤ ਮੁਲਜ਼ਮ ਨਜ਼ਰਾਂ ਤੋਂ ਬਚਣ ਲਈ ਡਰੋਨ ਰਾਹੀਂ ਭੇਜੀ ਗਈ ਹਥਿਆਰਾਂ ਦੀ ਖੇਪ ਰਾਤ ਵੇਲੇ ਖਾਲੀ ਪਈਆਂ ਥਾਵਾਂ ਤੋਂ ਹਾਸਲ ਕਰਦੇ ਸਨ।

ਉਨ੍ਹਾਂ ਕਿਹਾ ਕਿ ਮੁਲਜ਼ਮ ਸ਼ੇਰਾ ਸਿੰਘ ਦਾ ਪੁਰਾਣਾ ਅਪਰਾਧਕ ਰਿਕਾਰਡ ਹੈ ਜਿਸ 'ਤੇ ਲੜਕੀ ਨਾਲ ਬਲਾਤਕਾਰ ਅਤੇ ਉਸਨੂੰ ਕਤਲ ਕਰਕੇ ਅੱਗ ਲਾਉਣ ਸਮੇਤ ਹੋਣ ਘਿਨਾਉਣੇ ਅਪਰਾਧ ਦਰਜ ਹਨ। ਇੱਕ ਹੋਰ ਮਾਮਲੇ ਵਿੱਚ ਉਸ ਤੋਂ ਲਗਭਗ 500 ਗ੍ਰਾਮ ਹੈਰੋਇਨ ਵੀ ਬਰਾਮਦ ਕੀਤੀ ਗਈ ਸੀ। ਇਸ ਸਬੰਧੀ ਪੁਲਿਸ ਥਾਣਾ ਛਾਉਣੀ, ਅੰਮ੍ਰਿਤਸਰ ਵਿਖੇ ਅਸਲਾ ਐਕਟ ਦੀ ਧਾਰਾ 25 ਅਧੀਨ ਐਫਆਈਆਰ ਨੰ. 28 ਮਿਤੀ 14-02-2026 ਦਰਜ ਹੈ।

## ਸੰਪਾਦਕੀ

# ਰਾਜਸੀ ਪਾਰਟੀਆਂ ਦੇ ਲੋਕ ਲੁਭਾਊ ਨਾਅਰੇ

ਚੋਣਾਂ ਤੋਂ ਪਹਿਲਾਂ ਵੋਟਰਾਂ ਨੂੰ ਲੁਭਾਉਣ ਲਈ ਰਾਜਨੀਤਿਕ ਪਾਰਟੀਆਂ ਵੱਲੋਂ ਵਰਤੀਆਂ ਜਾਂਦੀਆਂ ਮੁਫ਼ਤ ਤੋਹਫ਼ਿਆਂ ਅਤੇ ਤੋਹਫ਼ਿਆਂ ਦੀ ਰਾਜਨੀਤੀ ਨੇ ਨਤੀਜਿਆਂ ਦੀ ਇਮਾਨਦਾਰੀ ਨੂੰ ਦਾਅ 'ਤੇ ਲਗਾ ਦਿੱਤਾ ਹੈ। ਇਹ ਰੁਝਾਨ ਪਿਛਲੇ ਕਈ ਸਾਲਾਂ ਤੋਂ ਭਾਰਤੀ ਰਾਜਨੀਤੀ ਵਿੱਚ ਤੇਜ਼ੀ ਨਾਲ ਗੁੰਝਲਦਾਰ ਹੁੰਦਾ ਜਾ ਰਿਹਾ ਹੈ। ਜਦੋਂ ਕਿ ਇਸ ਮੁੱਦੇ 'ਤੇ ਸਵਾਲ ਉਠਾਏ ਗਏ ਹਨ, ਮੁਫ਼ਤ ਤੋਹਫ਼ਿਆਂ ਰਾਹੀਂ ਵੋਟਰਾਂ ਨੂੰ ਪ੍ਰਭਾਵਿਤ ਕਰਨ ਨੂੰ ਲੋਕਤੰਤਰ ਲਈ ਇੱਕ ਖ਼ਤਰਨਾਕ ਅਭਿਆਸ ਦੱਸਿਆ ਗਿਆ ਹੈ। ਵਿਅੰਗਾਤਮਕ ਤੌਰ 'ਤੇ ਜਦੋਂ ਕਿ ਲਗਭਗ ਸਾਰੀਆਂ ਰਾਜਨੀਤਿਕ ਪਾਰਟੀਆਂ ਇਸ ਰੁਝਾਨ 'ਤੇ ਸਵਾਲ ਉਠਾਉਂਦੀਆਂ ਹਨ, ਉਹ ਮੌਕਾ ਮਿਲਣ 'ਤੇ ਵੀ ਇਸ ਰਣਨੀਤੀ ਦਾ ਸਹਾਰਾ ਲੈਂਦੀਆਂ ਹਨ। ਖਾਸ ਤੌਰ 'ਤੇ ਸੱਤਾ ਵਿੱਚ ਪਾਰਟੀਆਂ ਜਾਂ ਗਠਜੋੜ ਅਕਸਰ ਚੋਣਾਂ ਤੋਂ ਠੀਕ ਪਹਿਲਾਂ ਸਿਰਫ਼ ਵਾਅਦੇ ਜਾਂ ਐਲਾਨ ਹੀ ਨਹੀਂ, ਸਗੋਂ ਯੋਜਨਾਵਾਂ ਜਾਂ ਪ੍ਰੋਗਰਾਮਾਂ ਨੂੰ ਲਾਗੂ ਕਰਕੇ ਵੋਟਰਾਂ ਨੂੰ ਲਾਭ ਪਹੁੰਚਾਉਣ ਦੀ ਕੋਸ਼ਿਸ਼ ਕਰਦੇ ਹਨ। ਸੁਪਰੀਮ ਕੋਰਟ ਨੇ ਵੀ ਵਾਰ-ਵਾਰ ਮੁਫ਼ਤ ਤੋਹਫ਼ਿਆਂ ਨੂੰ ਭਾਰਤੀ ਰਾਜਨੀਤੀ ਵਿੱਚ ਇੱਕ ਖ਼ਤਰਨਾਕ ਰੁਝਾਨ ਦੱਸਿਆ ਹੈ, ਫਿਰ ਵੀ ਇਸ ਅਭਿਆਸ ਨੂੰ ਰੋਕਣ ਲਈ ਕੋਈ ਠੋਸ ਨਿਯਮ ਨਹੀਂ ਬਣਾਏ ਗਏ ਹਨ। ਇਹੀ ਕਾਰਨ ਹੈ ਕਿ ਅੱਜ ਅਸੀਂ ਰਾਜਨੀਤਿਕ ਪਾਰਟੀਆਂ ਵਿੱਚ ਇੱਕ ਮੁਕਾਬਲਾ ਦੇਖਦੇ ਹਾਂ ਕਿ ਵੋਟਰਾਂ ਨੂੰ ਉਨ੍ਹਾਂ ਦੀਆਂ ਵੋਟਾਂ ਜਿੱਤਣ ਲਈ ਸਭ ਤੋਂ ਵੱਧ ਲਾਭ ਕੌਣ ਐਲਾਨ ਸਕਦਾ ਹੈ। ਨਤੀਜੇ ਵਜੋਂ, ਸਾਫ਼-ਸੁਥਰੇ ਚੋਣਾਂ ਅਤੇ ਵਿਵਾਦ-ਮੁਕਤ ਨਤੀਜਿਆਂ ਨੂੰ ਹੁਣ ਸਦਭਾਵਨਾ ਦੇ ਰੂਪ ਵਜੋਂ ਦੇਖਿਆ ਜਾਂਦਾ ਹੈ। ਇਹ ਉਮੀਦ ਕਰਨਾ ਮੁਸ਼ਕਲ ਜਾਪਦਾ ਹੈ ਕਿ ਰਾਜਨੀਤਿਕ ਪਾਰਟੀਆਂ ਚੋਣ ਜਿੱਤ ਨੂੰ ਸੁਰੱਖਿਅਤ ਕਰਨ ਲਈ ਮੁਫ਼ਤ ਤੋਹਫ਼ੇ ਦੇਣ ਦੇ ਅਭਿਆਸ ਨੂੰ ਰੋਕਣ ਲਈ ਕੋਈ ਪਹਿਲ ਕਰਨਗੀਆਂ। ਇਸ ਲਈ ਸੁਪਰੀਮ ਕੋਰਟ ਵੱਲੋਂ ਵੀਰਵਾਰ ਨੂੰ ਇਸ ਮੁੱਦੇ 'ਤੇ ਇੱਕ ਜਨਹਿਤ ਪਟੀਸ਼ਨ 'ਤੇ ਸੁਣਵਾਈ ਕਰਨ ਲਈ ਸਹਿਮਤੀ ਦੇਣ ਨਾਲ ਇੱਕ ਵਾਰ ਫਿਰ ਮੁਫ਼ਤ ਦੀਆਂ ਚੀਜ਼ਾਂ ਦੀ ਪ੍ਰਥਾ 'ਤੇ ਰੋਕ ਲਗਾਉਣ ਦੀਆਂ ਉਮੀਦਾਂ ਜਾਗ ਗਈਆਂ ਹਨ। ਇਹ ਧਿਆਨ ਦੇਣ ਯੋਗ ਹੈ ਕਿ ਲਗਭਗ ਚਾਰ ਸਾਲ ਪਹਿਲਾਂ, ਸੁਪਰੀਮ ਕੋਰਟ ਦੇ ਇੱਕ ਬੈਂਚ ਨੇ ਕੇਂਦਰ ਸਰਕਾਰ ਅਤੇ ਚੋਣ ਕਮਿਸ਼ਨ ਤੋਂ ਚੋਣਾਂ ਤੋਂ ਪਹਿਲਾਂ ਤਰਕਹੀਣ ਮੁਫ਼ਤ ਦੀਆਂ ਚੀਜ਼ਾਂ ਦਾ ਐਲਾਨ ਕਰਨ ਜਾਂ ਵੰਡਣ ਵਾਲੀ ਕਿਸੇ ਵੀ ਰਾਜਨੀਤਿਕ ਪਾਰਟੀ ਦੇ ਚੋਣ ਚਿੰਨ੍ਹ ਨੂੰ ਜ਼ਬਤ ਕਰਨ ਜਾਂ ਰਜਿਸਟਰੇਸ਼ਨ ਰੱਦ ਕਰਨ ਦੀ ਬੇਨਤੀ ਕਰਨ ਵਾਲੀ ਪਟੀਸ਼ਨ 'ਤੇ ਜਵਾਬ ਮੰਗਿਆ ਸੀ। ਉਸ ਸਮੇਂ, ਬੈਂਚ ਨੇ ਇਸਨੂੰ ਇੱਕ ਗੰਭੀਰ ਮੁੱਦਾ ਕਰਾਰ ਦਿੱਤਾ ਸੀ ਅਤੇ ਕਿਹਾ ਸੀ ਕਿ ਮੁਫ਼ਤ ਦੀਆਂ ਚੀਜ਼ਾਂ ਦਾ ਬਜਟ ਕਈ ਵਾਰ ਨਿਯਮਤ ਬਜਟ ਤੋਂ ਵੱਧ ਜਾਂਦਾ ਹੈ। ਸਵਾਲ ਇਹ ਹੈ: ਜੇਕਰ ਕੋਈ ਵੋਟਰ ਮੁਫ਼ਤ ਦੀਆਂ ਚੀਜ਼ਾਂ ਦੇ ਪ੍ਰਭਾਵ ਹੇਠ ਕਿਸੇ ਉਮੀਦਵਾਰ ਨੂੰ ਵੋਟ ਦਿੰਦਾ ਹੈ, ਤਾਂ ਕੀ ਇਸਨੂੰ ਸੌਦੇਬਾਜ਼ੀ ਦਾ ਇੱਕ ਰੂਪ ਨਹੀਂ ਮੰਨਿਆ ਜਾਵੇਗਾ? ਜੇਕਰ ਕੋਈ ਸੱਤਾਧਾਰੀ ਪਾਰਟੀ ਚੋਣਾਂ ਤੋਂ ਠੀਕ ਪਹਿਲਾਂ ਕਿਸੇ ਯੋਜਨਾ ਜਾਂ ਪ੍ਰੋਗਰਾਮ ਰਾਹੀਂ ਵੋਟਰਾਂ ਨੂੰ ਵਿੱਤੀ ਲਾਭ ਪ੍ਰਦਾਨ ਕਰਦੀ ਹੈ, ਤਾਂ ਉਸਦੀ ਜਿੱਤ ਨੂੰ ਕਿੰਨਾ ਕੁ ਜਾਇਜ਼ ਮੰਨਿਆ ਜਾਵੇਗਾ? ਮੁਫ਼ਤ ਦੀ ਵਧਦੀ ਰਾਜਨੀਤੀ ਦੇ ਵਿਚਕਾਰ ਹੋਣ ਵਾਲੀਆਂ ਚੋਣਾਂ ਨੂੰ ਕਿਸ ਹੱਦ ਤੱਕ ਸਾਫ਼ ਅਤੇ ਮੁਫ਼ਤ ਮੰਨਿਆ ਜਾ ਸਕਦਾ ਹੈ? ਦੁੱਖ ਦੀ ਗੱਲ ਹੈ ਕਿ ਇਸ ਲੰਬੇ ਸਮੇਂ ਤੋਂ ਚੱਲ ਰਹੇ ਸਵਾਲ ਦੇ ਬਾਵਜੂਦ, ਅਜੇ ਵੀ ਕੋਈ ਕਾਨੂੰਨ ਨਹੀਂ ਹੈ ਜੋ ਰਾਜਨੀਤਿਕ ਪਾਰਟੀਆਂ ਨੂੰ ਮੁਫ਼ਤ ਦੀਆਂ ਚੀਜ਼ਾਂ ਨਾਲ ਵੋਟਰਾਂ ਨੂੰ ਭਰਮਾਉਣ ਅਤੇ ਉਨ੍ਹਾਂ ਦੀਆਂ ਵੋਟਾਂ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਨ ਤੋਂ ਰੋਕੇ। ਇਹ ਸਪੱਸ਼ਟ ਹੋਣਾ ਚਾਹੀਦਾ ਹੈ ਕਿ ਤਰਕਹੀਣ ਮੁਫ਼ਤ ਦੇ ਚੋਣ ਵਾਅਦੇ ਵੋਟਰਾਂ ਨੂੰ ਗਲਤ ਤਰੀਕੇ ਨਾਲ ਪ੍ਰਭਾਵਿਤ ਕਰਨ ਦੀਆਂ ਕੋਸ਼ਿਸ਼ਾਂ ਹਨ, ਅਤੇ ਇਹ ਨਾ ਸਿਰਫ਼ ਰਾਜਨੀਤਿਕ ਪਾਰਟੀਆਂ ਵਿਚਕਾਰ ਸਿਹਤਮੰਦ ਲੋਕਤੰਤਰੀ ਮੁਕਾਬਲੇ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰਦਾ ਹੈ ਬਲਕਿ ਚੋਣ ਪ੍ਰਕਿਰਿਆ ਦੀ ਸ਼ੁੱਧਤਾ ਨੂੰ ਵੀ ਦਾਗ਼ੀ ਕਰਦਾ ਹੈ।

-ਜਗਜੀਤ ਸਿੰਘ ਦਰਦੀ

## ਪੰਜਾਬ ਦੇ ਸਿੱਖਿਆ ਮੰਤਰੀ ਦੇ ਨਾਂ ਇੱਕ ਖੁੱਲ੍ਹਾ ਪੱਤਰ

# ਮਾਂ ਬੋਲੀ ਪੰਜਾਬੀ ਅੱਜ ਕੌਣ ਹੈ ਇਸ ਦਾ ਵਾਰਸ ?

### ਪੰਜਾਬੀ ਨਹੀਂ ਬਚੀ ਤਾਂ ਅਗਲੀਆਂ ਪੀੜ੍ਹੀਆਂ ਪੰਜਾਬ ਦੇ ਸੱਭਿਆਚਾਰ ਤੋਂ ਬੇਮੁਖ ਹੋਣਗੀਆਂ



ਪ੍ਰੋ . ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

ਪਿਆਰੇ ਸਰਦਾਰ ਹਰਜੋਤ ਸਿੰਘ ਜੀ ਬੈਂਸ,
ਸਿੱਖਿਆ ਮੰਤਰੀ ਪੰਜਾਬ,
ਗੁਰੂ ਫਤਿਹ ਪ੍ਰਵਾਨ ਹੋਵੇ

ਇਹ ਖ਼ਤ ਪੰਜਾਬੀ ਦੇ ਮਾਤ ਭਾਸ਼ਾ ਦਿਵਸ ਤੋਂ ਬਾਅਦ ਪੰਜਾਬੀ ਅਤੇ ਪੰਜਾਬੀ ਦੇ ਉਸ ਕੰਮ ਕਾਜ ਦੀ ਸਮੀਖਿਆ ਹਿੱਤ ਤੁਹਾਡੀ ਨਜ਼ਰਸਾਨੀ ਲਈ ਲਿਖਿਆ ਜਾ ਰਿਹਾ ਹੈ ਤਾਂਕਿ ਸਰਕਾਰ ਤੇ ਪੰਜਾਬ ਦੇ ਲੋਕ ਜਾਣ ਸਕਣ ਕਿ ਪੰਜਾਬੀ ਦੀ ਅਸਲ ਸਥਿਤੀ ਕੀ ਹੈ।

ਪੰਜਾਬੀ ਦੇ ਪ੍ਰਚਾਰ ਪ੍ਰਸਾਰ ਵਾਸਤੇ ਅਦਾਰੇ ਸਾਹਿਤ ਅਕੈਡਮੀ ਅਤੇ ਦੂਜੀਆਂ ਸਰਕਾਰੀ ਗਰਾਂਟਾਂ ਨਾਲ ਚੱਲਣ ਵਾਲੀਆਂ ਸੰਸਥਾਵਾਂ ਵਿੱਚ ਬੈਠੇ ਹੋਏ ਉਹ ਲੋਕ ਜਿਨ੍ਹਾਂ ਦਾ ਪੰਜਾਬੀ ਨਾਲ ਸ਼ਾਇਦ ਕੋਈ ਵਾਸਤਾ ਨਹੀਂ ਅਤੇ ਨਾ ਹੀ ਅਗਲੀ ਪੀੜ੍ਹੀ ਨਾਲ ਉਹ ਇੱਕ ਦੂਜੇ ਦੀ ਪਿੱਠ 'ਤੇ ਖੁਜਲੀ ਕਰ ਰਹੇ ਹਨ ਅਤੇ ਫੁੱਲਾਂ ਦੇ ਹਾਰ ਇੱਕ ਦੂਜੇ ਦੋਸਤਾਂ ਅਤੇ ਅਜਿਹੇ ਸੈਮੀਨਾਰਾਂ ਵਿੱਚ ਗੁਜ਼ਾਰ ਰਹੇ ਹਨ, ਜਿਨ੍ਹਾਂ ਦਾ ਕੋਈ ਸ਼ਾਇਦ ਪਤਾ ਹੀ ਨਹੀਂ ਹੈ।

ਅੱਜ ਪੰਜਾਬ ਰਤਨ ਤੋਂ ਲੈ ਕੇ ਦੂਸਰੇ ਪੁਰਸਕਾਰ ਉਹਨਾਂ ਲੋਕਾਂ ਨੂੰ ਦਿੱਤੇ ਜਾਂਦੇ ਹਨ, ਜਿਨ੍ਹਾਂ ਦਾ ਸ਼ਾਇਦ ਪੰਜਾਬੀ ਪ੍ਰਤੀ ਇੱਕ ਸ਼ਬਦ ਦਾ ਵੀ ਕੋਈ ਅਰਥਵਾਨ ਮੂਲ ਅਥਵਾ ਕੋਈ ਐਸਾ ਕੰਮ ਨਹੀਂ ਹੈ, ਜਿਹਨਾਂ ਨੂੰ ਪੰਜਾਬ ਰਤਨ ਤੱਕ ਦੇ ਦਿੱਤਾ ਜਾਂਦਾ ਹੈ।

ਕੀ ਪੰਜਾਬ ਦੇ ਸਿੱਖਿਆ ਮੰਤਰੀ ਦੇ ਸਾਹਮਣੇ ਕੁਰਸੀਆਂ 'ਤੇ ਬੈਠੇ ਹੋਏ ਲੋਕ ਇਹ ਮਾਤ ਭਾਸ਼ਾ ਦਾ ਸਨਮਾਨ ਕਰਦੇ ਹਨ। ਅੱਜ ਮਾਤ ਭਾਸ਼ਾ ਦਾ ਸਨਮਾਨ ਦੇ ਨਾਮ 'ਤੇ ਕੋਈ ਵਿਸ਼ਵ ਕੋਸ਼ ਕੋਈ ਵਿਗਿਆਨਕ ਪੁਸਤਕ ਕੀ ਕੋਈ ਰਿਸਰਚ ਖੋਜ ਹੈ। ਇਸ ਤਰ੍ਹਾਂ ਦਾ ਕੋਈ ਕੰਮ ਸਾਹਮਣੇ ਆਇਆ ਹੈ ਇਹ ਉਹਨਾਂ ਨੂੰ ਵੀ ਪਤਾ ਹੈ ਕਿ ਸਰਕਾਰੀ ਕੰਮ ਕਿਸ ਤਰ੍ਹਾਂ ਹੁੰਦੇ ਹਨ।

ਇਹ ਪੰਜਾਬ ਦੀ ਤ੍ਰਾਸਦੀ ਹੈ ਪੰਜਾਬ ਦੇ ਮੁੱਖ ਮੰਤਰੀ ਅਤੇ ਇਮਾਨਦਾਰ ਸਿੱਖਿਆ ਮੰਤਰੀ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਕਿ ਅਸਲ ਵਿੱਚ ਹੋ ਕੀ ਰਿਹਾ ਹੈ। ਉਹਨਾਂ ਦੇ ਅਦਾਰੇ ਉਹਨਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਸਾਹਮਣੇ ਖੜ੍ਹਾ ਕਰ ਦਿੰਦੇ ਹਨ ਅਤੇ ਫ਼ਿਰ ਵੀ ਉਹ ਆਪਣੇ ਕੰਮਾਂ ਤੋਂ ਬਾਜ਼ ਨਹੀਂ ਆ ਰਹੇ ਹਨ।

ਪੰਜਾਬ ਦੇ ਇਹਨਾਂ ਅਦਾਰਿਆਂ ਤੋਂ ਲੈ ਕੇ ਪੰਜਾਬ ਦੀਆਂ ਉਹ ਅਕਾਦਮੀਆਂ ਤੇ ਉਹ ਸਾਰੀਆਂ ਯੂਨੀਵਰਸਿਟੀਆਂ ਇਸ ਸਜ਼ਾ ਵਿੱਚ ਸ਼ਾਮਿਲ ਹਨ ਕਿ ਉਹ ਸਿੱਧਾ ਸਿੱਧਾ ਪੰਜਾਬੀ ਭਾਸ਼ਾ ਦੇ ਨਾਲ ਵਿਸ਼ਵਾਸਘਾਤ ਕਰ ਰਹੇ ਹਨ।

ਇਸ ਪਾਸੇ ਧਿਆਨ ਦੇਣ ਦੀ ਜ਼ਰੂਰਤ ਹੈ ਕਿ ਪੰਜਾਬ ਦੇ ਇਮਾਨਦਾਰ ਮੁੱਖ ਮੰਤਰੀ ਤੇ ਕਲਾਕਾਰ ਸਰਦਾਰ ਭਗਵੰਤ ਸਿੰਘ ਮਾਨ ਇਸ ਪਾਸੇ ਧਿਆਨ ਦੇਣਗੇ ਜਾਂ ਸਿੱਖਿਆ ਮੰਤਰੀ ਜ਼ਰਾ ਇਹਨਾਂ ਦੀਆਂ ਪੀੜ੍ਹੀਆਂ ਥੱਲੇ ਸੋਟਾ ਫੇਰ ਕੇ ਦੇਖਣਗੇ ਕਿ ਅਸਲ ਵਿੱਚ ਗਲਤੀ ਕਿੱਥੇ ਹੈ, ਇਹ ਭਾਈ ਭਤੀਜਾ ਤੇ ਦੋਸਤੀਆਂ ਵਿੱਚ ਉਲਝ ਕੇ ਮਾਤ ਭਾਸ਼ਾ ਪ੍ਰਤੀ ਕਰ ਕੀ ਰਹੇ ਹਨ।

ਮਾਤ ਭਾਸ਼ਾ ਦਿਵਸ ਆਇਆ ਤੇ ਬੀਤ ਗਿਆ, ਪਰ ਪੰਜਾਬੀ ਦੀ ਪੁਕਾਰ ਅਜੇ ਵੀ ਗੂੰਜ ਰਹੀ ਹੈ—ਜਿਵੇਂ ਕੋਈ ਸੁਣਨ ਵਾਲਾ ਨਹੀਂ। ਅਸੀਂ ਆਪਣੀ ਮਾਂ ਬੋਲੀ ਨੂੰ ਭੁੱਲ ਰਹੇ ਹਾਂ, ਉਸ ਨੂੰ ਬਚਾਉਣ ਦੀ ਬਜਾਏ ਉਸ ਨੂੰ ਸਿਰਫ਼ ਮੌਕੇ-ਮੌਕੇ 'ਤੇ ਯਾਦ ਕਰਕੇ ਭੁੱਲ ਜਾਂਦੇ ਹਾਂ। ਅੱਜ ਫਰਵਰੀ 2026 ਵਿੱਚ ਖੜ੍ਹੇ ਹੋ ਕੇ ਵੇਖੀਏ ਤਾਂ ਹਕੀਕਤ ਬਹੁਤ ਕੌੜੀ ਹੈ।

ਬੀਤੇ 21 ਫਰਵਰੀ ਨੂੰ ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ ਮਨਾਇਆ ਗਿਆ—ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਲੋਕਾਂ ਨੂੰ ਪੰਜਾਬੀ ਨੂੰ ਰੋਜ਼ਾਨਾ ਜ਼ਿੰਦਗੀ ਵਿੱਚ ਅਪਣਾਉਣ ਦੀ ਅਪੀਲ ਕੀਤੀ, ਪੰਜਾਬੀ ਕਿਤਾਬਾਂ ਲਈ ਅਵਾਰਡ ਸਕੀਮਾਂ ਦਾ ਜ਼ਿਕਰ ਕੀਤਾ, ਲੇਖਕਾਂ ਨੂੰ ਪੈਨਸ਼ਨ ਅਤੇ ਪੰਜਾਬੀ ਸਾਹਿਤ ਸਭਾਵਾਂ ਨੂੰ ਵਿੱਤੀ ਸਹਾਇਤਾ ਦਾ ਐਲਾਨ ਕੀਤਾ ਗਿਆ। ਪਰ ਇਹ ਸਭ ਇੱਕ ਰਸਮੀ ਖੇਡ ਸੀ। ਦਿਵਸ ਬੀਤਦਿਆਂ ਹੀ ਪੰਜਾਬੀ ਵਾਪਸ ਉਸੇ ਕੋਨੇ ਵਿੱਚ ਧੱਕ ਦਿੱਤੀ ਗਈ, ਜਿੱਥੇ ਉਹ ਸਾਲਾਂ ਤੋਂ ਪਈ ਹੋਈ ਹੈ।ਕਿਸ ਨੂੰ ਪ੍ਰਵਾਹ ਹੈ ਮਾਂ ਬੋਲੀ ਦੀ? ਪੰਜਾਬ ਵਿੱਚ—ਜਿੱਥੇ ਪੰਜਾਬੀ ਬੋਲਣ ਵਾਲੇ ਆਪਣੇ ਆਪ ਨੂੰ 'ਪੰਜਾਬੀ ਕੌਮ' ਕਹਿੰਦੇ ਹਨ—ਅੱਜ ਦੀ ਹਕੀਕਤ ਇਹ ਹੈ ਕਿ ਨਵੀਂ ਪੀੜ੍ਹੀ ਦੇ ਬਹੁਤ ਸਾਰੇ ਬੱਚੇ ਪੰਜਾਬੀ ਨੂੰ ਠੀਕ ਤਰ੍ਹਾਂ ਨਹੀਂ ਬੋਲ ਸਕਦੇ, ਲਿਖ ਸਕਦੇ ਜਾਂ ਸਮਝ ਸਕਦੇ। ਸਰਕਾਰੀ ਸਕੂਲਾਂ ਵਿੱਚ ਦਸ ਵਿੱਚੋਂ ਪੰਜ ਬੱਚੇ ਪੰਜਾਬੀ ਵਿੱਚ ਸਹੀ ਜਵਾਬ ਨਹੀਂ ਦੇ ਸਕਦੇ। ਘਰਾਂ ਵਿੱਚ ਵੀ ਮਾਪੇ ਬੱਚਿਆਂ ਨੂੰ ਅੰਗਰੇਜ਼ੀ ਬੋਲਣ ਲਈ ਕਹਿੰਦੇ ਹਨ, ਕਿਉਂਕਿ ਉਹਨਾਂ ਨੂੰ ਲੱਗਦਾ ਹੈ ਇਸ ਨਾਲ ਸਫਲਤਾ ਮਿਲੇਗੀ।

ਅੱਜ ਪੰਜਾਬੀ ਸਿਰਫ਼ ਘਰ ਵਿੱਚ ਵੀ ਘੱਟ ਬੋਲੀ ਜਾ ਰਹੀ ਹੈ, ਸੜਕਾਂ ਤੇ, ਦਫ਼ਤਰਾਂ ਵਿੱਚ, ਸੋਸ਼ਲ ਮੀਡੀਆ ਤੇ—ਹਰ ਥਾਂ ਅੰਗਰੇਜ਼ੀ ਅਤੇ ਹਿੰਦੀ ਦੀ ਚਮਕ ਵਿੱਚ ਪੰਜਾਬੀ ਹਨ੍ਹੇਰੇ ਵਿੱਚ ਹੈ। ਸਰਕਾਰ ਦੀ ਨੀਤੀ ਕੀ ਹੈ? ਫਰਵਰੀ 2025 ਵਿੱਚ ਸਿੱਖਿਆ ਮੰਤਰੀ ਤੁਸੀਂ ਹਰਜੋਤ ਸਿੰਘ ਬੈਂਸ ਜੀ ਨੇ ਐਲਾਨ ਕੀਤਾ ਕਿ ਪੰਜਾਬੀ ਨੂੰ ਸਾਰੇ ਸਕੂਲਾਂ ਵਿੱਚ ਮੁੱਖ ਅਤੇ ਲਾਜ਼ਮੀ ਵਿਸ਼ਾ ਬਣਾਇਆ ਜਾਵੇਗਾ—ਚਾਹੇ ਸਕੂਲ ਕਿਸੇ ਵੀ ਬੋਰਡ (ਸੀਬੀਐੱਸਈ, ਆਈਸੀਐੱਸਈ ਜਾਂ ਸਟੇਟ) ਅਧੀਨ ਹੋਵੇ। ਕਲਾਸ 10 ਪਾਸ ਨਹੀਂ ਹੋ ਸਕੇਗਾ ਜੇ ਪੰਜਾਬੀ ਨੂੰ ਮੁੱਖ ਵਿਸ਼ੇ ਵਜੋਂ ਨਾ ਪੜ੍ਹਾਇਆ ਜਾਵੇ। ਇਹ ਐਲਾਨ ਸੀਬੀਐੱਸਈ ਦੇ ਡਰਾਫਟ ਨਾਰਮਾਂ ਵਿਰੁੱਧ ਆਇਆ ਸੀ, ਜਿਸ ਵਿੱਚ ਪੰਜਾਬੀ ਨੂੰ ਹਟਾਉਣ ਦੀ ਗੱਲ ਸੀ। ਮੰਤਰੀ ਨੇ ਕਿਹਾ ਕਿ ਪੰਜਾਬੀ ਸਾਡੀ ਜੜ੍ਹ ਹੈ, ਸੱਭਿਆਚਾਰ ਹੈ, ਪਛਾਣ ਹੈ—ਇਸ ਨੂੰ ਕਿਸੇ ਵੀ ਹਾਲਤ ਵਿੱਚ ਨਹੀਂ ਛੱਡਿਆ ਜਾਵੇਗਾ। ਪੰਜਾਬ ਲਰਨਿੰਗ ਆਫ ਪੰਜਾਬੀ ਐਂਡ ਅਦਰ ਲੈਂਗੂਏਜਿਜ਼ ਐਕਟ, 2008 ਅਤੇ ਐਮੈਂਡਮੈਂਟ ਮੁਤਾਬਕ ਸਕੂਲਾਂ 'ਤੇ ਜੁਰਮਾਨੇ ਵੀ ਹੋ ਸਕਦੇ ਹਨ ਜੇ ਨਾ ਮੰਨਣ।

ਇਹ ਚੰਗੀ ਗੱਲ ਹੈ, ਪਰ ਅਮਲ ਕਿੱਥੇ ਹੈ?

ਸਾਲ 2025-26 ਵਿੱਚ ਵੀ ਸਕੂਲਾਂ ਵਿੱਚ ਪੰਜਾਬੀ ਪੜ੍ਹਾਉਣ ਵਾਲੇ ਅਧਿਆਪਕਾਂ ਦੀ ਟਰੇਨਿੰਗ, ਨਵੀਂ ਵਿਆਕਰਣ, ਨਵੇਂ ਸਾਹਿਤ ਨੂੰ ਪ੍ਰੋਤਸਾਹਨ—ਕੁਝ ਨਹੀਂ ਹੋ ਰਿਹਾ। ਸਰਕਾਰੀ ਦਫ਼ਤਰਾਂ ਵਿੱਚ ਪੰਜਾਬ ਅਧਿਕਾਰਕ ਭਾਸ਼ਾ ਐਕਟ 1967 ਅਤੇ ਐਮੈਂਡਮੈਂਟ 2008 ਮੁਤਾਬਕ ਸਾਰਾ ਅਧਿਕਾਰਕ ਕੰਮ ਗੁਰਮੁਖੀ ਵਿੱਚ ਹੋਣਾ ਚਾਹੀਦਾ ਹੈ, ਪਰ ਅਸਲ ਵਿੱਚ ਅਫਸਰ ਅੰਗਰੇਜ਼ੀ ਜਾਂ ਹਿੰਦੀ ਵਿੱਚ ਫਾਈਲਾਂ ਚਲਾਉਂਦੇ ਹਨ। ਵੈੱਬਸਾਈਟਾਂ ਬਾਈਲਿੰਗੁਅਲ ਹੋਣੀਆਂ ਚਾਹੀਦੀਆਂ ਹਨ, ਪਰ ਜ਼ਿਆਦਾਤਰ ਅੰਗਰੇਜ਼ੀ ਵਿੱਚ ਹਨ।

ਪੰਜਾਬ ਵਿੱਚ ਸਾਈਨ ਬੋਰਡਾਂ 'ਤੇ ਪੰਜਾਬੀ ਹੇਠਾਂ ਲਿਖੀ ਹੁੰਦੀ ਹੈ, ਉੱਪਰ ਅੰਗਰੇਜ਼ੀ। ਇਹ ਸਭ ਇੱਕ ਮਜ਼ਾਕ ਵਰਗਾ ਹੈ—ਕਾਗਜ਼ 'ਤੇ ਪੰਜਾਬੀ ਮੁੱਖ ਭਾਸ਼ਾ, ਅਮਲ ਵਿੱਚ ਗੈਰ-ਹਾਜ਼ਰ।ਸਰਕਾਰੀ ਅਦਾਰਿਆਂ ਵਿੱਚ ਫਜ਼ੂਲ ਖਰਚੀ ਦਾ ਹਾਲ ਵੇਖੋ। ਸਰਕਾਰ ਨੇ ਵੱਖ-ਵੱਖ ਵਿਭਾਗਾਂ ਨੂੰ ਫਜ਼ੂਲ ਖਰਚੇ ਘਟਾਉਣ ਅਤੇ ਰੈਵੇਨਿਊ ਵਧਾਉਣ ਦੇ ਹੁਕਮ ਦਿੱਤੇ ਹਨ, ਪਰ ਭਾਸ਼ਾ ਵਿਭਾਗ, ਸਾਹਿਤ ਅਕੈਡਮੀਆਂ ਅਤੇ ਸਭਾਵਾਂ ਵਿੱਚ ਖਰਚੇ ਵਧ ਰਹੇ ਹਨ। ਸਾਹਿਤ ਅਕੈਡਮੀ ਦਿੱਲੀ ਨੇ 2025 ਵਿੱਚ ਪੰਜਾਬੀ ਨਾਵਲ ਤੇ ਖੇਤੀ ਸੰਕਟ ਬਾਰੇ ਫੋਰਮ, ਲੋਕ ਤੱਤਾਂ ਬਾਰੇ ਚਰਚਾ, ਹਰਿਆਣੇ ਦੀ ਪੰਜਾਬੀ ਸਾਹਿਤ ਤੇ ਸਿੰਪੋਜ਼ੀਅਮ, ਜਸਵੰਤ ਸਿੰਘ ਨੇਕੀ ਦੀ ਜਨਮ ਸੈਂਕੜੀ ਸੈਮੀਨਾਰ ਕੀਤੇ। 2026 ਵਿੱਚ ਵੀ ਸੰਤ ਨਾਮਦੇਵ ਜੀ 'ਤੇ ਸੈਮੀਨਾਰ ਹੋਇਆ। ਪੰਜਾਬੀ ਅਕੈਡਮੀ ਦਿੱਲੀ ਵਰਕਸ਼ਾਪਾਂ, ਕਵੀ ਦਰਬਾਰ, ਔਰਤਾਂ ਲਈ ਕਵੀ ਦਰਬਾਰ, ਬੱਚਿਆਂ ਲਈ ਥੀਏਟਰ ਵਰਕਸ਼ਾਪਾਂ ਕਰਵਾਉਂਦੀ ਹੈ।

ਪੰਜਾਬ ਵਿੱਚ ਭਾਸ਼ਾ ਵਿਭਾਗ ਸਰਵੋਤਮ ਪੁਸਤਕ ਪੁਰਸਕਾਰ ਦਿੰਦਾ ਹੈ (2025 ਵਿੱਚ 10 ਵਿਧਾਵਾਂ ਵਿੱਚ ਇਨਾਮ), ਲੇਖਕਾਂ ਨੂੰ ਮਹੀਨਾ ਪੈਨਸ਼ਨ ਦਿੰਦਾ ਹੈ। ਪਰ ਇਹ ਸਭ ਖਰਚੇ ਜ਼ਿਆਦਾਤਰ ਇਵੈਂਟਸ, ਸੈਮੀਨਾਰਾਂ, ਐਵਾਰਡਾਂ 'ਤੇ ਹੁੰਦੇ ਹਨ—ਜ਼ਮੀਨ 'ਤੇ ਪੰਜਾਬੀ ਨੂੰ ਫੈਲਾਉਣ ਲਈ ਕੋਈ ਵੱਡੀ ਮੁਹਿੰਮ ਨਹੀਂ। ਸਾਹਿਤ ਸਭਾਵਾਂ—ਚਾਹੇ ਪੰਜਾਬ ਦੀ ਕੋਈ ਸਾਹਿਤ ਸਭਾ ਹੋਵੇ ਜੋ 2025 ਵਿੱਚ ਪੰਜ ਰੋਜ਼ਾ ਸਾਹਿਤ ਉਤਸਵ ਕਰਵਾਉਂਦੀ ਹੈ, ਵੀ ਜ਼ਿਆਦਾਤਰ ਇਵੈਂਟਸ ਤੱਕ ਸੀਮਤ ਹਨ। ਉਹ ਬੋਰਡਾਂ 'ਤੇ ਪੰਜਾਬੀ ਲਿਖਣ ਦਾ ਪ੍ਰਚਾਰ ਕਰਨ ਦੀ ਅਪੀਲ ਕਰਦੇ ਹਨ, ਪਰ ਅਸਲ ਵਿੱਚ ਪੰਜਾਬੀ ਨੂੰ ਰੋਜ਼ਾਨਾ ਜ਼ਿੰਦਗੀ ਵਿੱਚ ਲਿਆਉਣ ਲਈ ਕੋਈ ਠੋਸ ਕਦਮ ਨਹੀਂ।

ਅਸਲ ਵਿੱਚ ਇਹ ਫਜ਼ੂਲ ਖਰਚੀ ਹੈ—ਕਿਉਂਕਿ ਇਹਨਾਂ ਤੋਂ ਨਵੀਂ ਪੀੜ੍ਹੀ ਵਿੱਚ ਪੰਜਾਬੀ ਪੜ੍ਹਨ-ਲਿਖਣ ਦਾ ਰੁਝਾਨ ਨਹੀਂ ਵਧ ਰਿਹਾ।ਸਾਹਿਤਕਾਰਾਂ ਦਾ ਹਾਲ ਵੇਖੋ—ਉਹ ਆਪਸ ਵਿੱਚ ਹੀ ਲੜ ਰਹੇ ਹਨ। ਕਵੀ ਸੰਮੇਲਨਾਂ ਵਿੱਚ ਇੱਕ ਦੂਜੇ ਦੀ ਪਿੱਠ ਖੁਜਲਾਉਂਦੇ ਹਨ, ਫੁੱਲਾਂ ਦੇ ਹਾਰ ਪਾਉਂਦੇ ਹਨ, ਪਰ ਜਦੋਂ ਗੱਲ ਪੰਜਾਬੀ ਨੂੰ ਜ਼ਮੀਨ 'ਤੇ ਬਚਾਉਣ ਦੀ ਆਉਂਦੀ ਹੈ ਤਾਂ ਸਭ ਚੁੱਪ। ਇੱਕ ਦੂਜੇ ਨੂੰ 'ਸਾਹਿਤਕਾਰ' ਕਹਿ ਕੇ ਵਧਾਈਆਂ ਦਿੰਦੇ ਹਨ, ਪਰ ਨਵੀਂ ਪੀੜ੍ਹੀ ਨੂੰ ਪੰਜਾਬੀ ਪੜ੍ਹਾਉਣ ਲਈ ਕੋਈ ਮੁਹਿੰਮ ਨਹੀਂ ਚਲਾਉਂਦੇ।

ਸਾਹਿਤ ਅਕੈਡਮੀਆਂ ਤੇ ਵਿਭਾਗ ਵਿੱਚ ਵੀ ਵਾਹ-ਵਾਹੀ ਦੀ ਲੜਾਈ ਚੱਲ ਰਹੀ ਹੈ—ਕੌਣ ਵੱਡਾ ਕਵੀ ਹੈ, ਕੌਣ ਵੱਡਾ ਲੇਖਕ ਹੈ—ਪਰ ਪੰਜਾਬੀ ਦੀ ਮੌਤ 'ਤੇ ਕਿਸੇ ਨੂੰ ਫਰਕ ਨਹੀਂ ਪੈ ਰਿਹਾ।ਹੁਣ ਵੇਖੀਏ ਕਿ ਪੰਜਾਬੀ ਭਾਸ਼ਾ ਹੋਰ ਕੰਮਾਂ ਵਿੱਚ ਵਰਤੀ ਜਾ ਰਹੀ ਹੈ ਜਾਂ ਨਹੀਂ। ਸਰਕਾਰੀ ਦਫ਼ਤਰਾਂ ਵਿੱਚ ਹੁਕਮ ਹਨ ਕਿ ਪੰਜਾਬੀ ਵਰਤੋ, ਵੈੱਬਸਾਈਟਾਂ ਬਾਈਲਿੰਗੁਅਲ ਬਣਾਓ, ਸਾਈਨਬੋਰਡ 'ਤੇ ਪੰਜਾਬੀ ਵੱਡੇ ਅੱਖਰਾਂ ਵਿੱਚ ਹੋਵੇ। ਪਰ ਅਸਲ ਵਿੱਚ?

ਦਫ਼ਤਰਾਂ ਵਿੱਚ ਅਫਸਰ ਅੰਗਰੇਜ਼ੀ ਵਿੱਚ ਈਮੇਲ ਭੇਜਦੇ ਹਨ, ਫਾਈਲ ਨੋਟਿੰਗ ਅੰਗਰੇਜ਼ੀ ਵਿੱਚ ਹੁੰਦੀ ਹੈ। ਪੰਜਾਬੀ ਸਿਰਫ਼ ਰਸਮੀ ਤੌਰ 'ਤੇ ਵਰਤੀ ਜਾਂਦੀ ਹੈ—ਪਰਨਾਲਾ ਉਥੇ ਦਾ ਉਥੇ ਹੈ। ਇੱਕ ਤਰ੍ਹਾਂ ਨਾਲ, ਪੰਜਾਬੀ ਨੂੰ 'ਸ਼ੋਅਪੀਸ' ਬਣਾ ਦਿੱਤਾ ਗਿਆ ਹੈ—ਇਸ ਨੂੰ ਵਿਖਾਇਆ ਜਾਂਦਾ ਹੈ, ਪਰ ਵਰਤਿਆ ਨਹੀਂ ਜਾਂਦਾ। ਸਭ ਤੋਂ ਵੱਡੀ ਤਰਾਸਦੀ ਇਹ ਹੈ ਕਿ ਅਸੀਂ ਆਪਣੀ ਭਾਸ਼ਾ ਨੂੰ ਆਪ ਹੀ ਕਮਜ਼ੋਰ ਕਰ ਰਹੇ ਹਾਂ। ਅਸੀਂ ਭਾਈ ਵੀਰ ਸਿੰਘ ਧਨੀ ਰਾਮ ਚਾਤ੍ਰਿਕ ਵਾਰਿਸ, ਸ਼ਿਵ ਕੁਮਾਰ ਬਟਾਲਵੀ ਨੂੰ ਪੜ੍ਹਦੇ-ਸੁਣਦੇ ਹਾਂ, ਪਰ ਉਹਨਾਂ ਵਰਗੀ ਪੰਜਾਬੀ ਬੋਲਣ ਵਾਲੇ ਘੱਟ ਹੋ ਰਹੇ ਹਾਂ।

ਅਸੀਂ ਦੁਨੀਆਂ ਦੀ ਸ਼ਾਇਦ ਇੱਕੋ ਇੱਕ ਕੌਮ ਹਾਂ ਜੋ ਆਪਣੀ ਮਾਂ ਬੋਲੀ ਨੂੰ ਆਪ ਹੀ ਖਤਮ ਕਰ ਰਹੀ ਹੈ। ਪੰਜਾਬੀ ਨੂੰ 'ਪਿੰਡਾਂ ਵਾਲੀ', 'ਗਵਾਰਾਂ ਵਾਲੀ' ਸਮਝਦੇ ਹਾਂ। ਬੱਚੇ ਅੰਗਰੇਜ਼ੀ ਵਿੱਚ ਗੱਲ ਕਰਨ 'ਤੇ ਮਾਣ ਕਰਦੇ ਹਨ, ਪੰਜਾਬੀ ਵਿੱਚ ਬੋਲਣ 'ਤੇ ਸ਼ਰਮਿੰਦਾ ਹੁੰਦੇ ਹਨ।ਹੁਣ ਸਮਾਂ ਆ ਗਿਆ ਹੈ ਕਿ ਅਸੀਂ ਬਦਲਾਅ ਲਿਆਈਏ। ਇਹਨਾਂ ਸੁਝਾਵਾਂ ਨੂੰ ਅਮਲ ਵਿੱਚ ਲਿਆਉਣਾ ਜ਼ਰੂਰੀ ਹੈ।

ਘਰ ਵਿੱਚ ਪੰਜਾਬੀ ਬੋਲੀਏ—ਮਾਪੇ ਬੱਚਿਆਂ ਨਾਲ ਰੋਜ਼ਾਨਾ ਪੰਜਾਬੀ ਵਿੱਚ ਗੱਲ ਕਰਨ, ਪੰਜਾਬੀ ਕਹਾਣੀਆਂ ਸੁਣਾਉਣ ਅਤੇ ਪੰਜਾਬੀ ਗੀਤ ਗਾਉਣ ਦੀ ਆਦਤ ਪਾਈਏ। ਬੱਚਿਆਂ ਨੂੰ ਪੰਜਾਬੀ ਕਿਤਾਬਾਂ ਪੜ੍ਹਾਈਏ—ਸਕੂਲ ਲਾਇਬ੍ਰੇਰੀਆਂ ਵਿੱਚ ਪੰਜਾਬੀ ਕਿਤਾਬਾਂ ਵਧਾਈਏ, ਘਰ ਵਿੱਚ ਵੀ ਪੰਜਾਬੀ ਨਾਵਲ, ਕਵਿਤਾਵਾਂ ਅਤੇ ਬੱਚਿਆਂ ਦੀਆਂ ਕਹਾਣੀਆਂ ਰੱਖੀਏ।

ਸੋਸ਼ਲ ਮੀਡੀਆ 'ਤੇ ਪੰਜਾਬੀ ਵਿੱਚ ਗੱਲ ਕਰੀਏ—ਫੇਸਬੁੱਕ, ਇੰਸਟਾਗ੍ਰਾਮ, ਐਕਸ ਤੇ ਪੰਜਾਬੀ ਵਿੱਚ ਪੋਸਟਾਂ, ਵੀਡੀਓ ਅਤੇ ਕੰਟੈਂਟ ਬਣਾਈਏ ਤਾਂ ਜੋ ਨੌਜਵਾਨ ਪੀੜ੍ਹੀ ਨੂੰ ਪ੍ਰੇਰਨਾ ਮਿਲੇ।

ਸਾਹਿਤ ਸਭਾਵਾਂ ਤੇ ਅਕੈਡਮੀਆਂ ਨੂੰ ਆਪਸੀ ਲੜਾਈ ਛੱਡ ਕੇ ਜ਼ਮੀਨੀ ਮੁਹਿੰਮ ਚਲਾਉਣੀ ਚਾਹੀਦੀ ਹੈ—ਸਕੂਲਾਂ ਵਿੱਚ ਵਰਕਸ਼ਾਪਾਂ, ਗਲੀ-ਮੁਹੱਲਿਆਂ ਵਿੱਚ ਪੰਜਾਬੀ ਪੜ੍ਹਾਈ ਦੇ ਕੈਂਪ, ਨਵੇਂ ਡਿਜੀਟਲ ਕੰਟੈਂਟ (ਐਪਸ, ਯੂਟਿਊਬ ਚੈਨਲ) ਬਣਾਉਣੇ ਚਾਹੀਦੇ ਹਨ।

ਤੁਸੀਂ ਜਾਣਦੇ ਹੀ ਹੋ ਸਰਕਾਰ ਨੂੰ ਕਿ ਹੁਕਮ ਅਮਲ ਵਿੱਚ ਲਿਆਂਦੇ ਜਾਣ—ਫਜ਼ੂਲ ਖਰਚੇ ਘਟਾ ਕੇ ਪੰਜਾਬੀ ਨੂੰ ਮਜ਼ਬੂਤ ਕਰਨ ਵਾਲੇ ਪ੍ਰੋਜੈਕਟਾਂ 'ਤੇ ਲਾਏ ਜਾਣ, ਜਿਵੇਂ ਪੰਜਾਬੀ ਮੀਡੀਅਮ ਸਕੂਲਾਂ ਦੀ ਵਧੇਰੇ ਸੰਖਿਆ, ਅਧਿਆਪਕਾਂ ਦੀ ਟਰੇਨਿੰਗ ਅਤੇ ਡਿਜੀਟਲ ਪਲੇਟਫਾਰਮ 'ਤੇ ਪੰਜਾਬੀ ਕੰਟੈਂਟ।

ਨੌਜਵਾਨਾਂ ਨੂੰ ਪ੍ਰੇਰਿਤ ਕਰੀਏ—ਪੰਜਾਬੀ ਵਿੱਚ ਬਲੌਗ, ਪੌਡਕਾਸਟ, ਰੈਪ ਅਤੇ ਆਧੁਨਿਕ ਗੀਤ ਬਣਾਉਣ ਲਈ ਐਵਾਰਡ ਅਤੇ ਮੁਕਾਬਲੇ ਕਰਵਾਏ ਜਾਣ।

ਸਰਕਾਰੀ ਅਦਾਰਿਆਂ ਵਿੱਚ ਪੰਜਾਬੀ ਨੂੰ ਅਸਲ ਵਰਤੋਂ ਵਿੱਚ ਲਿਆਇਆ ਜਾਵੇ—ਫਾਈਲਾਂ, ਈਮੇਲ ਅਤੇ ਅਧਿਕਾਰਕ ਕੰਮ ਪੰਜਾਬੀ ਵਿੱਚ ਕੀਤੇ ਜਾਣ, ਨਹੀਂ ਤਾਂ ਐਕਟ ਨੂੰ ਅਮਲੀ ਰੂਪ ਦਿੱਤਾ ਜਾਵੇ।

ਨਹੀਂ ਤਾਂ ਇੱਕ ਦਿਨ ਆਵੇਗਾ ਜਦੋਂ ਅਸੀਂ ਪੁੱਛਾਂਗੇ—ਕਿਸ ਨੂੰ ਪ੍ਰਵਾਹ ਸੀ ਮਾਂ ਬੋਲੀ ਦਾ ਅਤੇ ਜਵਾਬ ਵਿੱਚ ਸਿਰਫ਼ ਚੁੱਪ ਹੋਵੇਗੀ। ਪੰਜਾਬੀ ਨੂੰ ਬਚਾਉਣਾ ਸਿਰਫ਼ ਸਾਹਿਤਕਾਰਾਂ ਜਾਂ ਸਰਕਾਰ ਦਾ ਕੰਮ ਨਹੀਂ—ਇਹ ਸਾਡਾ ਸਾਂਝਾ ਫਰਜ਼ ਹੈ। ਜੇ ਅਸੀਂ ਨਹੀਂ ਜਾਗੇ ਤਾਂ ਮਾਂ ਬੋਲੀ ਦੀ ਅੰਤਿਮ ਯਾਤਰਾ ਸ਼ੁਰੂ ਹੋ ਜਾਵੇਗੀ। ਅਸੀਂ ਆਪਣੀ ਵਿਰਾਸਤ ਨੂੰ ਬਚਾਈਏ, ਨਹੀਂ ਤਾਂ ਬਾਅਦ ਵਿੱਚ ਪਛਤਾਵਾ ਹੀ ਰਹਿ ਜਾਵੇਗਾ।

ਆਸ਼ਾ ਹੈ ਤੁਸੀਂ ਇਸ ਨੂੰ ਚਿੰਤਾ ਨਾਲ ਦੇਖੋਗੇ ਇਹ ਇਕ ਸੁਝਾਅ ਹੈ ਤੁਹਾਡੀ ਨਜ਼ਰ ਦੇ ਸਾਹਮਣੇ ਕੁਝ ਫੈਕਟ ਹਨ।

ਉਮੀਦ ਹੈ ਪੰਜਾਬੀ ਦੇ ਹੱਕ ਵਿੱਚ ਅਸੀਂ ਜਿੰਨੀ ਦੇਰ ਤੱਕ ਦਿਲ ਤੋਂ ਖੜ੍ਹੇ ਨਹੀਂ ਹੋਵਾਂਗੇ ਉਨੀ ਦੇਰ ਤੱਕ ਕੁਝ ਨਹੀਂ ਹੋਣ ਵਾਲਾ।

ਮੇਰੀ ਸਾਰੀ ਜ਼ਿੰਦਗੀ ਪੰਜਾਬੀ ਵਾਸਤੇ ਹੈ ਤੁਹਾਡੇ ਨਾਲ ਖੜ੍ਹਾ ਹਾਂ ਫਿਰ ਵੀ ਕੋਈ ਗਲਤੀ ਹੋਵੇ ਤੇ ਖਿਮਾਂ ਕਰਨਾ।

# ਸੋ ਕਿਉ ਮੰਦਾ ਆਖੀਐ

ਬਘੇਲ ਸਿੰਘ ਧਾਲੀਵਾਲ
99142-58142



ਸਮਾਂ ਬਦਲ ਗਿਆ ਹੈ। ਨਵੇਂ ਆਧੁਨਿਕ ਸੰਚਾਰ ਸਾਧਨਾਂ ਨੇ ਦੂਰੀਆਂ ਮਿਟਾ ਦਿੱਤੀਆਂ ਹਨ। ਆਧੁਨਿਕਤਾ ਨੇ ਦੁਨੀਆ ਮਨੁੱਖ ਦੀ ਹਥੇਲੀ 'ਤੇ ਰੱਖ ਦਿੱਤੀ ਹੈ। ਪੰਜਾਬੀਆਂ ਨੇ ਕੈਨੇਡਾ, ਆਸਟਰੇਲੀਆ, ਅਮਰੀਕਾ ਸਮੇਤ ਦੁਨੀਆਂ ਦੇ ਹਰ ਛੋਟੇ ਵੱਡੇ ਮੁਲਕ 'ਚ ਆਪਣੀ ਕਾਬਲੀਅਤ ਦਾ ਝੰਡਾ ਲਹਿਰਾਇਆ ਹੈ। ਪਰੰਤੂ ਇਸ ਅਤਿ ਆਧੁਨਿਕਤਾ ਦੇ ਯੁੱਗ ਵਿੱਚ ਵੀ ਇੱਕ ਅਜਿਹੀ ਸੋਚ ਹੈ ਜੋ ਸਾਡਾ ਪਿੱਛਾ ਨਹੀਂ ਛੱਡ ਰਹੀ। ਧੀਆਂ ਦੇ ਮੁਕਾਬਲੇ ਪੁੱਤਰ ਦੀ ਲੋੜ ਜ਼ਿਆਦਾ ਸ਼ਿੱਦਤ ਨਾਲ ਮਹਿਸੂਸ ਕੀਤੀ ਜਾਂਦੀ ਹੈ। ਇਹ ਸੋਚ ਨਵੀਂ ਤਕਨੀਕ ਨਾਲ ਨਹੀ ਬਦਲੀ,ਪਰਵਾਸ ਨਾਲ ਵੀ ਨਹੀਂ ਬਦਲੀ ਅਤੇ ਪੜ੍ਹਾਈ ਨਾਲ ਵੀ ਇਸ ਵਿੱਚ ਬਹੁਤੀ ਤਬਦੀਲੀ ਨਹੀਂ ਆਈ। ਇਹ ਸੋਚ ਅਜੇ ਵੀ ਸਾਡੇ ਮਨਾਂ ਵਿੱਚ ਘਰ ਕਰਕੇ ਬੈਠੀ ਹੈ। ਅਜੇ ਵੀ ਬਹੁ ਗਿਣਤੀ ਪਰਿਵਾਰਾਂ ਵਿੱਚ ਧੀਆਂ ਦੇ ਜਨਮ 'ਤੇ ਚੁੱਪ ਪਸਰ ਜਾਂਦੀ ਹੈ। ਅੱਜ ਵੀ ਬਹੁਤ ਸਾਰੇ ਘਰਾਂ ਵਿੱਚ ਧੀ ਦੇ ਜਨਮ 'ਤੇ ਚਿਹਰਿਆਂ ਦੀ ਮੁਸਕਰਾਹਟ ਗਾਇਬ ਹੋ ਜਾਂਦੀ ਹੈ। ਇਹੋ ਕਾਰਨ ਹੈ ਕਿ ਲੋਕ ਅਜੇ ਵੀ ਬੱਚੀ ਪੈਦਾ ਹੋਣ 'ਤੇ ਮੁਬਾਰਕਬਾਦ ਕਹਿਣ ਤੋਂ ਝਿਜਕਦੇ ਹਨ ਅਤੇ ਇਹ ਸ਼ਬਦ ਆਪ ਮੁਹਾਰੇ ਰਿਸ਼ਤੇਦਾਰਾਂ, ਸਕੇ ਸਬੰਧੀਆਂ ਦੇ ਮੂੰਹਾਂ 'ਚੋਂ ਨਿਕਲਦੇ ਸੁਣੇ ਜਾਂਦੇ ਹਨ ਕਿ "ਕੋਈ ਗੱਲ ਨਹੀਂ, ਅਗਲੀ ਵਾਰੀ ਪਰਮਾਤਮਾ ਪੁੱਤਰ ਦੀ ਦਾਤ ਜ਼ਰੂਰ ਦੇਵੇਗਾ।" ਇਹ ਇਕ ਸਧਾਰਨ ਵਾਕ ਨਹੀਂ ਬਲਕਿ ਇਹ ਸਮਾਜਿਕ ਮਾਨਸਿਕਤਾ ਦਾ ਪੱਖਪਾਤੀ ਪ੍ਰਗਟਾਵਾ ਹੈ। ਜਿਹੜਾ ਸਮਝ ਜਨਮ ਲੈਂਦੀ ਨੰਨ੍ਹੀ ਜਿੰਦ ਨੂੰ ਲਿੰਗ ਭੇਦ ਦੇ ਪੱਲੇ ਵਿੱਚ ਤੋਲਦਾ ਹੈ, ਉਹ ਮਨੁੱਖਤਾ ਨੂੰ ਕਲੰਕਤ ਕਰਦੇ ਸਵਾਲ ਖੜ੍ਹੇ ਕਰਨ ਦਾ ਦੋਸ਼ੀ ਬਣਦਾ ਹੈ। ਅਸੀਂ ਅਕਸਰ ਧਰਮ, ਸਭਿਆਚਾਰ ਅਤੇ ਵਿਰਾਸਤ ਦੀਆਂ ਵੱਡੀਆਂ ਵੱਡੀਆਂ ਗੱਲਾਂ ਕਰਦੇ ਹਾਂ। ਅਸੀਂ ਕਹਿੰਦੇ ਹਾਂ ਕਿ ਸਾਡੀ ਧਰਤੀ ਗੁਰੂਆਂ ਦੀ ਧਰਤੀ ਹੈ, ਸਾਡੀ ਮਿੱਟੀ ਨੇ ਮਨੁੱਖਤਾ ਦਾ ਪਾਠ ਪੜ੍ਹਾਇਆ ਹੈ।

ਗੁਰਬਾਣੀ ਵਿੱਚ ਗੁਰੂ ਨਾਨਕ ਸਾਹਿਬ ਨੇ ਔਰਤ ਜਾਤ ਨੂੰ ਵੱਡੀ ਵਡਿਆਈ ਦੇ ਕੇ ਨਿਵਾਜਿਆ ਹੈ। ਪਰ ਸਵਾਲ ਇਹ ਹੈ ਕਿ ਕੀ ਅਜੋਕਾ ਸਮਾਜ ਸਚਮੁੱਚ ਉਸ ਰਾਹ 'ਤੇ ਚੱਲ ਰਿਹਾ ਹੈ, ਜਿਸ ਰਾਹ 'ਤੇ ਚੱਲਣ ਦੀ ਗੁਰਬਾਣੀ ਤਾਕੀਦ ਕਰਦੀ ਹੈ। ਕੀ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਦਾ ਅਸਰ ਸਮਾਜ ਨੇ ਕਬੂਲਿਆ ਹੈ,ਜਾਂ ਮਹਿਜ਼ ਪ੍ਰਚਾਰਕ ਛਲਾਵਾ ਹੈ। ਜੇ ਅਸੀਂ ਆਪਣੀ ਸੋਚ ਨੂੰ ਇਤਿਹਾਸ ਦੇ ਦਰਪਣ ਵਿੱਚ ਵੇਖੀਏ ਤਾਂ ਸਪੱਸ਼ਟ ਹੈ ਕਿ ਸਿੱਖ ਇਤਿਹਾਸ ਧੀਆਂ ਦੇ ਸਨਮਾਨ ਨਾਲ ਰੌਸ਼ਨ ਹੈ। ਮਾਤਾ ਗੁਜਰੀ ਜੀ ਦਾ ਅਟੱਲ ਹੌਸਲਾ ਹੋਵੇ ਜਾਂ ਮਾਤਾ ਸਾਹਿਬ ਦੇਵਾਂ ਜੀ ਦਾ ਤਿਆਗ ਅਤੇ ਜਾਂ ਫਿਰ ਮਾਈ ਭਾਗੋ ਦੀ ਸੂਰਬੀਰਤਾ, ਇਹ ਸਮੁੱਚਾ ਵਰਤਾਰਾ ਧੀਆਂ ਨੂੰ ਬਲ ਬਖਸ਼ਦਾ ਹੈ, ਉਹਨਾਂ ਲਈ ਤਾਕਤ ਬਣਦਾ ਹੈ। ਇਸ ਦੇ ਬਾਵਜੂਦ ਵੀ ਪੁੱਤਰ ਨੂੰ ਵੰਸ਼ ਦੀ ਲਕੀਰ ਅਤੇ ਧੀ ਨੂੰ ਪਰਾਇਆ ਧਨ ਹੀ ਸਮਝਿਆ ਜਾਂਦਾ ਹੈ। ਵਿਦੇਸ਼ਾਂ ਵਿੱਚ ਵੱਸਦੇ ਪੰਜਾਬੀਆਂ ਦੀ ਗੱਲ ਹੋਰ ਵੀ ਜ਼ਿਆਦਾ ਖਟਕਦੀ ਹੈ। ਕੈਨੇਡਾ, ਅਮਰੀਕਾ ਵਰਗੇ ਦੇਸ਼, ਜਿੱਥੇ ਕਾਨੂੰਨੀ ਸਮਾਨਤਾ ਅਤੇ ਬਰਾਬਰਤਾ ਦੀ ਗੱਲ ਕੀਤੀ ਜਾਂਦੀ ਹੈ, ਉੱਥੇ ਸਮਾਜ ਦੇ ਲੋਕਾਂ ਦੇ ਘਰਾਂ ਅੰਦਰ ਅੱਜ ਵੀ ਪੁਰਾਣੀ ਸੋਚ ਜਿਉਂ ਦੀ ਤਿਉਂ ਜ਼ਿੰਦਾ ਹੈ। ਬਾਹਰ ਆਧੁਨਿਕਤਾ ਦਾ ਲਿਬਾਸ ਪਾ ਲਿਆ ਜਾਂਦਾ ਹੈ, ਪਰ ਅੰਦਰੋਂ ਅਜੇ ਵੀ ਰਵਾਇਤੀ ਜੰਜ਼ੀਰਾਂ ਨਾਲ ਬੱਝੀ ਮਨਸਿਕਤਾ ਲਿੰਗ ਭੇਦ ਤੋਂ ਖਹਿੜਾ ਨਹੀਂ ਛੁਡਾ ਸਕੀ। ਇਸ ਸੋਚ ਦਾ ਨਤੀਜਾ ਸਿਰਫ਼ ਧੀਆਂ ਨਾਲ ਅਨਿਆਂ ਹੀ ਨਹੀਂ, ਸਮਾਜਿਕ ਸੰਤੁਲਨ ਦੀ ਤਬਾਹੀ ਵੀ ਹੈ। ਜਦੋਂ ਇੱਕ ਪੁੱਤਰ ਨੂੰ ਵਧੇਰੇ ਮਾਣ ਅਤੇ ਧੀ ਨੂੰ ਘੱਟ ਮਹੱਤਵ ਮਿਲਦਾ ਹੈ, ਤਾਂ ਅਸਮਾਨਤਾ ਦੀ ਖਾਈ ਹੋਰ ਗਹਿਰੀ ਹੋ ਰਹੀ ਪਰਤੀਤ ਹੁੰਦੀ ਹੈ। ਇਸ ਖਾਈ ਵਿੱਚੋਂ ਹੀ ਦਹੇਜ, ਘਰੇਲੂ ਹਿੰਸਾ, ਜਾਇਦਾਦੀ ਝਗੜੇ ਅਤੇ ਮਨੋਵਿਗਿਆਨਕ ਦਬਾਅ ਸਮੇਤ ਕਈ ਸਮਾਜਕ ਬੁਰਾਈਆਂ ਜਨਮ ਲੈਂਦੀਆਂ ਹਨ। ਅਸੀਂ ਸਿਰਫ਼ ਇੱਕ ਬੱਚੇ ਨਾਲ ਜਾਂ ਉਹਦੀ ਮਾਂ ਨਾਲ ਹੀ ਨਹੀਂ ਬਲਕਿ ਪੂਰੀ ਪੀੜ੍ਹੀ ਨਾਲ ਅਨਿਆਂ ਕਰ ਰਹੇ ਹੁੰਦੇ ਹਾਂ। ਸਵਾਲ ਇਹ ਹੈ ਕਿ ਪੁੱਤਰ ਦੀ ਵੱਧ ਲੋੜ ਕਿਉਂ। ਕੀ ਬੁੱਢਾਪੇ ਦਾ ਸਹਾਰਾ ਸਿਰਫ਼ ਪੁੱਤਰ ਹੁੰਦਾ ਹੈ। ਅੱਜ ਕਿੰਨੀਆਂ ਧੀਆਂ ਆਪਣੇ ਮਾਪਿਆਂ ਦਾ ਸਹਾਰਾ ਬਣ ਰਹੀਆਂ ਹਨ, ਉਨ੍ਹਾਂ ਦੀ ਸੇਵਾ ਕਰ ਰਹੀਆਂ ਹਨ, ਉਨ੍ਹਾਂ ਦਾ ਨਾਮ ਰੌਸ਼ਨ ਕਰ ਰਹੀਆਂ ਹਨ। ਕਿੰਨੇ ਪੁੱਤਰ ਵੀ ਅਜਿਹੇ ਹਨ ਜੋ ਮਾਪਿਆਂ ਨੂੰ ਇਕੱਲਾ ਛੱਡ ਜਾਂਦੇ ਹਨ। ਸਹਾਰਾ ਪੁੱਤਰ ਜਾਂ ਧੀ ਨਾਲ ਨਹੀਂ, ਬਲਕਿ ਸੰਸਕਾਰਾਂ ਨਾਲ ਬਣਦਾ ਹੈ। ਇਹ ਵੀ ਇਕ ਤਿੱਖੀ ਸਚਾਈ ਹੈ ਕਿ ਜ਼ਿਆਦਾਤਰ ਔਰਤਾਂ ਆਪ ਹੀ ਇਸ ਸੋਚ ਨੂੰ ਅੱਗੇ ਵਧਾਉਂਦੀਆਂ ਹਨ।

ਮਾਂ ਆਪ ਹੀ ਪੁੱਤਰ ਦੀ ਖ਼ਾਹਿਸ਼ ਕਰਦੀ ਹੈ, ਸੱਸ ਆਪ ਹੀ ਧੀ ਦੇ ਜਨਮ 'ਤੇ ਨਿਰਾਸ਼ ਹੋ ਜਾਂਦੀ ਹੈ। ਇਹ ਗੁਲਾਮੀ ਦੀ ਮਾਨਸਿਕਤਾ ਪੀੜ੍ਹੀ ਦਰ ਪੀੜ੍ਹੀ ਸੌਂਪੀ ਗਈ ਹੈ। ਜਦ ਤੱਕ ਔਰਤ ਖੁਦ ਇਸ ਸੋਚ ਤੋਂ ਆਜ਼ਾਦ ਨਹੀਂ ਹੋਵੇਗੀ, ਤਦ ਤੱਕ ਅਸਲੀ ਬਦਲਾਅ ਮੁਸ਼ਕਲ ਹੈ। ਸਰਕਾਰਾਂ ਅਤੇ ਸੰਸਥਾਵਾਂ ਨੇ ਕਈ ਮੁਹਿੰਮਾਂ ਚਲਾਈਆਂ, ਬੇਟੀ ਬਚਾਓ, ਬੇਟੀ ਪੜ੍ਹਾਓ ਵਰਗੇ ਨਾਅਰੇ ਦਿੱਤੇ। ਪਰ ਨਾਅਰੇ ਕਾਫ਼ੀ ਨਹੀਂ ਬਲਕਿ ਅਮਲਾਂ ਦੀ ਲੋੜ ਹੈ। ਅਸਲੀ ਲੜਾਈ ਘਰ ਦੇ ਅੰਦਰ ਲੜੀ ਜਾਣੀ ਹੈ। ਜਦੋਂ ਪਿਤਾ ਧੀ ਦੇ ਜਨਮ 'ਤੇ ਮਾਣ ਨਾਲ ਸਿਰ ਉੱਪਰ ਕਰੇਗਾ, ਜਦੋਂ ਮਾਂ ਧੀ ਨੂੰ ਪੁੱਤਰ ਵਾਂਗ ਹੀ ਅਧਿਕਾਰ ਦੇਵੇਗੀ, ਜਦੋਂ ਦਾਦੇ-ਦਾਦੀਆਂ ਧੀ ਨੂੰ ਵੰਸ਼ ਦੀ ਲਾਜ ਮੰਨਣਗੇ, ਉਸ ਦਿਨ ਇਹ ਸੋਚ ਟੁੱਟੇਗੀ। ਮੀਡੀਆ ਅਤੇ ਧਾਰਮਿਕ ਮੰਚਾਂ ਨੂੰ ਵੀ ਆਪਣੀ ਭੂਮਿਕਾ ਨਿਭਾਉਣੀ ਪਵੇਗੀ। ਉਪਦੇਸ਼ ਸਿਰਫ਼ ਰਸਮ ਨਹੀਂ ਰਹਿਣੇ ਚਾਹੀਦੇ, ਬਲਕਿ ਸਮਾਜਕ ਬਦਲਾਅ ਲਈ ਖੁੱਲ੍ਹ ਕੇ ਗੱਲ ਕੀਤੀ ਜਾਣੀ ਚਾਹੀਦੀ ਹੈ। ਗੁਰਦੁਆਰਾ ਸਾਹਿਬਾਨਾਂ ਅਤੇ ਸਮਾਜਕ ਸਭਾਵਾਂ ਵਿੱਚ ਧੀਆਂ ਦੇ ਸਨਮਾਨ ਨੂੰ ਯਕੀਨੀ ਬਣਾਉਣ ਲਈ ਉਪਰਾਲੇ ਹੋਣ। ਸਿੱਖਿਆ ਪ੍ਰਣਾਲੀ ਵਿੱਚ ਬੱਚਿਆਂ ਨੂੰ ਛੋਟੀ ਉਮਰ ਤੋਂ ਹੀ ਲਿੰਗ ਸਮਾਨਤਾ ਦਾ ਪਾਠ ਪੜ੍ਹਾਇਆ ਜਾਵੇ। ਇਹ ਲਿਖਤ ਅਲੋਚਨਾ ਨਹੀਂ ਬਲਕਿ ਇਕ ਅਪੀਲ ਸਮਝੀ ਜਾਣੀ ਚਾਹੀਦੀ। ਮਹਿਜ਼ ਵਿਦੇਸ਼ੀ ਪਾਸਪੋਰਟ ਹੀ ਸੋਚ ਨੂੰ ਆਧੁਨਿਕ ਨਹੀਂ ਬਣਾ ਸਕਦਾ। ਅਸਲ ਆਧੁਨਿਕਤਾ ਮਨੁੱਖੀ ਸਮਾਨਤਾ ਨੂੰ ਸਵੀਕਾਰ ਕਰਨ ਨਾਲ ਆਉਂਦੀ ਹੈ। ਸਮਾਜ ਦੀ ਮਜ਼ਬੂਤੀ ਪੁੱਤਰਾਂ ਨਾਲ ਨਹੀਂ, ਸੰਤੁਲਨ ਨਾਲ ਹੁੰਦੀ ਹੈ। ਧੀ ਅਤੇ ਪੁੱਤਰ ਦੋਵੇਂ ਜੀਵਨ ਦੇ ਦੋ ਪੱਖ ਹਨ। ਇਕ ਨੂੰ ਘੱਟ ਕਰਕੇ ਦੂਜੇ ਨੂੰ ਵੱਡਾ ਕਰਨ ਦੀ ਕੋਸ਼ਿਸ਼ ਅਸਲ ਵਿੱਚ ਆਪਣੇ ਪਰਿਵਾਰ ਨੂੰ ਗੁਰੂ ਸਾਹਿਬਾਨ ਦੀ ਸਿੱਖਿਆਂ ਤੋਂ ਵਾਂਝਾ ਰੱਖਣ ਵਰਗਾ ਵਰਤਾਰਾ ਹੈ। ਜਦੋਂ ਔਰਤ ਦੇ ਸਬੰਧ ਵਿੱਚ ਗੁਰਬਾਣੀ ਸਿਧਾਂਤ :-

ਸੋ ਕਿਉ ਮੰਦਾ ਅਖੀਐ ਜਿਤੁ ਜੰਮਹਿ ਰਾਜਾਨੁ

ਚੇਤਿਆਂ ਵਿੱਚ ਵਸ ਜਾਵੇਗਾ ਉਦੋਂ ਸਮਾਜ ਸਹੀ ਅਰਥਾਂ ਵਿੱਚ ਪ੍ਰਗਤੀਸ਼ੀਲ ਕਹਾਉਣ ਦੇ ਕਾਬਲ ਹੋ ਜਾਵੇਗਾ।

ਸੰਜੀਵ ਚੋਪੜਾ
ਲੇਖਕ ਖੁਰਾਕ ਅਤੇ ਜਨਤਕ ਵੰਡ ਵਿਭਾਗ ਦੇ ਸਕੱਤਰ ਹਨ)

# ਪਾਰਦਰਸ਼ਿਤਾ ਤੋਂ ਜਵਾਬਦੇਹੀ ਵੱਲ: ਭਾਰਤ ਦੇ ਖੁਰਾਕ ਸੁਰੱਖਿਆ ਢਾਂਚੇ ਵਿੱਚ ਏਆਈ ਦੀ ਭੂਮਿਕਾ

ਪਿਛਲੇ ਇੱਕ ਦਹਾਕੇ ਦੌਰਾਨ, ਭਾਰਤ ਨੇ ਬੇਮਿਸਾਲ ਪੈਮਾਨੇ 'ਤੇ ਆਪਣੇ ਖੁਰਾਕ ਸੁਰੱਖਿਆ ਢਾਂਚੇ ਦਾ ਡਿਜੀਟਲੀਕਰਣ ਕੀਤਾ ਹੈ। ਖਰੀਦ ਅਤੇ ਭੰਡਾਰਣ ਤੋਂ ਲੈ ਕੇ ਆਵਾਜਾਈ, ਵੰਡ ਅਤੇ ਸਬਸਿਡੀ ਦੇ ਨਿਪਟਾਰੇ ਤੱਕ, ਮੁੱਲ ਲੜੀ ਦਾ ਹਰ ਪੜਾਅ ਹੁਣ ਡਿਜ਼ੀਟਲ ਪ੍ਰਣਾਲੀਆਂ ਦੁਆਰਾ ਸੰਚਾਲਿਤ ਹੈ। ਇਹ ਵਿਵਸਥਾ ਨਿਰੰਤਰ ਸੰਚਾਲਨ ਨਾਲ ਜੁੜੇ ਅੰਕੜੇ ਸਿਰਜਣ ਦੇ ਨਾਲ-ਨਾਲ ਹਰ ਮਹੀਨੇ ਲਗਭਗ 80 ਕਰੋੜ ਲਾਭਾਰਥੀਆਂ ਨੂੰ ਸੇਵਾਵਾਂ ਪ੍ਰਦਾਨ ਕਰ ਰਹੀ ਹੈ।

ਸ਼ਾਸਨ ਸਬੰਧੀ ਅਗਲੀ ਚੁਣੌਤੀ ਇਸ ਪਾਰਦਰਸ਼ਿਤਾ ਨੂੰ ਪ੍ਰਸ਼ਾਸਨਿਕ ਜਵਾਬਦੇਹੀ ਵਿੱਚ ਬਦਲਣਾ ਹੈ। ਸਿਰਫ਼ ਦਿਖਣਾ ਹੀ ਕਾਫੀ ਨਹੀਂ ਹੈ, ਸਗੋਂ ਇਸ ਪ੍ਰਣਾਲੀ ਨੂੰ ਪੈਟਰਨ ਦੀ ਵਿਆਖਿਆ ਕਰਨ, ਜੋਖਿਮਾਂ ਨੂੰ ਪ੍ਰਾਥਮਿਕਤਾ ਦੇਣ ਅਤੇ ਸਮੇਂ ਸਿਰ ਪ੍ਰਤੀਕਿਰਿਆ ਕਰਨ ਵਿੱਚ ਵੀ ਸਮਰੱਥ ਹੋਣਾ ਚਾਹੀਦਾ ਹੈ। ਇਸ ਬਦਲਾਅ ਨੂੰ ਦੇਖਦੇ ਹੋਏ, ਕੇਂਦਰ ਸਰਕਾਰ ਪੂਰੀ ਪ੍ਰਣਾਲੀ ਵਿੱਚ ਫੈਸਲੇ ਲੈਣ ਦੀ ਪ੍ਰਕਿਰਿਆ ਨੂੰ ਮਜ਼ਬੂਤ ਕਰਨ ਦੇ ਉਦੇਸ਼ ਨਾਲ ਆਰਟੀਫਿਸ਼ੀਅਲ ਇੰਟੈਲੀਜੈਂਸ (ਏਆਈ) ਦਾ ਉਪਯੋਗ ਕਰ ਰਹੀ ਹੈ।

ਖਰੀਦ ਪ੍ਰਕਿਰਿਆ ਦੇ ਦੌਰਾਨ, ਭਾਰਤੀ ਖੁਰਾਕ ਨਿਗਮ (ਐੱਫਸੀਆਈ) ਨੂੰ ਕਟਾਈ ਤੋਂ ਬਾਅਦ ਸਪਲਾਈ ਕੀਤੇ ਗਏ ਚੌਲਾਂ ਦੀ ਗੁਣਵੱਤਾ ਦਾ ਮੁਲਾਂਕਣ ਟੁੱਟੇ ਹੋਏ ਦਾਣਿਆਂ ਦੇ ਪ੍ਰਤੀਸ਼ਤ, ਅਸ਼ੁੱਧੀਆਂ ਅਤੇ ਰੰਗ ਵਿੱਚ ਬਦਲਾਅ ਜਿਹੇ ਨਿਰਧਾਰਿਤ ਮਾਪਦੰਡਾਂ ਦੇ ਅਧਾਰ 'ਤੇ ਦ੍ਰਿਸ਼ ਅਧਾਰਿਤ ਮੁਲਾਂਕਣ 'ਤੇ ਨਿਰਭਰ ਕਰਦਾ ਹੈ। ਵੱਡੇ ਪੱਧਰ 'ਤੇ,ਮਨੁੱਖੀ ਵਿਅਕਤੀਗਤਤਾ ਕਾਰਨ ਨਤੀਜੇ ਵੱਖ-ਵੱਖ ਹੋ ਸਕਦੇ ਹਨ। ਇਸ ਲਈ, ਏਆਈ ਨਾਲ ਲੈਸ ਸਵੈਚਾਲਿਤ ਅਨਾਜ ਵਿਸ਼ਲੇਸ਼ਕ (ਏਜੀਏ) ਦਾ ਇਸਤੇਮਾਲ ਤਸਵੀਰ-ਅਧਾਰਿਤ ਵਿਸ਼ਲੇਸ਼ਣ ਰਾਹੀਂ ਇਨ੍ਹਾਂ ਮਾਪਦੰਡਾਂ ਦਾ ਮੁਲਾਂਕਣ ਕਰਨ ਲਈ ਕੀਤਾ ਜਾ ਰਿਹਾ ਹੈ। ਮਾਪ ਨੂੰ ਮਿਆਰੀਕ੍ਰਿਤ ਕਰਕੇ ਅਤੇ ਵਿਅਕਤੀਗਤਤਾ ਨੂੰ ਘਟਾ ਕੇ, ਇਹ ਪ੍ਰਣਾਲੀਆਂ ਮੌਜੂਦਾ ਖਰੀਦ ਮਾਪਦੰਡਾਂ ਦੇ ਅੰਦਰ ਕੰਮ ਕਰਦੀਆਂ ਹੋਈਆਂ ਗੁਣਵੱਤਾ ਦੀ ਪੁਸ਼ਟੀ ਵਿੱਚ ਨਿਰੰਤਰਤਾ ਨੂੰ ਬਿਹਤਰ ਬਣਾ ਰਹੀਆਂ ਹਨ।

ਐੱਫਸੀਆਈ ਅਤੇ ਸੈਂਟ੍ਰਲ ਵੇਅਰਹਾਊਸਿੰਗ ਕਾਰਪੋਰੇਸ਼ਨ (ਸੀਡਬਲਿਊਸੀ) ਦੁਆਰਾ ਸੰਚਾਲਿਤ ਭੰਡਾਰਣ ਕੇਂਦਰਾਂ ਵਿੱਚ, ਨਿਗਰਾਨੀ ਨੂੰ ਮਜ਼ਬੂਤ ਕਰਨ ਲਈ ਆਈਓਟੀ-ਅਧਾਰਿਤ ਨਿਗਰਾਨੀ ਪ੍ਰਣਾਲੀਆਂ ਦੀ ਸ਼ੁਰੂਆਤ ਕੀਤੀ ਜਾ ਰਹੀ ਹੈ। ਸੈਂਸਰ ਤਾਪਮਾਨ, ਨਮੀ, ਫਫੂੰਦ ਅਤੇ ਕਾਰਬਨ ਡਾਈਆਕਸਾਈਡ ਦੇ ਪੱਧਰਾਂ ਨੂੰ ਮਾਪਦੇ ਹਨ, ਜਦਕਿ ਏਆਈ ਨਾਲ ਲੈਸ ਕੰਪਿਊਟਰ ਵਿਜ਼ਨ ਟੂਲ ਆਟੋਮੈਟਿਕ ਤਰੀਕੇ ਨਾਲ ਬੋਰੀਆਂ ਦੀ ਗਿਣਤੀ ਅਤੇ ਸਟਾਕ ਦੀ ਪੁਸ਼ਟੀ ਕਰਨ ਵਿੱਚ ਮਦਦ ਕਰਦੇ ਹਨ। ਇਹ ਪ੍ਰਣਾਲੀਆਂ ਮਾਲ-ਸੂਚੀ (ਇਨਵੈਂਟਰੀ) ਅਤੇ ਵਾਤਾਵਰਣੀ ਸਥਿਤੀਆਂ ਨਾਲ ਸਬੰਧਤ ਨਿਰੰਤਰ ਅੰਕੜੇ ਤਿਆਰ ਕਰਦੀਆਂ ਹਨ। ਡੀਐੱਫਪੀਡੀ ਦੇ ਵੇਅਰਹਾਊਸ ਗ੍ਰੇਡਿੰਗ ਪਲੇਟਫਾਰਮ 'ਡਿਪੋ ਦਰਪਣ' ਨਾਲ ਏਕੀਕ੍ਰਿਤ, ਇਸ ਅੰਕੜੇ ਦਾ ਵਿਸ਼ਲੇਸ਼ਣ ਪ੍ਰਿਡਿਕਟਿਵ ਐਨਾਲਿਟਿਕਸ ਦਾ ਉਪਯੋਗ ਕਰਕੇ ਖਰਾਬ ਹੋਣ ਦੇ ਜੋਖਮ, ਸਟਾਕ ਸਬੰਧੀ ਵਿਸੰਗਤੀਆਂ ਅਤੇ ਪਾਲਣਾ ਦੀਆਂ ਕਮੀਆਂ ਨਾਲ ਜੁੜੇ ਪੈਟਰਨ ਦੀ ਪਛਾਣ ਕਰਨ ਲਈ ਕੀਤੀ ਜਾ ਸਕਦੀ ਹੈ, ਤਾਂ ਜੋ ਜਲਦੀ ਅਤੇ ਮੁਕਾਬਲਤਨ ਵਧੇਰੇ ਜੋਖਮ-ਅਧਾਰਿਤ ਨਿਗਰਾਨੀ ਨਾਲ ਜੁੜੀ ਕਾਰਵਾਈ ਸੰਭਵ ਹੋ ਸਕੇ। ਅਨਾਜਾਂ ਦੀ ਆਵਾਜਾਈ ਦੌਰਾਨ, ਮਾਰਗ ਅਨੁਕੂਲਨ ਉਪਕਰਣਾਂ ('ਅੰਨ ਚੱਕਰ') ਦੀ ਵਰਤੋਂ ਕਰਕੇ ਜਿੱਥੇ ਆਵਾਜਾਈ ਦੀ ਯੋਜਨਾ ਬਣਾਈ ਜਾਂਦੀ ਹੈ, ਉੱਥੇ ਹੀ ਵ੍ਹੀਕਲ ਲੋਕੇਸ਼ਨ ਟ੍ਰੈਕਿੰਗ ਸਿਸਟਮ (ਵੀਐੱਲਟੀਐੱਸ) ਟਰੱਕ ਦੀ ਆਵਾਜਾਈ ਨਾਲ ਜੁੜੇ ਅਸਲ ਸਮੇਂ ਦੇ ਜੀਪੀਐੱਸ-ਅਧਾਰਤ ਅੰਕੜੇ ਤਿਆਰ ਕਰਦੇ ਹਨ। ਰਾਜਾਂ ਨੇ ਮਾਰਗ ਅਨੁਕੂਲ ਦੇ ਰਾਹੀਂ ਲਗਭਗ 238 ਕਰੋੜ ਰੁਪਏ ਦੀ ਸਲਾਨਾ ਬਚਤ ਕੀਤੀ ਹੈ। ਮਾਰਗ ਸਬੰਧੀ ਯੋਜਨਾਵਾਂ ਭਲੇ ਹੀ ਵਧੀਆ ਢੰਗ ਨਾਲ ਬਣੀਆਂ ਹੋਣ, ਪਰ ਰਾਜਾਂ ਵਿੱਚ ਹਜ਼ਾਰਾਂ ਯਾਤਰਾਵਾਂ ਦੀ ਨਿਗਰਾਨੀ ਕਰਨਾ ਸੰਚਾਲਨ ਸਬੰਧੀ ਚੁਣੌਤੀਆਂ ਪੇਸ਼ ਕਰਦਾ ਹੈ। ਆਵਾਜਾਈ ਸਬੰਧੀ ਅੰਕੜਿਆਂ ਦਾ ਵਿਸ਼ਲੇਸ਼ਣ ਕਰਨ ਅਤੇ ਵਾਰ-ਵਾਰ ਹੋਣ ਵਾਲੇ ਮਾਰਗ ਤੋਂ ਹਟਾਅ, ਅਸਧਾਰਣ ਦੇਰੀ ਜਾਂ ਅਸਧਾਰਣ ਰੁਕਾਵਟਾਂ ਦੀ ਪਛਾਣ ਕਰਨ ਦੇ ਉਦੇਸ਼ ਨਾਲ ਏਆਈ-ਅਧਾਰਿਤ ਪੈਟਰਨ ਦਾ ਪਤਾ ਲਗਾਉਣ ਅਤੇ ਵਿਸੰਗਤੀਆਂ ਦੀ ਪਛਾਣ ਕਰਕੇ ਯੋਜਨਾ ਬਣਾਈ ਜਾ ਰਹੀ ਹੈ। ਇਹ ਵਿਸ਼ਲੇਸ਼ਣ ਨਿਗਰਾਨੀ ਨੂੰ ਮਜ਼ਬੂਤ ਕਰਦੇ ਹਨ ਅਤੇ ਆਵਾਜਾਈ ਸੰਚਾਲਨ ਦੇ ਮੁਕਾਬਲਤਨ ਵਧੇਰੇ ਕੇਂਦ੍ਰਿਤ ਤਸਦੀਕ ਨੂੰ ਸੰਭਵ ਬਣਾ ਰਹੇ ਹਨ।

ਵੰਡ ਵਾਲੇ ਪੜਾਅ ਵਿੱਚ, ਰਾਜਾਂ ਦੁਆਰਾ ਰੱਖੇ ਗਏ ਲਾਭਾਰਥੀਆਂ ਦੇ ਰਿਕਾਰਡ ਨੂੰ ਸਮਾਰਟ-ਪੀਡੀਐੱਸ ਪਲੈਟਫਾਰਮ ਦੇ ਤਹਿਤ ਇਕੱਠਾ ਕੀਤਾ ਜਾਂਦਾ ਹੈ। ਇਸ ਨਾਲ ਰਾਸ਼ਨ ਕਾਰਡਾਂ ਦਾ ਇੱਕ ਏਕੀਕ੍ਰਿਤ ਰਾਸ਼ਟਰੀ ਭੰਡਾਰ ਤਿਆਰ ਹੁੰਦਾ ਹੈ। ਇਹੀ ਨਹੀਂ, ਇਸ ਨਾਲ ਰਾਜਾਂ ਦੁਆਰਾ ਪਰਿਭਾਸ਼ਿਤ ਮਾਪਦੰਡਾਂ ਦੇ ਤਹਿਤ ਸੰਭਾਵਿਤ ਤੌਰ 'ਤੇ ਅਯੋਗ ਕਾਰਡਾਂ ਦੀ ਪਛਾਣ ਕਰਨ ਲਈ ਹੋਰ ਸਰਕਾਰੀ ਡੇਟਾਬੇਸ ਨਾਲ ਸੱਚਾਈ ਦੀ ਪੁਸ਼ਟੀ (ਕ੍ਰਾਸ-ਵੈਰੀਫਿਕੇਸ਼ਨ) ਵੀ ਸੰਭਵ ਹੋ ਪਾਉਂਦੀ ਹੈ। ਹੁਣ ਤੱਕ, ਇਸ ਤਰ੍ਹਾਂ ਦੀ ਜਾਂਚ ਰਾਹੀਂ 8.51 ਕਰੋੜ ਰਾਸ਼ਨ ਕਾਰਡਾਂ ਨੂੰ ਚਿੰਨ੍ਹਿਤ ਕੀਤਾ ਗਿਆ ਹੈ। ਇਨ੍ਹਾਂ ਵਿੱਚੋਂ 2.18 ਕਰੋੜ ਕਾਰਡਾਂ ਨੂੰ ਰਾਜ ਸਰਕਾਰਾਂ ਦੁਆਰਾ ਉੱਚਿਤ ਪ੍ਰਕਿਰਿਆ ਤੋਂ ਬਾਅਦ ਹਟਾ ਦਿੱਤਾ ਗਿਆ ਹੈ। ਹਾਲਾਂਕਿ, ਨਾਮਾਂ, ਪਤਿਆਂ, ਆਧਾਰ ਸੀਡਿੰਗ ਅਤੇ ਪਰਿਵਾਰ ਦੀ ਸੰਰਚਨਾ ਵਿੱਚ ਗਲਤੀਆਂ ਵੱਡੇ ਪੱਧਰ 'ਤੇ ਨਿਯਮ-ਅਧਾਰਿਤ ਜਾਂਚ ਦੀ ਪ੍ਰਭਾਵਸ਼ੀਲਤਾ ਨੂੰ ਸੀਮਿਤ ਕਰ ਸਕਦੀਆਂ ਹਨ। ਸੰਭਾਵਿਤ ਨਕਲ, ਸਬੰਧਿਤ ਪਛਾਣਾਂ ਅਤੇ ਅਸਧਾਰਣ ਪਰਿਵਾਰਾਂ ਦੀ ਪਛਾਣ ਕਰਨ ਲਈ ਮਸ਼ੀਨ ਲਰਨਿੰਗ 'ਤੇ ਅਧਾਰਿਤ ਅੰਕੜਿਆਂ ਦੇ ਮਿਲਾਣ ਦੀ ਤਕਨੀਕਾਂ ਦਾ ਉਪਯੋਗ ਕਰਨ ਦੀ ਯੋਜਨਾ ਬਣਾਈ ਜਾ ਰਹੀ ਹੈ। ਇਸ ਦੇ ਨਤੀਜੇ ਵਜੋਂ ਪ੍ਰਾਪਤ ਹੋਣ ਵਾਲੇ ਜੋਖਮ ਸਬੰਧੀ ਸੰਕੇਤ ਰਾਜਾਂ ਦੁਆਰਾ ਲਕਸ਼ਿਤ ਤਸਦੀਕ ਵਿੱਚ ਮਦਦ ਕਰਨਗੇ ਅਤੇ ਜਿਸ ਨਾਲ ਮੌਜੂਦਾ ਯੋਗਤਾ ਮਾਪਦੰਡਾਂ ਦੇ ਅੰਦਰ ਸਟੀਕਤਾ ਹੋਰ ਬਿਹਤਰ ਹੋਵੇਗੀ।

ਲਾਭਾਰਥੀਆਂ ਦੀ ਸ਼ਿਕਾਇਤਾਂ ਸੇਵਾਵਾਂ ਦੀ ਸਪਲਾਈ ਅਤੇ ਅਨਾਜ ਦੀ ਗੁਣਵੱਤਾ ਬਾਰੇ ਮਹੱਤਵਪੂਰਨ ਸੰਕੇਤ ਦਿੰਦੀਆਂ ਹਨ। ਸ਼ਿਕਾਇਤ ਦਰਜ ਕਰਵਾਉਣ ਲਈ ਕਈ ਸਾਧਨ (ਔਨਲਾਈਨ ਪੋਰਟਲ, ਕਾਲ ਸੈਂਟਰ, ਵ੍ਹਟਸਐਪ ਅਤੇ ਆਈਵੀਆਰਐੱਸ ਸਮੇਤ) ਮੌਜੂਦ ਹਨ, ਪਰ ਸ਼ਿਕਾਇਤਾਂ ਦੀ ਸੰਖਿਆ ਅਤੇ ਭਾਸ਼ਾਈ ਵਿਭਿੰਨਤਾ ਕਾਰਨ ਸਮੇਂ 'ਤੇ ਉਨ੍ਹਾਂ ਦਾ ਨਿਪਟਾਰਾ ਅਤੇ ਸਮਾਧਾਨ ਕਰਨਾ ਮੁਸ਼ਕਲ ਹੋ ਜਾਂਦਾ ਹੈ। ਸਰਕਾਰ ਨੇ ਅੰਨ ਸਹਾਇਤਾ ਹੋਲਿਸਟਿਕ ਏਆਈ ਸਲਿਊਸ਼ਨ (ਆਸ਼ਾ) ਦੀ ਸ਼ੁਰੂਆਤ ਕੀਤੀ ਹੈ, ਜੋ ਬਹੁਭਾਸ਼ੀ ਵੌਇਸ ਆਊਟਰੀਚ ਅਤੇ ਏਆਈ-ਅਧਾਰਿਤ ਵਿਸ਼ਲੇਸ਼ਣ ਦੀ ਵਰਤੋਂ ਕਰਕੇ ਲਾਭਾਰਥੀਆਂ ਤੋਂ ਵਿਵਸਥਿਤ ਫੀਡਬੈਕ ਇਕੱਠਾ ਕਰਦਾ ਹੈ। ਸਵੈਚਾਲਿਤ ਵਰਗੀਕਰਣ ਅਤੇ ਭਾਵਨਾਵਾਂ ਦੇ ਵਿਸ਼ਲੇਸ਼ਣ ਨਾਲ ਪ੍ਰਸ਼ਾਸਕਾਂ ਲਈ ਡੈਸ਼ਬੋਰਡ ਤਿਆਰ ਕਰਦੇ ਹਨ, ਜਿਸ ਨਾਲ ਪ੍ਰਾਥਮਿਕਤਾਵਾਂ ਦੇ ਨਿਰਧਾਰਣ ਅਤੇ ਪ੍ਰਤੀਕਿਰਿਆ ਵਿੱਚ ਲਗਣ ਵਾਲੇ ਸਮੇਂ ਵਿੱਚ ਸੁਧਾਰ ਹੁੰਦਾ ਹੈ। ਆਸ਼ਾ ਵਰਤਮਾਨ ਵਿੱਚ ਹਰ ਮਹੀਨੇ ਲਗਭਗ 20 ਲੱਖ ਲਾਭਾਰਥੀਆਂ ਤੱਕ ਪਹੁੰਚਦੀ ਹੈ ਅਤੇ ਪੂਰੇ ਦੇਸ਼ ਵਿੱਚ ਇਸ ਦਾ ਵਿਸਥਾਰ ਕੀਤਾ ਜਾ ਰਿਹਾ ਹੈ।

ਅੰਤ ਵਿੱਚ ਰਾਜ ਸਰਕਾਰਾਂ ਖਰੀਦ ਲਾਗਤ ਕੰਪੋਨੈਂਟਸ ਨਾਲ ਸਬੰਧਿਤ ਸਹਾਇਕ ਦਸਤਾਵੇਜ਼ਾਂ ਦੇ ਨਾਲ ਐੱਨਐੱਫਐੱਸਏ ਲਈ ਸਬਸਿਡੀ ਦਾਅਵੇ (ਸਕੈਨ) ਪੋਰਟਲ ਰਾਹੀਂ ਸਬਸਿਡੀ ਸਬੰਧੀ ਦਾਅਵਿਆਂ ਨੂੰ ਪੇਸ਼ ਕਰਦੀਆਂ ਹਨ। ਫਾਰਮੈਟ ਅਤੇ ਚੈਕਲਿਸਟ ਭਲੇ ਹੀ ਮਿਆਰੀਕ੍ਰਿਤ ਹਨ, ਪਰ ਅਧੂਰੇ, ਬੇਮੇਲ ਜਾਂ ਅਸਪਸ਼ਟ ਦਸਤਾਵੇਜ਼ਾਂ ਕਾਰਨ ਜਾਂਚ ਅਤੇ ਭੁਗਤਾਨ ਵਿੱਚ ਦੇਰੀ ਹੋ ਸਕਦੀ ਹੈ। ਦਸਤਾਵੇਜ਼ਾਂ ਦੀ ਪ੍ਰਸੰਗਿਕਤਾ, ਡੇਟਾ ਦੀ ਨਿਰੰਤਰਤਾ ਅਤੇ ਅਪਲੋਡ ਦੀ ਸਪਸ਼ਟਤਾ ਦੀ ਪੁਸ਼ਟੀ ਕਰਨ ਲਈ ਏਆਈ-ਅਧਾਰਿਤ ਦਸਤਾਵੇਜ਼ ਤਸਦੀਕ ਅਤੇ ਗੁਣਵੱਤਾ ਮੁਲਾਂਕਣ ਦੀ ਵਰਤੋਂ ਕੀਤੀ ਜਾ ਰਹੀ ਹੈ। ਇਸ ਨਾਲ ਵਾਰ-ਵਾਰ ਦੀ ਪੁੱਛਗਿੱਛ ਘੱਟ ਹੁੰਦੀ ਹੈ ਅਤੇ ਦਾਅਵਿਆਂ ਦੇ ਨਿਪਟਾਰੇ ਦੀ ਪ੍ਰਕਿਰਿਆ ਵਿੱਚ ਕੁਸ਼ਲਤਾ ਅਤੇ ਨਿਰੰਤਰਤਾ ਬਿਹਤਰ ਹੁੰਦੀ ਹੈ। ਭਾਰਤ ਦੇ ਖੁਰਾਕ ਸਬਸਿਡੀ ਢਾਂਚੇ ਨੇ ਡਿਜੀਟਾਈਜ਼ੇਸ਼ਨ ਦੇ ਜ਼ਰੀਏ ਪਹਿਲਾਂ ਹੀ ਬਰਬਾਦੀ ਨੂੰ ਘੱਟ ਕਰ ਦਿੱਤਾ ਹੈ। ਅਗਲਾ ਬਦਲਾਅ ਜਵਾਬਦੇਹੀ ਵਿੱਚ ਨਿਹਿਤ ਹੈ। ਖਰੀਦ, ਭੰਡਾਰਣ, ਆਵਾਜਾਈ, ਵੰਡ ਅਤੇ ਦਾਅਵਿਆਂ ਦੇ ਨਿਪਟਾਰੇ ਦੀ ਪ੍ਰਕਿਰਿਆ ਵਿੱਚ ਏਆਈ ਨੂੰ ਸ਼ਾਮਲ ਕਰਕੇ, ਇਹ ਪ੍ਰਣਾਲੀ ਜੋਖਮਾਂ ਦਾ ਜਲਦੀ ਪਤਾ ਲਗਾਉਣ, ਗਲਤੀਆਂ ਨੂੰ ਤੇਜ਼ੀ ਨਾਲ ਸੁਧਾਰਨ ਅਤੇ ਲਾਭਾਰਥੀਆਂ ਨੂੰ ਉਨ੍ਹਾਂ ਦਾ ਹੱਕ ਸਮੇਂ 'ਤੇ ਦਿਵਾਉਣ ਵਿੱਚ ਵਧੇਰੇ ਸਮਰੱਥ ਹੋ ਜਾਂਦੀ ਹੈ। ਕੁੱਲ 80 ਕਰੋੜ ਤੋਂ ਵੱਧ ਲੋਕਾਂ ਲਈ ਖੁਰਾਕ ਸੁਰੱਖਿਆ ਨੂੰ ਯਕੀਨੀ ਬਣਾਉਣ ਵਾਲੇ ਇਸ ਪ੍ਰੋਗਰਾਮ ਵਿੱਚ, ਵਧੇਰੇ ਜਵਾਬਦੇਹੀ ਕੋਈ ਮਾਮੂਲੀ ਸੁਧਾਰ ਨਹੀਂ ਸਗੋਂ ਸਮਾਜਿਕ ਸੁਰੱਖਿਆ ਢਾਂਚੇ ਦੀ ਸੰਰਚਨਾਤਮਕ ਮਜ਼ਬੂਤੀ ਦਾ ਪ੍ਰਤੀਕ ਹੈ।




# ਖ਼ਾਲਸਾ ਕਾਲਜ ਗਵਰਨਿੰਗ ਕੌਂਸਲ ਦੇ '136ਵੇਂ ਸਥਾਪਨਾ ਦਿਵਸ' 'ਤੇ ਧਾਰਮਿਕ ਸਮਾਗਮ

## ਗਵਰਨਿੰਗ ਕੌਂਸਲ ਸਿੱਖਿਆ ਦੇ ਨਾਲ-ਨਾਲ ਨੈਤਿਕ ਅਤੇ ਧਾਰਮਿਕ ਮੁੱਲਾਂ ਨੂੰ ਮਜ਼ਬੂਤ ਕਰਨ ਲਈ ਵਚਨਬੱਧ : ਮਜੀਠੀਆ





ਅੰਮ੍ਰਿਤਸਰ, 22 ਫ਼ਰਵਰੀ (ਗੁਰਦਿਆਲ ਸਿੰਘ): ਖਾਲਸਾ ਕਾਲਜ ਗਵਰਨਿੰਗ ਕੌਂਸਲ ਹਮੇਸ਼ਾਂ ਤੋਂ ਹੀ ਸਿੱਖਿਆ ਦੇ ਨਾਲ-ਨਾਲ ਨੈਤਿਕ ਅਤੇ ਧਾਰਮਿਕ ਮੁੱਲਾਂ ਨੂੰ ਮਜ਼ਬੂਤ ਕਰਨ ਲਈ ਵਚਨਬੱਧ ਰਹੀ ਹੈ। 22 ਫਰਵਰੀ 1890 'ਚ ਸਥਾਪਿਤ ਕੀਤੀ ਗਈ ਇਹ ਮਹਾਨ ਸੰਸਥਾ ਸਿਰਫ਼ ਇਕ ਸਿੱਖਿਆ ਸੰਸਥਾ ਹੀ ਨਹੀਂ, ਸਗੋਂ ਇਕ ਅਜਿਹਾ ਅੰਦੋਲਨ ਹੈ ਜਿਸ ਨੇ ਪੰਜਾਬ 'ਚ ਆਧੁਨਿਕ ਵਿੱਦਿਆ ਦੇ ਪ੍ਰਸਾਰ 'ਚ ਅਹਿਮ ਭੂਮਿਕਾ ਨਿਭਾਈ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਅੱਜ ਖਾਲਸਾ ਯੂਨੀਵਰਸਿਟੀ ਦੇ ਚਾਂਸਲਰ ਅਤੇ ਕੌਂਸਲ ਦੇ ਪ੍ਰਧਾਨ ਸੱਤਿਆਜੀਤ ਸਿੰਘ ਮਜੀਠੀਆ ਨੇ ਕਾਲਜ ਕੈਂਪਸ ਸਥਿਤ ਗੁਰਦੁਆਰਾ ਸਾਹਿਬ ਵਿਖੇ ਖਾਲਸਾ ਕਾਲਜ ਚੈਰੀਟੇਬਲ ਸੋਸਾਇਟੀ ਦੇ 136ਵੇਂ ਸਥਾਪਨਾ ਦਿਵਸ ਦੇ ਸਬੰਧ 'ਚ ਕਰਵਾਏ ਗਏ ਧਾਰਮਿਕ ਸਮਾਗਮ ਉਪਰੰਤ ਕੀਤਾ। ਉਨ੍ਹਾਂ ਕਿਹਾ ਕਿ 136 ਸਾਲਾਂ ਦਾ ਇਹ ਸਫ਼ਰ ਸਿਰਫ਼ ਇਤਿਹਾਸਕ ਮਾਣ ਹੀ ਨਹੀਂ, ਸਗੋਂ ਸਿੱਖਿਆ ਅਤੇ ਆਧਿਆਤਮਿਕਤਾ ਦੇ ਮਿਲਾਪ ਦਾ ਪ੍ਰਤੀਕ ਹੈ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਨੂੰ ਸਿਰਫ਼ ਪਾਠ ਪੁਸਤਕਾਂ ਦੀ ਸਿੱਖਿਆ ਹੀ ਨਹੀਂ, ਸਗੋਂ ਉੱਚ ਆਦਰਸ਼ਾਂ ਅਤੇ ਚੰਗੇ ਚਰਿੱਤਰ ਦੀ ਪ੍ਰੇਰਣਾ ਦੇਣਾ ਵੀ ਸੰਸਥਾ ਦਾ ਮਕਸਦ ਹੈ। ਇਸ ਤੋਂ ਪਹਿਲਾਂ ਗੁਰਦੁਆਰਾ ਸਾਹਿਬ ਵਿਖੇ ਪਰਸੋਂ ਤੋਂ ਰਖਾਏ ਗਏ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਸਰਵਣ ਸਿੰਘ ਗੁਰ ਜਸ ਗਾਇਨ ਕਰਕੇ ਹਾਜ਼ਰ ਸੰਗਤ ਨੂੰ ਨਿਹਾਲ ਕੀਤਾ। ਉਨ੍ਹਾਂ ਨੇ ਸਿੱਖ ਧਰਮ ਦੀਆਂ ਮਹਾਨ ਪ੍ਰੰਪਰਾਵਾਂ ਅਤੇ ਮਨੁੱਖਤਾ ਦੀ ਭਲਾਈ ਲਈ ਸੇਵਾ ਦੇ ਮਹੱਤਵ ਨੂੰ ਉਜਾਗਰ ਕੀਤਾ। ਇਸ ਮੌਕੇ 'ਵਰਸਿਟੀ ਦੇ ਪ੍ਰੋ-ਚਾਂਸਲਰ ਅਤੇ ਕੌਂਸਲ ਦੇ ਆਨਰੇਰੀ ਸਕੱਤਰ ਰਜਿੰਦਰ ਮੋਹਨ ਸਿੰਘ ਛੀਨਾ ਨੇ ਗਵਰਨਿੰਗ ਕੌਂਸਲ ਦੇ ਇਤਿਹਾਸ 'ਤੇ ਚਾਨਣਾ ਪਾਉਂਦਿਆਂ ਕਿਹਾ ਕਿ ਅੱਜ ਤੋਂ 136 ਸਾਲ ਪਹਿਲਾਂ ਬਲਕਿ 22 ਫਰਵਰੀ 1890 ਨੂੰ ਹੀ 'ਖਾਲਸਾ ਕਾਲਜ ਸਥਾਪਨਾ ਕਮੇਟੀ' ਲਾਹੌਰ ਹੋਂਦ ਵਿੱਚ ਆਈ, ਜਿਸ ਸਦਕਾ 'ਖਾਲਸਾ ਕਾਲਜ ਮਿਡਲ ਸਕੂਲ' ਅਤੇ 'ਖਾਲਸਾ ਕਾਲਜ' ਦੀ ਸਥਾਪਨਾ ਹੋਈ ਸੀ। ਉਨ੍ਹਾਂ ਕਿਹਾ ਕਿ ਇਸੇ ਕਮੇਟੀ ਨੇ ਅਗਾਂਹ ਆਪਣੇ ਬਦਲਵੇਂ ਨਾਵਾਂ ਤਹਿਤ 'ਖਾਲਸਾ ਕਾਲਜ ਸੋਸਾਇਟੀ, ਅੰਮ੍ਰਿਤਸਰ' ਅਤੇ ਫਿਰ ਸਮਾਂ ਬੀਤਣ ਉਪਰੰਤ 'ਖਾਲਸਾ ਕਾਲਜ ਚੈਰੀਟੇਬਲ ਸੋਸਾਇਟੀ, ਅੰਮ੍ਰਿਤਸਰ' ਦੇ ਰੂਪ 'ਚ ਵੱਖ-ਵੱਖ ਵਿੱਦਿਅਕ ਅਦਾਰਿਆਂ ਨੂੰ ਸਥਾਪਿਤ ਕਰਨ ਲਈ ਆਪਣੀਆਂ ਭੂਮਿਕਾਵਾਂ ਨਿਭਾਈਆਂ ਹਨ। ਉਨ੍ਹਾਂ ਕਿਹਾ ਕਿ ਸੁਸਾਇਟੀ ਅਧੀਨ ਚੱਲ ਰਹੀਆਂ ਸੰਸਥਾਵਾਂ ਨੇ ਦੇਸ਼ ਅਤੇ ਵਿਦੇਸ਼ 'ਚ ਆਪਣਾ ਵਿਲੱਖਣ ਮੁਕਾਮ ਬਣਾਇਆ ਹੈ ਅਤੇ ਇੱਥੋਂ ਹਜ਼ਾਰਾਂ ਵਿਦਿਆਰਥੀ ਸਿੱਖਿਆ ਪ੍ਰਾਪਤ ਕਰਕੇ ਵੱਖ-ਵੱਖ ਖੇਤਰਾਂ 'ਚ ਮਹੱਤਵਪੂਰਨ ਅਹੁੱਦਿਆਂ 'ਤੇ ਸੇਵਾ ਨਿਭਾਉਂਦਿਆਂ ਦੇਸ਼ ਦਾ ਨਾਮ ਰੌਸ਼ਨ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਦੇ ਨਾਲ ਹੀ ਸਮਾਜਿਕ ਜ਼ਿੰਮੇਵਾਰੀ ਨਿਭਾਉਂਦੇ ਹੋਏ ਸੰਸਥਾ ਵੱਲੋਂ ਵੱਖ-ਵੱਖ ਸਮਾਜਿਕ ਅਤੇ ਭਲਾਈ ਕਾਰਜ ਵੀ ਕੀਤੇ ਜਾਂਦੇ ਹਨ। ਉਨ੍ਹਾਂ ਕਿਹਾ ਕਿ ਭਵਿੱਖ 'ਚ ਵੀ ਅਜਿਹੇ ਧਾਰਮਿਕ ਅਤੇ ਸੰਸਕ੍ਰਿਤਿਕ ਕਾਰਜ ਜਾਰੀ ਰਹਿਣਗੇ ਤਾਂ ਜੋ ਨਵੀਂ ਪੀੜ੍ਹੀ ਨੂੰ ਆਪਣੇ ਧਰਮ ਅਤੇ ਸੰਸਕਾਰਾਂ ਨਾਲ ਜੋੜਿਆ ਜਾ ਸਕੇ। ਇਸ ਮੌਕੇ ਯੂਨੀਵਰਸਿਟੀ ਦੇ ਉਪ ਕੁਲਪਤੀ ਡਾ. ਮਹਿਲ ਸਿੰਘ ਅਤੇ ਸਿੱਖ ਇਤਿਹਾਸ ਵਿਦਵਾਨ ਅਤੇ ਖਾਲਸਾ ਕਾਲਜ ਸੀਨੀਅਰ ਸੈਕੰਡਰੀ ਸਕੂਲ ਦੇ ਪ੍ਰਿੰਸੀਪਲ ਡਾ. ਇੰਦਰਜੀਤ ਸਿੰਘ ਗੋਗੋਆਣੀ ਨੇ ਸਾਂਝੇ ਤੌਰ 'ਤੇ ਕਿਹਾ ਕਿ ਉਕਤ ਸਥਾਪਨਾ ਦਿਵਸ ਦੇ ਇਸ ਯਾਦਗਾਰ ਪਲ ਨੇ ਇਹ ਸਾਬਤ ਕਰ ਦਿੱਤਾ ਕਿ ਖਾਲਸਾ ਕਾਲਜ ਚੈਰੀਟੇਬਲ ਸੋਸਾਇਟੀ ਸਿੱਖਿਆ, ਸੰਸਕਾਰ ਅਤੇ ਸੇਵਾ ਦੀ ਪ੍ਰਤੀਕ ਸੰਸਥਾ ਹੈ, ਜੋ ਆਉਣ ਵਾਲੀਆਂ ਪੀੜ੍ਹੀਆਂ ਨੂੰ ਰੌਸ਼ਨ ਭਵਿੱਖ ਵੱਲ ਪ੍ਰੇਰਿਤ ਕਰਦੀ ਸੀ, ਕਰਦੀ ਹੈ ਅਤੇ ਕਰਦੀ ਰਹੇਗੀ। ਇਸ ਮੌਕੇ ਸ: ਮਜੀਠੀਆ ਨੇ ਸ: ਛੀਨਾ, ਡਾ. ਮਹਿਲ ਸਿੰਘ ਅਤੇ ਡਾ. ਗੋਗੋਆਣੀ ਨਾਲ ਮਿਲਕੇ ਭਾਈ ਸਾਹਿਬ ਭਾਈ ਗੁਰਮੇਜ ਨੂੰ 'ਕੌਮ ਦਾ ਮਾਣ' ਸਨਮਾਨ ਪੱਤਰ ਨਾਲ ਨਿਵਾਜਿਆ। ਇਸ ਉਪਰੰਤ ਸ: ਮਜੀਠੀਆ, ਛੀਨਾ ਸਮੇਤ ਹੋਰਨਾਂ ਸਖਸ਼ੀਅਤਾਂ ਵੱਲੋਂ ਗਵਰਨਿੰਗ ਕੌਂਸਲ ਦੇ ਅੰਡਰ ਸੈਕਟਰੀ ਅਤੇ ਲੋਕ ਸੰਪਰਕ ਵਿਭਾਗ ਦੇ ਡਾਇਰੈਕਟਰ ਧਰਮਿੰਦਰ ਸਿੰਘ ਰਟੌਲ ਦੁਆਰਾ ਅੰਗਰੇਜ਼ੀ ਦੀ ਲਿਖਤ ਪੁਸਤਕ 'ਹਿਸਟਰੀ ਆਫ ਖਾਲਸਾ ਕਾਲਜ ਗਵਰਨਿੰਗ ਕੌਂਸਲ (1890 ਤੋਂ 2026)' ਦੀ ਘੁੰਡ ਚੁਕਾਈ ਕੀਤੀ ਗਈ। ਇਸ ਦੌਰਾਨ ਕੌਂਸਲ ਅਧੀਨ ਚੱਲ ਰਹੀਆਂ ਵੱਖ-ਵੱਖ ਵਿੱਦਿਅਕ ਸੰਸਥਾਵਾਂ ਦੇ ਪ੍ਰਿੰਸੀਪਲਜ਼ ਨੇ ਕਿਹਾ ਕਿ ਸੋਸਾਇਟੀ ਨੇ ਸਿਰਫ਼ ਅਕਾਦਮਿਕ ਖੇਤਰ 'ਚ ਹੀ ਨਹੀਂ, ਸਗੋਂ ਖੇਡਾਂ, ਸੱਭਿਆਚਾਰਕ ਗਤੀਵਿਧੀਆਂ ਅਤੇ ਸਮਾਜ ਸੇਵਾ 'ਚ ਵੀ ਅਹਿਮ ਯੋਗਦਾਨ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸੋਸਾਇਟੀ ਨੇ ਹਮੇਸ਼ਾਂ ਸਮੇਂ ਦੀ ਲੋੜ ਅਨੁਸਾਰ ਨਵੇਂ ਕੋਰਸਾਂ ਅਤੇ ਆਧੁਨਿਕ ਢਾਂਚੇ ਨੂੰ ਅਪਨਾਇਆ ਹੈ ਤਾਂ ਜੋ ਵਿਦਿਆਰਥੀਆਂ ਨੂੰ ਵਿਸ਼ਵ-ਪੱਧਰੀ ਵਿੱਦਿਆ ਪ੍ਰਦਾਨ ਕੀਤੀ ਜਾ ਸਕੇ। ਉਨ੍ਹਾਂ ਕਿਹਾ ਕਿ 136 ਸਾਲਾਂ ਦਾ ਇਹ ਸਫ਼ਰ ਸੁਸਾਇਟੀ ਦੇ ਸੰਸਥਾਪਕਾਂ ਦੀ ਦੂਰਦਰਸ਼ਤਾ ਅਤੇ ਲਗਨ ਦਾ ਨਤੀਜਾ ਹੈ। ਇਸ ਮੌਕੇ 'ਵਰਸਿਟੀ ਦੇ ਰਜਿਸਟਰਾਰ ਡਾ. ਖੁਸ਼ਵਿੰਦਰ ਕੁਮਾਰ, ਅਕਾਦਮਿਕ ਮਾਮਲੇ ਡੀਨ ਡਾ. ਸੁਰਿੰਦਰ ਕੌਰ, ਰਿਸਰਚ ਡੀਨ ਡਾ. ਆਰ. ਕੇ. ਧਵਨ, ਐਗਜੇਮੀਨੇਸ਼ਨ ਕੰਟਰੋਲਰ ਡਾ. ਕੰਵਲਜੀਤ ਸਿੰਘ, ਕੌਂਸਲ ਦੇ ਵਧੀਕ ਆਨਰੇਰੀ ਸਕੱਤਰ ਡਾ. ਦਲਬੀਰ ਸਿੰਘ ਘੁੰਮਣ, ਜੁਆਇੰਟ ਸਕੱਤਰ ਸ: ਗੁਨਬੀਰ ਸਿੰਘ, ਸ: ਸੰਤੋਖ ਸਿੰਘ ਸੇਠੀ, ਪਰਮਜੀਤ ਸਿੰਘ ਬੱਲ, ਸ: ਲਖਵਿੰਦਰ ਸਿੰਘ ਢਿੱਲੋਂ, ਗੁਰਪ੍ਰੀਤ ਸਿੰਘ ਗਿੱਲ, ਮੈਂਬਰ ਡਾ. ਸੁਖਬੀਰ ਕੌਰ ਮਾਹਲ, ਕਰਮਜੀਤ ਸਿੰਘ ਭੱਟੀ, ਸ: ਗੁਰਮੀਤ ਸਿੰਘ ਭੱਟੀ, ਡਾ. ਰਮਿੰਦਰ ਕੌਰ, ਸਰਬਜੀਤ ਸਿੰਘ ਹੁਸ਼ਿਆਰ ਨਗਰ, ਸ: ਤਜਿੰਦਰਪਾਲ ਸਿੰਘ ਸੰਧੂ, ਪ੍ਰਿੰਸੀਪਲ ਡਾ. ਆਤਮ ਸਿੰਘ ਰੰਧਾਵਾ, ਪ੍ਰਿੰਸੀਪਲ ਡਾ. ਮਨਦੀਪ ਕੌਰ, ਡਾਇਰੈਕਟਰ-ਕਮ-ਪ੍ਰਿੰਸੀਪਲ ਡਾ. ਜਸਪਾਲ ਸਿੰਘ, ਪ੍ਰਿੰਸੀਪਲ ਡਾ. ਹਰੀਸ਼ ਕੁਮਾਰ ਵਰਮਾ, ਪ੍ਰਿੰਸੀਪਲ ਗੁਰਦੇਵ ਸਿੰਘ, ਪ੍ਰਿੰਸੀਪਲ ਡਾ. ਹਰੀਸ਼ ਕੁਮਾਰੀ, ਪ੍ਰਿੰਸੀਪਲ ਡਾ. ਅਮਨਪ੍ਰੀਤ ਕੌਰ, ਡਾਇਰੈਕਟਰ ਡਾ. ਮੰਜੂ ਬਾਲਾ, ਪ੍ਰਿੰਸੀਪਲ ਡਾ. ਲਕਸ਼ਮੀ ਮਲਹੋਤਰਾ, ਪ੍ਰਿੰਸੀਪਲ ਸ੍ਰੀਮਤੀ ਪੁਨੀਤ ਕੌਰ ਨਾਗਪਾਲ, ਪ੍ਰਿੰਸੀਪਲ ਸ: ਅਮਰਜੀਤ ਸਿੰਘ ਗਿੱਲ, ਪ੍ਰਿੰਸੀਪਲ ਸ੍ਰੀਮਤੀ ਨਿਰਮਲਜੀਤ ਕੌਰ ਗਿੱਲ, ਪ੍ਰਿੰਸੀਪਲ ਸ: ਪਰਮਜੀਤ ਸਿੰਘ, ਪ੍ਰਿੰਸੀਪਲ ਗੁਰਿੰਦਰਜੀਤ ਕੌਰ ਕੰਬੋਜ਼ ਆਦਿ ਸਮੇਤ ਹੋਰ ਅਧਿਆਪਕਾਂ, ਵਿਦਿਆਰਥੀਆਂ ਅਤੇ ਵੱਡੀ ਗਿਣਤੀ 'ਚ ਸੰਗਤਾਂ ਹਾਜ਼ਰ ਸਨ।

# ਅੰਮ੍ਰਿਤਸਰ ਪ੍ਰੈੱਸ ਕਲੱਬ ਵੱਲੋਂ ਨਵੇਂ ਡੀ.ਪੀ.ਆਰ.ਓ. ਦਾ ਨਿੱਘਾ ਸਵਾਗਤ

## ਪੱਤਰਕਾਰ ਸਮਾਜ ਵਿੱਚ ਕ੍ਰਾਂਤੀ ਦੇ ਮੂਲ ਧੁਰੇ - ਇੰਦਰਜੀਤ ਸਿੰਘ



ਅੰਮ੍ਰਿਤਸਰ, 22 ਫਰਤਵਰੀ (ਬਬਲੂ ਮਹਾਜਨ ): ਅੰਮ੍ਰਿਤਸਰ ਪ੍ਰੈੱਸ ਕਲੱਬ ਵੱਲੋਂ ਅੰਮ੍ਰਿਤਸਰ ਦੇ ਨਵੇਂ ਬਣੇ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ ਸਰਦਾਰ ਇੰਦਰਜੀਤ ਸਿੰਘ ਦੇ ਅਹੁਦਾ ਸੰਭਾਲਣ ਉਪਰੰਤ ਪਹਿਲੀ ਵਾਰ ਪ੍ਰੈੱਸ ਕਲੱਬ ਪਹੁੰਚਣ 'ਤੇ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਪ੍ਰੈੱਸ ਕਲੱਬ ਦੇ ਪ੍ਰਧਾਨ ਰਾਜੇਸ ਗਿੱਲ ਅਤੇ ਸਮੁੱਚੀ ਟੀਮ ਨੇ ਫੁੱਲਾਂ ਦੇ ਗੁਲਦਸਤੇ ਭੇਟ ਕਰਕੇ ਉਨ੍ਹਾਂ ਨੂੰ ਵਧਾਈ ਦਿੱਤੀ ਅਤੇ ਸਨਮਾਨਿਤ ਕੀਤਾ।ਸਮਾਗਮ ਦੌਰਾਨ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ ਸਰਦਾਰ ਇੰਦਰਜੀਤ ਸਿੰਘ ਨੇ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮੀਡੀਆ ਲੋਕਤੰਤਰ ਦਾ ਚੌਥਾ ਸਥੰਭ ਹੈ ਅਤੇ ਪੱਤਰਕਾਰ ਸਹੀ ਅਤੇ ਨਿਰਪੱਖ ਖ਼ਬਰਾਂ ਰਾਹੀਂ ਸਮਾਜ ਵਿੱਚ ਜਾਗਰੂਕਤਾ ਅਤੇ ਨਵੀਂ ਕ੍ਰਾਂਤੀ ਲਿਆ ਸਕਦੇ ਹਨ। ਉਨ੍ਹਾਂ ਕਿਹਾ ਕਿ ਸਰਕਾਰ ਅਤੇ ਜਨਤਾ ਵਿਚਕਾਰ ਮਜ਼ਬੂਤ ਪੁਲ ਵਜੋਂ ਮੀਡੀਆ ਦੀ ਭੂਮਿਕਾ ਬਹੁਤ ਮਹੱਤਵਪੂਰਨ ਹੈ।ਉਨ੍ਹਾਂ ਇਹ ਵੀ ਭਰੋਸਾ ਦਿਵਾਇਆ ਕਿ ਪੱਤਰਕਾਰਾਂ ਨੂੰ ਆ ਰਹੀਆਂ ਸਮੱਸਿਆਵਾਂ ਦੇ ਹੱਲ ਲਈ ਉਹ ਹਰ ਸਮੇਂ ਤਤਪਰ ਰਹਿਣਗੇ ਅਤੇ ਮੀਡੀਆ ਭਾਈਚਾਰੇ ਨਾਲ ਮੋਢੇ ਨਾਲ ਮੋਢਾ ਲਾ ਕੇ ਖੜ੍ਹੇ ਰਹਿਣਗੇ। ਉਨ੍ਹਾਂ ਕਿਹਾ ਕਿ ਜਾਣਕਾਰੀ ਦਾ ਸਹੀ ਅਤੇ ਸਮੇਂ-ਸਿਰ ਪ੍ਰਸਾਰਣ ਲੋਕਾਂ ਤੱਕ ਪਹੁੰਚਾਉਣਾ ਲੋਕ ਸੰਪਰਕ ਵਿਭਾਗ ਦੀ ਪ੍ਰਾਥਮਿਕਤਾ ਰਹੇਗੀ।ਇਸ ਮੌਕੇ ਪ੍ਰੈਸ ਕਲੱਬ ਦੇ ਅਹੁਦੇਦਾਰਾਂ ਨੇ ਵੀ ਆਪਣੀਆਂ ਵਿਚਾਰਧਾਰਾਂ ਸਾਂਝੀਆਂ ਕੀਤੀਆਂ ਅਤੇ ਉਮੀਦ ਜਤਾਈ ਕਿ ਨਵੇਂ ਡੀਪੀਆਰਓ ਦੇ ਨੇਤ੍ਰਿਤਵ ਹੇਠ ਮੀਡੀਆ ਅਤੇ ਲੋਕ ਸੰਪਰਕ ਵਿਭਾਗ ਵਿਚਕਾਰ ਹੋਰ ਵਧੀਆ ਤਾਲਮੇਲ ਬਣੇਗਾ। ਸਮਾਗਮ ਦੌਰਾਨ ਸ਼ਹਿਰ ਦੇ ਕਈ ਪ੍ਰਮੁੱਖ ਪੱਤਰਕਾਰ ਵੀ ਮੌਜੂਦ ਸਨ।

# ਗੁਣੀਆਂ ਮਾਜਰਾ ਦੇ 10 ਤੋਂ ਵੱਧ ਪਰਿਵਾਰ ਸ਼੍ਰੋਮਣੀ ਅਕਾਲੀ ਦਲ ਵਿੱਚ ਹੋਏ ਸ਼ਾਮਿਲ

ਫ਼ਤਿਹਗੜ੍ਹ ਸਾਹਿਬ, 22 ਫਰਵਰੀ (ਹਰਪ੍ਰੀਤ ਕੌਰ ਟਿਵਾਣਾ)ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਨਵੇਂ ਬਣੇ ਹਲਕਾ ਇੰਚਾਰਜ ਬਲਜੀਤ ਸਿੰਘ ਭੁੱਟਾ ਦੀ ਅਗਵਾਈ ਹੇਠ ਹਲਕੇ ਵਿੱਚ ਸ਼੍ਰੋਮਣੀ ਅਕਾਲੀ ਦਲ ਨੂੰ ਭਾਰੀ ਮਜਬੂਤੀ ਮਿਲ ਰਹੀ ਹੈ ਤੇ ਪਾਰਟੀ ਦੀਆਂ ਨੀਤੀਆਂ ਦੇਖ ਕੇ ਪਿੰਡਾਂ ਦੇ ਕਈ ਪਰਿਵਾਰਾਂ ਨੇ ਅਕਾਲੀ ਦਲ ਵਿੱਚ ਸ਼ਾਮਿਲ ਹੋਣ ਦਾ ਐਲਾਨ ਕੀਤਾ ਹੈ। ਸ. ਭੁੱਟਾ ਦੇ ਅਗਵਾਈ ਹੇਠ ਅੱਜ ਲਗਭਗ 10 ਤੋਂ ਵੱਧ ਪਰਿਵਾਰਾਂ ਨੇ ਆਮ ਆਦਮੀ ਪਾਰਟੀ, ਕਾਂਗਰਸ ਤੇ ਭਾਜਪਾ ਛੱਡ ਕੇ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਿਲ ਹੋਣ ਦਾ ਐਲਾਨ ਕੀਤਾ ਹੈ।ਆਮ ਆਦਮੀ ਪਾਰਟੀ ਛੱਡ ਕੇ ਅਕਾਲੀ ਦਲ ਵਿੱਚ ਸ਼ਾਮਿਲ ਹੋਣ ਵਾਲੇ ਪਰਿਵਾਰਾਂ ਨੂੰ ਸਨਮਾਨਿਤ ਕਰਦਿਆਂ ਹਲਕਾ ਇੰਚਾਰਜ ਬਲਜੀਤ ਸਿੰਘ ਭੁੱਟਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਪੰਜਾਬ ਦੀ ਸਭ ਤੋਂ ਵੱਧ ਪੁਰਾਣੀ ਪਾਰਟੀ ਹੈ ਜਿਸਨੇ ਹਮੇਸ਼ਾ ਹੀ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਹੱਕਾਂ ਲਈ ਮੋਰਚੇ ਲਗਾਏ ਹਨ। ਉਹਨਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਵੱਲੋਂ ਲੋਕਾਂ ਦੀ ਕੀਤੀ ਜਾ ਰਹੀ ਲੁੱਟ ਅਤੇ ਸੂਬੇ ਅੰਦਰ ਵੱਧ ਰਹੇ ਪੁਲਿਸ ਰਾਜ ਤੋਂ ਦੁਖੀ ਹੋਏ ਲੋਕਾਂ ਨੂੰ ਕੇਵਲ ਸ਼੍ਰੋਮਣੀ ਅਕਾਲੀ ਦਲ ਵਿੱਚ ਹੀ ਪੰਜਾਬ ਦੀ ਬਿਹਤਰੀ ਦਿਖਾਈ ਦੇ ਰਹੀ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੇ ਹਮੇਸ਼ਾਂ ਹੀ ਵਰਕਰਾਂ ਨੂੰ ਬਣਦਾ ਮਾਣ ਸਨਮਾਨ ਦਿੱਤਾ ਹੈ।ਸ. ਭੁੱਟਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਜਿਸ ਤਰ੍ਹਾਂ ਲੋਕਾਂ ਨਾਲ ਜਮੀਨੀ ਪੱਧਰ ਤੇ ਸੰਪਰਕ ਬਣਾ ਕੇ ਲੋਕ ਹਿੱਤਾਂ ਲਈ ਆਵਾਜ਼ ਚੁੱਕੀ ਜਾ ਰਹੀ ਹੈ ਉਸ ਨੂੰ ਸੂਬੇ ਦੇ ਲੋਕਾਂ ਵੱਲੋਂ ਭਰਵਾਂ ਸਮਰਥਨ ਦਿੱਤਾ ਜਾ ਰਿਹਾ ਹੈ ਜਿਸ ਤੋਂ ਸਪਸ਼ਟ ਹੈ ਕਿ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਨੂੰ ਵੱਡੀ ਸਫਲਤਾ ਮਿਲੇਗੀ ਅਤੇ ਪੰਜਾਬ ਅੰਦਰ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣੇਗੀ।ਆਮ ਆਦਮੀ ਪਾਰਟੀ ਛੱਡ ਕੇ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਹੋਣ ਵਾਲੇ ਜਗਤਾਰ ਸਿੰਘ ਗੁਣੀਆ ਮਾਜਰਾ, ਭੀਮ ਸਿੰਘ ਗੁਣੀਆ ਮਾਜਰਾ, ਬਲਵੀਰ ਸਿੰਘ ਗੁਣੀਆ ਮਾਜਰਾ, ਗੁਰਪ੍ਰੀਤ ਸਿੰਘ ਗੁਣੀਆਂ ਮਾਜਰਾ, ਹਰਪ੍ਰੀਤ ਸਿੰਘ ਗੁਣੀਆ ਮਾਜਰਾ ਅਤੇ ਭਾਰਤੀ ਜਨਤਾ ਪਾਰਟੀ ਛੱਡ ਕੇ ਹਰਮੇਲ ਸਿੰਘ, ਕਾਂਗਰਸ ਛੱਡ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਹੋਏ ਹਰਬੰਸ ਕੌਰ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਹੱਥਾਂ ਵਿੱਚ ਹੀ ਪੰਜਾਬ ਸੁਰੱਖਿਤ ਰਹਿ ਸਕਦਾ ਹੈ ਅਤੇ ਪੰਜਾਬ ਦਾ ਚੌਤਰਫਾ ਵਿਕਾਸ ਹੋ ਸਕਦਾ ਹੈ।

# ਗੈਰ-ਕਾਨੂੰਨੀ ਹਥਿਆਰਾਂ ਦੀ ਤਸਕਰੀ 'ਚ ਸ਼ਾਮਲ ਮਾਡਿਊਲ ਦੇ ਦੋ ਮੁਲਜ਼ਮ ਪਿਸਤੌਲਾਂ ਸਣੇ ਕਾਬੂ



ਅੰਮ੍ਰਿਤਸਰ, 22 ਫਰਵਰੀ (ਬਬਲੂ ਮਹਾਜਨ ) :ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਜਾਰੀ ਮੁਹਿੰਮ ਦੌਰਾਨ ਵੱਡੀ ਸਫ਼ਲਤਾ ਹਾਸਲ ਕਰਦਿਆਂ ਅੰਮ੍ਰਿਤਸਰ ਕਮਿਸ਼ਨਰੇਟ ਪੁਲਿਸ ਨੇ ਪੰਜ ਆਧੁਨਿਕ ਪਿਸਤੌਲਾਂ ਸਮੇਤ ਦੋ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਕੇ ਸਰਹੱਦ ਪਾਰੋਂ ਗੈਰ-ਕਾਨੂੰਨੀ ਹਥਿਆਰਾਂ ਦੀ ਤਸਕਰੀ 'ਚ ਸ਼ਾਮਲ ਮਾਡਿਊਲ ਦਾ ਪਰਦਾਫਾਸ਼ ਕੀਤਾ ਹੈ। ਇਹ ਜਾਣਕਾਰੀ ਅੱਜ ਇਥੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ।ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਦੀ ਪਛਾਣ ਅੰਮ੍ਰਿਤਸਰ ਦੇ ਪਿੰਡ ਭਿੰਡੀ ਨੈਣ ਦੇ ਵਸਨੀਕ ਸ਼ੇਰਾ ਸਿੰਘ (26) ਅਤੇ ਅੰਮ੍ਰਿਤਸਰ ਦੇ ਪਿੰਡ ਤੂਰ ਦੇ ਵਸਨੀਕ ਜਗਰੂਪ ਸਿੰਘ ਉਰਫ਼ ਜੂਪਾ (21) ਵਜੋਂ ਹੋਈ ਹੈ। ਮੁਲਜ਼ਮਾਂ ਤੋਂ ਬਰਾਮਦ ਕੀਤੇ ਗਏ ਪਿਸਤੌਲਾਂ ਵਿੱਚ ਇੱਕ .30 ਬੋਰ ਪੀਐਕਸ5 ਸਟੌਰਮ ਪਿਸਤੌਲ, ਇੱਕ 9ਐਮਐਮ ਆਸਟ੍ਰੀਆ-ਮੇਡ ਗਲੌਕ, ਦੋ .30 ਬੋਰ ਚੀਨੀ ਨੋਰਿੰਕੋ ਪਿਸਤੌਲ, ਇੱਕ .32 ਬੋਰ ਪਿਸਤੌਲ ਅਤੇ 10 ਜ਼ਿੰਦਾ ਕਾਰਤੂਸ ਸ਼ਾਮਲ ਹਨ।ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਮੁੱਢਲੀ ਜਾਂਚ ਅਨੁਸਾਰ ਉਕਤ ਮੁਲਜ਼ਮ ਸੋਸ਼ਲ ਮੀਡੀਆ ਪਲੇਟਫਾਰਮਾਂ ਰਾਹੀਂ ਪਾਕਿਸਤਾਨ-ਅਧਾਰਤ ਤਸਕਰਾਂ ਦੇ ਸੰਪਰਕ ਵਿੱਚ ਸਨ ਅਤੇ ਉਨ੍ਹਾਂ ਦੇ ਨਿਰਦੇਸ਼ਾਂ ਤੇ ਗ਼ੈਰਕਾਨੂੰਨੀ ਹਥਿਆਰਾਂ ਦੀ ਖੇਪ ਹਾਸਲ ਕਰਕੇ ਇਸਨੂੰ ਅੱਗੇ ਅਪਰਾਧਕ ਤੱਤਾਂ ਨੂੰ ਸਪਲਾਈ ਕਰਦੇ ਸਨ।ਡੀਜੀਪੀ ਨੇ ਕਿਹਾ ਕਿ ਗੈਰ-ਕਾਨੂੰਨੀ ਹਥਿਆਰਾਂ ਦੇ ਨੈੱਟਵਰਕ ਦੇ ਅਗਲੇ-ਪਿਛਲੇ ਸਬੰਧਾਂ ਦਾ ਪਤਾ ਲਗਾਉਣ ਲਈ ਹੋਰ ਜਾਂਚ ਜਾਰੀ ਹੈ।ਕਾਰਵਾਈ ਦੇ ਵੇਰਵੇ ਦਿੰਦਿਆਂ ਪੁਲਿਸ ਕਮਿਸ਼ਨਰ (ਸੀਪੀ) ਅੰਮ੍ਰਿਤਸਰ ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਭਰੋਸੇਯੋਗ ਸੂਤਰਾਂ ਤੋਂ ਮਿਲੀ ਗੁਪਤ ਜਾਣਕਾਰੀ ਦੇ ਆਧਾਰ 'ਤੇ ਕਾਰਵਾਈ ਕਰਦਿਆਂ ਪੁਲਿਸ ਟੀਮਾਂ ਨੇ ਬਾਈਪਾਸ ਰੋਡ 'ਤੇ ਸਾਡਾ ਪਿੰਡ ਨੇੜੇ ਸੁਚੱਜੇ ਤਾਲਮੇਲ ਨਾਲ ਆਪ੍ਰੇਸ਼ਨ ਚਲਾਇਆ ਅਤੇ ਸ਼ੇਰਾ ਸਿੰਘ ਤੇ ਜਗਰੂਪ ਸਿੰਘ ਉਰਫ਼ ਜੂਪਾ ਨੂੰ ਇੱਕ ਗਲੌਕ ਪਿਸਤੌਲ ਅਤੇ ਇੱਕ .30 ਬੋਰ ਪੀਐਕਸ5 ਸਟੌਰਮ ਪਿਸਤੌਲ ਸਮੇਤ ਗ੍ਰਿਫ਼ਤਾਰ ਕਰ ਲਿਆ। ਉਨ੍ਹਾਂ ਕਿਹਾ ਕਿ ਅਗਲੇਰੀ ਜਾਂਚ ਦੌਰਾਨ ਪੁਲਿਸ ਨੂੰ ਦੋਵੇਂ ਗ੍ਰਿਫ਼ਤਾਰ ਮੁਲਜ਼ਮਾਂ ਵੱਲੋਂ ਕੀਤੇ ਖੁਲਾਸਿਆਂ ਦੇ ਆਧਾਰ 'ਤੇ ਤਿੰਨ ਹੋਰ ਪਿਸਤੌਲ ਬਰਾਮਦ ਹੋਏ।ਪੁਲਿਸ ਕਮਿਸ਼ਨਰ ਨੇ ਕਿਹਾ ਕਿ ਦੋਵੇਂ ਗ੍ਰਿਫ਼ਤਾਰ ਮੁਲਜ਼ਮ ਅੰਤਰਰਾਸ਼ਟਰੀ ਸਰਹੱਦ ਨੇੜੇ ਰਹਿ ਰਹੇ ਸਨ, ਜਿੱਥੋਂ ਉਨ੍ਹਾਂ ਲਈ ਗੈਰ-ਕਾਨੂੰਨੀ ਹਥਿਆਰਾਂ ਦੀ ਖੇਪ ਹਾਸਲ ਕਰਨਾ ਆਸਾਨ ਸੀ। ਉਨ੍ਹਾਂ ਦੱਸਿਆ ਕਿ ਉਕਤ ਮੁਲਜ਼ਮ ਨਜ਼ਰਾਂ ਤੋਂ ਬਚਣ ਲਈ ਡਰੋਨ ਰਾਹੀਂ ਭੇਜੀ ਗਈ ਹਥਿਆਰਾਂ ਦੀ ਖੇਪ ਰਾਤ ਵੇਲੇ ਖਾਲੀ ਪਈਆਂ ਥਾਵਾਂ ਤੋਂ ਹਾਸਲ ਕਰਦੇ ਸਨ। ਉਨ੍ਹਾਂ ਕਿਹਾ ਕਿ ਮੁਲਜ਼ਮ ਸ਼ੇਰਾ ਸਿੰਘ ਦਾ ਪੁਰਾਣਾ ਅਪਰਾਧਕ ਰਿਕਾਰਡ ਹੈ, ਜਿਸ 'ਤੇ ਲੜਕੀ ਨਾਲ ਬਲਾਤਕਾਰ ਅਤੇ ਉਸਨੂੰ ਕਤਲ ਕਰਕੇ ਅੱਗ ਲਾਉਣ ਸਮੇਤ ਹੋਣ ਘਿਨਾਉਣੇ ਅਪਰਾਧ ਦਰਜ ਹਨ। ਇੱਕ ਹੋਰ ਮਾਮਲੇ ਵਿੱਚ ਉਸ ਤੋਂ ਲੱਗਭਗ 500 ਗ੍ਰਾਮ ਹੈਰੋਇਨ ਵੀ ਬਰਾਮਦ ਕੀਤੀ ਗਈ ਸੀ।ਇਸ ਸਬੰਧੀ ਪੁਲਿਸ ਥਾਣਾ ਛਾਉਣੀ, ਅੰਮ੍ਰਿਤਸਰ ਵਿਖੇ ਅਸਲਾ ਐਕਟ ਦੀ ਧਾਰਾ 25 ਅਧੀਨ ਐਫਆਈਆਰ ਨੰ. 28 ਮਿਤੀ 14-02-2026 ਦਰਜ ਹੈ।

# ਐਸ.ਐਫ.ਸੀ. ਇੰਸਟੀਚਿਊਟ ਆਫ ਨਰਸਿੰਗ ਦੇ ਵਿਦਿਆਰਥੀ ਸੱਭਿਆਚਾਰਕ ਯਾਤਰਾ 'ਤੇ ਗਏ




ਮੋਗਾ, 22 ਫਰਵਰੀ ( ਨਿਸ਼ੀ ਮਨਚੰਦਾ ਗੁਰਦੇਵ ਖੁਰਾਣਾ ) ਐਸ.ਐਫ.ਸੀ. ਇੰਸਟੀਚਿਊਟ ਆਫ ਨਰਸਿੰਗ, ਮੋਗਾ ਦੇ ਵਿਦਿਆਰਥੀਆਂ ਨੇ ਪੰਜਾਬ ਦੀ ਧਨਾਢ ਵਿਰਾਸਤ, ਪਰੰਪਰਾਵਾਂ ਅਤੇ ਸੱਭਿਆਚਾਰਕ ਮੁੱਲਾਂ ਨਾਲ ਵਿਦਿਆਰਥੀਆਂ ਨੂੰ ਜੋੜਨ ਦੇ ਉਦੇਸ਼ ਨਾਲ ਸਾਡਾ ਪਿੰਡ, ਅੰਮ੍ਰਿਤਸਰ ਲਈ ਇੱਕ ਗਿਆਨਵਰਧਕ ਸੱਭਿਆਚਾਰਕ ਯਾਤਰਾ ਕੀਤੀ। ਇਸ ਦੌਰੇ ਨੇ ਵਿਦਿਆਰਥੀਆਂ ਨੂੰ ਖੇਤਰੀ ਪਿੰਡੂ ਜੀਵਨ ਸ਼ੈਲੀ, ਪਰੰਪਰਾਗਤ ਕਲਾ ਰੂਪਾਂ ਅਤੇ ਇਤਿਹਾਸਕ ਵਿਰਾਸਤ ਦਾ ਅਨੁਭਵ ਕਰਨ ਦਾ ਮੌਕਾ ਪ੍ਰਦਾਨ ਕੀਤਾ। ਇਸ ਮੌਕੇ 'ਤੇ, ਐਸ.ਐਫ.ਸੀ. ਗਰੁੱਪ ਦੇ ਸੀ.ਐਮ.ਡੀ., ਐਡਵੋਕੇਟ ਅਭਿਸ਼ੇਕ ਜਿੰਦਲ ਨੇ ਜ਼ੋਰ ਦੇ ਕੇ ਕਿਹਾ ਕਿ ਐਸ.ਐਫ.ਸੀ. ਵਿਚ ਧਿਆਨ ਕੇਵਲ ਅਕਾਦਮਿਕ ਉਤਕ੍ਰਿਸ਼ਟਤਾ 'ਤੇ ਹੀ ਨਹੀਂ, ਸਗੋਂ ਵਿਦਿਆਰਥੀਆਂ ਦੀ ਸੰਪੂਰਨ ਵਿਅਕਤੀਗਤ ਵਿਕਾਸ 'ਤੇ ਵੀ ਦਿੱਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਸੱਭਿਆਚਾਰਕ ਅਤੇ ਸ਼ਿਕਸ਼ਣਕ ਯਾਤਰਾਵਾਂ ਵਿਦਿਆਰਥੀਆਂ ਦੇ ਦ੍ਰਿਸ਼ਟੀਕੋਣ ਨੂੰ ਵਿਸਤਾਰ ਦੇਣ, ਪਰੰਪਰਾਵਾਂ ਦੀ ਸਮਝ ਨੂੰ ਵਧਾਉਣ ਅਤੇ ਅਕਾਦਮਿਕ ਸਿੱਖਿਆ ਦੇ ਨਾਲ-ਨਾਲ ਆਤਮ ਵਿਸ਼ਵਾਸ ਨੂੰ ਵਿਕਸਿਤ ਕਰਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ। ਫਸਟ ਲੇਡੀ ਸ੍ਰੀਮਤੀ ਸ਼ੀਨਮ ਜਿੰਦਲ ਨੇ ਵੀ ਵਿਦਿਆਰਥੀਆਂ ਨੂੰ ਆਪਣੀਆਂ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਸਾਂਝਾ ਕੀਤਾ ਕਿ ਇਸ ਤਰ੍ਹਾਂ ਦੇ ਦੌਰੇ ਵਿਦਿਆਰਥੀਆਂ ਨੂੰ ਆਪਣੀਆਂ ਜੜ੍ਹਾਂ ਨਾਲ ਜੁੜੇ ਰਹਿਣ ਵਿਚ ਮਦਦ ਕਰਦੇ ਹਨ ਅਤੇ ਨਾਲ ਹੀ ਸਮਾਜਿਕ ਜਾਗਰੂਕਤਾ ਅਤੇ ਸੱਭਿਆਚਾਰਕ ਸੰਵੇਦਨਸ਼ੀਲਤਾ ਨੂੰ ਵਿਕਸਿਤ ਕਰਦੇ ਹਨ। ਉਨ੍ਹਾਂ ਇਹ ਵੀ ਸ਼ਾਮਲ ਕੀਤਾ ਕਿ ਐਸ.ਐਫ.ਸੀ. ਗਰੁੱਪ ਸੱਭਿਆਚਾਰਕ, ਸਮਾਜਿਕ ਅਤੇ ਸ਼ਿਕਸ਼ਣਕ ਗਤੀਵਿਧੀਆਂ ਵਿਚ ਭਾਗੀਦਾਰੀ ਨੂੰ ਉਤਸ਼ਾਹਿਤ ਕਰਕੇ ਸੰਪੂਰਨ ਸਿੱਖਿਆ ਪ੍ਰਦਾਨ ਕਰਨ ਲਈ ਵਚਨਬੱਧ ਹੈ। ਯਾਤਰਾ ਦੀ ਰਵਾਨਗੀ ਤੋਂ ਪਹਿਲਾਂ, ਪ੍ਰਿੰਸੀਪਲ ਨਰਸਿੰਗ, ਸ੍ਰੀਮਤੀ ਮਨਦੀਪ ਕੌਰ, ਹੋਰ ਮਾਣਯੋਗ ਹਸਤੀਆਂ ਸਮੇਤ ਮੌਜੂਦ ਸਨ, ਜਿਨ੍ਹਾਂ ਵਿਚ ਡਾ. ਏ. ਐਸ. ਬੇਦੀ (ਗਰੁੱਪ ਡਾਇਰੈਕਟਰ - ਐਸ.ਐਫ.ਸੀ. ਕਾਲਜਜ਼), ਸ਼੍ਰੀ ਮਨਜਿੰਦਰ ਸਿੰਘ ਸੇਖੋਂ (ਪ੍ਰਿੰਸੀਪਲ ਆਈ.ਟੀ.ਆਈ.), ਡਾ. ਨੇਹਾ ਮਹਾਜਨ (ਪ੍ਰਿੰਸੀਪਲ ਮੈਨੇਜਮੈਂਟ), ਅਤੇ ਪ੍ਰਿੰਸੀਪਲ ਫਾਰਮੇਸੀ ਸ਼ਾਮਲ ਸਨ, ਨਾਲ ਹੀ ਫੈਕਲਟੀ ਮੈਂਬਰਾਂ ਅਤੇ ਸਟਾਫ ਨੇ ਵੀ ਹਾਜ਼ਰੀ ਲਗਾਈ, ਜਿਨ੍ਹਾਂ ਨੇ ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ ਅਤੇ ਉਨ੍ਹਾਂ ਨੂੰ ਸੁਰੱਖਿਅਤ ਅਤੇ ਗਿਆਨਵਰਧਕ ਯਾਤਰਾ ਲਈ ਸ਼ੁਭਕਾਮਨਾਵਾਂ ਦਿੱਤੀਆਂ। ਵਿਦਿਆਰਥੀਆਂ ਨੇ ਇਸ ਤਰ੍ਹਾਂ ਦੇ ਜਾਣਕਾਰੀਭਰਪੂਰ ਅਤੇ ਯਾਦਗਾਰ ਸੱਭਿਆਚਾਰਕ ਦੌਰੇ ਦੇ ਆਯੋਜਨ ਲਈ ਮੈਨੇਜਮੈਂਟ ਪ੍ਰਤੀ ਵੱਡਾ ਉਤਸ਼ਾਹ ਅਤੇ ਧੰਨਵਾਦ ਪ੍ਰਗਟ ਕੀਤਾ।-----

# ਅੰਮ੍ਰਿਤਸਰ ਵਿੱਚ ਕਾਂਗਰਸ ਦੀ ਮੀਟਿੰਗ ਰੈਲੀ 'ਚ ਬਦਲੀ,

ਅੰਮਿਤਸਰ, 22 ਫਰਵਰੀ (ਬਬਲੂ ਮਹਾਜਨ): ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਸ੍ਰੀ ਓਮ ਸੋਨੀ ਨੇ ਆਪਣੇ ਨਿਵਾਸ ਸਥਾਨ 'ਤੇ ਕਾਂਗਰਸ ਪਾਰਟੀ ਦੇ ਵਰਕਰਾਂ ਨਾਲ ਮੀਟਿੰਗ ਕੀਤੀ। ਇਹ ਮੀਟਿੰਗ ਲੋਕਾਂ ਦੁਆਰਾ ਇੱਕ ਵਿਸ਼ਾਲ ਰੈਲੀ ਵਿੱਚ ਬਦਲ ਗਈ। ਇਕੱਠ ਨੂੰ ਸੰਬੋਧਨ ਕਰਦਿਆਂ ਸ੍ਰੀ ਓਮ ਪ੍ਰਕਾਸ਼ ਸੋਨੀ ਨੇ ਕਿਹਾ ਕਿ ਪੰਜਾਬ ਸਰਕਾਰ ਹਰ ਫਰੰਟ 'ਤੇ ਅਸਫਲ ਰਹੀ ਹੈ। ਉਨ੍ਹਾਂ ਕਿਹਾ ਕਿ ਕਾਨੂੰਨ ਵਿਵਸਥਾ ਦੀ ਪਰਵਾਹ ਕੀਤੇ ਬਿਨਾਂ, ਰੋਜ਼ਾਨਾ ਬੇਕਸੂਰ ਲੋਕਾਂ ਦੇ ਕਤਲ ਹੋ ਰਹੇ ਹਨ ਅਤੇ ਜਬਰੀ ਵਸੂਲੀ ਦੇ ਮਾਮਲੇ ਵੱਧ ਰਹੇ ਹਨ। ਉਨ੍ਹਾਂ ਅੱਗੇ ਕਿਹਾ ਕਿ ਪਾਰਟੀ ਵੱਲੋਂ ਕੀਤੇ ਗਏ ਵਿਕਾਸ ਕਾਰਜ ਕਾਂਗਰਸ ਦੇ ਸ਼ਾਸਨ ਦੌਰਾਨ ਪਾਰਟੀ ਵੱਲੋਂ ਕੀਤੇ ਗਏ ਵਿਕਾਸ ਕਾਰਜਾਂ ਤੋਂ ਬਹੁਤ ਦੂਰ ਹਨ। ਉਨ੍ਹਾਂ ਅੱਗੇ ਕਿਹਾ ਕਿ ਪਾਰਟੀ 2022 ਵਿੱਚ ਕਾਂਗਰਸ ਦੇ ਸ਼ਾਸਨ ਦੌਰਾਨ ਕੀਤੇ ਗਏ ਵਿਕਾਸ ਕਾਰਜਾਂ ਨੂੰ ਵੀ ਬਰਕਰਾਰ ਰੱਖਣ ਵਿੱਚ ਅਸਫਲ ਰਹੀ। ਉਨ੍ਹਾਂ ਕਿਹਾ ਕਿ 2027 ਵਿੱਚ ਲੋਕਾਂ ਨੇ ਬਦਲਾਅ ਲਈ ਵੋਟ ਦਿੱਤੀ ਸੀ, ਪਰ ਹੁਣ, 2027 ਵਿੱਚ, ਉਹ ਇਸ ਦੁਸ਼ਟ ਪਾਰਟੀ ਨੂੰ ਪਾੜ ਦੇਣਗੇ। ਅੱਜ ਲੋਕ ਦੇਰ ਰਾਤ ਨੂੰ ਆਪਣੇ ਘਰਾਂ ਤੋਂ ਬਾਹਰ ਨਿਕਲਣ ਤੋਂ ਡਰਦੇ ਹਨ। ਉਨ੍ਹਾਂ ਲੋਕਾਂ ਨੂੰ ਕਿਹਾ ਕਿ ਚਿੰਤਾ ਨਾ ਕਰੋ, 2027 ਵਿੱਚ ਪੰਜਾਬ ਵਿੱਚ ਦੁਬਾਰਾ ਕਾਂਗਰਸ ਸਰਕਾਰ ਬਣਨ ਜਾ ਰਹੀ ਹੈ ਅਤੇ ਸਮਾਜ ਵਿੱਚ ਦੁਬਾਰਾ ਸ਼ਾਂਤੀ ਬਣਾਈ ਰੱਖੀ ਜਾਵੇਗੀ। ਇਸ ਮੌਕੇ ਕਾਂਗਰਸੀ ਆਗੂ ਅਸ਼ਵਨੀ ਕੁਮਾਰ ਪੱਪੂ, ਸਾਬਕਾ ਪ੍ਰਧਾਨ ਸਰਦਾਰ ਮਨਮੋਹਨ ਸਿੰਘ ਦੇ ਭਰਾ ਸੁਰਜੀਤ ਸਿੰਘ ਕੋਹਲੀ, ਕੌਂਸਲਰ ਵਿਕਾਸ ਸੋਨੀ, ਵਪਾਰ ਮੰਡਲ ਤੋਂ ਪਿਆਰੇ ਲਾਲ ਸੇਠ, ਸਮੀਰ ਜੈਨ, ਅਰੁਣ ਕੁਮਾਰ ਪਪਲ, ਕਾਂਗਰਸੀ ਆਗੂ ਬਲਬੀਰ ਸਿੰਘ ਬੱਬੀ, ਰਮਨ ਤਲਵਾੜ, ਪਰਮਜੀਤ ਸਿੰਘ ਚੋਪੜਾ, ਯੂਨੁਸ ਕੁਮਾਰ, ਸੁਰਜੀਤ ਸਿੰਘ, ਗੁਰਦੇਵ ਸਿੰਘ ਲਾਡੀ, ਸੁਰਦੀਪ ਸਿੰਘ, ਸ. ਛਾਬੜਾ ਆਦਿ ਹਾਜ਼ਰ ਸਨ।

# ਪੰਜਾਬ ਸਰਕਾਰ 550 ਹੋਰ ਨਵੇਂ ਆਮ ਆਦਮੀ ਕਲੀਨਿਕ ਸਥਾਪਤ ਕਰੇਗੀ : ਚੇਅਰਮੈਨ ਛੀਨਾ



ਅੰਮ੍ਰਿਤਸਰ, 22 ਫਰਵਰੀ ( ਗੁਰਦਿਆਲ ਸਿੰਘ/ਬਬਲੂ ਮਹਾਜਨ) : ਮੁੱਖ ਮੰਤਰੀ ਭਗਵੰਤ ਮਾਨ ਦੇ ਦਿਸ਼ਾ ਨਿਰਦੇਸ਼ਾਂ ਅਤੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਦੀ ਅਗਵਾਈ ਹੇਠ ਸਿਹਤ ਵਿਭਾਗ ਵੱਲੋਂ ਸੂਬਾ ਵਾਸੀਆਂ ਨੂੰ ਮੁਫ਼ਤ ਅਤੇ ਮਿਆਰੀ ਸਿਹਤ ਸੇਵਾਵਾਂ ਦੇਣ ਲਈ ਵੱਡੇ ਉਪਰਾਲੇ ਕੀਤੇ ਜਾ ਰਹੇ ਹਨ। ਇਸ ਸਮੇਂ ਸੂਬੇ ਭਰ ਵਿੱਚ 881 ਆਮ ਆਦਮੀ ਕਲੀਨਿਕ ਕਾਰਜਸ਼ੀਲ ਹਨ ਜਿੱਥੇ ਵੱਡੀ ਗਿਣਤੀ ਵਿੱਚ ਮਰੀਜ਼ ਇੱਥੇ ਇਲਾਜ ਕਰਵਾਉਣ ਲਈ ਆ ਰਹੇ ਹਨ। ਪਿਛਲੇ ਮਹੀਨੇ ਦੌਰਾਨ ਹੀ ਇਹਨਾਂ ਕਲੀਨਿਕਾਂ ਵਿੱਚ ਗਰਭਵਤੀ ਔਰਤਾਂ ਦੀ ਆਮਦ ਵਿੱਚ ਲੱਗਭੱਗ 30 ਫ਼ੀਸਦ ਦਾ ਵਾਧਾ ਦਰਜ ਕੀਤਾ ਗਿਆ ਹੈ। ਇਹ ਜਾਣਕਾਰੀ ਦਿੰਦਿਆਂ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਨਵ-ਨਿਯੁਕਤ ਚੇਅਰਮੈਨ ਗੁਰਸ਼ਰਨ ਸਿੰਘ ਛੀਨਾ ਨੇ ਦੱਸਿਆ ਕਿ ਆਮ ਆਮ ਆਦਮੀ ਕਲੀਨਿਕਾਂ ਵਿੱਚ ਉੱਚ ਜੋਖਮ ਵਾਲੀਆਂ ਗਰਭ ਅਵਸਥਾਵਾਂ ਵਜੋਂ ਸ਼ਨਾਖਤ ਕੀਤੇ ਗਏ ਮਾਮਲੇ ਸੂਬੇ ਪੱਧਰ 'ਤੇ 29 ਫ਼ੀਸਦ ਤੱਕ ਪਹੁੰਚ ਗਏ ਹਨ, ਜਿਸ ਨਾਲ ਸ਼ੁਰੂਆਤੀ ਡਾਕਟਰੀ ਇਲਾਜ ਸੰਭਵ ਹੋ ਰਿਹਾ ਹੈ ਅਤੇ ਮਾਵਾਂ ਤੇ ਨਵਜੰਮੇ ਬੱਚਿਆਂ ਦੀ ਸਿਹਤ ਦੀ ਰੱਖਿਆ ਕੀਤੀ ਜਾ ਰਹੀ ਹੈ।ਚੇਅਰਮੈਨ ਗੁਰਸ਼ਰਨ ਸਿੰਘ ਛੀਨਾ ਨੇ ਦੱਸਿਆ ਕਿ ਮਾਨ ਸਰਕਾਰ ਵੱਲੋਂ ਸੂਬੇ ਵਿੱਚ ਛੇਤੀ ਹੀ 243 ਨਵੇਂ ਆਮ ਆਦਮੀ ਕਲੀਨਿਕ ਸਥਾਪਤ ਕੀਤੇ ਜਾਣਗੇ ਜਦਕਿ 308 ਉਪ ਸਿਹਤ ਕੇਂਦਰਾਂ ਨੂੰ ਆਮ ਆਦਮੀ ਕਲੀਨਿਕਾਂ ਵਜੋਂ ਅਪਗ੍ਰੇਡ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਨਵੀਆਂ ਸੇਵਾਵਾਂ ਵਿੱਚ ਨਵਜਾਤ ਅਤੇ ਬਾਲ ਦੇਖਭਾਲ, ਰੁਟੀਨ ਟੀਕਾਕਰਨ ਅਤੇ ਮੂੰਹ ਤੇ ਪ੍ਰੋਸਟੇਟ ਕੈਂਸਰ ਲਈ ਸਕ੍ਰੀਨਿੰਗ ਸ਼ਾਮਲ ਹੋਵੇਗੀ। ਉਨ੍ਹਾਂ ਕਿਹਾ ਕਿ ਬਲਾਕ ਪੱਧਰ ਉੱਤੇ ਰੈਫਰ ਕਰਨ ਦੇ ਮਾਮਲਿਆਂ ਨੂੰ ਘਟਾਉਣ ਅਤੇ ਜ਼ਿਆਦਾ ਇਲਾਜ ਪ੍ਰਦਾਨ ਕਰਨ ਦੇ ਉਦੇਸ਼ ਲਈ ਬਲਾਕ ਪੱਧਰੀ ਸੰਸਥਾਵਾਂ ਨੂੰ ਮਜ਼ਬੂਤ ਕਰਨ ਪ੍ਰਤੀ ਸਰਕਾਰ ਵਚਨਬੱਧ ਹੈ। ਚੇਅਰਮੈਨ ਗੁਰਸ਼ਰਨ ਸਿੰਘ ਛੀਨਾ ਨੇ ਕਿਹਾ ਕਿ 14 ਜ਼ਿਲ੍ਹਿਆਂ ਨੇ ਆਮ ਆਦਮੀ ਕਲੀਨਿਕਾਂ 'ਤੇ 102 ਜ਼ਰੂਰੀ ਦਵਾਈਆਂ ਵਿੱਚੋਂ ਘੱਟੋ-ਘੱਟ 97 ਦਵਾਈਆਂ ਦੀ ਉਪਲੱਬਧਤਾ ਨੂੰ ਯਕੀਨੀ ਬਣਾਇਆ ਹੈ। ਉਨ੍ਹਾਂ ਕਿਹਾ ਕਿ ਸਟਾਕ ਵਿੱਚ ਕਿਸੇ ਵੀ ਤਰ੍ਹਾਂ ਦੀ ਘਾਟ ਹੋਣ ਦੀ ਸੂਰਤ ਵਿੱਚ ਸਬੰਧਤ ਅਧਿਕਾਰੀ ਦੀ ਜਵਾਬਦੇਹੀ ਤੈਅ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸਰਕਾਰੀ ਸਿਹਤ ਕੇਂਦਰ ਵਿੱਚ ਆਉਣ ਵਾਲੇ ਹਰੇਕ ਮਰੀਜ਼ ਨੂੰ ਨਿਰਧਾਰਤ ਦਵਾਈਆਂ ਅਤੇ ਜਾਂਚ ਸੇਵਾਵਾਂ ਮੁਫ਼ਤ ਪ੍ਰਦਾਨ ਕੀਤੀਆਂ ਜਾਣੀਆਂ ਯਕੀਨੀ ਬਣਾਈਆਂ ਜਾਣ। ਉਨ੍ਹਾਂ ਕਿਹਾ ਕਿ ਨਿਰਵਿਘਨ ਸਪਲਾਈ ਨੂੰ ਯਕੀਨੀ ਬਣਾਉਣ ਲਈ ਈ-ਔਸ਼ਧੀ ਅਤੇ ਜ਼ਿਲ੍ਹਾ ਪੱਧਰੀ ਡੈਸ਼ਬੋਰਡਾਂ ਰਾਹੀਂ ਨਿਗਰਾਨੀ ਵਿੱਚ ਤੇਜ਼ੀ ਲਿਆਂਦੀ ਜਾਵੇਗੀ।ਮੁੱਖ ਮੰਤਰੀ ਸਿਹਤ ਯੋਜਨਾ ਬਾਰੇ ਗੱਲ ਕਰਦਿਆਂ ਚੇਅਰਮੈਨ ਸ. ਛੀਨਾ ਨੇ ਕਿਹਾ ਕਿ ਇਸ ਸਕੀਮ ਤਹਿਤ ਪ੍ਰਤੀ ਪਰਿਵਾਰ ਸਾਲਾਨਾ 10 ਲੱਖ ਰੁਪਏ ਤੱਕ ਦੇ ਨਕਦੀ ਰਹਿਤ ਸਿਹਤ ਬੀਮਾ ਦਿੱਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਸਕੀਮ ਦਾ ਉਦੇਸ਼ ਮੈਡੀਕਲ ਐਮਰਜੈਂਸੀ ਦੌਰਾਨ ਪਰਿਵਾਰਾਂ ਦੇ ਵਿੱਤੀ ਬੋਝ ਨੂੰ ਬਿਲਕੁੱਲ ਘੱਟ ਕਰਨਾ ਹੈ। ਉਨ੍ਹਾਂ ਕਿਹਾ ਕਿ ਸਿਹਤ ਵਿਭਾਗ ਵੱਲੋਂ ਸਮੂਹ ਸਿਵਲ ਸਰਜਨਾਂ ਨੂੰ ਹਦਾਇਤ ਕੀਤੀ ਕਿ ਉਹ ਸੂਚੀਬੱਧ ਹਸਪਤਾਲਾਂ ਵਿੱਚ ਨਿਰਵਿਘਨ ਰਜਿਸਟ੍ਰੇਸ਼ਨ ਅਤੇ ਸੇਵਾਵਾਂ ਪ੍ਰਦਾਨ ਕਰਨਾ ਯਕੀਨੀ ਬਣਾਉਣ ਤਾਂ ਜੋ ਕੋਈ ਵੀ ਯੋਗ ਲਾਭਪਾਤਰੀ ਇਲਾਜ ਤੋਂ ਵਾਂਝਾ ਨਾ ਰਹੇ।

# ਬਠਿੰਡੇ ਜ਼ਿਲ੍ਹੇ ਦੀ ਐਸ.ਐਸ.ਪੀ. ਜੋਤੀ ਯਾਦਵ 'ਤੇ ਸਰਕਾਰ ਧਾਰਾ 307 ਦਾ ਪਰਚਾ ਦਰਜ ਕਰੇ : ਮੰਡਾਲਾ

ਖਡੂਰ ਸਾਹਿਬ, 22 ਫਰਵਰੀ (ਸਰਬਜੀਤ ਸਿੰਘ ਮੀਆਂ ਵਿੰਡ): ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਸੁਲੱਖਣ ਸਿੰਘ ਨੇ ਕਿਹਾ ਕਿ ਕਿਸਾਨਾਂ, ਮਜ਼ਦੂਰਾਂ ਦੇ ਘਰਾਂ ਵਿੱਚ ਦਾਖਲ ਹੋ ਕੇ ਪੁਲਿਸ ਦਾ ਇੱਕ ਵੱਡਾ ਹਜੂਮ ਲੈਕੇ ਜੋ ਐਸ.ਐਸ.ਪੀ.ਨੇ ਗੁੰਡਾਗਰਦੀ ਦਾ ਨੰਗਾ ਨਾਚ 18 ਫਰਵਰੀ ਨੂੰ ਪਿੰਡ ਜਿਉਂਦ ਵਿੱਚ ਖੇਡਿਆ ਗਿਆ। ਉਸ ਦੇ ਪੰਜਾਬ ਪੁਲਿਸ ਦੀ ਵਰਦੀ ਨੂੰ ਕਲੰਕਤ ਕੀਤਾ ਗਿਆ ਅਤੇ ਨਾਲ ਹੀ ਭਗਵੰਤ ਮਾਨ ਦੀ ਸਰਕਾਰ ਦੀ ਹਾਲਤ ਵੀ ਇੱਕ ਕੁਆੜੀਏ ਦੀ ਦੁਕਾਨ 'ਤੇ ਪਏ ਸਮਾਨ ਵਰਗੀ ਕਰ ਦਿੱਤੀ ਹੈ ਲੋਕਾਂ ਦੇ ਦਿਲਾਂ ਵਿੱਚ ਬਹੁਤ ਜ਼ਿਆਦਾ ਰੋਸ ਜੋ ਕਿ ਇਸ ਮੈਡਮ ਨੇ ਪੀਲੇ ਪਰਨੇ ਵਾਲੇ ਕਿਸਾਨ ਗਿਰਫ਼ਤਾਰ ਕਰਨ ਦੇ ਹੁਕਮ ਦਿੱਤੇ ਉਸ ਤੋਂ ਬਾਅਦ ਉਸ ਕਿਸਾਨ ਗਿਰਫ਼ਤਾਰ ਕਰ ਕੇ ਕੁੱਟ ਕੁੱਟ ਕੇ ਉਸ ਦੀ ਲੱਤ ਚਕਨਾਚੂਰ ਕੀਤੀ ਗਈ ਅਤੇ ਗਰੀਬ ਲੋਕਾਂ ਦੇ ਘਰਾਂ ਵਿੱਚ ਧੂੰਏਂ ਵਾਲੇ ਬੰਬਾਂ ਨਾਲ ਪੂਰੇ ਪਿੰਡ ਨੂੰ ਲੜਾਈ ਦਾ ਮੈਦਾਨ ਬਣਾਇਆ ਗਿਆ। ਇਕ ਕਿਸਾਨ ਦਾ ਬੰਬ ਨਾਲ ਹੱਥ ਉੱਡ ਗਿਆ ਜਾਨਵਰਾਂ ਵਾਂਗ ਲੋਕਾਂ ਦੀ ਕੁੱਟ ਮਾਰ ਕੀਤੀ ਗਈ ਇਥੋਂ ਤੱਕ ਕਿ ਇਸ ਮੈਡਮ ਨੇ ਔਰਤ ਹੁੰਦਿਆਂ ਬਜ਼ੁਰਗ ਬੀਬੀਆਂ 'ਤੇ ਵੀ ਤਰਸ ਨਹੀਂ ਕੀਤਾ।ਉਨ੍ਹਾਂ 'ਤੇ ਵੀ ਇੱਟਾਂ ਰੋੜੇ ਚਲਵਾ ਕੇ ਕਈਆਂ ਨੂੰ ਜ਼ਖਮੀ ਕੀਤਾ। ਇਸ ਕਰਕੇ ਅਸੀਂ ਸਾਰੇ ਤਰਨਤਾਰਨ ਜ਼ਿਲ੍ਹੇ ਦੇ ਆਗੂ ਪੰਜਾਬ ਦੇ ਮੁੱਖ ਮੰਤਰੀ ਮਾਨ ਨੂੰ ਬੇਨਤੀ ਕਰਦੇ ਹਾਂ ਜੇਕਰ ਤੁਸੀਂ ਚੁਹੰਦੇ ਜੇ ਕਿ ਆਉਣ ਵਾਲੇ ਸਮੇਂ ਵਿੱਚ ਤੁਹਾਡੀ ਪਾਰਟੀ ਦਾ ਕੋਈ ਇੱਕ ਅੱਧਾ MLA ਜਿੱਤ ਜਾਵੇ ਤਾਂ ਇਸ ਮੈਡਮ ਜੋਤੀ ਯਾਦਵ ਬਣਦੀ ਕਾਰਵਾਈ ਕਰਕੇ ਕੇਸ ਦਰਜ ਕੀਤਾ ਜਾਵੇ ਤਾਂ ਕਿ ਜੋ ਇਸ ਮੈਡਮ ਨੇ ਲੋਕਾਂ ਦੇ ਹਿਰਦਿਆਂ ਨੂੰ ਠੇਸ ਪਹੁੰਚਾਈ ਕਿਸਾਨਾਂ ਨੂੰ ਅਪਰਾਧੀਆਂ ਦੇ ਨਾਲ ਤੁਲਨਾ ਕਰ ਰਹੇ ਨੇ ਇਸ ਕਰਕੇ ਪੰਜਾਬ ਦੇ ਲੋਕ ਕਦੇ ਨਹੀਂ ਭੁੱਲ ਸਕਦੇ ਪੰਜਾਬ ਦੇ ਲੋਕ ਉਸ ਗੇਂਦ ਦੀ ਤਰ੍ਹਾਂ ਨੇ ਗੇਂਦ ਨੂੰ ਜਿੰਨੀ ਜ਼ੋਰ ਨਾਲ ਮਾਰਿਆ ਜਾਵੇ ਉਹ ਗੇਂਦ ਉਨਾ ਹੀ ਉੱਪਰ ਨੂੰ ਜ਼ਿਆਦਾ ਜਾਂਦੀ ਹੈ। ਇਸ ਕਰਕੇ ਪੰਜਾਬ ਦੇ ਲੋਕਾਂ 'ਤੇ ਇਹ ਪਹਿਲੀ ਵਾਰ ਜ਼ੁਲਮ ਨਹੀਂ ਹੋਇਆ। ਪੰਜਾਬ ਅੱਜ ਸੁੱਖੀ ਵਸਦਾ ਪਰ ਪੰਜਾਬ ਨੂੰ ਦੁਖੀ ਕਰਨ ਵਾਲੇ ਕਿੱਤੇ ਨਜ਼ਰ ਨਹੀਂ ਆਉਂਦੇ।

# ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਇੱਕ ਸਾਬਕਾ ਵਿਦਿਆਰਥੀ ਜਸਪ੍ਰੀਤ ਸਿੰਘ ਅਟਾਰਨੀ ਵੱਲੋਂ ਚੁੱਕਿਆ ਪੰਜਾਬੀਅਤ ਲਈ ਇਤਿਹਾਸਕ ਕਦਮ

## ਨਿਊਯਾਰਕ ਸੂਬੇ ਦੀ ਗਵਰਨਰ ਹੋਨ. ਕੈਥੀ ਹੋਚੁਲ ਨੂੰ ਸੌਂਪਿਆ ਪੰਜਾਬੀ ਭਾਸ਼ਾ ਦੀ ਮਾਨਤਾ ਸਮੇਤ ਸਿੱਖ ਭਾਈਚਾਰੇ ਦੀਆਂ ਮੰਗਾਂ ਬਾਰੇ ਵਿਸ਼ੇਸ਼ ਮੈਮੋਰੈਂਡਮ



ਅੰਮ੍ਰਿਤਸਰ, 22 ਫਰਵਰੀ (ਗੁਰਦਿਆਲ ਸਿੰਘ/ਬਬਲੂ ਮਹਾਜਨ)ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਇੱਕ ਸਾਬਕਾ ਵਿਦਿਆਰਥੀ ਜਸਪ੍ਰੀਤ ਸਿੰਘ ਅਟਾਰਨੀ ਨੇ ਪੰਜਾਬ, ਪੰਜਾਬੀ ਤੇ ਪੰਜਾਬੀਅਤ ਲਈ ਇਤਿਹਾਸਕ ਕਦਮ ਪੁੱਟਦਿਆਂ ਅਮਰੀਕਾ ਵਿੱਚ ਨਿਊਯਾਰਕ ਸੂਬੇ ਦੀ ਗਵਰਨਰ ਹੋਨ. ਕੈਥੀ ਹੋਚੁਲ ਨੂੰ ਮੈਮੋਰੈਂਡਮ ਸੌਂਪ ਕੇ ਪੰਜਾਬੀ ਭਾਸ਼ਾ ਦੀ ਮਾਨਤਾ ਸਮੇਤ ਸਿੱਖ ਭਾਈਚਾਰੇ ਦੀਆਂ ਮੰਗਾਂ ਨੂੰ ਮਜ਼ਬੂਤੀ ਨਾਲ਼ ਰੱਖਿਆ ਤੇ ਗਵਰਨਰ ਨੇ ਇਹਨਾਂ ਨੂੰ ਮੰਨਣ ਦੀ ਸਹਿਮਤੀ ਵੀ ਦੇ ਦਿੱਤੀ। ਇਹ ਘਟਨਾ ਪੰਜਾਬੀਆਂ ਲਈ ਬਹੁਤ ਵੱਡਾ ਮਾਣ ਵਾਲਾ ਪਲ ਹੈ। ਤਿੰਨ ਦਿਨਾਂ ਅੰਤਰਰਾਸ਼ਟਰੀ ਕਾਨਫਰੰਸ ਦੇ ਇੱਕ ਸੈਸ਼ਨ ਵਿੱਚ ਵਾਈਸ ਚਾਂਸਲਰ ਡਾ. ਕਰਮਜੀਤ ਸਿੰਘ ਨੇ ਇਸ ਗੱਲ ਦਾ ਐਲਾਨ ਕਰਕੇ ਸਾਰੇ ਹਾਜ਼ਰੀਨ ਨੂੰ ਗਰਵ ਮਹਿਸੂਸ ਕਰਵਾਇਆ। ਉਨ੍ਹਾਂ ਕਿਹਾ ਕਿ ਜਸਪ੍ਰੀਤ ਸਿੰਘ, ਜੋ ਗੁਰੂ ਨਾਨਕ ਦੇਵ ਯੂਨੀਵਰਸਿਟੀ ਦਾ ਸਾਬਕਾ ਵਿਦਿਆਰਥੀ ਹੈ ਤੇ ਅਮਰੀਕਾ ਵਿੱਚ ਐਟਰਨੀ-ਐਟ-ਲਾਅ ਵਜੋਂ ਕੰਮ ਕਰ ਰਿਹਾ ਹੈ, ਨੇ 17 ਫਰਵਰੀ 2026 ਨੂੰ ਮੈਨਹਟਨ, ਨਿਊਯਾਰਕ ਵਿਖੇ ਗਵਰਨਰ ਦੇ ਦਫ਼ਤਰ ਵਿੱਚ ਸਿੱਖ ਆਗੂਆਂ ਨਾਲ਼ ਮੀਟਿੰਗ ਕਰਵਾਈ। ਇਹ ਮੀਟਿੰਗ ਲਗਭਗ ਇੱਕ ਘੰਟੇ ਚੱਲੀ ਤੇ ਬਹੁਤ ਫਲਦਾਇਕ ਸਾਬਤ ਹੋਈ।ਜਸਪ੍ਰੀਤ ਸਿੰਘ ਨੇ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਆਫ਼ ਨਿਊਯਾਰਕ ਦੇ ਆਗੂਆਂ ਵੱਲੋਂ ਵਿਸਥਾਰ ਵਿੱਚ ਮੈਮੋਰੈਂਡਮ ਪੇਸ਼ ਕੀਤਾ। ਇਸ ਵਿੱਚ ਪੰਜਾਬੀ ਭਾਸ਼ਾ ਨੂੰ ਨਿਊਯਾਰਕ ਸੂਬੇ ਵਿੱਚ ਅਧਿਕਾਰਕ ਮਾਨਤਾ ਦੇਣ, ਸਕੂਲਾਂ, ਕਾਲਜਾਂ ਤੇ ਡਿਪਾਰਟਮੈਂਟ ਆਫ਼ ਮੋਟਰ ਵਹੀਕਲਜ਼ (ਡੀ.ਐੱਮ.ਵੀ.) ਵਿੱਚ ਪੜ੍ਹਾਉਣ ਦੇ ਪ੍ਰਬੰਧ ਕਰਨ, ਸਿੱਖ ਭਾਈਚਾਰੇ ਲਈ ਕਮਿਊਨਿਟੀ ਸੈਂਟਰ ਬਣਾਉਣ, ਨਫ਼ਰਤੀ ਅਪਰਾਧਾਂ ਰੋਕਣ ਲਈ ਸਖ਼ਤ ਕਦਮ ਚੁੱਕਣ, ਭਾਈਚਾਰੇ ਲਈ ਫਿਊਨਰਲ ਹੋਮ ਸਥਾਪਤ ਕਰਨ ਤੇ ਇਮੀਗ੍ਰੰਟ ਭਾਈਚਾਰਿਆਂ ਦੀਆਂ ਮੁਸ਼ਕਲਾਂ ਨੂੰ ਹੱਲ ਕਰਨ ਵਰਗੀਆਂ ਮਹੱਤਵਪੂਰਨ ਮੰਗਾਂ ਸ਼ਾਮਲ ਸਨ।ਗਵਰਨਰ ਕੈਥੀ ਹੋਚੁਲ ਨੇ ਸਿੱਖ ਭਾਈਚਾਰੇ ਦੇ ਅਮਰੀਕਾ ਤੇ ਨਿਊਯਾਰਕ ਸੂਬੇ ਲਈ ਯੋਗਦਾਨ ਦੀ ਸ਼ਲਾਘਾ ਕੀਤੀ ਤੇ ਸਬੰਧਤ ਅਧਿਕਾਰੀਆਂ ਨੂੰ ਤੁਰੰਤ ਕਾਰਵਾਈ ਕਰਨ ਦੇ ਹੁਕਮ ਦਿੱਤੇ। ਉਨ੍ਹਾਂ ਨੇ ਇਮੀਗ੍ਰੰਟਾਂ ਦੀਆਂ ਮੁਸ਼ਕਲਾਂ ਖ਼ਾਸ ਕਰਕੇ ਡਿਟੇਨੀਜ਼ ਲਈ ਹੈਬੀਅਸ ਕਾਰਪਸ ਪਟੀਸ਼ਨਾਂ ਰਾਹੀਂ ਰਾਹਤ ਬਾਰੇ ਵੀ ਸਹਿਯੋਗ ਦਾ ਭਰੋਸਾ ਦਿੱਤਾ। ਮੀਟਿੰਗ ਵਿੱਚ ਸਟੇਟ ਪੁਲਿਸ, ਡੀ.ਐੱਮ.ਵੀ., ਡਿਪਾਰਟਮੈਂਟ ਆਫ਼ ਐਜੂਕੇਸ਼ਨ ਤੇ ਇੰਟਰਫੇਥ ਅਫੇਅਰਜ਼ ਵਰਗੇ ਵਿਭਾਗਾਂ ਦੇ ਸੀਨੀਅਰ ਅਧਿਕਾਰੀ ਮੌਜੂਦ ਸਨ। ਏਸ਼ੀਅਨ ਅਮਰੀਕਨ ਅਫੇਅਰਜ਼ ਦੀ ਡਾਇਰੈਕਟਰ ਸਿਬੂ ਨੈਰ ਵੀ ਹਾਜ਼ਰ ਸੀ।ਜਸਪ੍ਰੀਤ ਸਿੰਘ ਨੇ ਗਵਰਨਰ ਦੇ ਸਹਿਯੋਗਪੂਰਨ ਰਵੱਈਏ ਦਾ ਧੰਨਵਾਦ ਕੀਤਾ ਤੇ ਦੱਸਿਆ ਕਿ ਮਈ 2026 ਵਿੱਚ ਫਾਲੋ-ਅੱਪ ਮੀਟਿੰਗ ਹੋਵੇਗੀ। ਨਾਲ਼ ਹੀ 25 ਅਪ੍ਰੈਲ 2026 ਨੂੰ ਮੈਨਹਟਨ ਵਿੱਚ ਹੋਣ ਵਾਲੇ ਸਿੱਖ ਡੇ ਪੈਰੇਡ ਵਿੱਚ ਗਵਰਨਰ ਨੂੰ ਸੱਦਾ ਵੀ ਦਿੱਤਾ ਗਿਆ।ਮੀਟਿੰਗ ਵਿੱਚ ਗੁਰਦੇਵ ਸਿੰਘ ਕੰਗ, ਜਤਿੰਦਰ ਸਿੰਘ ਬੋਪਾਰਾਈ, ਬਲਾਕਾ ਸਿੰਘ, ਅੰਮ੍ਰਿਕ ਸਿੰਘ, ਰਣਜੀਤ ਸਿੰਘ, ਜਗੀਰ ਸਿੰਘ, ਬੂੱਟਾ ਸਿੰਘ, ਜੋਗਿੰਦਰ ਸਿੰਘ ਤੇ ਮੋਹਿੰਦਰ ਸਿੰਘ ਗਿਲਜ਼ੀਆਂ ਸਮੇਤ ਸਿੱਖ ਕਲਚਰਲ ਸੁਸਾਇਟੀ ਆਫ਼ ਨਿਊਯਾਰਕ ਦੇ ਪ੍ਰਮੁੱਖ ਆਗੂ ਸ਼ਾਮਲ ਸਨ।ਵਾਈਸ ਚਾਂਸਲਰ ਡਾ. ਕਰਮਜੀਤ ਸਿੰਘ ਨੇ ਜਸਪ੍ਰੀਤ ਸਿੰਘ ਨੂੰ ਵਧਾਈ ਦਿੰਦਿਆਂ ਕਿਹਾ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਐਲੂਮਨਾਈ ਵੱਲੋਂ ਅਜਿਹੇ ਕੰਮ ਪੰਜਾਬੀ ਭਾਸ਼ਾ, ਸੱਭਿਆਚਾਰ ਤੇ ਪਛਾਣ ਲਈ ਵਿਸ਼ਵ ਪੱਧਰ 'ਤੇ ਵਕਾਲਤ ਕਰਨ ਦੀ ਯੂਨੀਵਰਸਿਟੀ ਦੀ ਵਚਨਬੱਧਤਾ ਨੂੰ ਦਰਸਾਉਂਦੇ ਹਨ। ਇਹ ਪੂਰੇ ਪੰਜਾਬੀ ਡਾਇਸਪੋਰਾ ਲਈ ਵੀ ਵੱਡਾ ਮਾਣ ਵਾਲਾ ਮੌਕਾ ਹੈ।

# ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਸਾਲਾਨਾ ਜੋੜ ਮੇਲਾ ਮਨਾਇਆ

ਚੋਗਾਵਾਂ, 22 ਫਰਵਰੀ (ਸੁਬੇਗ ਸਿੰਘ ਸੋਨਾ): ਅਮਰ ਸ਼ਹੀਦ ਧੰਨ ਧੰਨ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਦਸਵਾਂ ਸਾਲਾਨਾ ਜੋੜ ਮੇਲਾ ਪਿੰਡ ਸਿੱਧਵਾਂ ਦੇ ਗੁਰਦੁਆਰਾ ਧੰਨ-ਧੰਨ ਬਾਬਾ ਦੀਪ ਸਿੰਘ ਜੀ ਵਿਖੇ ਸਮੂਹ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਮਨਾਇਆ ਗਿਆ। ਗੁਰਦੁਆਰਾ ਸਾਹਿਬ ਵਿਖੇ ਲੜੀਵਾਰ ਪਾਠਾਂ ਦੇ ਭੋਗ ਪਾਏ ਗਏ। ਉਪਰੰਤ ਸੱਜੇ ਦੀਵਾਨ ਵਿਚ ਗਿਆਨੀ ਕੁਲਵਿੰਦਰ ਸਿੰਘ ਸਾਬਕਾ ਅਰਦਾਸੀਏ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਭਾਈ ਗੁਰਦੇਵ ਸਿੰਘ ਹਜ਼ੂਰੀ ਰਾਗੀ, ਭਾਈ ਸੰਦੀਪ ਸਿੰਘ ਮਹਿਮਾ ਦਾ ਇੰਟਰਨੈਸ਼ਨਲ ਕਵੀਸ਼ਰੀ ਜਥਾ, ਭਾਈ ਮਨਬੀਰ ਸਿੰਘ ਐੱਮ. ਏ. ਦਾ ਢਾਡੀ ਜਥਾ, ਭਾਈ ਸਿਮਰਨਜੀਤ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਨੇ ਜੁੜ ਬੈਠੀ ਸੰਗਤ ਨੂੰ ਕਥਾ, ਕੀਰਤਨ ਤੇ ਸੂਰਬੀਰ ਯੋਧਿਆਂ ਦਾ ਗੁਰ ਇਤਿਹਾਸ ਸੁਣਾ ਕੇ ਨਿਹਾਲ ਕੀਤਾ। ਸਮਾਗਮ ਵਿਚ ਸੰਤ ਬਾਬਾ ਅਵਤਾਰ ਸਿੰਘ ਸੁਰ ਸਿੰਘ ਵਾਲੇ, ਬਾਬਾ ਬਲਬੀਰ ਸਿੰਘ ਸੋਢੀ ਦਸਮੇਸ਼ ਤਰਨਾ ਦਲ, ਸੰਤ ਬਾਬਾ ਸਤਨਾਮ ਸਿੰਘ ਗੁਰੂ ਕੇ ਬਾਗ, ਬਾਬਾ ਕਸ਼ਮੀਰ ਸਿੰਘ ਭੂਰੀ, ਬਾਬਾ ਗੁਰਦੇਵ ਸਿੰਘ ਗੁਰਦੁਆਰਾ ਬਾਬਾ ਦਰਸ਼ਨ ਸਿੰਘ ਕੁੱਲੀ, ਬਾਬਾ ਦਰਸ਼ਨ ਸਿੰਘ ਗੁਰਦੁਆਰਾ ਟਾਹਲਾ ਸਾਹਿਬ, ਬਾਬਾ ਤਰਲੋਕ ਸਿੰਘ ਖਿਆਲੇ ਵਾਲੇ, ਬਾਬਾ ਕ੍ਰਿਪਾਲ ਸਿੰਘ ਗੁਰੂ ਕੇ ਬਾਗ, ਬਾਬਾ ਕੁਲਬੀਰ ਸਿੰਘ, ਬਾਬਾ ਜੋਗਿੰਦਰ ਸਿੰਘ ਲੋਪੋਕੇ, ਬਾਬਾ ਸ਼ਮਸ਼ੇਰ ਸਿੰਘ ਭਿੱਟੇਵੱਡ ਤੇ ਬਾਬਾ ਰਘਬੀਰ ਸਿੰਘ ਖਿਆਲੇ ਵਾਲਿਆਂ ਨੇ ਹਾਜ਼ਰੀਆਂ ਭਰੀਆਂ। ਆਏ ਹੋਏ ਜਥੇ ਤੇ ਸੰਤ ਮਹਾਂਪੁਰਸ਼ਾਂ ਨੂੰ ਮੁੱਖ ਗ੍ਰੰਥੀ ਭਾਈ ਜਰਨੈਲ ਸਿੰਘ ਤੇ ਗੁਰਲਾਲ ਸਿੰਘ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਕਈ ਸਵਾਦੀ ਪਕਵਾਨਾਂ ਦੇ ਲੰਗਰ ਅਤੁੱਟ ਵਰਤੇ।

# ਜ਼ੀਰਾ ਰੋਡ ਦੇ ਡੂੰਘੇ ਖੱਡੇ ਰਾਹਗੀਰਾਂ ਲਈ ਬਣੇ ਜਾਨ ਦਾ ਜੰਜਾਲ, ਪ੍ਰਸ਼ਾਸਨ ਖਾਮੋਸ਼

ਮੋਗਾ, 22 ਫਰਵਰੀ (ਨਿਸ਼ੀ ਮਨਚੰਦਾ, ਗੁਰਦੇਵ ਖੁਰਾਣਾ): ਸਥਾਨਕ ਸ਼ਹਿਰ ਦੀ ਜੀਰਾ ਰੋਡ, ਜੋ ਕਿ ਇਲਾਕੇ ਦੀ ਇਕ ਮਹੱਤਵਪੂਰਨ ਸੜਕ ਮੰਨੀ ਜਾਂਦੀ ਹੈ, ਅੱਜ ਕੱਲ੍ਹ ਡੂੰਘੇ ਅਤੇ ਵੱਡੇ-ਵੱਡੇ ਖੱਡਿਆਂ ਕਾਰਨ ਰਾਹਗੀਰਾਂ ਲਈ ਨਿਰੀ ਮੌਤ ਦਾ ਫੰਦਾ ਬਣ ਚੁੱਕੀ ਹੈ। ਇਸ ਰਸਤੇ ਰੋਜ਼ਾਨਾ ਹਜ਼ਾਰਾਂ ਵਾਹਨ ਗੁਜ਼ਰਦੇ ਹਨ, ਜਿਨ੍ਹਾਂ ਵਿਚ ਦੋਪਹੀਆ ਵਾਹਨ, ਕਾਰਾਂ, ਟਰੱਕਾਂ ਅਤੇ ਮਾਲਵਾਹਕ ਵਾਹਨ ਸ਼ਾਮਲ ਹਨ। ਇਲਾਕੇ ਦੇ ਲੋਕਾਂ, ਦੁਕਾਨਦਾਰਾਂ ਅਤੇ ਰੋਜ਼ਾਨਾ ਇਸ ਰਸਤੇ ਆਉਣ-ਜਾਣ ਕਰਨ ਵਾਲਿਆਂ ਨੇ ਪ੍ਰਸ਼ਾਸਨ ਦੀ ਕਾਰਗੁਜ਼ਾਰੀ 'ਤੇ ਗੰਭੀਰ ਸਵਾਲ ਖੜ੍ਹੇ ਕਰਦਿਆਂ ਕਿਹਾ ਹੈ ਕਿ ਲੱਗਦਾ ਹੈ ਜਿਵੇਂ ਅਧਿਕਾਰੀ ਕਿਸੇ ਵੱਡੇ ਹਾਦਸੇ ਦੀ ਉਡੀਕ ਕਰ ਰਹੇ ਹਨ। ਰੋਡ ਦੀ ਹਾਲਤ ਇੰਨ੍ਹੀ ਖਰਾਬ ਹੋ ਚੁੱਕੀ ਹੈ ਕਿ ਕਈ ਥਾਵਾਂ 'ਤੇ ਖੱਡੇ ਇੰਨ੍ਹੇ ਡੂੰਘੇ ਹਨ ਕਿ ਦੋਪਹੀਆ ਵਾਹਨ ਸਵਾਰਾਂ ਲਈ ਸੰਤੁਲਨ ਬਣਾਈ ਰੱਖਣਾ ਮੁਸ਼ਕਲ ਹੋ ਜਾਂਦਾ ਹੈ। ਰਾਤ ਸਮੇਂ ਜਾਂ ਸਵੇਰੇ ਹਨੇਰੇ ਵਿਚ ਇਹ ਖੱਡੇ ਸਪੱਸ਼ਟ ਤੌਰ 'ਤੇ ਨਜ਼ਰ ਨਹੀਂ ਆਉਂਦੇ, ਜਿਸ ਨਾਲ ਹਾਦਸਿਆਂ ਦਾ ਖ਼ਤਰਾ ਕਈ ਗੁਣਾ ਵੱਧ ਜਾਂਦਾ ਹੈ। ਸਥਾਨਕ ਨਿਵਾਸੀਆਂ ਦਾ ਕਹਿਣਾ ਹੈ ਕਿ ਇਹ ਰੋਡ ਇਲਾਕੇ ਦਾ ਮੇਨ ਹਾਈਵੇ ਹੈ, ਜਿਸ ਰਾਹੀਂ ਕਈ ਪਿੰਡਾਂ ਦੇ ਲੋਕ ਆਪਣੀਆਂ ਮੰਜ਼ਿਲਾਂ ਤੱਕ ਪਹੁੰਚਦੇ ਹਨ।




ਸਵੇਰੇ ਸਵੇਰੇ ਮਜ਼ਦੂਰ, ਵਿਦਿਆਰਥੀ ਅਤੇ ਦਫ਼ਤਰੀ ਕਰਮਚਾਰੀ ਇਸੇ ਰਸਤੇ ਰਾਹੀਂ ਸ਼ਹਿਰ ਦਾ ਰੁਖ ਕਰਦੇ ਹਨ ਅਤੇ ਸ਼ਾਮ ਨੂੰ ਵਾਪਸ ਘਰ ਲੌਟਦੇ ਹਨ। ਜੀਰਾ ਰੋਡ 'ਤੇ ਰਹਿਣ ਵਾਲੇ ਲੋਕਾਂ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਪਿਛਲੇ ਕਈ ਮਹੀਨਿਆਂ ਤੋਂ ਇਹ ਸਮੱਸਿਆ ਜਿਉਂ ਦੀ ਤਿਉਂ ਬਣੀ ਹੋਈ ਹੈ। ਕਈ ਵਾਰ ਸੰਬੰਧਤ ਵਿਭਾਗ ਨੂੰ ਸ਼ਿਕਾਇਤਾਂ ਦਿੱਤੀਆਂ ਗਈਆਂ ਹਨ, ਪਰ ਮੁਰੰਮਤ ਦੇ ਨਾਂ 'ਤੇ ਕੇਵਲ ਖਾਨਾਪੂਰੀ ਹੀ ਕੀਤੀ ਜਾਂਦੀ ਹੈ। ਮੀਂਹ ਪੈਣ ਤੋਂ ਬਾਅਦ ਹਾਲਤ ਹੋਰ ਵੀ ਬਦਤਰ ਹੋ ਜਾਂਦੀ ਹੈ, ਕਿਉਂਕਿ ਖੱਡਿਆਂ ਵਿਚ ਪਾਣੀ ਭਰ ਜਾਣ ਕਾਰਨ ਉਨ੍ਹਾਂ ਦੀ ਡੂੰਘਾਈ ਦਾ ਅੰਦਾਜ਼ਾ ਲਗਾਉਣਾ ਮੁਸ਼ਕਲ ਹੋ ਜਾਂਦਾ ਹੈ। ਇਸ ਕਰਕੇ ਵਾਹਨ ਅਚਾਨਕ ਝਟਕਾ ਖਾਂਦੇ ਹਨ ਅਤੇ ਕਈ ਵਾਰ ਡਿੱਗਣ ਦੇ ਮਾਮਲੇ ਵੀ ਸਾਹਮਣੇ ਆਏ ਹਨ। ਦੁਕਾਨਦਾਰਾਂ ਨੇ ਵੀ ਆਪਣੀ ਪਰੇਸ਼ਾਨੀ ਜ਼ਾਹਰ ਕਰਦਿਆਂ ਕਿਹਾ ਕਿ ਸੜਕ ਦੀ ਖਰਾਬ ਹਾਲਤ ਕਾਰਨ ਗਾਹਕਾਂ ਦੀ ਆਵਾਜਾਈ ਘੱਟ ਹੋ ਗਈ ਹੈ। ਵੱਡੇ ਖੱਡਿਆਂ ਤੋਂ ਬਚਣ ਲਈ ਵਾਹਨ ਚਾਲਕ ਅਚਾਨਕ ਮੋੜ ਲੈਂਦੇ ਹਨ, ਜਿਸ ਨਾਲ ਹਮੇਸ਼ਾ ਟੱਕਰ ਦਾ ਖ਼ਤਰਾ ਬਣਿਆ ਰਹਿੰਦਾ ਹੈ। ਕਈ ਵਾਰ ਟਰੈਫ਼ਿਕ ਜਾਮ ਦੀ ਸਥਿਤੀ ਵੀ ਬਣ ਜਾਂਦੀ ਹੈ, ਜਿਸ ਨਾਲ ਲੋਕਾਂ ਦਾ ਕੀਮਤੀ ਸਮਾਂ ਬਰਬਾਦ ਹੁੰਦਾ ਹੈ। ਦਿਨ-ਰਾਤ ਚੱਲਣ ਵਾਲੀਆਂ ਗੱਡੀਆਂ ਤੇ ਭਾਰੀ ਵਾਹਨਾਂ ਦੀ ਆਵਾਜਾਈ ਕਾਰਨ ਸੜਕ ਦੀ ਹਾਲਤ ਹੋਰ ਵੀ ਖਰਾਬ ਹੋ ਰਹੀ ਹੈ। ਮਜ਼ਦੂਰਾਂ ਦਾ ਕਹਿਣਾ ਹੈ ਕਿ ਜੇਕਰ ਜਲਦੀ ਹੀ ਸੜਕ ਦੀ ਮੁਰੰਮਤ ਨਾ ਕੀਤੀ ਗਈ ਤਾਂ ਕਿਸੇ ਵੀ ਵੇਲੇ ਵੱਡਾ ਹਾਦਸਾ ਵਾਪਰ ਸਕਦਾ ਹੈ।

### ਹੁਕਮਰਾਨ ਧਿਰ ਵੱਲੋਂ ਵਿਕਾਸ ਕਾਰਜਾਂ ਦਾ ਦਾਅਵਿਆਂ ਦਾ ਪਿੱਟਿਆ ਜਾ ਢਿੰਡੋਰਾ 'ਠੁੱਸ'

ਰਾਹਗੀਰਾਂ ਨੇ ਪ੍ਰਸ਼ਾਸਨ 'ਤੇ ਅਣਗਹਿਲੀ ਦੇ ਦੋਸ਼ ਲਗਾਉਂਦਿਆਂ ਕਿਹਾ ਕਿ ਹੁਕਮਰਾਨ ਧਿਰ ਵੱਲੋਂ ਵੱਡੇ-ਵੱਡੇ ਵਿਕਾਸ ਕਾਰਜਾਂ ਦੇ ਦਾਅਵੇ ਕੀਤੇ ਜਾਂਦੇ ਹਨ, ਪਰ ਜ਼ਮੀਨੀ ਹਕੀਕਤ ਇਸ ਤੋਂ ਬਿਲਕੁਲ ਉਲਟ ਹੈ। ਜੀਰਾ ਰੋਡ 'ਤੇ ਪਏ ਖੱਡੇ ਸਰਕਾਰੀ ਦਾਅਵਿਆਂ ਦੀ ਪੋਲ ਖੋਲ੍ਹ ਰਹੇ ਹਨ। ਲੋਕਾਂ ਦਾ ਕਹਿਣਾ ਹੈ ਕਿ ਜੇਕਰ ਕਿਸੇ ਦਿਨ ਹਨੇਰੇ ਸਵੇਰੇ ਜਾਂ ਰਾਤ ਸਮੇਂ ਕੋਈ ਵੱਡਾ ਹਾਦਸਾ ਵਾਪਰਦਾ ਹੈ ਤਾਂ ਇਸ ਦੀ ਸਿੱਧੀ ਜ਼ਿੰਮੇਵਾਰੀ ਮੋਗਾ ਪ੍ਰਸ਼ਾਸਨ ਦੀ ਹੋਵੇਗੀ। ਕੁਝ ਸਥਾਨਕ ਵਾਸੀਆਂ ਨੇ ਇਹ ਵੀ ਦੱਸਿਆ ਕਿ ਕਈ ਵਾਰ ਦੋਪਹੀਆ ਵਾਹਨ ਸਵਾਰ ਖੱਡਿਆਂ ਵਿੱਚ ਫਸ ਕੇ ਡਿੱਗ ਚੁੱਕੇ ਹਨ ਅਤੇ ਉਨ੍ਹਾਂ ਨੂੰ ਚੋਟਾਂ ਵੀ ਲੱਗੀਆਂ ਹਨ। ਖਾਸ ਕਰਕੇ ਬਜ਼ੁਰਗ ਅਤੇ ਮਹਿਲਾਵਾਂ ਲਈ ਇਹ ਸੜਕ ਬਹੁਤ ਖ਼ਤਰਨਾਕ ਬਣ ਚੁੱਕੀ ਹੈ। ਸਕੂਲੀ ਬੱਚੇ ਅਤੇ ਵਿਦਿਆਰਥੀ ਵੀ ਇਸੇ ਰਸਤੇ ਰਾਹੀਂ ਆਉਂਦੇ-ਜਾਂਦੇ ਹਨ, ਜਿਸ ਨਾਲ ਮਾਪਿਆਂ ਵਿਚ ਚਿੰਤਾ ਦਾ ਮਾਹੌਲ ਹੈ।

### ਸਿਰਫ਼ ਥੋੜ੍ਹੀ ਮੁਰੰਮਤ ਜਾਂ ਮਿੱਟੀ ਪਾਉਣ ਨਾਲ ਸਮੱਸਿਆ ਦਾ ਹੱਲ ਨਹੀਂ ਹੋਵੇਗਾ

ਇਲਾਕੇ ਦੇ ਲੋਕਾਂ ਨੇ ਮੰਗ ਕੀਤੀ ਹੈ ਕਿ ਤੁਰੰਤ ਤੌਰ 'ਤੇ ਸੜਕ ਦੀ ਪੂਰੀ ਰੀਕਾਰਪੇਟਿੰਗ ਕਰਵਾਈ ਜਾਵੇ ਅਤੇ ਜਿੱਥੇ ਜਿੱਥੇ ਖੱਡੇ ਹਨ, ਉਨ੍ਹਾਂ ਨੂੰ ਪੱਕੇ ਤਰੀਕੇ ਨਾਲ ਭਰਿਆ ਜਾਵੇ। ਸਿਰਫ਼ ਥੋੜ੍ਹੀ ਮੁਰੰਮਤ ਜਾਂ ਮਿੱਟੀ ਪਾਉਣ ਨਾਲ ਸਮੱਸਿਆ ਦਾ ਹੱਲ ਨਹੀਂ ਹੋਵੇਗਾ। ਇਸ ਤੋਂ ਇਲਾਵਾ ਰਾਤ ਸਮੇਂ ਚੇਤਾਵਨੀ ਬੋਰਡ ਅਤੇ ਰਿਫਲੈਕਟਰ ਲਗਾਏ ਜਾਣ ਤਾਂ ਜੋ ਹਾਦਸਿਆਂ ਤੋਂ ਬਚਿਆ ਜਾ ਸਕੇ। ਸਮਾਜਿਕ ਜਥੇਬੰਦੀਆਂ ਨੇ ਵੀ ਪ੍ਰਸ਼ਾਸਨ ਨੂੰ ਚੇਤਾਵਨੀ ਦਿੱਤੀ ਹੈ ਕਿ ਜੇਕਰ ਜਲਦੀ ਹੀ ਕੋਈ ਠੋਸ ਕਦਮ ਨਾ ਚੁੱਕਿਆ ਗਿਆ ਤਾਂ ਲੋਕਾਂ ਨੂੰ ਸੰਘਰਸ਼ ਦਾ ਰਾਹ ਅਪਣਾਉਣਾ ਪਵੇਗਾ। ਫਿਲਹਾਲ ਜੀਰਾ ਰੋਡ ਦੀ ਹਾਲਤ ਦੇਖ ਕੇ ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਪ੍ਰਸ਼ਾਸਨ ਦੀ ਲਾਪਰਵਾਹੀ ਲੋਕਾਂ ਦੀ ਜਾਨ 'ਤੇ ਭਾਰੀ ਪੈ ਰਹੀ ਹੈ। ਜ਼ਰੂਰਤ ਹੈ ਕਿ ਸੰਬੰਧਤ ਵਿਭਾਗ ਤੁਰੰਤ ਮੌਕੇ 'ਤੇ ਜਾ ਕੇ ਹਕੀਕਤ ਦਾ ਜਾਇਜ਼ਾ ਲਵੇ ਅਤੇ ਪੱਕੇ ਹੱਲ ਵੱਲ ਕਦਮ ਚੁੱਕੇ। ਨਹੀਂ ਤਾਂ ਕਿਸੇ ਵੀ ਵੇਲੇ ਵੱਡਾ ਹਾਦਸਾ ਵਾਪਰ ਸਕਦਾ ਹੈ, ਜਿਸ ਦੀ ਜ਼ਿੰਮੇਵਾਰੀ ਤੋਂ ਪ੍ਰਸ਼ਾਸਨ ਬਚ ਨਹੀਂ ਸਕੇਗਾ।

# ਇੱਕ ਕਿੱਲੋ ਅਫ਼ੀਮ ਸਣੇ ਆਰਐੱਮਪੀ ਗ੍ਰਿਫ਼ਤਾਰ

ਟਾਂਡਾ ਉੜਮੁੜ, 22 ਫਰਵਰੀ (ਅਰਜੁਨ ਜੈਨ): ਥਾਣਾ ਟਾਂਡਾ ਪੁਲਿਸ ਨੇ ਅਫੀਮ ਦੀ ਸਪਲਾਈ ਕਰਨ ਵਾਲੇ ਇੱਕ ਆਰ ਐਮਪੀ ਡਾਕਟਰ ਨੂੰ ਇੱਕ ਕਿੱਲੋ ਅਫੀਮ ਸਮੇਤ ਕਾਬੂ ਕਰਕੇ ਮਾਮਲਾ ਦਰਜ ਕੀਤਾ ਹੈ। ਮੁਲਜ਼ਮ ਦੀ ਪਛਾਣ ਬੂਟਾ ਸਿੰਘ ਉਰਫ ਮੱਲੀ ਪੁੱਤਰ ਮਹਿੰਦਰ ਸਿੰਘ ਵਾਸੀ ਮੱਲੀਆ ਥਾਣਾ ਜੰਡਿਆਲਾ ਗੁਰੂ ਜ਼ਿਲ੍ਹਾ ਅੰਮ੍ਰਿਤਸਰ ਵਜੋਂ ਹੋਈ।

ਇਸ ਸਬੰਧੀ ਹੋਰ ਜਾਣਕਾਰੀ ਦਿੰਦੇ ਹੋਏ ਐਸਐਚਓ ਟਾਂਡਾ ਗੁਰਿੰਦਰਜੀਤ ਸਿੰਘ ਨਾਗਰਾ ਨੇ ਦੱਸਿਆ ਕਿ ਜ਼ਿਲ੍ਹਾ ਪੁਲਿਸ ਮੁਖੀ ਹੁਸ਼ਿਆਰਪੁਰ ਸੰਦੀਪ ਕੁਮਾਰ ਮਲਿਕ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਡੀਐਸਪੀ ਟਾਂਡਾ - ਦਵਿੰਦਰ ਸਿੰਘ ਬਾਜਵਾ ਦੀ ਸਰਪ੍ਰਸਤੀ ਹੇਠ = ਨਸ਼ਾ ਤਸਕਰਾਂ 'ਤੇ ਕਾਬੂ ਪਾਉਣ ਲਈ 1 ਚਲਾਈ ਜਾ ਰਹੀ ਵਿਸ਼ੇਸ਼ ਮੁਹਿੰਮ ਤਹਿਤ ਟਾਂਡਾ ਪੁਲਿਸ ਦੇ ਹੈਡ ਕਾਂਸਟੇਬਲ ਵਿਕਾਸ 7 ਮਹਿਤਾ ਨੂੰ ਸਮੇਤ ਪੁਲਿਸ ਪਾਰਟੀ ਉਸ ਸਮੇ ਵੱਡੀ ਸਫਲਤਾ ਹਾਸਲ ਹੋਈ, ਜਦੋਂ ਪੁਲਿਸ ਪਾਰਟੀ ਨੇ ਗਸ਼ਤ ਦੌਰਾਨ ਹਰਸੀ ਪਿੰਡ ਮੋੜ ਨੇੜੇ ਨਾਕਾ ਲਗਾਇਆ ਹੋਇਆ ਸੀ ਤਾਂ ਨੈਸ਼ਨਲ ਹਾਈਵੇਅ 'ਤੇ ਦਸੂਹਾ ਸਾਇਡ ਤੋ ਇੱਕ ਵਿਅਕਤੀ ਪੈਦਲ ਆਉਦਾ ਦਿਖਾਈ ਦਿੱਤਾ ਜੋ ਪੁਲਿਸ ਪਾਰਟੀ ਨੂੰ ਦੇਖ ਕੇ ਪਿਛੇ ਨੂੰ ਮੁੜਨ ਲੱਗਾ ਤਾਂ ਟਾਂਡਾ ਪੁਲਿਸ ਨੇ ਮੌਕੇ 'ਤੇ ਉਕਤ ਵਿਅਕਤੀ ਨੂੰ ਰੋਕ ਤਲਾਸ਼ੀ ਲਈ ਤਾਂ ਉਸ ਕੋਲੋਂ ਇੱਕ ਕਿੱਲੋ ਅਫੀਮ ਬਰਾਮਦ ਹੋਈਐੱਸਐੱਚਓ ਨੇ ਦੱਸਿਆ ਕਿ ਟਾਂਡਾ ਪੁਲਿਸ ਨੇ ਮੌਕੇ 'ਤੇ ਉਕਤ ਵਿਅਕਤੀ ਨੂੰ ਅਫੀਮ ਸਮੇਤ ਕਾਬੂ ਕਰਕੇ ਥਾਣਾ ਟਾਂਡਾ ਲਿਆਂਦਾ ਤਾਂ ਮਾਮਲਾ ਦਰਜ ਕਰਨ ਤੋਂ ਬਾਅਦ ਕੀਤੀ ਮੁਢਲੀ ਪੁੱਛਗਿੱਛ ਦੌਰਾਨ ਇਹ ਸਾਹਮਣੇ ਆਇਆ ਕਿ ਉਕਤ ਬੂਟਾ ਸਿੰਘ ਮੱਲੀ ਜੰਡਿਆਲਾ ਇਲਾਕੇ 'ਚ



ਆਯੁਰਵੈਦਿਕ ਦਵਾਈਆਂ ਤੇ ਆਰਐੱਮਪੀ ਡਾਕਟਰ ਵਜੋਂ ਦੁਕਾਨ ਚਲਾਉਂਦਾ ਹੈ। ਉਨ੍ਹਾਂ ਦੱਸਿਆ ਕਿ ਮੁਲਜ਼ਮ ਬੂਟਾ ਸਿੰਘ ਪੂਰੇ ਜ਼ਿਲ੍ਹਾ ਹੁਸ਼ਿਆਰਪੁਰ ਤੇ ਟਾਂਡਾ ਇਲਾਕੇ ਦੇ ਆਲੇ-ਦੁਆਲੇ ਦੇ ਪਿੰਡਾਂ ਵਿੱਚ ਅਫੀਮ ਸਪਲਾਈ ਕਰਨ ਦਾ ਧੰਦਾ ਕਰਦਾ ਹੈ। ਐਸਐਚਓ ਨੇ ਦੱਸਿਆ ਕਿ ਉਕਤ ਮੁਲਜ਼ਮ ਨੂੰ ਅਦਾਲਤ ਦਸੂਹਾ ਵਿੱਚ ਪੇਸ਼ ਕਰਕੇ ਉਸਦਾ ਰਿਮਾਂਡ ਲੈਣ ਤੋਂ ਬਾਅਦ ਹੋਰ ਗੰਭੀਰਤਾ ਨਾਲ ਪੁੱਛਗਿੱਛ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਪੁਛਗਿੱਛ ਦੌਰਾਨ ਹੋਰ ਅਹਿਮ ਖੁਲਾਸੇ ਹੋਣ ਦੀ ਸੰਭਾਵਨਾ ਹੈ।

# 'ਆਪ' ਆਗੂਆਂ ਵੱਲੋਂ ਵੱਖ-ਵੱਖ ਪਿੰਡਾਂ ਦੇ ਦੌਰਿਆਂ ਦਾ ਦੌਰ ਲਗਾਤਾਰ ਜਾਰੀ



ਭੋਗਪੁਰ, 22 ਫਰਵਰੀ (ਜੰਡੀਰ ਸੈਣੀ): ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਪੰਜਾਬ ਦੇ ਵਿਕਾਸ ਨੂੰ ਮੱਦੇ ਨਜ਼ਰ ਤਕਰੀਬਨ 1ਹਜ਼ਾਰ ਅਬਜ਼ਰਬਰ ਲਗਾਏ ਗਏ ਹਨ ਅਤੇ ਜੋ ਚੁਣੇ ਗਏ ਹਨ ਉਹ ਦੂਸਰੇ ਇਲਾਕੇ ਦੇ ਰਹਿਣ ਵਾਲੇ ਹੋਣਗੇ ਤਾਂ ਕਿ ਸਹੀ ਜਾਣਕਾਰੀ ਮਿਲ ਸਕੇ। ਅੱਜ ਹਲਕਾ ਆਦਮਪੁਰ ਤੋਂ 18 ਪਿੰਡਾਂ ਦੀ ਡਿਊਟੀ ਨਿਭਾ ਰਹੇ ਮੇਲਾ ਸਿੰਘ ਸਰਪੰਚ ਰੁੜਕਾਂ ਜੋ ਕਿ ਜ਼ਿਲ੍ਹਾ ਇੰਚਾਰਜ ਮੀਡੀਆ ਵੀ ਹਨ ਉਹਨਾਂ ਨਾਲ ਟੀਮ ਬਲਵੀਰ ਸਿੰਘ ਸਰਪੰਚ ਟਾਂਡੀ, ਸਤਨਾਮ ਸਿੰਘ ਸੇਖੋ, ਗੁਰਪ੍ਰੀਤ ਸਿੰਘ, ਅਤੇ ਅਮਰਜੀਤ ਸਿੰਘ ਕੋਆਰਡੀਨੇਟਰ ਵੱਲੋਂ ਵੱਖ ਵੱਖ ਪਿੰਡ ਜਿਵੇਂ ਕਿ ਬੜਚੂਈ,ਟਾਂਡੀ ਪਿੰਡ,ਚੱਕ ਝੰਡੂ, ਸਗਰਾਂਵਾਲੀ, ਡੱਲਾ ਪਿੰਡ, ਰਾਜਪੁਰ, ਚਰੜ, ਲੁਹਾਰਾਂ, ਖੋਜਪੁਰ, ਪਤਿਆਲਾ ਪਿੰਡ, ਮੋਹਕਲ ਪਿੰਡ,ਚੱਕ ਸਕੂਰ ਹੋਰ ਵੀ ਕਈ ਪਿੰਡਾਂ ਦਾ ਦੌਰਾ ਕੀਤਾ ਅਤੇ ਪਿੰਡਾਂ ਦੇ ਕੀ ਵਿਕਾਸ ਹੋਏ ਅਤੇ ਕੀ ਕੰਮ ਅਧੂਰੇ ਰਹਿ ਗਏ ਨੋਟ ਕੀਤੇ ਗਏ. ਜਾਣਕਾਰੀ ਦਿੰਦੇ ਹੋਏ ਮੇਲਾ ਸਿੰਘ ਨੇ ਦੱਸਿਆ ਕਿ ਲਿਸਟਾਂ ਬਣਾ ਕੇ ਸਰਕਾਰ ਨੂੰ ਭੇਜੀਆਂ ਜਾਣਗੀਆਂ। ਜਿਹੜੇ ਪਿੰਡਾਂ ਦੇ ਵਿਕਾਸ ਨਹੀਂ ਹੋਏ ਕੰਮ ਅਧੂਰੇ ਰਹਿ ਗਏ ਹਨ। ਜਲਦ ਪੂਰੇ ਕੀਤੇ ਜਾਣਗੇ। ਪਿੰਡ ਬੜਚੂਹੀ,ਦੇ ਸਰਪੰਚ ਨੇ ਦੱਸਿਆ ਕਿ ਜਿਹੜੇ ਪਿੰਡਾਂ ਦੀਆਂ ਪੰਚਾਇਤਾਂ ਸਰਬ ਸੰਮਤੀ ਨਾਲ ਚੁਣੀਆਂ ਗਈਆਂ ਸੀ ਉਹਨਾਂ ਨੂੰ ਪੰਜ ਪੰਜ ਲੱਖ ਦੇ ਚੈੱਕ ਮਿਲੇ ਹਨ.ਟਾਂਡੀ ਪਿੰਡ ਤੇ ਚੱਕ ਸਕੂਰ ਦੇ ਪਿੰਡ ਦੀ ਸੜਕ ਨਹੀ ਬਣੀ ਤੇ ਮੇਲਾ ਸਿੰਘ ਨੇ ਦੱਸਿਆ ਕਿ ਸੜਕਾਂ ਪਾਸ ਹੋ ਗਈਆਂ ਹਨ ਤੇ ਜਲਦ ਕੰਮ ਸ਼ੁਰੂ ਹੋ ਜਾਵੇਗਾ। ਇਸ ਮੌਕੇ ਤੇ ਬਲਵੀਰ ਸਿੰਘ ਸਰਪੰਚ ਟਾਂਡੀ, ਬਲਵਿੰਦਰ ਸਿੰਘ ਪਤਿਆਲਾ, ਪ੍ਰਦੀਪ ਸਿੰਘ ਲਹਾਰਾ, ਸਤਨਾਮ ਸਿੰਘ ਸੇਖੋ,ਆਦਿ ਹਾਜ਼ਰ ਸਨ।

# ਅੰਬਾਲਾ ਜੱਟਾਂ 'ਚ ਲੱਗੇ ਕੈਂਪ ਦਾ ਲੋਕਾਂ ਨੇ ਲਾਹਾ ਲਿਆ



ਗੜ੍ਹਦੀਵਾਲ, 22 ਫਰਵਰੀ (ਗੌਰਵ): ਸੰਤ ਬਾਬਾ ਹਰਨਾਮ ਸਿੰਘ ਸਪੋਰਟਸ ਕਲੱਬ (ਰਜਿ.) ਅੰਬਾਲਾ ਜੱਟਾਂ ਵੱਲੋਂ ਸੰਤ ਬਾਬਾ ਹਰਨਾਮ ਸਿੰਘ ਜੀ ਦੀ ਯਾਦ ਨੂੰ ਸਮਰਪਿਤ 20ਵਾਂ ਕਬੱਡੀ ਕੱਪ ਐਨਆਰਆਈ ਭਰਾਵਾਂ ਦੇ ਸਹਿਯੋਗ ਨਾਲ ਬੜੇ ਹੀ ਹਰਸ਼ੋਲਾਸ ਨਾਲ ਕਰਵਾਇਆ ਜਾ ਰਿਹਾ। ਜਿਸ ਦੇ ਪਹਿਲੇ ਦਿਨ ਮੈਡੀਕਲ ਕੈਂਪ ਲਗਾਇਆ ਗਿਆ। ਇਸ ਕੈਂਪ ਦਾ ਉਦਘਾਟਨ ਸੰਤ ਬਾਬਾ ਹਰਚਰਨ ਸਿੰਘ ਜੀ ਖਾਲਸਾ ਰਮਦਾਸਪੁਰ ਵਾਲੇ ਵੱਲੋਂ ਭੇਜੇ ਗਏ ਪੰਜ ਪਿਆਰਿਆਂ ਨੇ ਅਰਦਾਸ ਕਰਕੇ ਰੀਬਨ ਕੱਟ ਕੇ ਕੀਤਾ। ਇਸ ਕੈਂਪ ਵਿੱਚ ਡਾਕਟਰ ਅਭਿਸ਼ੇਕ ਥੰਮਣ, ਡਾਕਟਰ ਮੁਸਕਾਨ, ਪ੍ਰੀਤ, ਸੰਜਨਾ, ਪ੍ਰੀਆ ਕੁਮਾਰੀ ਅਤੇ ਉਹਨਾਂ ਦੀ ਟੀਮ ਅਤੇ ਪਾਠਕ ਹਸਪਤਾਲ ਟਾਂਡਾ ਦੇ ਡਾਕਟਰ ਅਮਿਤ ਪਾਠਕ ਅਤੇ ਅਨੁਪਮਾ ਪਾਠਕ ਨੇ ਆਏ ਹੋਏ ਮਰੀਜ਼ਾਂ ਦੀ ਜਾਂਚ ਕੀਤੀ ਅਤੇ ਮੁਫਤ ਵਿੱਚ ਦਵਾਈਆਂ ਵੰਡੀਆਂ ਗਈਆ ਇਸ ਮੌਕੇ 'ਤੇ 100 ਦੇ ਕਰੀਬ ਮਰੀਜ਼ਾਂ ਨੂੰ ਦਵਾਈਆਂ ਵੰਡੀਆਂ ਗਈਆਂ। ਇਸ ਮੌਕੇ 'ਤੇ ਡਾਕਟਰ ਵੱਲੋਂ ਆਪਰੇਸ਼ਨ ਲਈ ਕੱਢੇ ਗਏ ਮਰੀਜ਼ਾਂ ਨੂੰ ਕੁਝ ਹੀ ਦਿਨਾਂ ਵਿੱਚ ਆਪਰੇਸ਼ਨ ਕਰਾਉਣ ਲਈ ਭੇਜਿਆ ਜਾਵੇਗਾ। ਜਿਸ ਦਾ ਸਾਰਾ ਖਰਚਾ ਕਲੱਬ ਵੱਲੋਂ ਕੀਤਾ ਜਾਵੇਗਾ। ਇਸ ਮੌਕੇ 'ਤੇ ਆਏ ਹੋਏ ਸਾਰੇ ਪਤਵੰਤੇ ਸੱਜਣਾਂ ਅਤੇ ਡਾਕਟਰ ਸਾਹਿਬਾਨ ਨੂੰ ਕਲੱਬ ਵੱਲੋਂ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ 'ਤੇ ਡਾਕਟਰ ਗੁਰਸੇਵਕ ਸਿੰਘ, ਪ੍ਰਧਾਨ ਸੁਖਪਾਲ ਸਿੰਘ, ਹਰਮਿੰਦਰ ਢੱਟ, ਹਰਭਜਨ ਸਿੰਘ ਢੱਟ, ਮਾਸਟਰ ਗੁਰਜਾਪ ਸਿੰਘ, ਗੁਰਿੰਦਰ ਸਿੰਘ ਦੀਪੂ, ਹਰਜੋਤ ਸਿੰਘ ਲਾਲੀ ਕਨੇਡਾ, ਦਮਨਪਾਲ, ਮਨਿੰਦਰਜੀਤ ਸਿੰਘ, ਰਾਜੀਵ ਕੁਮਾਰ, ਸੁਖਬੀਰ ਸਿੰਘ, ਅਮਨਦੀਪ ਸਿੰਘ, ਯੁਵਰਾਜ ਸਿੰਘ, ਕਸ਼ਮੀਰ ਸਿੰਘ ਹਾਜ਼ਰ ਸਨ।

# ਝੂਠ ਦੀ ਰਾਜਨੀਤੀ ਤੋਂ ਨੌਜਵਾਨ ਰਹਿਣ ਸੁਚੇਤ : ਜਵੰਦਾ



ਤਰਨਤਾਰਨ, 22 ਫਰਵਰੀ (ਸਵਿੰਦਰ ਬਲੇਹਰ): ਵਰਤਮਾਨ ਸਮੇਂ 'ਚ ਨਲਾਇਕ ਬੰਦੇ ਝੂਠ ਦੀ ਰਾਜਨੀਤੀ ਰਾਹੀਂ ਲੀਡਰ ਬਣ ਰਹੇ ਹਨ ਅਸੀਂ ਦੇਖ ਰਹੇ ਪੰਜਾਬ ਦੇ ਨੌਜਵਾਨ ਗੈਂਗਸਟਰਵਾਦ, ਨਸ਼ੇ ਤੇ ਸਿਆਸੀ ਧਿਰ ਸ਼ਾਮਲ ਹੋ ਕੇ ਭਾਈਚਾਰੇ ਤੋਂ ਭਰਾ ਮਾਰੂ ਝੂਠੀ ਚੌਧਰ ਵਿੱਚ ਫਸ ਕੇ ਮਰ ਰਹੇ ਹਨ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਦੇ ਸੂਬਾਈ ਆਗੂ ਸੁਖਦੇਵ ਸਿੰਘ ਜਵੰਦਾ ਨੇ ਨੌਜਵਾਨਾਂ ਦੀ ਭਰਵੀਂ ਮੀਟਿੰਗ ਪਿੰਡ ਜਵੰਦਾ 'ਚ ਕੀਤਾ। ਲੀਡਰ ਸਾਡੇ ਹੀਰੇ ਵਰਗੇ ਨੌਜਵਾਨਾਂ ਦੇ ਸਿਵਿਆਂ ਤੇ ਮਗਰਮੱਛ ਦੇ ਹੰਝੂ ਵਹਾ ਕੇ ਮਾਪਿਆਂ ਨੂੰ ਝੂਠੇ ਹੌਂਸਲੇ ਦਿੰਦੇ ਹਨ ਅਤੇ ਮੌਤ 'ਤੇ ਫਰਜ਼ੀ ਸ਼ਰਧਾਂਜਲੀਆਂ ਭੇਂਟ ਕਰਦੇ ਹਨ, ਜਿਸ ਤੋਂ ਸਾਡੇ ਭਰਾ ਪੰਜਾਬੀ ਨੌਜਵਾਨਾਂ ਨੂੰ ਸੁਚੇਤ ਹੋ ਕੇ ਸਾਡੇ ਪੁਰਾਤਨ ਸ਼ਹੀਦਾਂ, ਦੇਸ਼ ਭਗਤਾਂ ਤੇ ਲੋਕਨਾਇਕਾਂ ਦੀ ਵਿਚਾਰਧਾਰਾ ਨੂੰ ਅਪਨਾਉਣਾ ਚਾਹੀਦਾ ਹੈ, ਸਾਨੂੰ ਆਪਸ ਵਿੱਚ ਲੜਨ ਦੀ ਬਜਾਏ ਬੇਰੁਜ਼ਗਾਰੀ ਨਸ਼ੇ ਤੇ ਸਮਾਜਿਕ ਕੁਰੀਤੀਆਂ ਵਿਰੁੱਧ ਲੜਦਿਆਂ ਅਸਲ ਦੁਸ਼ਮਣ ਨੂੰ ਪਛਾਣ ਕੇ ਸੁਚੇਤ ਰਹਿ ਕੇ ਸ਼ੰਘਰਸ਼ਸ਼ੀਲ ਰਹਿਣਾ ਚਾਹੀਦਾ ਹੈ।

ਇਸ ਮੌਕੇ ਮੰਗਲ ਸਿੰਘ ਸਰਿੰਦਰ ਸਿੰਘ ਸਾਹਬ ਸਿੰਘ ਸੁਖਦੇਵ ਸਿੰਘ ਮੈਂਬਰ ਰੇਸ਼ਮ ਸਿੰਘ ਆਦਿ ਨੇ ਵੀ ਵਿਚਾਰ ਪੇਸ਼ ਕੀਤੇ।

# ਡੇਰਾ ਬਾਬਾ ਸਤਿਨਾਮ ਸ਼ਿਵਪੁਰੀ ਮੁਕੇਰੀਆਂ ਵੱਲੋਂ ਬੰਟੀ ਜੋਗੀ ਦਾ ਸਨਮਾਨ

ਤਲਵਾੜਾ, 22 ਫਰਵਰੀ (ਜਗਮੋਹਨ ਸ਼ਰਮਾ): ਮਹਾਂ ਸ਼ਿਵਰਾਤਰੀ ਦੇ



ਪਾਵਨ ਮੌਕੇ 'ਤੇ ਡੇਰਾ ਬਾਬਾ ਸਤਿਨਾਮ ਸ਼ਿਵਪੁਰੀ, ਮੁਕੇਰੀਆਂ ਵਿੱਚ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਨੌਜਵਾਨਾਂ ਵੱਲੋਂ ਭਗਵਾਨ ਭੋਲੇਨਾਥ ਦੇ ਸਨਮਾਨ ਵਿੱਚ ਸੱਤਵਾਂ ਵਿਸ਼ਾਲ ਧਾਰਮਿਕ ਪ੍ਰੋਗਰਾਮ ਕਰਵਾਇਆ ਗਿਆ। ਪ੍ਰੋਗਰਾਮ ਦੌਰਾਨ ਸ਼ਿਵ ਸੈਨਾ ਸਮਾਜਵਾਦੀ ਦੇ ਕੌਮੀ ਪ੍ਰਭਾਰੀ ਅਤੇ ਪੰਜਾਬ ਪ੍ਰਧਾਨ, ਭਾਰਤੀ ਮਾਨਵ ਅਧਿਕਾਰ ਮਹਾਂਸੰਘ ਦੇ ਆਗੂ ਬੰਟੀ ਜੋਗੀ ਨੂੰ ਕਲੱਬ ਮੈਂਬਰਾਂ ਵੱਲੋਂ ਸਨਮਾਨਿਤ ਕੀਤਾ ਗਿਆ। ਉਨ੍ਹਾਂ ਕਿਹਾ ਕਿ ਇਹ ਨੌਜਵਾਨ ਆਪਣੇ ਕੰਮਕਾਜ ਛੱਡ ਕੇ ਇੱਕ-ਇੱਕ ਰੁਪਇਆ ਇਕੱਠਾ ਕਰਕੇ ਇਸ ਤਰ੍ਹਾਂ ਦੇ ਪ੍ਰੋਗਰਾਮ ਕਰਵਾਉਂਦੇ ਹਨ ਅਤੇ ਲੱਖਾਂ ਲੋਕਾਂ ਨੂੰ ਭਗਵਾਨ ਭੋਲੇਨਾਥ ਦੇ ਨਾਮ ਨਾਲ ਜੋੜਦੇ ਹਨ। ਮੰਚ ਤੋਂ ਸੰਬੋਧਨ ਕਰਦਿਆਂ ਬੰਟੀ ਜੋਗੀ ਨੇ ਪੰਜਾਬ ਪੁਲਿਸ ਵੱਲੋਂ ਨਸ਼ੇ ਦੇ ਖਿਲਾਫ ਸ਼ੁਰੂ ਕੀਤੇ ਗਏ "ਆਪਰੇਸ਼ਨ ਪਰਹਾਰ"ਦਾ ਸਮਰਥਨ ਕਰਨ ਦੀ ਅਪੀਲ ਕੀਤੀ। ਉਨ੍ਹਾਂ ਭਰੋਸਾ ਦਿਵਾਇਆ ਕਿ ਸੂਚਨਾ ਦੇਣ ਵਾਲੇ ਦੀ ਪਹਿਚਾਣ ਗੁਪਤ ਰੱਖੀ ਜਾਂਦੀ ਹੈ। ਇਸ ਮੌਕੇ 'ਤੇ ਸੇਵਾਦਾਰ ਵਿੱਕੀ, ਕਪਲੀ, ਹੈਪੀ, ਸੌਰਵ, ਰਾਹੁਲ, ਬੱਬਲੂ, ਗੁਲਸ਼ਨ, ਆਦਿਤਿਆ, ਅਰੁਣ, ਬੱਬੂ, ਵਿੱਕੀ ਕਾਟਲ, ਮਨਜੀਤ, ਅੰਕਿਤ ਸਮੇਤ ਹੋਰ ਸਦੱਸ ਵੀ ਮੌਜੂਦ ਸਨ। ਪ੍ਰੋਗਰਾਮ ਦੌਰਾਨ ਭਗਵਾਨ ਸ਼ਿਵ ਦੀ ਭਗਤੀ ਨਾਲ ਸਮੂਹ ਇਲਾਕਾ ਭਕਤੀਮਈ ਮਾਹੌਲ ਵਿੱਚ ਰੰਗਿਆ ਨਜ਼ਰ ਆਇਆ।

# ਡੀ.ਏ.ਵੀ. ਸਕੂਲ ਦੇ ਖਿਡਾਰੀਆਂ ਵੱਲੋਂ ਰਾਸ਼ਟਰੀ ਤੇ ਅੰਤਰਰਾਸ਼ਟਰੀ ਪੱਧਰ 'ਤੇ ਸ਼ਾਨਦਾਰ ਪ੍ਰਦਰਸ਼ਨ

ਹੁਸ਼ਿਆਰਪੁਰ, 22 ਫਰਵਰੀ (ਦੀਪਕ ਅਗਨੀਹੋਤਰੀ): ਡੀਏਵੀ ਸੀਨੀਅਰ ਸੈਕੰਡਰੀ ਸਕੂਲ, ਹੁਸ਼ਿਆਰਪੁਰ ਦੇ ਵਿਦਿਆਰਥੀਆਂ ਨੇ ਰਾਸ਼ਟਰੀ ਤੇ ਅੰਤਰਰਾਸ਼ਟਰੀ ਖੇਡਾਂ ਦੀਆਂ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਸਕੂਲ ਦਾ ਨਾਮ ਰੌਸ਼ਨ ਕੀਤਾ ਹੈ। ਖਿਡਾਰੀਆਂ ਦੀਆਂ ਉਪਲਬਧੀਆਂ 'ਤੇ ਸਕੂਲ ਪ੍ਰਬੰਧਨ ਤੇ ਮਾਪਿਆਂ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ ਹੈ। ਅਕਸ਼ਤ ਭਾਰਦਵਾਜ ਨੇ ਸਾਲ 2024 ਤੇ 2025 ਵਿੱਚ ਰਾਸ਼ਟਰੀ ਪੱਧਰ ਦੀ ਕੁਰਾਸ਼ ਮੁਕਾਬਲੇ ਵਿੱਚ ਕਾਂਸੀ ਦਾ ਤਗਮਾ ਜਿੱਤਿਆ ਤੇ ਸਾਲ 2025 ਵਿੱਚ ਜੂਡੋ 'ਚ ਵੀ ਸ਼ਾਨਦਾਰ ਪ੍ਰਦਰਸ਼ਨ ਕੀਤਾ। ਹਰਸਿਮਰ ਸਿੰਘ ਕੰਗ ਨੇ ਸਾਲ 2025 ਵਿੱਚ ਯੂਥ ਏਸ਼ੀਅਨ ਸਿਲੈਕਸ਼ਨ ਜੂਡੋ ਵਿੱਚ ਸੋਨੇ ਦਾ ਤਗਮਾ, ਯੂ-19 ਸਕੂਲ ਨੈਸ਼ਨਲ 2025 ਵਿੱਚ ਕਾਂਸੀ



ਦਾ ਤਗਮਾ, ਸਬ-ਜੂਨੀਅਰ ਨੈਸ਼ਨਲ ਜੂਡੋ 2024 ਵਿੱਚ ਸੋਨੇ ਦਾ ਤਗਮਾ ਤੇ ਕੈਡੇਟ ਨੈਸ਼ਨਲ ਜੂਡੋ 2025 ਵਿੱਚ ਕਾਂਸੀ ਦਾ ਤਗਮਾ ਹਾਸਲ ਕੀਤਾ।

ਸਕੂਲ ਦੇ ਵਿਦਿਆਰਥੀਆਂ ਨੇ ਜ਼ੋਨਲ, ਜ਼ਿਲ੍ਹਾ ਅਤੇ ਰਾਜ ਪੱਧਰ ਦੀਆਂ ਮੁਕਾਬਲਿਆਂ ਵਿੱਚ ਵੀ ਸ਼ਾਨਦਾਰ ਪ੍ਰਦਰਸ਼ਨ ਕੀਤਾ। ਜ਼ੋਨਲ ਟੂਰਨਾਮੈਂਟ ਵਿੱਚ ਫੁੱਟਬਾਲ (ਯੂ-19), ਕ੍ਰਿਕਟ (ਯੂ-17, ਯੂ-19), ਬਾਸਕਟਬਾਲ (ਯੂ-17, ਯੂ-19), ਲੜਕੀਆਂ ਦੀ ਬਾਕਸਿੰਗ (ਯੂ-19), ਕੁਰਾਸ਼, ਸ਼ਤਰੰਜ ਤੇ ਐਥਲੈਟਿਕਸ ਵਿੱਚ ਪਹਿਲਾ ਸਥਾਨ ਹਾਸਲ ਕੀਤਾ। ਡੀਏਵੀ ਕਾਲਜ ਮੈਨੇਜਿੰਗ ਕਮੇਟੀ, ਹੁਸ਼ਿਆਰਪੁਰ ਦੇ ਪ੍ਰਧਾਨ ਡਾ. ਅਨੂਪ ਕੁਮਾਰ ਨੇ ਰਾਸ਼ਟਰੀ ਤੇ ਅੰਤਰਰਾਸ਼ਟਰੀ ਪੱਧਰ 'ਤੇ ਸਫਲਤਾ ਹਾਸਲ ਕਰਨ ਵਾਲੇ ਖਿਡਾਰੀਆਂ ਨੂੰ ਖੇਡ ਕਿੱਟ ਵੰਡੀ। ਇਹ ਕਿੱਟ ਕਮੇਟੀ ਦੇ ਸਕੱਤਰ ਪ੍ਰੋ. ਆਰ.ਐੱਮ. ਭੱਲਾ ਨੇ ਡੀਏਵੀਸੀਐੱਮਸੀ ਮੈਂਬਰ ਪ੍ਰੋ. ਸੀ.ਬੀ. ਅਰੋੜਾ ਦੀ ਹਾਜ਼ਰੀ ਵਿੱਚ ਖਿਡਾਰੀਆਂ ਨੂੰ ਭੇਟ ਕੀਤੀ। ਇਸ ਮੌਕੇ 'ਤੇ ਅਧਿਆਪਕ ਆਰ ਐਮ ਭੱਲਾ, ਰਘੁਰਾਜ ਵਰਮਾ ਤੇ ਸ਼ਿਵ ਕੁਮਾਰ ਵੀ ਹਾਜ਼ਰ ਸਨ।

# ਗੁਰੂ ਦੀ ਸ਼ਰਨ 'ਚ ਆ ਕੇ ਨਾਮ ਸਿਮਰਨ ਦਾ ਜਾਪ ਜ਼ਰੂਰ ਕਰਨਾ ਚਾਹੀਦੈ : ਬਾਬਾ ਸ਼ੇਰ ਸਿੰਘ

ਟਾਂਡਾ ਉੜਮੁੜ, 22 ਫਰਵਰੀ (ਅਰਜੁਨ ਜੈਨ): ਪਰਮ ਪਿਤਾ ਪਰਮੇਸ਼ਵਰ ਨੇ ਆਪਣੀ ਅਪਾਰ ਕਿਰਪਾ ਕਰਕੇ ਸਾਨੂੰ ਇਹ ਇਨਸਾਨੀ ਜਾਮਾ ਬਖਸ਼ਿਆ ਹੈ, ਪਰ ਜੇਕਰ ਅਸੀਂ ਇਸ ਇਨਸਾਨੀ ਜਾਮੇ ਦਾ ਅਸਲ ਮਕਸਦ ਨਾ ਸਮਝ ਕੇ ਜਾਨਵਰਾਂ ਵਾਂਗ ਹੀ ਖਾ ਪੀ ਕੇ ਗੁਜ਼ਾਰ ਦਿੱਤਾ ਤਾਂ ਇਸ ਜਾਮੇ ਦਾ ਕੀ ਫਾਇਦਾ, ਇਸ ਲਈ ਹਰ ਇਨਸਾਨ ਨੂੰ ਸਤਿਗੁਰੂ ਦੀ ਸ਼ਰਨ ਵਿੱਚ ਆ ਕੇ ਨਾਮ ਸਿਮਰਨ ਦਾ ਜਾਪ ਜਰੂਰ ਕਰਨਾ ਚਾਹੀਦਾ ਹੈ ਤਾਂ ਜੋ ਇਸ ਆਵਾਗਮਨ ਦੇ ਚੱਕਰਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾ ਕੇ ਪ੍ਰਭੂ ਚਰਨਾਂ ਵਿੱਚ ਲੀਨ ਹੋ ਸਕੇ। ਉਪਰੋਕਤ ਸ਼ਬਦਾਂ ਦਾ ਪ੍ਰਗਟਾਵਾ ਸਾਬਿਰ ਪਾਕ ਸੱਚੀ ਦਰਗਾਹ ਅਤੇ ਦੂਸਰਾ ਕਲੀਅਰ ਸ਼ਰੀਫ ਦਰਬਾਰ ਅਹਿਆਪੁਰ ਵਿਖੇ ਅੱਜ ਜੇਠੇ ਵੀਰਵਾਰ ਨੂੰ ਸਜਾਏ ਗਏ ਦਰਬਾਰ 'ਚ ਹਾਜ਼ਰ ਸੰਗਤ ਨੂੰ ਪ੍ਰਭੂ ਚਰਨਾਂ ਨਾਲ ਜੋੜਦੇ ਹੋਏ



ਦਰਗਾਹ ਦੇ ਮੁੱਖ ਸੇਵਾਦਾਰ ਬਾਬਾ ਸ਼ੇਰ ਸਿੰਘ ਜੀ ਘੋੜੀਆਂ ਵਾਲਿਆਂ ਨੇ ਆਪਣੇ ਪ੍ਰਵਚਨਾਂ ਰਾਹੀਂ ਨਿਹਾਲ ਕੀਤਾ।

ਬਾਬਾ ਸ਼ੇਰ ਸਿੰਘ ਜੀ ਨੇ ਕਿਹਾ ਕਿ ਹਰ ਇਨਸਾਨ ਨੂੰ ਇਸ ਜਾਮੇ ਦਾ ਅਸਲ ਮਕਸਦ ਸਮਝ ਕੇ ਪੂਰਨ ਗੁਰੂ ਦੀ ਸ਼ਰਨ ਪ੍ਰਾਪਤ ਕਰਕੇ ਪ੍ਰਭੂ ਦਾ ਨਾਮ ਸਿਮਰਨ ਜਰੂਰ ਕਰਨਾ ਚਾਹੀਦਾ ਹੈ, ਅਜਿਹਾ ਕਰਨ ਨਾਲ ਜਿੱਥੇ ਸਰਬ ਦੁੱਖਾਂ ਦਾ ਨਾਸ਼ ਹੋ ਜਾਂਦਾ ਹੈ ਉਥੇ ਇਸ 84 ਦੇ ਗੇੜ ਤੋਂ ਹਮੇਸ਼ਾ ਲਈ ਛੁਟਕਾਰਾ ਵੀ ਮਿਲ ਜਾਂਦਾ ਹੈ। ਉਨ੍ਹਾਂ ਕਿਹਾ ਕਿ ਇਨਸਾਨ ਕਾਮ, ਕ੍ਰੋਧ, ਮੋਹ, ਲੋਭ, ਅਹੰਕਾਰ ਦੇ ਜਾਲ ਵਿੱਚ ਫਸ ਕੇ ਇਹ ਮੇਰਾ ਹੈ ਇਹ ਮੇਰੀ ਹੈ ਕਹਿਣ ਵਿੱਚ ਹੀ ਲੱਗਿਆ ਹੋਇਆ ਹੈ ਜਦਕਿ ਇਸ ਸੰਸਾਰ ਦੇ ਵਿੱਚ ਉਸਦਾ ਕੁਝ ਵੀ ਨਹੀਂ ਹੈ। ਇਸ ਮੌਕੇ 'ਤੇ ਬੀਬੀ ਬਲਜੀਤ ਕੌਰ, ਸੇਵਾਦਾਰ ਮੀਰ ਕਮਲ ਸਾਬਰੀ, ਸ਼ਹਿਜ਼ਾਦਾ ਡਾਕਟਰ ਮੀਰ ਹਸਨ, ਦੇਵੀਕਾ, ਸੇਵਾਦਾਰ ਗੋਪੀ, ਅਮਨ ਸੈਣੀ, ਓਂਕਾਰ ਸਿੰਘ, ਤਲਵਿੰਦਰ ਕੂੰਦਾ, ਭਜਨ ਸੈਣੀ ਅਤੇ ਹੋਰ ਸੰਗਤ ਨੇ ਦਰਬਾਰ ਚ ਆਪਣੀ ਹਾਜ਼ਰੀ ਲਗਵਾ ਕੇ ਬਾਬਾ ਜੀ ਦਾ ਆਸ਼ੀਰਵਾਦ ਪ੍ਰਾਪਤ ਕੀਤਾ।

# ਬੇਕਰੀ ਤੇ ਕਨਫੈਕਸ਼ਨਰੀ ਬਾਬਤ ਕਿੱਤਾ ਮੁਖੀ ਸਿਖਲਾਈ ਪ੍ਰੋਗਰਾਮ ਕਰਵਾਇਆ

ਗੜ੍ਹਦੀਵਾਲਾ/ਹੁਸ਼ਿਆਰਪੁਰ, 22 ਫਰਵਰੀ (ਗੌਰਵ/ਦੀਪਕ ਅਗਨੀਹੋਤਰੀ): ਪੀ.ਏ.ਯੂ.-ਕ੍ਰਿਸ਼ੀ ਵਿਗਿਆਨ ਕੇਂਦਰ, ਬਾਹੋਵਾਲ, ਹੁਸ਼ਿਆਰਪੁਰ ਵਿਖੇ 16 ਤੋਂ 20 ਫਰਵਰੀ ਤੱਕ ਬੇਕਰੀ ਤੇ ਕਨਫੈਕਸ਼ਨਰੀ ਬਾਬਤ ਕਿੱਤਾ-ਮੁਖੀ ਸਿਖਲਾਈ ਪ੍ਰੋਗਰਾਮ ਕਰਵਾਇਆ ਗਿਆ। ਸਿਖਲਾਈ ਦਾ ਉਦੇਸ਼ ਸਿਖਿਆਰਥੀਆਂ ਨੂੰ ਬੇਕਰੀ ਤੇ ਕਨਫੈਕਸ਼ਨਰੀ ਸੈਕਟਰ 'ਚ ਉੱਦਮਤਾ ਨੂੰ ਉਤਸ਼ਾਹਿਤ ਕਰਨ ਲਈ ਵਿਹਾਰਕ ਹੁਨਰਾਂ ਨਾਲ ਲੈਸ ਕਰਨਾ ਸੀ।

ਸਹਾਇਕ ਪ੍ਰੋਫੈਸਰ (ਗ੍ਰਹਿ ਵਿਗਿਆਨ) ਡਾ. ਸੁਖਦੀਪ ਕੌਰ ਨੇ ਬੇਕਰੀ ਤੇ ਕਨਫੈਕਸ਼ਨਰੀ ਸਬੰਧਤ ਵਿਹਾਰਕ ਪਹਿਲੂਆਂ ਬਾਰੇ ਹਿਦਾਇਤਾਂ ਦਿੰਦੇ ਹੋਏ ਵੱਖ-ਵੱਖ ਤਕਨੀਕਾਂ ਦੁਆਰਾ ਬੇਕਰੀ ਤੇ ਕਨਫੈਕਸ਼ਨਰੀ ਪਦਾਰਥ ਬਣਾਉਣ ਦੀ ਸਿਖਲਾਈ ਦਿੱਤੀ। ਸਿਖਿਆਰਥੀਆਂ ਨੂੰ ਨਾਰੀਅਲ ਕੁਕੀਜ਼, ਮੱਕੀ ਦੇ ਆਟੇ ਤੋਂ ਬਣੇ ਬਿਸਕਿਟ, ਪੀਜ਼ਾ ਬੇਸ, ਵਨੀਲਾ ਸਪੌਂਜ ਕੇਕ, ਡ੍ਰਾਈ ਫਰੂਟ ਕੇਕ, ਨਾਰੀਅਲ-ਜੈਮ ਕੇਕ, ਚਾੱਕਲੇਟ ਕੱਪ-ਕੇਕ, ਬਰਾਊਨੀ ਤੇ ਚਾਕਲੇਟ ਬਣਾਉਣ ਦੇ ਵਿਧੀ ਪ੍ਰਦਰਸ਼ਨ ਦਿੱਤੇ ਗਏ।

# ਡੇਰਾ ਬਾਬਾ ਨਾਨਕ ਦੀ ਰੈਲੀ ਨੂੰ ਲੈ ਕੇ ਅਕਾਲੀ ਵਰਕਰਾਂ 'ਚ ਭਾਰੀ ਉਤਸ਼ਾਹ : ਸੋਨੂੰ ਲੰਗਾਹ

ਡੇਰਾ ਬਾਬਾ ਨਾਨਕ, 22 ਫਰਵਰੀ (ਹੈਪੀ ਕੋਟਲੀ): ਸ਼੍ਰੋਮਣੀ ਅਕਾਲੀ ਦਲ ਪਾਰਟੀ ਵੱਲੋਂ ਵਿਧਾਨ ਸਭਾ 2027 ਦੀਆਂ ਚੋਣਾਂ ਨੂੰ ਲੈ ਕੇ ਸ਼ੁਰੂ ਕੀਤੀ ਗਈ ਮੁਹਿੰਮ 'ਪੰਜਾਬ ਬਚਾਓ' ਤਹਿਤ ਪਹਿਲੇ ਗੇੜ ਚ ਵੱਖ-ਵੱਖ ਵਿਧਾਨ ਸਭਾ ਹਲਕਿਆਂ ਚ ਕੀਤੀਆਂ ਜਾ ਰਹੀਆਂ ਰੈਲੀਆਂ ਦੀ ਲੜੀ ਤਹਿਤ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਦੇ ਦਿਸ਼ਾ ਨਿਰਦੇਸ਼ਾਂ ਹੇਠ ਸਾਬਕਾ ਕੈਬਨਿਟ ਮੰਤਰੀ ਸੁੱਚਾ ਸਿੰਘ ਲੰਗਾਹ ਜੀ ਅਗਵਾਈ 21 ਮਾਰਚ ਨੂੰ ਵਿਧਾਨ ਸਭਾ ਹਲਕਾ ਡੇਰਾ ਬਾਬਾ ਨਾਨਕ ਕੀਤੀ 'ਪੰਜਾਬ ਬਚਾਓ, ਰੈਲੀ ਵਿਰੋਧੀਆਂ ਦੀ ਨੀਂਦ ਉੱਡਾਕੇ ਰੱਖ ਦੇਵੇਗੀ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਡੇਰਾ ਬਾਬਾ ਨਾਨਕ ਤੋਂ ਸ਼੍ਰੋਮਣੀ ਅਕਾਲੀ ਦਲ ਪਾਰਟੀ ਦੇ ਸੀਨੀਅਰ ਨੌਜਵਾਨ ਆਗੂ ਸੁਖਜਿੰਦਰ ਸਿੰਘ ਸੋਨੂੰ ਲੰਗਾਹ ਨੇ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਇਸ ਰੈਲੀ ਨੂੰ ਲੈ ਕੇ ਸੋ ?ਮਣੀ ਅਕਾਲੀ ਦਲ ਪਾਰਟੀ ਦੇ ਸਮੂੰਹ ਵਰਕਰਾਂ ਤੇ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ ਤੇ ਅਕਾਲੀ ਵਰਕਰ ਪੂਰੇ ਪੱਬਾਂ ਭਾਰ ਹਨ।



ਸੁਖਜਿੰਦਰ ਸਿੰਘ ਸੋਨੂੰ ਲੰਗਾਹ ਨੇ ਕਿਹਾ 'ਪੰਜਾਬ ਬਚਾਓ,ਇਸ ਰੈਲੀ ਦੀਆਂ ਤਿਆਰੀਆਂ ਨੂੰ ਲੈਕੇ ਹਲਕਾ ਡੇਰਾ ਬਾਬਾ ਨਾਨਕ ਦੇ ਵੱਖ-ਵੱਖ ਪਿੰਡਾਂ ਸ਼੍ਰੋਮਣੀ ਅਕਾਲੀ ਦਲ ਪਾਰਟੀ ਨਾਲ ਸਬੰਧਤ ਵਰਕਰਾਂ ਪੰਚਾ, ਸਰਪੰਚਾਂ, ਮੋਹਤਬਰ ਆਗੂਆਂ ਤੇ ਵੱਖ ਵੱਖ ਵਿੰਗਾਂ ਅਹੁਦੇਦਾਰਾਂ ਮੀਟਿੰਗਾ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਇਹਨਾਂ ਮੀਟਿੰਗਾਂ ਚ ਅਕਾਲੀ ਵਰਕਰਾਂ ਵੱਲੋਂ ਦਿੱਤੇ ਜਾ ਰਹੇ ਅਥਾਹ ਪਿਆਰ ਸਤਿਕਾਰ ਸਦਕਾ ਲੰਗਾਹ ਪਰਿਵਾਰ ਸੋ ?ਮਣੀ ਅਕਾਲੀ ਦਲ ਪਾਰਟੀ ਦੇ ਵਰਕਰਾਂ ਸਦਾ ਦਿਨੀਂ ਰਹੇਗਾ ਜਿਨ੍ਹਾਂ ਨੇ ਹਮੇਸ਼ਾ ਉਨ੍ਹਾਂ ਦੇ ਪਰਿਵਾਰ ਨਾਲ ਦੁੱਖ ਸੁੱਖ ਦੀ ਘੜੀ ਮੋਢੇ ਨਾਲ ਮੋਢਾ ਜੋੜ ਕੇ ਸਾਥ ਦਿੱਤਾ ਹੈ। ਇਸ ਮੌਕੇ ਸਾਬਕਾ ਸਰਪੰਚ ਜਸਪਿੰਦਰ ਸਿੰਘ ਝੰਗੀ, ਬਲਵਿੰਦਰ ਸਿੰਘ ਬਾਊ ਢਿੱਲੋਂ, ਬੂਟਾ ਸਿੰਘ ਅਠਵਾਲ ਸਾਬਕਾ ਚੇਅਰਮੈਨ ਬਲਾਕ ਸੰਮਤੀ, ਸਾਬਕਾ ਸਰਪੰਚ ਨਾਨਕ ਸਿੰਘ ਢੇਸੀਆਂ, ਬਲਵਿੰਦਰ ਸਿੰਘ ਮੰਗਾ ਕੋਟਲੀ, ਗੁਰਪ੍ਰੀਤ ਸਿੰਘ ਬਾਦਲ, ਲਖਵਿੰਦਰ ਸਿੰਘ ਢਿੱਲੋਂ ਤੇ ਹੋਰ ਅਕਾਲੀ ਵਰਕਰ ਹਾਜ਼ਰ ਸਨ।

# ਗਲੋਬਲ ਹਸਪਤਾਲ ਜੀਰਾ ਵੱਲੋਂ ਸਕੂਲ ਵਿਚ ਬੱਚਿਆਂ ਦਾ ਜਰਨਲ ਚੈੱਕਅਪ



ਜੀਰਾ, 22 ਫਰਵਰੀ (ਦੀਪਕ ਭਾਰਗੋ): ਸਮੇਂ-ਸਮੇਂ 'ਤੇ ਗਲੋਬਲ ਹਸਪਤਾਲ ਦੇ ਐਮਡੀ ਮੁਨੀਸ਼ ਚੌਧਰੀ ਦੀ ਅਗਵਾਈ ਵਿੱਚ ਸਕੂਲਾਂ ਵਿੱਚ ਜਾ ਕੇ ਬੱਚਿਆਂ ਦੇ ਚੈਕਅਪ ਕਰਵਾਏ ਜਾਂਦੇ ਹਨ ਤੇ ਉਹਨਾਂ ਦੇ ਹਸਪਤਾਲ ਵਿੱਚ ਆਉਣ ਵਾਲੇ ਪੀਜੀਆਈ ਤੋਂ ਡਾਕਟਰ ਦੀ ਟੀਮ ਇਸ ਸਾਰੀ ਪ੍ਰਕਿਰਿਆ ਨੂੰ ਦੇਖਦੀ ਹੈ ਤੇ ਬੱਚਿਆਂ ਨੂੰ ਬਿਮਾਰੀਆਂ ਤੋਂ ਕਿਵੇਂ ਬਚਿਆ ਜਾ ਸਕਦਾ ਹੈ ਉਸ ਦੀ ਜਾਣਕਾਰੀ ਦਿੱਤੀ ਜਾਂਦੀ ਹੈ ਤੇ ਉਹਨਾਂ ਦੇ ਜਰਨਲ ਚੈੱਕ ਅਪ ਵੀ ਕੀਤਾ ਜਾਂਦਾ ਹੈ ਇਸੇ ਤਰ੍ਹਾਂ ਨਿਜੀ ਸਕੂਲ ਵਿੱਚ ਜਾ ਕੇ ਗਲੋਬਲ ਹਸਪਤਾਲ ਵੱਲੋਂ ਬੱਚਿਆਂ ਦੇ ਚੈਕ ਅਪ ਕੀਤੇ ਗਏ ਇਸ ਮੌਕੇ ਸਕੂਲ ਦੇ ਅਧਿਆਪਕ ਸਾਹਿਬਾਨਾਂ ਨੂੰ ਵੀ ਜਾਣਕਾਰੀ ਦਿੱਤੀ ਕਿ ਬਿਮਾਰੀਆਂ ਤੋਂ ਕਿਵੇਂ ਬਚਿਆ ਜਾ ਸਕਦਾ ਹੈ।

# ਭਗਤ ਰਵਿਦਾਸ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਲੰਗਰ ਲਗਾਇਆ

ਸ੍ਰੀ ਹਰਿਗੋਬਿੰਦਪੁਰ ਸਾਹਿਬ/ਘੁਮਾਣ, 22 ਫਰਵਰੀ (ਡਾ. ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ): ਕਸਬਾ ਘੁਮਾਣ ਵਿਖੇ ਬੱਬਲੂ ਟੀਵੀ ਐਸ ਘੁਮਾਣ ਵੱਲੋਂ ਗੁਰੂ ਰਵੀਦਾਸ ਜੀ ਦਾ ਪਵਿੱਤਰ ਪ੍ਰਕਾਸ਼ ਦਿਹਾੜਾ ਮਨਾਇਆ ਗਿਆ। ਇਸ ਮੌਕੇ ਬੱਬਲੂ ਟੀਵੀ ਐਸ ਘੁਮਾਣ ਦੇ ਮਾਲਕ ਤੇ ਯੁੱਧ ਨਸਿਆ ਵਿਰੁੱਧ ਦੇ ਹਲਕਾ ਸ੍ਰੀ ਹਰਗੋਬਿੰਦਪੁਰ ਸਾਹਿਬ ਦੇ ਕੋਆਰਡੀਨੇਟਰ ਰਾਜਵਿੰਦਰ ਸਿੰਘ ਬਬਲੂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਗੁਰੂ ਰਵੀਦਾਸ ਜੀ ਦਾ ਪਵਿੱਤਰ ਪ੍ਰਕਾਸ਼ ਦਿਹਾੜਾ ਮਨਾਇਆ ਗਿਆ ਤੇ ਸੰਗਤਾਂ ਲਈ ਵੱਖ ਵੱਖ ਪਕਵਾਨਾਂ ਦੇ ਲੰਗਰ ਲਗਾਏ ਗਏ। ਉਨ੍ਹਾਂ ਆਖਿਆ ਕਿ ਸਾਨੂੰ ਸਾਰਿਆਂ ਨੂੰ ਗੁਰੂ ਰਵੀਦਾਸ ਜੀ ਦੇ ਉਪਦੇਸ਼ 'ਤੇ ਚੱਲਣਾ ਚਾਹੀਦਾ ਹੈ ਤੇ ਦਸ਼ਾ ਨੂਹਾਂ ਦੀ ਕਿਰਤ ਕਮਾਈ



ਕਰਨੀ ਚਾਹੀਦੀ ਹੈ। ਇਸ ਮੌਕੇ ਡਾ ਸੋਨੂੰ ਬੇਦੀ ਬਲਜੀਤ ਸਿੰਘ ਸਿੰਘ ਬਿੱਟੂ, ਪ੍ਰਧਾਨ ਪ੍ਰਲੋਕ ਸਿੰਘ ਘੁਮਾਣ, ਯੂਥ ਆਗੂ ਅੰਮ੍ਰਿਤਪਾਲ ਸਿੰਘ ਸੋਹੀ, ਬਲਜਿੰਦਰ ਸਿੰਘ ਬੰਮਰਾਹ ਮਾ ਮਦਨ ਲਾਲ, ਸਿਕੰਦਰ ਸਿੰਘ ਘੁਮਾਣ, ਗੁਰਸ਼ਰਨਜੀਤ ਸਿੰਘ, ਗੁਰਮੀਤ ਸਿੰਘ, ਸੋਨੂੰ ਭੋਮਾ, ਕੁਲਬੀਰ ਸਿੰਘ ਖਾਨਪੁਰ, ਅਕਾਸ਼ਦੀਪ ਸਿੰਘ, ਮਾ. ਨਰਿੰਦਰ ਸਿੰਘ, ਗੁਰਮੀਤ ਸਿੰਘ ਅਠਵਾਲ, ਮੰਗਲ ਸਿੰਘ ਟੇਲਰ ਮਾਸਟਰ ਸਮੇਤ ਵੱਡੀ ਗਿਣਤੀ ਵਿੱਚ ਸੇਵਾਦਾਰ ਹਾਜ਼ਰ ਸਨ।

# ਚੋਰਾਂ ਨੇ ਬੈਂਕ ਮੁਲਾਜ਼ਮ ਦੇ ਘਰੋਂ ਉਡਾਏ ਗਹਿਣੇ

ਟਾਂਡਾ ਉੜਮੁੜ, 22 ਫਰਵਰੀ (ਅਰਜੁਨ ਜੈਨ): ਸ਼ਨੀਵਾਰ ਦੁਪਹਿਰ



ਬਿਜਲੀ ਘਰ ਕਲੋਨੀ ਵਿਖੇ ਚੋਰਾਂ ਨੇ ਇੱਕ ਘਰ ਨੂੰ ਨਿਸ਼ਾਨਾ ਬਣਾਉਂਦੇ ਹੋਏ ਘਰ ਚੋਂ ਗਹਿਣੇ, ਨਕਦੀ ਤੇ ਕੀਮਤੀ ਘਰੇਲੂ ਸਮਾਨ ਚੋਰੀ ਕਰਕੇ ਲੈ ਗਏ।

ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਘਰ ਦੇ ਮਾਲਕ ਗੁਰਵਿੰਦਰ ਸਿੰਘ ਨੇ ਦੱਸਿਆ ਕਿ ਉਹ ਬੈਂਕ ਵਿੱਚ ਨੌਕਰੀ ਕਰਦਾ ਹੈ ਤੇ ਅੱਜ ਉਹ ਡਿਊਟੀ ਤੇ ਗਿਆ ਹੋਇਆ ਸੀ ਤੇ ਉਸਦੀ ਪਤਨੀ ਰਿਸ਼ਤੇਦਾਰੀ ਵਿੱਚ ਵਿਆਹ ਗਈ ਹੋਈ ਸੀ । ਦੁਪਹਿਰ ਦੇ ਵਕਤ ਚੋਰ ਘਰ ਦੇ ਤਾਲੇ ਤੋੜ ਕੇ ਅੰਦਰਦ ਵੜੇ ਤੇ ਘਰ ਅੰਦਰੋਂ ਕਰੀਬ 40 ਹਜ਼ਾਰ ਰੁਪਏ ਦੀ ਨਕਦੀ, ਦੋ ਤੋਲੇ ਸੋਨੇ ਤੇ ਚਾਂਦੀ ਦੇ ਗਹਿਣੇ, ਤਿੰਨ ਮੋਬਾਈਲ ਫੋਨ ਤੇ ਘਰੇਲੂ ਕੀਮਤੀ ਸਮਾਨ ਚੋਰੀ ਕਰਕੇ ਲੈ ਗਏ। ਚੋਰੀ ਦੀ ਇਹ ਵਾਰਦਾਤ ਘਰ ਵਿੱਚ ਲੱਗੇ ਸੀਸੀਟੀਵੀ ਕੈਮਰੇ ਵਿੱਚ ਕੈਦ ਹੋ ਗਈ। ਉਨਾਂ ਦੱਸਿਆ ਕਿ ਇਸ ਚੋਰੀ ਸਬੰਧੀ ਉਨ੍ਹਾਂ ਟਾਂਡਾ ਪੁਲਿਸ ਨੂੰ ਸੂਚਿਤ ਕਰ ਦਿੱਤਾ ਹੈ। ਸੂਚਨਾ ਮਿਲਣ ਤੇ ਟਾਂਡਾ ਪੁਲਿਸ ਨੇ ਮੌਕੇ 'ਤੇ ਪਹੁੰਚ ਸੀਸੀਟੀਵੀ ਫੁਟੇਜ ਦੇ ਆਧਾਰ 'ਤੇ ਮੂਲਜ਼ਮ ਦੀ ਭਾਲ ਕਰ ਰਹੀ ਹੈ।

# ਪੰਜਾਬ ਦੇ ਲੋਕ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣਾਉਣ ਲਈ ਉਤਾਵਲੇ : ਮਾਹਲ

ਧਾਰੀਵਾਲ, 22 ਫਰਵਰੀ (ਅਸ਼ੋਕ ਕੁਮਾਰ): ਐਨ.ਆਰ.ਆਈ. ਜੇ.ਬੀ.ਐਸ. ਜ਼ਫ਼ਰਵਾਲ ਦੇ ਗ੍ਰਹਿ ਵਾਰਡ ਨੰਬਰ 8 ਬੇਦੀ ਕਾਲੋਨੀ ਧਾਰੀਵਾਲ ਵਿਖੇ ਸ਼੍ਰੋਮਣੀ ਅਕਾਲੀ ਦਲ ਵਰਕਰਾਂ ਦੀ ਅਹਿਮ ਮੀਟਿੰਗ ਜਨਰਲ ਸੱਕਤਰ ਧਾਰੀਵਾਲ ਇੰਜ. ਜੇ.ਪੀ.ਸਿੰਘ ਦੇ ਪ੍ਰਬੰਧਾਂ ਹੋਈ, ਮੀਟਿੰਗ ਦੌਰਾਨ ਸ਼੍ਰੋਮਣੀ ਅਕਾਲੀ ਦਲ ਹਲਕਾ ਕਾਦੀਆ ਇੰਚਾਰਜ ਗੁਰਇਕਬਾਲ ਸਿੰਘ ਮਾਹਲ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ ਜਦਕਿ ਐਨ.ਆਰ. ਆਈ. ਜੇ.ਬੀ.ਐਸ. ਜਫਰਵਾਲ ਵੱਲੋ ਗੁਰਇਕਬਾਲ ਸਿੰਘ ਮਾਹਲ ਨੂੰ ਫੁੱਲਾਂ ਦਾ ਬੁੱਟਾਂ ਭੇਟ ਕਰਦੇ ਹੋਏ ਸਵਾਗਤ ਕੀਤਾ ਗਿਆ । ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਗੁਰਇਕਬਾਲ ਸਿੰਘ ਮਾਹਲ ਨੇ ਕਿਹਾ ਕਿ ਪੰਜਾਬ ਸਰਕਾਰ ਅਮਨ-ਸਾਂਤੀ ਤੇ ਕਾਨੂੰਨ ਵਿਵਸਥਾ ਕਾਇਮ ਰੱਖਣ ਵਿੱਚ ਪੂਰੀ ਤਰ੍ਹਾ ਫੇਲ ਸਾਬਿਤ ਹੋਈ ਹੈ ਅਤੇ



ਲੋਕ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ, ਨਸ਼ਾ ਅਤੇ ਭ੍ਰਿਸ਼ਟਾਚਾਰ ਖਤਮ ਕਰਨ ਦੀ ਬਜਾਏ ਦਿਨੋ-ਦਿਨ ਵੱਧਦਾ ਜਾ ਰਿਹਾ ਹੈ ਜਦਕਿ ਲੋਕ ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਲਿਆਉਣ ਲਈ 2027 ਦੀਆਂ ਵਿਧਾਨ ਸਭਾ ਚੋਣਾਂ ਦਾ ਬੇਸ਼ਬਰੀ ਨਾਲ ਇੰਤਜਾਰ ਕਰ ਰਹੇ ਹਨ ।ਸ੍ਰ.ਮਾਹਲ ਨੇ ਕਿਹਾ ਕਿ ਆਉਂਦੀਆਂ ਨਗਰ ਕੌਂਸਲ ਚੌਣਾਂ ਦੌਰਾਨ ਸ਼੍ਰੋਮਣੀ ਅਕਾਲੀ ਦਲ ਵੱਡੀ ਜਿੱਤ ਹਾਸਿਲ ਕਰੇਗਾ । ਇਸ ਮੌਕੇ ਤੇ ਐਨ.ਆਰ.ਆਈ. ਜੇ.ਬੀ.ਐਸ. ਜ਼ਫ਼ਰਵਾਲ ਨੇ ਕਿਹਾ ਕਿ ਪੰਜਾਬ ਦੀ ਤਰੱਕੀ ਅਤੇ ਖੁਸ਼ਹਾਲੀ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਹੀ ਹੋਈ ਅਤੇ ਐਨ.ਆਰ.ਆਈ. ਪੰਜਾਬੀ ਵੀ ਪੰਜਾਬ ਦੀ ਬੇਹਤਰੀ ਲਈ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣਾਉਣ ਦੇ ਹੱਕ ਵਿੱਚ ਹਨ । ਇਸ ਮੌਕੇ 'ਤੇ ਸ਼੍ਰੋਮਣੀ ਅਕਾਲ ਦਲ ਦੇ ਕੌਂਸਲਰ ਡਾਕਟਰ ਇੰਦਰਿਆਸ਼ ਹੰਸ, ਜਨਰਲ ਸੱਕਤਰ ਇੰਜ. ਜੇ.ਪੀ.ਸਿੰਘ, ਮਨਪ੍ਰੀਤ ਸਿੰਘ ਪੰਨੂੰ, ਕ੍ਰਿਸ਼ਚਿਨ ਆਗੂ ਅਤੇ ਸਮਾਜ ਸੇਵਕ ਸੈਮ ਫਜੂਉਲਾਚੱਕ, ਸੁੱਚਾ ਸਿੰਘ, ਬਲਵਿੰਦਰ ਸਿੰਘ, ਹਰਪ੍ਰਤਾਪ ਸਿੰਘ, ਦੀਪ ਮਾਨ ਖੂੰਡਾ, ਪ੍ਰਧਾਨ ਸੁਰਿੰਦਰ ਆਸੂ, ਟੋਨਾ ਪਹਿਲਵਾਨ ਤੇ ਪੀ.ਏ. ਪ੍ਰੇਮ ਸਿੰਘ ਘੁੰਮਣ ਤੋਂ ਇਲਾਵਾ ਹੋਰ ਹਾਜ਼ਰ ਸਨ।

# ਮੌਜੂਦਾ ਸਰਕਾਰ ਲੋਕਾਂ ਦੀ ਜਾਨ-ਮਾਲ ਦੀ ਸੁਰੱਖਿਆ ਯਕੀਨੀ ਬਣਾਵੇ

ਬਟਾਲਾ/ਸ੍ਰੀ ਹਰਿਗੋਬਿੰਦਪੁਰ ਸਾਹਿਬ, 22 ਫਰਵਰੀ (ਡਾ. ਨਰਿੰਦਰ ਸਿੰਘ ਘੁਮਾਣ/ਸੁਖਅੰਮ੍ਰਿਤ ਸਿੰਘ ਸੋਨੂੰ): ਪੰਜਾਬ ਵਿਚ ਕਨੂੰਨ ਵਿਵਸਥਾ ਪੂਰੀ ਤਰ੍ਹਾਂ ਫੇਲ੍ਹ ਹੋ ਚੁੱਕੀ ਹੈ ਤੇ ਭਗਵੰਤ ਮਾਨ ਸਰਕਾਰ ਸੂਬੇ ਦੇ ਲੋਕਾਂ ਦੀ ਜਾਨਾਂ ਦੀ ਕੋਈ ਪ੍ਰਵਾਹ ਨਹੀਂ ਕਰ ਰਹੀ। ਇਨਾਂ ਸ਼ਬਦਾਂ ਦਾ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਯੂਥ ਸਰਕਲ ਪ੍ਰਧਾਨ ਗੁਰਬਿੰਦਰ ਸਿੰਘ ਬੂੜੇ ਨੰਗਲ, ਸਾਬਕਾ ਸੰਮਤੀ ਮੈਂਬਰ ਹਰਪਾਲ ਸਿੰਘ ਉਦੋਵਾਲੀ ਤੇ ਹਲਕਾ ਸ੍ਰੀ ਹਰਿਗੋਬਿੰਦਪੁਰ ਸਾਹਿਬ ਦੇ ਸੀਨੀਅਰ ਆਗੂ ਸਾਬਕਾ ਸਰਪੰਚ ਹਰਜੀਤ ਸਿੰਘ ਪਰਮਾਰ ਨੇ ਪੰਜਾਬ ਦੇ ਮੌਜੂਦਾ ਹਾਲਾਤਾਂ 'ਤੇ ਵਿਸਥਾਰ ਨਾਲ ਚਰਚਾ ਕਰਦਿਆਂ ਮੌਜੂਦਾ ਸਰਕਾਰ 'ਤੇ ਤਿੱਖਾ ਪ੍ਰਹਾਰ ਕੀਤਾ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਬਣੀ ਅਸਥਿਰਤਾ ਤੇ ਅਪਰਾਧਿਕ ਘਟਨਾਵਾਂ ਲਈ ਸਿੱਧੇ ਤੌਰ 'ਤੇ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਜ਼ਿੰਮੇਵਾਰ ਹੈ। ਆਗੂਆਂ ਨੇ ਦੋਸ਼ ਲਗਾਇਆ ਕਿ ਮੌਜੂਦਾ ਹਕੂਮਤ



ਆਪਣੀਆਂ ਨਾਕਾਮੀਆਂ ਦੀ ਜ਼ਿੰਮੇਵਾਰੀ ਲੈਣ ਦੀ ਬਜਾਏ ਹਰ ਮਸਲੇ ਦਾ ਦੋਸ਼ ਪਿਛਲੀਆਂ ਸਰਕਾਰਾਂ 'ਤੇ ਧੱਕ ਰਹੀ ਹੈ। ਉਨ੍ਹਾਂ ਕਿਹਾ ਕਿ ਪਿਛਲੇ ਦੌਰਾਂ ਵਿੱਚ ਵੀ ਕੁਝ ਚੁਣੌਤੀਆਂ ਰਹੀਆਂ, ਪਰ ਅੱਜ ਵਰਗੇ ਹਾਲਾਤ ਨਹੀਂ ਸਨ ਜਿੱਥੇ ਸ਼ਰੇਆਮ ਕਤਲੋਗਾਰਦ, ਗੈਂਗਸਟਰਵਾਦ ਅਤੇ ਗੋਲੀਆਂ ਚੱਲਣ ਦੀਆਂ ਘਟਨਾਵਾਂ ਆਮ ਗੱਲ ਬਣ ਜਾਣ। ਉਨ੍ਹਾਂ ਨੇ ਕਿਹਾ ਕਿ ਸਰਕਾਰ ਦੀ ਪਹਿਲੀ ਅਤੇ ਸਭ ਤੋਂ ਵੱਡੀ ਜ਼ਿੰਮੇਵਾਰੀ ਲੋਕਾਂ ਦੀ ਜਾਨ-ਮਾਲ ਦੀ ਰੱਖਿਆ ਕਰਨੀ ਹੁੰਦੀ ਹੈ। ਪਰ ਮੌਜੂਦਾ ਪ੍ਰਬੰਧ ਅਧੀਨ ਇਹ ਬੁਨਿਆਦੀ ਫਰਜ਼ ਵੀ ਢੰਗ ਨਾਲ ਨਹੀਂ ਨਿਭਾਇਆ ਜਾ ਰਿਹਾ। ਸਿਰਫ ਬਿਆਨਬਾਜ਼ੀ ਤੇ ਦੋਸ਼ਾਰੋਪਣ ਨਾਲ ਹਾਲਾਤ ਨਹੀਂ ਸੰਭਲ ਸਕਦੇ, ਇਸ ਲਈ ਜ਼ਮੀਨੀ ਪੱਧਰ 'ਤੇ ਠੋਸ ਕਦਮ ਚੁੱਕਣ ਦੀ ਲੋੜ ਹੈ। ਉਹਨਾਂ ਨੂੰ ਅਜਿਹੀ ਸਰਕਾਰ ਦੀ ਲੋੜ ਹੈ ਜੋ ਮਜ਼ਬੂਤ ਪ੍ਰਸ਼ਾਸਨ ਦੇ ਨਾਲ ਕਾਨੂੰਨ-ਵਿਵਸਥਾ ਨੂੰ ਤਰਜੀਹ ਦੇਵੇ। ਉਨ੍ਹਾਂ ਆਖਿਆ ਕਿ ਜਿਸ ਸੂਬੇ ਵਿੱਚ ਜਿਸ ਪੁਲਿਸ ਨੇ ਲੋਕਾਂ ਦੀ ਸੁਰੱਖਿਆ ਕਰਨੀ ਹੈ। ਉਹ ਹੀ ਸੁਰੱਖਿਅਤ ਨਹੀਂ ਉਸ ਸੂਬੇ ਵਿੱਚ ਆਮ ਆਦਮੀ ਦੀ ਕਿੰਨੀ ਕੁ ਸੁਰੱਖਿਆ ਹੋ ਸਕਦੀ ਹੈ। ਉਹ ਪੁਲਿਸ ਰਾਤ ਨੂੰ ਆਪਣੀ ਸੁਰੱਖਿਆ ਲਈ ਥਾਣੇ ਤੋਂ ਦੂਰੀ ਤੇ ਬੈਰੀਕੇਟ ਲਗਾ ਕੇ ਰਸਤੇ ਬੰਦ ਕਰਕੇ ਆਪਣੀ ਸੁਰੱਖਿਆ ਕਰਦੀ ਹੈ। ਉਨ੍ਹਾਂ ਆਖਿਆ ਕਿ 2027 ਦੀ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣੇਗੀ ਅਤੇ ਸੁਖਬੀਰ ਸਿੰਘ ਬਾਦਲ ਪੰਜਾਬ ਦੇ ਮੁੱਖ ਮੰਤਰੀ ਬਣਨਗੇ। ਇਸ ਮੌਕੇ ਰੇਸ਼ਮ ਸਿੰਘ ਰੰਗੜ ਨੰਗਲ, ਸਰਬਜੀਤ ਸਿੰਘ ਅਮੋਨੰਗਲ, ਗੁਰਪ੍ਰਤਾਪ ਸਿੰਘ, ਅਜੇਦੀਪ ਸਿੰਘ ਪੁਰੀਆਂ, ਚਰਨਕਮਲ ਸਿੰਘ ਚੋਧਰੀਵਾਲ ਆਦਿ ਹਾਜ਼ਰ ਸਨ।

## ਮੁੱਖ ਮੰਤਰੀ ਸਿਹਤ ਯੋਜਨਾ ਲੋਕਾਂ ਲਈ ਸਿਹਤ ਸੁਰੱਖਿਆ ਦਾ ਵੱਡਾ ਕਦਮ : ਵਿਧਾਇਕ ਸ਼ੈਰੀ ਕਲਸੀ

ਬਟਾਲਾ, 22 ਫਰਵਰੀ (ਬਲਵਿੰਦਰ ਸਿੰਘ ਪੰਜਗਰਾਈਂ / ਜੁਗਰਾਜ ਸਿੰਘ ਖਾਲਸਾ): ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ 'ਮੁੱਖ ਮੰਤਰੀ ਸਿਹਤ ਯੋਜਨਾ' ਨਾ ਸਿਰਫ਼ ਦੇਸ਼ ਵਿੱਚ ਸਗੋਂ ਦੁਨੀਆ ਵਿੱਚ ਸਭ ਤੋਂ ਵੱਡੀ ਸਿਹਤ ਸੁਰੱਖਿਆ ਪਹਿਲਕਦਮੀ ਹੈ, ਜੋ ਰੋਜ਼ਾਨਾ ਵੱਡੀ ਗਿਣਤੀ ਵਿੱਚ ਲੋੜਵੰਦ ਪਰਿਵਾਰਾਂ ਨੂੰ ਮੁਫ਼ਤ ਇਲਾਜ ਪ੍ਰਦਾਨ ਕਰਦੀ ਹੈ। ਉਨ੍ਹਾਂ ਕਿਹਾ ਕਿ ਇਸ ਯੋਜਨਾ ਤਹਿਤ ਸਿਹਤ ਕਾਰਡ ਬਣਾਉਣ ਲਈ ਵਿਸ਼ੇਸ਼ ਕੈਂਪ ਲਗਾਏ ਗਏ ਹਨ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਵੱਧ ਤੋਂ ਵੱਧ ਲੋਕ ਇਸ ਦਾ ਲਾਭ ਲੈ ਸਕਣ। ਵਿਧਾਇਕ ਸ਼ੈਰੀ ਕਲਸੀ ਨ ਕਿਹਾ ਕਿ ਇਹ ਯੋਜਨਾ 22 ਜਨਵਰੀ ਤੋਂ ਪੰਜਾਬ ਭਰ ਵਿੱਚ ਲਾਗੂ ਕੀਤੀ ਗਈ ਹੈ ਅਤੇ ਲਗਭਗ 65 ਲੱਖ ਪਰਿਵਾਰਾਂ ਨੂੰ ਕਵਰ ਕਰ ਰਹੀ ਹੈ। ਇਸ ਨਾਲ ਲਗਭਗ 3 ਕਰੋੜ ਲੋਕਾਂ ਨੂੰ 10 ਲੱਖ ਤੱਕ ਦਾ ਕੈਸ਼ਲੈੱਸ ਅਤੇ ਮੁਫ਼ਤ ਇਲਾਜ ਮਿਲੇਗਾ। ਉਨ੍ਹਾਂ ਕਿਹਾ ਕਿ ਇਸ ਯੋਜਨਾ ਤਹਿਤ ਸੂਬੇ ਭਰ ਦੇ ਲਗਭਗ 900 ਸਰਕਾਰੀ ਅਤੇ ਨਿੱਜੀ ਹਸਪਤਾਲਾਂ ਨੂੰ ਸੂਚੀਬੱਧ ਕੀਤਾ ਗਿਆ ਹੈ ਅਤੇ 2,356 ਕਿਸਮਾਂ ਦੇ ਇਲਾਜ ਪੈਕੇਜ ਸ਼ਾਮਲ ਹਨ। ਉਨ੍ਹਾਂ ਨੇ ਦੱਸਿਆ ਕਿ ਲਾਭਪਾਤਰੀਆਂ ਨੂੰ ਪਹਿਲਾਂ ਸਿਹਤ ਕਾਰਡ ਪ੍ਰਾਪਤ ਕਰਨ ਲਈ ਇੱਕ ਅਪਾਇੰਟਮੈਂਟ ਸਲਿੱਪ ਦਿੱਤੀ ਜਾਂਦੀ ਹੈ, ਜਿਸ ਤੋਂ ਬਾਅਦ ਉਨ੍ਹਾਂ ਨੂੰ ਰਜਿਸਟਰ ਕੀਤਾ ਜਾਂਦਾ ਹੈ। ਸਿਹਤ ਵਿਭਾਗ ਦੇ ਅਧਿਕਾਰੀਆਂ ਅਨੁਸਾਰ 18 ਸਾਲ ਤੋਂ ਵੱਧ ਉਮਰ ਦੇ ਵਿਅਕਤੀਆਂ ਲਈ ਆਧਾਰ ਕਾਰਡ ਅਤੇ ਵੋਟਰ ਆਈ.ਡੀ ਕਾਰਡ ਜ਼ਰੂਰੀ ਹੈ, ਜਦੋਂ ਕਿ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਜਨਮ ਸਰਟੀਫਿਕੇਟ ਅਤੇ ਆਧਾਰ ਕਾਰਡ ਜ਼ਰੂਰੀ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਸਿਹਤ ਕਾਰਡ ਪ੍ਰਾਪਤ ਕਰਨ ਲਈ ਆਪਣੇ ਨੇੜਲੇ ਸਿਹਤ ਕਾਰਡ ਕੈਂਪਾਂ ਵਿੱਚ ਜਾਣ ਤਾਂ ਜੋ ਲੋੜ ਪੈਣ 'ਤੇ ਉਹ 10 ਲੱਖ ਰੁਪਏ ਤੱਕ ਦਾ ਮੁਫ਼ਤ ਇਲਾਜ ਪ੍ਰਾਪਤ ਕਰ ਸਕਣ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਦਾ ਟੀਚਾ ਹਰ ਪਰਿਵਾਰ ਨੂੰ ਬਿਹਤਰ ਸਿਹਤ ਸੁਰੱਖਿਆ ਪ੍ਰਦਾਨ ਕਰਨਾ ਅਤੇ ਵਿੱਤੀ ਬੋਝ ਤੋਂ ਰਾਹਤ ਦੇਣਾ ਮੁਖ ਮਕਸਦ ਹੈ।



## ਸੰਤ ਬਾਬਾ ਹਰੀ ਸਿੰਘ ਰੰਧਾਵਾ ਵਾਲਿਆਂ ਵੱਲੋਂ ਸਮਾਜ ਸੇਵੀ ਡਾ. ਸ਼ੁਕਲਾ ਦਾ ਸਨਮਾਨ



ਅਮਲੋਹ, 22 ਫ਼ਰਵਰੀ (ਜਸਵੰਤ ਸਿੰਘ) : ਉਘੇ ਸਿੱਖ ਵਿਦਵਾਨ ਸੰਤ ਬਾਬਾ ਹਰੀ ਸਿੰਘ ਰੰਧਾਵਾ ਵਾਲਿਆਂ ਨੇ ਉਘੇ ਸਮਾਜ ਸੇਵੀ ਡਾ. ਰਘਵੀਰ ਸ਼ੁਕਲਾ ਦਾ ਵਿਸ਼ੇਸ਼ ਸਨਮਾਨ ਕਰਦੇ ਹੋਏ ਉਸ ਵੱਲੋਂ ਸਮਾਜ ਸੇਵਾ ਦੇ ਖੇਤਰ ਵਿਚ 50 ਸਾਲ ਤੋਂ ਕੀਤੀ ਜਾ ਰਹੀ ਸ਼ਾਨਦਾਰ ਸੇਵਾ ਦੀ ਸਲਾਘਾ ਕੀਤੀ। ਉਨ੍ਹਾਂ ਡਾ. ਸ਼ੁਕਲਾ ਵੱਲੋਂ ਬੇਦਾਗ ਕੀਤੀ ਜਾ ਰਹੀ ਸੇਵਾ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਜਿਨ੍ਹਾਂ ਦਾ ਮਨੋਰਥ ਹੀ ਸੇਵਾ, ਭਰੋਸਾ, ਸਮਰਪਣ ਅਤੇ ਸਹਿਜ ਹੋਵੇ ਉਹ ਜ਼ਿੰਦਗੀ ਦੇ ਹਰ ਮੁਕਾਮ 'ਤੇ ਸਫ਼ਲ ਜੀਵਨ ਜਿਉਂਦੇ ਹਨ। ਉਨ੍ਹਾਂ ਕਿਹਾ ਕਿ ਡਾ. ਸ਼ੁਕਲਾ ਹਲਕਾ ਅਮਲੋਹ ਹੀ ਨਹੀਂ ਸਗੋਂ ਪੰਜਾਬ ਦੇ ਕੋਨੇ-ਕੋਨੇ ਵਿਚ ਬੈਠੇ ਵੱਡੀਆਂ ਵੱਡੀਆਂ ਬਿਮਾਰੀਆਂ ਦਾ ਇਲਾਜ ਆਯੁਰਵੈਦਿਕ ਵਿਧੀ ਨਾਲ ਆਪਣੇ ਸ਼ੁਕਲਾ ਹਸਪਤਾਲ ਅਮਲੋਹ ਰਾਹੀਂ ਦਿਨ ਰਾਤ ਬਗੈਰ ਕਿਸੇ ਲਾਲਚ ਸੇਵਾ ਭਾਵ ਨਾਲ ਕਰ ਰਹੇ ਹਨ ਅਤੇ ਅਜਿਹੇ ਵਿਰਲੇ ਹੀ ਹੁੰਦੇ ਹਨ, ਜਿਨ੍ਹਾਂ ਹਮੇਸ਼ਾ ਸਹੀ ਇਲਾਜ ਨੂੰ ਪਹਿਲ ਦਿੱਤੀ ਅਤੇ ਹਸਪਤਾਲ ਨੂੰ ਕੈਂਪ ਦੇ ਤੌਰ 'ਤੇ ਹੀ ਰੱਖਿਆ ਜਿਥੇ ਕੋਈ ਵੀ ਆ ਕੇ ਇਲਾਜ ਕਰਵਾ ਸਕਦਾ ਹੈ, ਜਿਸ ਸੱਦਕਾ ਅੱਜ ਇਨ੍ਹਾਂ ਦਾ ਹਰ ਵਰਗ ਵਿਚ ਸਤਿਕਾਰ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸ਼ਾਨਦਾਰ ਕਾਰਗੁਜ਼ਾਰੀ ਕਾਰਣ ਹੀ ਹਜ਼ਾਰਾਂ ਦੀ ਗਿਣਤੀ ਵਿਚ ਉਨ੍ਹਾਂ ਦੇ ਵਿਦਿਆਰਥੀ ਅਤੇ ਉਨ੍ਹਾਂ ਦਾ ਪਰਿਵਾਰ ਖੁਦ ਇਨ੍ਹਾਂ ਪਾਸੋਂ ਹੀ ਸਿਹਤ ਸੇਵਾਵਾਂ ਦਾ ਲਾਭ ਲੈ ਰਹੇ ਹਨ। ਸਮਾਗਮ ਵਿਚ ਵੱਡੀ ਗਿਣਤੀ ਵਿਚ ਸੰਤ ਸਮਾਜ, ਧਾਰਮਿਕ, ਸਮਾਜਿਕ ਅਤੇ ਰਾਜਸੀ ਸ਼ਖਸੀਅਤਾਂ ਨੇ ਸ਼ਿਰਕਤ ਕੀਤੀ ਜਿਨ੍ਹਾਂ ਵਿਚ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਅਤੇ ਉਘੇ ਕਥਾ ਵਾਚਕ ਭਾਈ ਗੁਰਪ੍ਰੀਤ ਸਿੰਘ ਰੰਧਾਵਾ, ਭਾਈ ਰਵਿੰਦਰ ਸਿੰਘ ਖਾਲਸਾ, ਭਾਰਤੀ ਕਿਸਾਨ ਯੂਨੀਅਨ ਦੇ ਸੂਬਾ ਪ੍ਰਧਾਨ ਬਲਦੇਵ ਸਿੰਘ ਮੀਆਂਪੁਰ, ਸ਼੍ਰੋਮਣੀ ਅਤੇ ਵੈਟਰਨ ਪੱਤਰਕਾਰ ਭੂਸ਼ਨ ਸੂਦ, ਅਕਾਲੀ ਦਲ ਦੇ ਹਲਕਾ ਅਬਜ਼ਰਵਰ ਹਰਬੰਸ ਸਿੰਘ ਬਡਾਲੀ, ਸੂਬਾਈ ਆਗੂ ਕੁਲਦੀਪ ਸਿੰਘ ਮਛਰਾਈ, ਕੁਲਦੀਪ ਸਿੰਘ ਮੁਢੜੀਆਂ, ਬਲਵਿੰਦਰ ਸਿੰਘ ਰੁੜਕੀ, ਅਕਾਲੀ ਦਲ ਪੁਨਰ ਸੁਰਜੀਤ ਦੇ ਸਰਕਲ ਪ੍ਰਧਾਨ ਜਗਦੀਸ਼ ਸਿੰਘ ਰਾਣਾ, ਉਘੇ ਉਦਯੋਪਤੀ ਸੂਬਾ ਸਿੰਘ ਖੈਹਰਾ ਜਾਤੀਵਾਲ, ਭਾਜਪਾ ਯੁਵਾ ਮੋਰਚੇ ਦੇ ਕੌਮੀ ਕਾਰਜਕਾਰਨੀ ਦੇ ਮੈਂਬਰ ਐਡਵੋਕੇਟ ਸੁਖਵਿੰਦਰ ਸਿੰਘ ਸੁੱਖੀ, ਡੈਮੋਕਰੇਟਿਕ ਟੀਚਰਜ਼ ਯੂਨੀਅਨ ਦੇ ਸੂਬਾਈ ਆਗੂ ਦਵਿੰਦਰ ਸਿੰਘ ਪੂਨੀਆਂ, ਬਲਵਿੰਦਰ ਸਿੰਘ ਜਾਤੀਵਾਲ, ਡਾ. ਹਿਮਾਂਸ਼ੂ ਸੂਦ ਐਮਡੀਐਸ, ਡਾ. ਰੂਪਲ ਸੂਦ ਗੋਲਡ ਮੈਡਲਿਸਟ, ਰਿਟਾ. ਇੰਸਪੈਕਟਰ ਕਰਨੈਲ ਸਿੰਘ ਭੱਟੋ, ਵੈਦ ਗੁੰਜਨ ਮਿਸ਼ਰਾ, ਸਰਪੰਚ ਰਛਪਾਲ ਸਿੰਘ ਮੁਢੜੀਆਂ, ਸੰਤ ਬਾਬਾ ਸੇਵਾ ਨੰਦ ਖਮਾਣੋ, ਰਿਟ. ਪ੍ਰਿੰਸੀਪਲ ਜ਼ੋਰਾ ਸਿੰਘ ਗਿੱਲ, ਹਰਨੇਕ ਸਿੰਘ ਸ਼ੇਰਪੁਰ ਮਾਜਰਾ, ਨੰਬਰਦਾਰ ਗੁਰਵਿੰਦਰ ਸਿੰਘ ਨੂਰਪੁਰਾ, ਸੂਬਾ ਪ੍ਰਧਾਨ ਪ੍ਰੀਤਮ ਸਿੰਘ ਦਨਘੇੜੀ, ਨੰਬਰਦਾਰ ਮਨਜੀਤ ਸਿੰਘ ਮੀਆਂਪੁਰ, ਮਾਸਟਰ ਕੇਸਰ ਸਿੰਘ ਭੜੀ, ਝੰਡਾ ਸਿੰਘ ਭੜੀ, ਜਸਪਾਲ ਸਿੰਘ ਚਹਿਲ, ਇੰਦਰਾਜ ਸਿੰਘ, ਐਡਵੋਕੇਟ ਰਾਮ ਗੋਪਾਲ ਸ਼ਾਰਧਾ, ਕੇਸਰ ਸ਼ੁਕਲਾ ਅਤੇ ਐਡਵੋਕੇਟ ਹਰਵਿੰਦਰ ਸ਼ੁਕਲਾ, ਨੰਬਰਦਾਰ ਕਰਮਜੀਤ ਸਿੰਘ ਅਮਲੋਹ ਅਤੇ ਨੰਬਰਦਾਰ ਨਿਰਮਲ ਸਿੰਘ ਗਿਰੀ ਆਦਿ ਹਾਜ਼ਰ ਸਨ। ਸਟੇਜ ਸਕੱਤਰ ਦਾ ਫ਼ਰਜ਼ ਬਲਵਿੰਦਰ ਸਿੰਘ ਜਾਤੀਵਾਲ ਨੇ ਨਿਭਾਇਆ।

## ਲੋਕ 'ਟੈਲੀ-ਮਾਨਸ' ਹੈਲਪਲਾਈਨ ਰਾਹੀਂ ਡਾਕਟਰੀ ਸਲਾਹ ਲੈਣ: ਸਿਵਲ ਸਰਜਨ

ਫ਼ਾਜ਼ਿਲਕਾ 22 ਫਰਵਰੀ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ) : ਮਾਨਸਿਕ ਸਲਾਹ, ਭਾਵਨਾਤਮਕ ਸਹਾਇਤਾ ਅਤੇ ਮਨੋਵਿਗਿਆਨਕ ਸਹਾਇਤਾ ਪ੍ਰਦਾਨ ਕਰਨ ਲਈ ਸ਼ੁਰੂ ਕੀਤੀ ਗਈ ਹੈਲਪਲਾਈਨ 'ਟੈਲੀ-ਮਾਨਸ' ਰਾਹੀਂ 22,000 ਤੋਂ ਵੱਧ ਲੋਕਾਂ ਨੇ ਸਲਾਹ ਮੰਗੀ ਹੈ। ਇੱਕ ਸਾਲ ਪਹਿਲਾਂ ਸ਼ੁਰੂ ਕੀਤੀ ਗਈ ਇਸ ਹੈਲਪਲਾਈਨ ਨੇ ਲੋਕਾਂ ਦੀ ਮਾਨਸਿਕ ਸਿਹਤ ਨੂੰ ਸੁਧਾਰਨ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਸਿਵਲ ਸਰਜਨ ਡਾ: ਕਵਿਤਾ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਜਾਰੀ ਕੀਤੇ ਹੁਕਮ ਅਨੁਸਾਰ ਹੈਲਪਲਾਈਨ ਦੇ ਟੋਲ-ਫ੍ਰੀ ਨੰਬਰਾਂ 1800-89-14416 ਅਤੇ 14416 'ਤੇ ਇੱਕ ਸਾਲ ਵਿੱਚ 22,200 ਕਾਲਾਂ ਆਈਆਂ ਅਤੇ ਡਾਕਟਰੀ ਸਲਾਹ ਮੰਗੀ। ਹੈਲਪਲਾਈਨ ਦਿਨ ਦੇ 24 ਘੰਟੇ, ਹਫ਼ਤੇ ਦੇ ਸੱਤੇ ਦਿਨ ਕੰਮ ਕਰਦੀ ਹੈ। ਟੈਲੀ-ਮਾਨਸ ਸਰਕਾਰ ਦੇ ਅਧੀਨ ਇੱਕ ਪ੍ਰਮੁੱਖ ਪਹਿਲਕਦਮੀ ਹੈ। 'ਟੈਲੀ-ਮਾਨਸ' ਰਾਸ਼ਟਰੀ ਪ੍ਰੋਗਰਾਮ ਦੇ ਤਹਿਤ ਮਾਨਸਿਕ ਸਿਹਤ ਸਹਾਇਤਾ ਨੂੰ ਵਧਾਉਂਦਾ ਹੈ। ਇਸਦਾ ਉਦੇਸ਼ ਦੇਸ਼ ਭਰ ਦੇ ਲੋਕਾਂ ਨੂੰ ਮੁਫਤ ਮਾਨਸਿਕ ਸਿਹਤ ਸਹਾਇਤਾ ਪ੍ਰਦਾਨ ਕਰਨਾ ਹੈ। ਕਾਲ ਕਰਨ ਵਾਲਿਆਂ ਦੀ ਨਿੱਜੀ ਜਾਣਕਾਰੀ ਨੂੰ ਗੁਪਤ ਰੱਖਿਆ ਜਾਂਦਾ ਹੈ। ਉਨ੍ਹਾਂ ਦੀ ਸਿਹਤ ਨੂੰ ਸੁਧਾਰਨ ਲਈ ਮਾਹਿਰ ਮੁਫ਼ਤ ਸਲਾਹ ਦਿੰਦੇ ਹਨ। ਡਾ. ਪੀਕਾਕਾਸ਼ੀ ਅਰੋੜਾ ਮਨੋਰੋਗ ਦੇ ਮਾਹਿਰ ਨੇ ਕਿਹਾ ਕਿ ਇਹ ਸੇਵਾ ਮਾਹਿਰ ਸਲਾਹਕਾਰਾਂ, ਤਣਾਅ ਪ੍ਰਬੰਧਨ ਤਕਨੀਕਾਂ, ਮਨੋਵਿਗਿਆਨਕ ਮੁਢਲੀ ਸਹਾਇਤਾ, ਅਤੇ ਜੇ ਲੋੜ ਹੋਵੇ, ਮਾਹਿਰਾਂ ਜਾਂ ਸਿਹਤ ਸੰਸਥਾਵਾਂ ਨਾਲ ਲਿੰਕ ਰਾਹੀਂ ਤੁਰੰਤ ਸਹਾਇਤਾ ਪ੍ਰਦਾਨ ਕਰਦੀ ਹੈ। ਇਸ ਮੌਕੇ ਡਾ. ਰਿੰਕੂ ਚਾਵਲਾ, ਵਿਨੋਦ ਖੁਰਾਣਾ, ਮਨਬੀਰ ਸਿੰਘ, ਦਿਵੇਸ਼ ਕੁਮਾਰ ਹਾਜ਼ਰ ਸਨ।



## ਸਿਵਲ ਸਰਜਨ ਵੱਲੋਂ ਸੀਨੀਅਰ ਮੈਡੀਕਲ ਅਫਸਰਾਂ ਨਾਲ ਮੀਟਿੰਗ



ਫਿਰੋਜ਼ਪੁਰ, 22 ਫ਼ਰਵਰੀ (ਤਿਵਾੜੀ): ਚੰਡੀਗੜ੍ਹ ਵਿੱਖੇ ਹੋਈ ਦੋ ਰੋਜ਼ਾ ਸਿਵਲ ਸਰਜਨ ਕਾਨਫਰੰਸ ਤੋਂ ਬਾਅਦ ਅੱਜ ਸਿਵਲ ਸਰਜਨ ਡਾ. ਰਾਜੀਵ ਪਰਾਸ਼ਰ ਵੱਲੋਂ ਜ਼ਿਲ੍ਹੇ ਦੀਆਂ ਵੱਖ-ਵੱਖ ਸਿਹਤ ਸੰਸਥਾਵਾਂ ਦੇ ਸੀਨੀਅਰ ਮੈਡੀਕਲ ਅਫਸਰਾਂ ਅਤੇ ਪ੍ਰੋਗਰਾਮ ਅਫਸਰਾਂ ਨਾਲ ਮੀਟਿੰਗ ਕਰਕੇ ਉੱਚ ਅਧਿਕਾਰੀਆਂ ਵੱਲੋਂ ਸਿਹਤ ਸਹੂਲਤਾਂ ਵਿੱਚ ਹੋਰ ਸੁਧਾਰਾਂ ਸਬੰਧੀ ਦਿੱਤੇ ਨਿਰਦੇਸ਼ਾਂ ਨੂੰ ਇੰਨ-ਬਿੰਨ ਲਾਗੂ ਕਰਨ ਲਈ ਹਦਾਇਤਾਂ ਜਾਰੀ ਕੀਤੀਆਂ। ਇਸ ਵਿੱਚ ਆਮ ਆਦਮੀ ਕਲੀਨਿਕ ਤੇ ਰੈਬੀਜ਼ ਦੇ ਇਲਾਜ, ਦਵਾਈਆਂ, ਮਾਤਾ ਅਤੇ ਬੱਚਾ ਸਿਹਤ ਨਾਲ ਸਬੰਧਤ ਮੁੱਦਿਆਂ 'ਤੇ ਵਿਸਥਾਰ ਨਾਲ ਚਰਚਾ ਕੀਤੀ ਗਈ। ਮੀਟਿੰਗ ਦੌਰਾਨ ਗਰਭਵਤੀ ਮਹਿਲਾਵਾਂ ਦੀ ਸੰਭਾਲ, ਸੁਰੱਖਿਅਤ ਡਲਿਵਰੀ, ਟੀਕਾਕਰਨ ਅਤੇ ਬੱਚਿਆਂ ਦੀ ਪੋਸ਼ਣ ਸਥਿਤੀ ਨੂੰ ਹੋਰ ਮਜ਼ਬੂਤ ਕਰਨ 'ਤੇ ਜ਼ੋਰ ਦਿੱਤਾ ਗਿਆ। ਇਸ ਮੌਕੇ ਸਾਰੇ ਅਧਿਕਾਰੀਆਂ ਅਤੇ ਸਟਾਫ਼ ਨੂੰ ਨਿਰਧਾਰਤ ਟਾਰਗੇਟ ਸਮੇਂ ਸਿਰ ਅਤੇ ਪੂਰੀ ਜ਼ਿੰਮੇਵਾਰੀ ਨਾਲ ਪੂਰੇ ਕਰਨ ਲਈ ਸਪੱਸ਼ਟ ਹਦਾਇਤਾਂ ਜਾਰੀ ਕੀਤੀਆਂ ਗਈਆਂ ਨਾਲ ਹੀ, ਸਿਹਤ ਸੇਵਾਵਾਂ ਦੀ ਗੁਣਵੱਤਾ ਅਤੇ ਪਹੁੰਚ ਨੂੰ ਹਰ ਪੱਧਰ 'ਤੇ ਯਕੀਨੀ ਬਣਾਉਣ ਦੀ ਅਪੀਲ ਕੀਤੀ ਗਈ। ਇਸ ਮੌਕੇ ਸਿਵਲ ਸਰਜਨ ਡਾ. ਰਾਜੀਵ ਪਰਾਸ਼ਰ ਵੱਲੋਂ ਪਿਛਲੇ ਸਮੇਂ ਦੌਰਾਨ ਵੱਖ-ਵੱਖ ਸਿਹਤ ਪ੍ਰੋਗਰਾਮਾਂ ਹੇਠ ਕੀਤੇ ਗਏ ਕੰਮਾਂ ਦਾ ਜਾਇਜ਼ਾ ਲਿਆ ਗਿਆ ਤੇ ਭਵਿੱਖ ਵਿਚ ਕੀਤੇ ਜਾਣ ਵਾਲੇ ਕੰਮਾਂ ਦੀ ਰੂਪਰੇਖਾ ਉਲੀਕੀ ਗਈ। ਮੀਟਿੰਗ ਦੌਰਾਨ ਨਸ਼ਾ ਵਿਰੋਧੀ ਮੁਹਿੰਮ ਅਤੇ ਆਮ ਆਦਮੀ ਕਲੀਨਿਕਾਂ ਦੀ ਕਾਰਗੁਜ਼ਾਰੀ ਦੀ ਸਮੀਖਿਆ ਕੀਤੀ ਗਈ। ਇਸ ਦੇ ਨਾਲ ਹੀ ਸਿਵਲ ਸਰਜਨ ਨੇ ਸਾਰੀਆਂ ਸਿਹਤ ਸੰਸਥਾਵਾਂ ਦਾ ਰਿਕਾਰਡ ਕੀਪਿੰਗ ਠੀਕ ਕਰਨ ਅਤੇ ਇੰਪਰੂਵਮੈਂਟ ਕਰਨ ਲਈ ਵੀ ਕਿਹਾ ਗਿਆ।

ਇਸ ਮੌਕੇ ਉਨ੍ਹਾਂ ਨਿਰਦੇਸ਼ ਦਿੱਤੇ ਕਿ ਸਰਕਾਰ ਵੱਲੋਂ ਦਿੱਤੀਆਂ ਜਾਂਦੀਆਂ ਸਿਹਤ ਸਹੂਲਤਾਂ ਦਾ ਲਾਭ ਹਰ ਵਰਗ ਨੂੰ ਮਿਲਣਾ ਯਕੀਨੀ ਬਣਾਇਆ ਜਾਵੇ।

## ਰਿਮਟ ਯੂਨੀਵਰਸਿਟੀ 'ਚ 'ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ' ਮੌਕੇ ਵਿਸ਼ੇਸ਼ ਪ੍ਰੋਗਰਾਮ ਕਰਵਾਇਆ



ਮੰਡੀ ਗੋਬਿੰਦਗੜ੍ਹ, 22 ਫਰਵਰੀ (ਸੂਦ) : ਰਿਮਟ ਯੂਨੀਵਰਸਿਟੀ ਮੰਡੀ ਗੋਬਿੰਦਗੜ੍ਹ ਦੇ ਸਕੂਲ ਆਫ ਐਜੂਕੇਸ਼ਨ ਵਿਭਾਗ ਵੱਲੋਂ 'ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ 2026' ਨੂੰ ਮੁੱਖ ਰੱਖ ਕੇ ਪ੍ਰੋਗਰਾਮ ਕਰਵਾਇਆ ਗਿਆ। ਇਸ ਦਾ ਉਦੇਸ਼ ਮਾਤ ਭਾਸ਼ਾ ਪ੍ਰਤੀ ਸਤਿਕਾਰ ਦੀ ਭਾਵਨਾ ਪੈਦਾ ਕਰਨਾ ਅਤੇ ਇਸ ਦੇ ਸੰਰੱਖਣ ਤੇ ਪ੍ਰਸਾਰ ਲਈ ਜਾਗਰੂਕਤਾ ਵਧਾਉਣਾ ਸੀ। ਇਸ ਮੌਕੇ ਮੁੱਖ-ਮਹਿਮਾਨ ਵਜੋਂ ਪ੍ਰਸਿੱਧ ਨਾਟਕਕਾਰ ਅਤੇ 'ਸਾਹਿਤ ਅਕਾਦਮੀ ਯੁਵਾ ਪੁਰਸਕਾਰ' ਅਤੇ ਰਾਜ ਪੱਧਰੀ ਅਧਿਆਪਕ ਪੁਰਸਕਾਰ ਨਾਲ ਸਨਮਾਨਿਤ ਡਾ. ਕੁਲਦੀਪ ਸਿੰਘ ਦੀਪ ਅਤੇ ਪ੍ਰਸਿੱਧ ਨਾਵਲਕਾਰ ਕਰਨੈਲ ਸਿੰਘ 'ਵਜ਼ੀਰਾਬਾਦ' ਨੇ ਸ਼ਿਰਕਤ ਕੀਤੀ। ਉਨ੍ਹਾਂ ਮਾਤ ਭਾਸ਼ਾ ਦੇ ਮਹੱਤਵ, ਇਸ ਦੀ ਸਮ੍ਰਿੱਧ ਸੱਭਿਆਚਾਰਕ ਵਿਰਾਸਤ ਅਤੇ ਸਿੱਖਿਆ ਵਿੱਚ ਇਸ ਦੀ ਪ੍ਰਭਾਵਸ਼ਾਲੀ ਭੂਮਿਕਾ ਬਾਰੇ ਚਰਚਾ ਕਰਦਿਆ ਕਿਹਾ ਕਿ ਮਾਤ ਭਾਸ਼ਾ ਸਿਰਫ਼ ਸੰਚਾਰ ਦਾ ਸਾਧਨ ਨਹੀਂ ਸਗੋਂ ਸਾਡੀ ਪਹਿਚਾਣ, ਸੰਸਕਾਰ ਅਤੇ ਸੱਭਿਆਚਾਰ ਦੀ ਬੁਨਿਆਦ ਹੈ।

ਸਕੂਲ ਆਫ ਐਜੂਕੇਸ਼ਨ ਦੇ ਪ੍ਰਿੰਸੀਪਲ ਅਤੇ ਵਿਭਾਗ ਮੁਖੀ ਨੇ ਧੰਨਵਾਦ ਕੀਤਾ।

## ਡੇਂਗੂ, ਮਲੇਰੀਏ ਦੇ ਅਗੇਤੇ ਪ੍ਰਬੰਧਾਂ ਤੇ ਮੁੱਖ ਮੰਤਰੀ ਸਿਹਤ ਯੋਜਨਾ ਦੀ ਜਾਗਰੂਕਤਾ ਸਬੰਧੀ ਮੀਟਿੰਗ

ਫਾਜ਼ਿਲਕਾ, 22 ਫਰਵਰੀ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ): ਡਾ. ਕਵਿਤਾ ਸਿੰਘ ਸਿਵਲ ਸਰਜਨ ਵੱਲੋਂ ਡੇਂਗੂ ਮਲੇਰੀਏ ਦੇ ਅਗੇਤੇ ਪ੍ਰਬੰਧਾਂ ਤੇ ਮੁੱਖ ਮੰਤਰੀ ਸਿਹਤ ਯੋਜਨਾ ਦੀ ਜਾਗਰੂਕਤਾ ਸਬੰਧੀ ਜ਼ਿਲ੍ਹੇ ਦੇ ਸਮੂਹ ਮਲਟੀਪਰਪਜ਼ ਹੈਲਥ ਸੁਪਵਾਈਜ਼ਰ ਤੇ ਫੀਲਡ ਸਟਾਫ਼ ਨਾਲ ਵਰਚੂਅਲ ਮੀਟਿੰਗ ਕੀਤੀ ਗਈ। ਇਸ ਮੌਕੇ ਡਾ. ਸੁਨੀਤਾ ਕੰਬੋਜ ਜ਼ਿਲ੍ਹਾ ਐਪੀਡੀਮੋਲੋਜਿਸਟ, ਵਿਨੋਦ ਖੁਰਾਣਾ, ਦਿਵੇਸ਼ ਕੁਮਾਰ, ਅਤਿੰਦਰ ਸਿੰਘ ਮੌਜੂਦ ਸਨ। ਇਸ ਸਮੇਂ ਐਨਵੀਬੀਡੀਸੀਪੀ, ਡੇਂਗੂ ਮਲੇਰੀਆ ਦੇ ਅਗੇਤੇ ਪ੍ਰਬੰਧਾਂ ਤੇ ਹੋਰ ਪ੍ਰੋਗ੍ਰਾਮਾਂ ਸਬੰਧੀ ਚਰਚਾ ਕੀਤੀ ਗਈ। ਉਹਨਾਂ ਸਮੂਹ ਸਬੰਧਤ ਸਟਾਫ਼ ਨੂੰ ਹਦਾਇਤ ਕੀਤੀ ਕਿ ਲੋਕਾਂ ਨੂੰ ਡੇਂਗੂ ਅਤੇ ਮਲੇਰੀਏ ਦੇ ਮੱਛਰ ਪੈਦਾ ਹੋਣ ਦੇ ਸੋਮਿਆਂ ਬਾਰੇ ਵੱਧ ਤੋਂ ਵੱਧ ਜਾਗਰੂਕਤਾ ਅਤੇ ਉਹਨਾਂ ਨੂੰ ਨਸ਼ਟ ਕਰਨ ਸਬੰਧੀ ਜਾਣਕਾਰੀ ਦਿੱਤੀ ਜਾਵੇ। ਉਹਨਾਂ ਮੁੱਖ ਮੰਤਰੀ ਸਿਹਤ ਯੋਜਨਾ ਦੇ ਕਾਰਡ ਬਨਾਉਣ ਲਈ ਲੋਕਾਂ ਨੂੰ ਜਾਗਰੂਕ ਕਰਨ ਸਬੰਧੀ ਵੀ ਹਦਾਇਤਾਂ ਦਿੱਤੀਆਂ ਗਈਆਂ। ਉਨ੍ਹਾਂ ਕਿਹਾ ਕਿ ਮਾਨੀਟਰਨਿੰਗ ਰਿਪੋਰਟਾਂ ਨੂੰ ਸਮੇਂ-ਸਿਰ ਅਪਲੋਡ ਕੀਤਾ ਜਾਵੇ ਤੇ ਕਿਸੇ ਵੀ ਕਿਸਮ ਦੀ ਲਾਪਰਵਾਹੀ ਨਾ ਵਰਤੀ ਜਾਵੇ।



## ਸੰਤ ਨਿਰੰਕਾਰੀ ਮਿਸ਼ਨ ਨੇ ਸਫ਼ਾਈ ਅਭਿਆਨ ਚਲਾਇਆ



ਅਮਲੋਹ, 22 ਫ਼ਰਵਰੀ (ਸੂਦ)-ਸੰਤ ਨਿਰੰਕਾਰੀ ਚੈਰੀਟੇਬਲ ਫਾਊਂਡੇਸ਼ਨ ਰਜਿ. ਦਿੱਲੀ ਵੱਲੋਂ ਆਏ ਆਦੇਸ਼ਾਂ ਨੂੰ ਮੁੱਖ ਰੱਖ ਕੇ ਸਿਵਲ ਹਸਪਤਾਲ ਅਮਲੋਹ ਦੀ ਚਾਰ ਦੀਵਾਰੀ ਦੇ ਅੰਦਰ ਅੱਜ ਮਿਸ਼ਨ ਦੀ ਅਮਲੋਹ ਬਰਾਂਚ ਵੱਲੋਂ ਸਫ਼ਾਈ ਅਭਿਆਨ ਚਲਇਆ ਗਿਆ। ਇਸ ਮੌਕੇ ਬਰਾਂਚ ਮੁੱਖੀ ਰਿਟਾ. ਤਹਿਸੀਲਦਾਰ ਜਸਪਾਲ ਸਿੰਘ ਨੇ ਦੱਸਿਆ ਕਿ ਬਾਬਾ ਹਰਦੇਵ ਸਿੰਘ ਮਹਾਰਾਜ ਦੇ ਜਨਮ ਦਿਨ ਨੂੰ ਮੁੱਖ ਰੱਖ ਕੇ ਹਰ ਸਾਲ ਸਫ਼ਾਈ ਅਭਿਆਨ ਚਲਾਇਆ ਜਾਂਦਾ ਹੈ। ਉਨ੍ਹਾਂ ਇਸ ਦਿਹਾੜੇ ਦੀ ਵਧਾਈ ਦਿੰਦਿਆਂ ਸੁੱਖ ਸ਼ਾਂਤੀ ਦੀ ਅਰਦਾਸ ਕੀਤੀ। ਪ੍ਰੋਗਰਾਮ ਦੌਰਾਨ ਕੌਂਸਲਰ ਕੁਲਵਿੰਰ ਸਿੰਘ, ਪੂਨਮ ਜਿੰਦਲ, ਜਸਵਿੰਦਰ ਸਿੰਘ ਬਿੰਦਰ ਅਤੇ ਰੂਪ ਸਿੰਘ ਤੋਂ ਇਲਾਵਾ ਡਾ. ਕੰਵਰਪਾਲ ਸਿੰਘ, ਡਾ. ਪ੍ਰਿਤਪਾਲ ਕੌਰ ਅਤੇ ਪੰਮੀ ਜਿੰਦਲ ਆਦਿ ਦਾ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਬਰਾਂਚ ਮੁਖੀ ਜਸਪਾਲ ਸਿੰਘ, ਸੇਵਾ ਸਿਖਸ਼ਕ ਨਾਜਰ ਸਿੰਘ, ਲੇਡੀਜ਼ ਸੇਵਾ ਦਲ ਇੰਚਾਰਜ ਹਰਵਿੰਦਰ ਕੌਰ, ਪਵਨ ਕੁਮਾਰ, ਚਰਨਜੀਤ ਸਿੰਘ, ਸ਼ਾਮ ਲਾਲ, ਸੁਰਿੰਦਰ ਸੋਨੂੰ, ਸੰਨਦੀਪ ਸਿੰਘ, ਜੀਤ ਸਿੰਘ, ਸੰਜੀਵ ਕੁਮਾਰ, ਮਨਦੀਪ ਮੌਤੀ, ਸਮਸ਼ੇਰ ਸਿੰਘ ਅਲੀਪੁਰ, ਮਨਦੀਪ ਵਿਕੀ, ਕੁਲਸ਼ਨ ਰਾਏ, ਐਡਵੋਕੇਟ ਸਮਸ਼ੇਰ ਸਿੰਘ, ਐਡਵੋਕੇਟ ਮਨਦੀਪ ਸਿੰਘ, ਸੁਨੀਤਾ ਰਾਣੀ, ਸਵਰਨ ਲਤਾ, ਸਿਮਰਨ ਕੌਰ ਅਤੇ ਬਲਜੀਤ ਕੌਰ ਆਦਿ ਹਾਜ਼ਰ ਸਨ।

## ਸ਼ਿਵ ਸ਼ਕਤੀ ਕ੍ਰਿਸ਼ਨਾ ਕਲੱਬ ਨੇ ਲੰਗਰ ਲਗਾਇਆ

ਮੁਕੇਰੀਆ, 22 ਫਰਵਰੀ ( ਧਰਮ ਚੰਦ) : ਰੇਲਵੇ ਸਟੇਸ਼ਨ ਨਜ਼ਦੀਕ ਸ਼ਿਵ ਮੰਦਰ ਵਿਖੇ ਸ਼ਿਵ ਸ਼ਕਤੀ ਕ੍ਰਿਸ਼ਨਾ ਕਲੱਬ ਵੱਲੋਂ ਕਲੱਬ ਪ੍ਰਧਾਨ ਸੁਰਿੰਦਰ ਮੰਗਲ ਛਿੰਦੂ ਦੀ ਅਗਵਾਈ ਵਿੱਚ ਰਾਹਗੀਰਾਂ ਅਤੇ ਸ਼ਿਵ ਭਗਤਾਂ ਲਈ ਵਿਸ਼ਾਲ ਲੰਗਰ ਲਗਾਏ ਗਏ। ਲੰਗਰਾਂ ਦੀ ਅਰੰਭਤਾ ਤੋਂ ਪਹਿਲੇ ਸਮੂਹ ਕਮੇਟੀ ਵੱਲੋਂ ਪੂਜਾ ਅਰਚਨਾ ਕਰ ਕੇ ਪ੍ਰਭੂ ਚਰਨਾਂ ਵਿੱਚ ਸਮੁੱਚੀ ਮਾਨਵਤਾ ਦੇ ਭਲੇ ਦੀ ਕਾਮਨਾ ਕੀਤੀ। ਇਸ ਦੌਰਾਨ ਮਹੌਲ ਧਾਰਮਿਕ ਜੈਕਾਰਿਆਂ ਦੇ ਨਾਲ ਸ਼ਰਧਾਪੂਰਨ ਹੋ ਗਿਆ। ਪ੍ਰਬੰਧਕਾਂ ਵੱਲੋਂ ਭਗਵਾਨ ਭੋਲੇ ਸ਼ੰਕਰ ਜੀ ਨੂੰ ਭੋਗ ਲਗਾਉਣ ਉਪਰੰਤ ਸ਼ਰਧਾਲੂਆਂ ਲਈ ਲੰਗਰ ਖੋਲ੍ਹੇ ਗਏ। ਦੁਪਹਿਰ ਤੋਂ ਸ਼ਾਮ ਤੱਕ ਚਲੇ ਲੰਗਰ ਨੂੰ ਵੱਡੀ ਗਿਣਤੀ ਵਿੱਚ ਸ਼ਿਵ ਭਗਤਾਂ ਅਤੇ ਰਾਹਗੀਰਾਂ ਨੇ ਛੱਕਿਆ। ਇਸ ਮੌਕੇ ਕਮੇਟੀ ਪ੍ਰਬੰਧਕ ਸੁਰਿੰਦਰ ਮੰਗਲ ਛਿੰਦੂ ਵੱਲੋਂ ਸਮੂਹ ਸ਼ਿਵ ਭਗਤਾਂ ਨੂੰ ਵਧਾਈ ਦਿੰਦਿਆਂ ਆਪਸੀ ਪ੍ਰੇਮ ਪਿਆਰ ਅਤੇ ਭਾਈਚਾਰਕ ਸਾਂਝ ਬਣਾਈ ਰੱਖਣ ਦੀ ਅਪੀਲ ਕੀਤੀ ਅਤੇ ਇਸ ਲੰਗਰ ਨੂੰ ਸਮੂਹ ਕਲੱਬ ਵੱਲੋਂ ਸਮੂਹ ਸ਼ਰਧਾਲੂਆਂ ਨੂੰ ਪ੍ਰਭੂ ਚਰਨਾਂ ਨਾਲ ਜੋੜਨ ਦਾ ਇਕ ਛੋਟਾ ਜਿਹਾ ਉਪਰਾਲਾ ਦੱਸਿਆ। ਇਸ ਮੌਕੇ ਜੀਵਨ ਕੁਮਾਰ, ਛੰਟੀ ਕੁਮਾਰ, ਸ਼ਿਵ ਕੁਮਾਰ, ਕੌਸ਼ਲ ਕੁਮਾਰ, ਅੰਨੂ ਕੁਮਾਰ, ਅਸ਼ਵਨੀ ਕੁਮਾਰ, ਗੌਰਵ ਕੁਮਾਰ, ਮਿੰਟੂ ਲਾਡੀ, ਨਵੀ ਕੁਮਾਰ, ਡਾ. ਬਹਿਲ, ਅਭੈ ਕੁਮਾਰ, ਮਨਜੀਤ ਸਿੰਘ, ਪਵਨ ਕੁਮਾਰ, ਹੈਪੀ ਅਤੇ ਸਮੂਹ ਸ਼ਰਧਾਲੂਆਂ ਵੱਲੋਂ ਲੰਗਰ ਦੌਰਾਨ ਸੇਵਾ ਕੀਤੀ ਗਈ।



## ਕੌਮਾਂਤਰੀ ਮਾਤ-ਭਾਸ਼ਾ ਦਿਵਸ ਗੋਪੀ ਚੰਦ ਆਰਯ ਮਹਿਲਾ ਕਾਲਜ ਅਬੋਹਰ ਵਿਖੇ ਮਨਾਇਆ

ਫਾਜ਼ਿਲਕਾ, 22 ਫਰਵਰੀ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ) : ਭਾਸ਼ਾ ਵਿਭਾਗ ਪੰਜਾਬੀ ਦੀ ਰਹਿਨੁਮਾਈ ਵਿੱਚ ਜ਼ਿਲ੍ਹਾ ਭਾਸ਼ਾ ਦਫ਼ਤਰ, ਫ਼ਾਜ਼ਿਲਕਾ ਵੱਲੋਂ ਕੌਮਾਂਤਰੀ ਮਾਤ ਭਾਸ਼ਾ ਦਿਵਸ ਗੋਪੀ ਚੰਦ ਆਰਯ ਮਹਿਲਾ ਕਾਲਜ, ਅਬੋਹਰ ਵਿਖੇ ਮਨਾਇਆ ਗਿਆ। ਕਾਲਜ ਪ੍ਰਿੰਸੀਪਲ ਡਾ. ਰੇਖਾ ਸੂਦ ਹਾਂਡਾ ਦੀ ਅਗਵਾਈ ਵਿੱਚ ਆਯੋਜਿਤ ਇਸ ਸਮਾਰੋਹ ਦੌਰਾਨ ਕਾਲਜ ਦੇ ਵਿਦਿਆਰਥੀਆਂ ਦੇ ਕਵਿਤਾ ਉਚਾਰਨ, ਭਾਸ਼ਣ, ਲੋਕ ਗੀਤ ਅਤੇ ਸਿਰਜਣਾਤਮਕ ਮੁਕਾਬਲੇ ਕਰਵਾਏ ਗਏ। ਇਸ ਮੌਕੇ ਸ. ਪਰਮਿੰਦਰ ਸਿੰਘ, ਖੋਜ ਅਫ਼ਸਰ ਜ਼ਿਲ੍ਹਾ ਭਾਸ਼ਾ ਦਫ਼ਤਰ ਫ਼ਾਜ਼ਿਲਕਾ ਨੇ ਕੌਮਾਂਤਰੀ ਮਾਂ ਬੋਲੀ ਦਿਵਸ ਦੇ ਇਤਿਹਾਸ ਅਤੇ ਮਹੱਤਤਾ ਬਾਰੇ ਵਿਸਥਾਰ ਨਾਲ ਗੱਲ ਕੀਤੀ ਅਤੇ ਵਿਦਿਆਰਥੀਆਂ ਨੂੰ ਆਪਣੇ ਮਾਂ ਬੋਲੀ ਬੋਲਣ ਵਿੱਚ ਮਾਣ ਮਹਿਸੂਸ ਕਰਨ ਦਾ ਸੁਨੇਹਾ ਦਿੱਤਾ। ਇਸ ਮੌਕੇ ਬੋਲਦਿਆਂ ਸਾਬਕਾ ਜ਼ਿਲ੍ਹਾ ਭਾਸ਼ਾ ਅਫ਼ਸਰ ਫ਼ਾਜ਼ਿਲਕਾ ਸ਼੍ਰੀ ਭੁਪਿੰਦਰ ਉਤਰੇਜਾ ਨੇ ਸਾਹਿਤਕ ਤੇ ਸਭਿਆਚਾਰਕ ਮੁਕਾਬਲਿਆਂ ਦੀ ਵਿਦਿਆਰਥੀਆਂ ਲਈ ਮਹੱਤਤਾ ਬਾਰੇ ਦੱਸਿਆ ਅਤੇ ਕੌਮਾਂਤਰੀ ਮਾਂ ਬੋਲੀ ਦਿਵਸ ਦੀ ਵਧਾਈ ਦਿੱਤੀ। ਮੁਕਾਬਲਿਆਂ ਵਿੱਚ ਜੇਤੂ ਵਿਦਿਆਰਥੀਆਂ ਨੂੰ ਮੈਡਲ ਅਤੇ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ। ਕਾਲਜ ਦੇ ਪੰਜਾਬੀ ਵਿਭਾਗ ਦੇ ਮੁਖੀ ਸ਼੍ਰੀਮਤੀ ਅਮਨ ਪ੍ਰੀਤ ਕੌਰ ਵੱਲੋਂ ਆਏ ਹੋਏ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ। ਇਸ ਸਮਾਗਮ ਵਿੱਚ ਕਾਰਜਕਾਰੀ ਪ੍ਰਿੰਸੀਪਲ ਡਾ. ਮਨੋਜ ਫੁਟੇਲਾ, ਡਾ. ਅਨੀਤਾ ਸਿੰਘ, ਪ੍ਰੋ. ਸ਼੍ਰੀਮਤੀ ਜੋਤੀ ਸਿੰਘ, ਡਾ.ਸੀਮਾ ਸੁਮਾਨੀ, ਮਿਸ ਗੁਲਜਿੰਦਰ ਕੌਰ ਅਤੇ ਕਾਲਜ ਸਟਾਫ਼ ਨੇ ਸ਼ਿਰਕਤ ਕੀਤੀ। ਮੰਚ ਸੰਚਾਲਨ ਦੀ ਭੂਮਿਕਾ ਮਿਸ ਕਮਲੇਸ਼ ਨੇ ਬਾਖੂਬੀ ਨਿਭਾਈ ਸਮਾਗਮ ਨੂੰ ਸਫ਼ਲ ਬਣਾਉਣ ਵਿੱਚ ਰਾਜਵੀਰ ਕੌਰ, ਸਿਮਰਜੀਤ ਕੌਰ ਦਾ ਸਹਿਯੋਗ ਰਿਹਾ।



## ਬਾਬਾ ਫ਼ਰੀਦ ਸਟੇਟ ਚੈਂਪੀਅਨਸ਼ਿਪ ਸਟੇਟ ਮਾਸਟਰਜ਼ ਚੈਂਪੀਅਨਸ਼ਿਪ ਸੰਜੇ ਪਾਸੀ ਤੇ ਗੁਰਵਿੰਦਰ ਸਿੰਘ ਦੇ ਨਾਮ ਰਹੀ

ਨਵਾਂਸ਼ਹਿਰ, 22 ਫਰਵਰੀ (ਸੁਖਦੇਵ ਸਿੰਘ ਉੜਾਪੜ) : ਬਾਬਾ ਫ਼ਰੀਦ ਸਟੇਟ ਚੈਂਪੀਅਨਸ਼ਿਪ ਸਟੇਟ ਮਾਸਟਰਜ਼ ਚੈਂਪੀਅਨਸ਼ਿਪ ਰਹੀ ਸੰਜੇ ਪਾਸੀ ਦੇ ਨਾਮ। ਅੰਤਰਰਾਸ਼ਟਰੀ ਬੈਡਮਿੰਟਨ ਖਿਡਾਰੀ ਸ੍ਰੀ ਰਾਮ ਲਖਣ ਦੀ ਨਿਗਰਾਨੀ ਹੇਠ ਡਿਸਟ੍ਰਿਕਟ ਫ਼ਰੀਦਕੋਟ ਬੈਡਮਿੰਟਨ ਐਸੋਸੀਏਸ਼ਨ ਵੱਲੋਂ ਕਰਵਾਏ ਗਏ ਬਾਬਾ ਫ਼ਰੀਦ ਪੰਜਾਬ ਸਟੇਟ ਮਾਸਟਰਜ਼ ਚੈਂਪੀਅਨਸ਼ਿਪ 2025-26 ਦੇ ਮੁਕਾਬਲੇ ਨਹਿਰੂ ਸਟੇਟੇਡੀਅਮ, ਫ਼ਰੀਦਕੋਟ ਵਿੱਚ ਆਯੋਜਿਤ ਹੋਏ। ਇਸ ਵਿੱਚ ਪੰਜਾਬ ਦੇ ਉੱਘੇ ਖਿਡਾਰੀਆਂ ਨੇ ਹਿੱਸਾ ਲਿਆ ਤੇ ਆਪਣੇ ਜੌਹਰ ਦਿਖਾਏ। ਇਸ ਸ਼ਾਨਦਾਰ ਪ੍ਰਤੀਯੋਗਤਾ ਵਿੱਚ ਨਿਰਮਲ ਸਾਗਰ ਪਬਲਿਕ ਸਕੂਲ, ਲਸਾੜਾ ਦੇ ਡਾਇਰੈਕਟਰ ਸ੍ਰੀ ਸੰਜੇ ਪਾਸੀ ਨੇ ਹਿੱਸਾ ਲਿਆ ਤੇ ਆਪਣਾ ਬਿਹਤਰੀਨ ਪ੍ਰਦਰਸ਼ਨ ਕਰਦੇ ਹੋਏ 60+ ਮੈਨਜ਼ ਡਬਲ ਵਿੱਚ ਗੋਲਡਨ ਟਰਾਫੀ ਅਤੇ ਗੁਰਵਿੰਦਰ ਸਿੰਘ 60 ਪੱਲਸ ਰਨਰ ਅੱਪ ਆਪਣੇ ਨਾਮ ਕਰ ਲਈ। ਸਾਰੇ ਦਰਸ਼ਕਾਂ ਨੇ ਉਹਨਾਂ ਦੀ ਗੇਮ ਨੂੰ ਬਹੁਤ ਪਿਆਰ ਦਿੱਤਾ। ਇਸੇ ਮੁਕਾਬਲੇ ਵਿੱਚ ਸਕੂਲ ਦੇ ਮੈਨੇਜਰ ਸ. ਗੁਰਵਿੰਦਰ ਸਿੰਘ 60+ ਡਬਲ 60+ ਸਿੰਗਲ ਵਿਚ ਰਨਰ ਅੱਪ ਰਹੇ। ਇਸ ਸ਼ਾਨਦਾਰ ਜਿੱਤ 'ਤੇ ਸਮੂਹ ਸਟਾਫ ਅਤੇ ਵਿਦਿਆਰਥੀਆਂ ਵਿਚ ਖੁਸ਼ੀ ਦੀ ਲਹਿਰ ਦੌੜ ਗਈ। ਅਕੈਡਮਿਕ ਡਾਇਰੈਕਟਰ ਪ੍ਰੋ. ਰਵਿੰਦਰ ਕਾਲੀਆ ਪ੍ਰਿੰਸੀਪਲ ਮੀਨਾਕਸ਼ੀ ਚੱਢਾ ਤੇ ਸਮੂਹ ਸਟਾਫ਼ ਨੇ ਸ੍ਰੀ ਸੰਜੇ ਪਾਸੀ ਅਤੇ ਸ. ਗੁਰਵਿੰਦਰ ਸਿੰਘ ਨੇ ਵਧਾਈ ਦਿੱਤੀ ਤੇ ਉਨ੍ਹਾਂ ਦੀ ਸ਼ਾਨਦਾਰ ਜਿੱਤ 'ਤੇ ਖੁਸ਼ੀ ਦਾ ਇਜ਼ਹਾਰ ਕੀਤਾ।



## ਯੂਥ ਕਾਂਗਰਸ ਦੀਆਂ ਚੋਣਾਂ ਜ਼ੋਰਾਂ ਵਿੱਚ ਕਈ ਨੌਜਵਾਨ ਮੈਦਾਨ 'ਚ ਉਤਰੇ



ਭੋਗਪੁਰ, 22 ਫਰਵਰੀ (ਜੰਡੀਰ ਸੈਣੀ): ਆਲ ਇੰਡੀਆ ਕਾਂਗਰਸ ਕਮੇਟੀ ਦੇ ਸੰਗਠਨ ਭਾਰਤੀ ਯੂਥ ਕਾਂਗਰਸ ਦੇ ਤਹਿਤ ਪੰਜਾਬ ਵਿਚ 2 ਫਰਵਰੀ ਤੋਂ ਯੂਥ ਕਾਂਗਰਸ ਦੀਆਂ ਚੋਣਾਂ ਦਾ ਆਗਾਜ਼ ਅਰੰਭ ਹੋਇਆ ਹੈ, ਜਿਸਦੇ ਤਹਿਤ ਵੱਖ-ਵੱਖ ਮੁੰਡੇ ਕੁੜੀਆਂ ਨੂੰ ਰਾਜਨੀਤੀ ਵਿੱਚ ਆਉਣ ਦਾ ਤੇ ਆਪਣੀ ਕਿਸਮਤ ਅਜ਼ਮਾਉਣ ਦਾ ਮੌਕਾ ਮਿਲਿਆ ਹੈ। ਕਰੀਬ 5 ਲੱਖ 29 ਹਜ਼ਾਰ ਮੁੰਡੇ ਕੁੜੀਆਂ ਨੇ ਇਸ ਚੋਣ ਵਿੱਚ ਆਪਣਾ ਨਾਮਾਂਕਣ ਦਾਖਲ ਕੀਤਾ ਹੈ। ਜਿਸ ਵਿੱਚੋਂ 16 ਦੇ ਕਰੀਬ ਪੰਜਾਬ ਯੂਥ ਕਾਂਗਰਸ ਦੀ ਪ੍ਰਧਾਨਗੀ ਦੀ ਦੌੜ ਵਿਚ ਹਨ। ਇਹ ਚੋਣ ਪ੍ਰਕਿਰਿਆ 2 ਮਾਰਚ ਤੱਕ ਚੱਲੇਗੀ ਤੇ ਇਸ ਦੀ ਵੋਟ ਯੂਥ ਕਾਂਗਰਸ ਦੀ ਐਪ ਰਾਹੀਂ ਪੈਂਦੀ ਹੈ ਜੋ ਕਿ 18 ਤੋਂ 35 ਸਾਲ ਤੱਕ ਦੇ ਮੁੰਡੇ ਕੁੜੀਆਂ ਪਾ ਸਕਦੇ ਹਨ। ਇਨ ਪੰਜਾਬ ਜਨਰਲ ਸਕੱਤਰ ਦੀ ਦੌੜ ਵਿੱਚ ਦੀਪਕ ਖੋਸਲਾ, ਜਲੰਧਰ ਦਿਹਾਤੀ ਦੇ ਜਿਲਾ ਪ੍ਰਧਾਨਗੀ ਦੀ ਦੌੜ ਵਿੱਚ ਮਨਪ੍ਰੀਤ ਚੱਢਾ, ਜ਼ਿਲ੍ਹਾ ਜਲੰਧਰ ਦਿਹਾਤੀ ਦੇ ਜਨਰਲ ਸਕੱਤਰ ਦੀ ਦੌੜ ਵਿੱਚ ਰਿਦਮ ਮਹਿਤਾ ਸਾਬਕਾ ਹਲਕਾ ਪ੍ਰਧਾਨ ਆਦਮਪੁਰ ਅਤੇ ਬਲਾਕ ਭੋਗਪੁਰ ਦੀ ਪ੍ਰਧਾਨਗੀ ਲਈ ਅਜੇ ਕੁਮਾਰ ਕਰਾੜੀ ਨੇ ਕਾਗਜ਼ ਦਾਖਲ ਕੀਤੇ ਹਨ।

## ਬੀਡੀਪੀਓ ਦਫ਼ਤਰ ਵਿਖੇ ਔਰਤਾਂ ਦੇ ਅਧਿਕਾਰਾਂ ਅਤੇ ਸੁਰੱਖਿਆ ਲਈ ਵਿਸ਼ੇਸ਼ ਜਾਗਰੂਕਤਾ ਸੈਮੀਨਾਰ

ਫਤਿਹਗੜ੍ਹ ਸਾਹਿਬ, 22 ਫਰਵਰੀ (ਹਰਪ੍ਰੀਤ ਕੌਰ ਟਿਵਾਣਾ) : ਔਰਤਾਂ ਦੀ ਸੁਰੱਖਿਆ, ਆਤਮ-ਸਮਰਥਨ ਅਤੇ ਨਿਆਂ ਤੱਕ ਪਹੁੰਚ ਨੂੰ ਯਕੀਨੀ ਬਣਾਉਣ ਲਈ ਇੱਕ ਮਹੱਤਵਪੂਰਨ ਭਾਗ ਲੈਂਦਿਆਂ ਸਖੀ ਵਨ ਸਟਾਪ ਸੈਂਟਰ ਵੱਲੋਂ ਦਫਤਰ ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰ, ਬੱਸੀ ਪਠਾਣਾ ਵਿੱਚ ਇੱਕ ਵਿਸ਼ੇਸ਼ ਜਾਗਰੂਕਤਾ ਸੈਮੀਨਾਰ ਕਰਵਾਇਆ। ਸਮਾਗਮ ਵਿੱਚ ਬਲਾਕ ਬੱਸੀ ਪਠਾਣਾ ਦੇ ਪੰਚਾਇਤ ਮੈਂਬਰ, ਅਧਿਆਪਕ, ਆਗਣਵਾੜੀ ਵਰਕਰ, ਆਸ਼ਾ ਵਰਕਰ, ਸੈਲਫ ਹੈਲਪ ਗਰੁੱਪ ਦੇ ਮੈਂਬਰਾਂ ਨੂੰ ਕਾਨੂੰਨੀ ਅਧਿਕਾਰਾਂ ਅਤੇ ਸਖੀ ਵਨ ਸਟਾਪ ਸੈਂਟਰ ਵੱਲੋਂ ਦਿੱਤੀਆਂ ਜਾਣ ਵਾਲੀਆਂ ਸੇਵਾਵਾਂ ਜਾਣਕਾਰੀ ਦਿੱਤੀ। ਜ਼ਿਲ੍ਹਾ ਪ੍ਰੋਗਰਾਮ ਅਫਸਰ ਸ਼੍ਰੀਮਤੀ ਅਨੂਰਤਨ ਕੌਰ ਨੇ ਦੱਸਿਆ ਕਿ ਸਖੀ ਵਨ ਸਟਾਪ ਸੈਂਟਰ, ਜੋ ਕਿ ਭਾਰਤ ਸਰਕਾਰ ਦੇ ਇਸਤਰੀ ਅਤੇ ਬਾਲ ਵਿਕਾਸ ਮੰਤਰਾਲੇ ਅਧੀਨ ਚੱਲ ਰਿਹਾ ਹੈ, ਹਿੰਸਾ ਪੀੜਤ ਔਰਤਾਂ ਲਈ ਇੱਕ ਅਜਿਹਾ ਕੇਂਦਰ ਹੈ, ਜਿੱਥੇ ਉਨ੍ਹਾਂ ਨੂੰ ਇੱਕ ਹੀ ਥਾਂ 'ਤੇ ਤੁਰੰਤ, ਮੁਫ਼ਤ ਅਤੇ ਜ਼ਰੂਰੀ ਸੇਵਾਵਾਂ ਉਪਲੱਬਧ ਕਰਵਾਈਆਂ ਜਾਂਦੀਆਂ ਹਨ, ਇਨ੍ਹਾਂ ਸੇਵਾਵਾਂ ਵਿੱਚ ਪੁਲਿਸ ਸਹਾਇਤਾ ਦੀ ਤਤਕਾਲ ਉਪਲੱਬਧਤਾ, ਡਾਕਟਰੀ ਜਾਂਚ ਅਤੇ ਉਚਿਤ ਇਲਾਜ, ਸਾਇਕੋ ਸ਼ੋਸ਼ਲ ਸਪੋਰਟ, ਕਾਨੂੰਨੀ ਸਲਾਹ ਅਤੇ ਮੁਫ਼ਤ ਕਾਨੂੰਨੀ ਸਹਾਇਤਾ, ਅਸਥਾਈ ਆਵਾਸ ਸਹੂਲਤ (ਵੱਧ ਤੋਂ ਵੱਧ 10 ਦਿਨ) ਮੁਹੱਈਆ ਕਰਵਾਈ ਜਾਂਦੀ ਹੈ। ਇਸ ਮੌਕੇ ਸੈਮੀਨਾਰ ਦੌਰਾਨ ਸਖੀ ਸੈਂਟਰ ਦੀ ਇੰਚਾਰਜ ਰਜਨੀ ਬਾਲਾ ਨੇ ਨਾ ਸਿਰਫ਼ ਕੇਂਦਰ ਦੀ ਭੂਮਿਕਾ ਬਾਰੇ ਦੱਸਿਆ, ਸਗੋਂ ਉਨ੍ਹਾਂ ਨਾਲ ਹਿੰਸਾ ਦੀਆਂ ਕਿਸਮਾਂ, ਰਿਪੋਰਟ ਕਰਨ ਦੇ ਤਰੀਕਿਆਂ ਅਤੇ ਕਾਨੂੰਨੀ ਹੱਕਾਂ ਬਾਰੇ ਵੀ ਚਰਚਾ ਕੀਤੀ। ਉਨ੍ਹਾਂ ਵੂਮੈਨ ਹੈਲਪਲਾਈਨ ਨੰਬਰ 181 ਅਤੇ ਐਮਰਜੈਂਸੀ ਨੰਬਰ 112 ਦੀ ਵਰਤੋਂ ਬਾਰੇ ਵੀ ਸਮਝਾਇਆ ਗਿਆ, ਜਿਸ ਰਾਹੀਂ ਔਰਤ ਕਿਸੇ ਵੀ ਸਮੇਂ ਆਪਣੀ ਸ਼ਿਕਾਇਤ ਦਰਜ ਕਰਵਾ ਸਕਦੀ ਹੈ। ਉਨ੍ਹਾਂ ਦੱਸਿਆ ਕਿ ਸਖੀ ਵਨ ਸਟਾਪ ਸੈਂਟਰ, ਸਿਵਲ ਹਸਪਤਾਲ ਫਤਿਹਗੜ੍ਹ ਸਾਹਿਬ ਦੀ ਐਮਰਜੈਂਸੀ ਇਮਾਰਤ ਵਿੱਚ ਸਥਿਤ ਹੈ।

## ਗਰੀਬਾਂ ਦਾ ਮਸੀਹਾ ਹੈ ਨੀਲਾ ਧਮੀਜਾ

ਮੋਗਾ, 22 ਫਰਵਰੀ (ਨਿਸ਼ੀ ਮਨਚੰਦਾ): ਮੋਗਾ ਵਿੱਚ ਵਧੀਆ ਪਰਿਵਾਰ ਵਿੱਚ ਜੰਮੇ ਨੀਲਾ ਧਮੀਜਾ ਜੋ ਕਿ ਕਿਸੇ ਨਾਮ ਦਾ ਮੁਥਾਜ਼ ਨਹੀਂ ਹੈ ਹਰ ਵਰਗ ਦਾ ਲੋਕ ਇਹਨਾਂ ਨੂੰ ਜਾਣਦਾ ਹੈ ਜਦ ਵੀ ਕੋਈ ਪੰਜਾਬ ਉੱਤੇ ਦਿੱਕਤ ਆਈ ਤਾਂ ਨੀਲਾ ਧਮੀਜਾ ਵੱਲੋਂ ਬਹੁਤ ਹੀ ਵਧੀਆ ਕਾਰਜ ਕੀਤੇ ਗਏ। ਨੀਲਾ ਧਮੀਜਾ ਜਿਨ੍ਹਾਂ ਵੱਲੋਂ ਨੀਲਾ ਗਰੁੱਪ ਬਣਾਇਆ ਗਿਆ ਹੈ ਜੋ ਕਿ ਹਰ ਵੇਲੇ ਗਰੀਬਾਂ ਦੀ ਸਹਾਇਤਾ ਲਈ ਤਿਆਰ ਬਰ ਤਿਆਰ ਰਹਿੰਦਾ ਹੈ ਗੱਲ ਕਰੀਏ ਕੋਰੋਨਾ ਦੀ ਤਾਂ ਸਭ ਤੋਂ ਅੱਗੇ ਹੋ ਕੇ ਇਸ ਗਰੁੱਪ ਨੇ ਥਾਂ-ਥਾਂ 'ਤੇ ਲੰਗਰ ਲਗਾ ਦਿੱਤੇ। ਅਗਰ ਗੱਲ ਕਰੀਏ ਰਾਸ਼ਨ ਦੀ ਤਾਂ ਇਹ ਗਰੁੱਪ ਲਗਾਤਾਰ ਪਿਛਲੇ ਛੇ ਸਾਲਾਂ ਤੋਂ ਗਰੀਬਾਂ ਨੂੰ ਮਹੀਨਾ ਵਾਰ ਰਾਸ਼ਨ ਵੰਡ ਦਾ ਆ ਰਿਹਾ ਹੈ। ਜੇਕਰ ਕਿਸੇ ਵੀ ਗਰੀਬ ਪਰਿਵਾਰ ਨੂੰ ਕਿਸੇ ਤਰ੍ਹਾਂ ਦੀ ਕੋਈ ਮੁਸੀਬਤ ਆ ਜਾਵੇ ਤਾਂ ਇਹ ਗਰੁੱਪ ਸਭ ਤੋਂ ਅੱਗੇ ਹੋ ਕੇ ਉਸ ਦੀ ਸਹਾਇਤਾ ਕਰਦਾ ਹੈ। ਸਾਡੀ ਤਾਂ ਪਰਮਾਤਮਾ ਅੱਗੇ ਇਹੀ ਮੰਗ ਹੈ ਕਿ ਪਰਮਾਤਮਾ ਇਸ ਗਰੁੱਪ ਨੂੰ ਦਿਨ ਦੁਗਣੀ ਰਾਤ ਚੌਗਣੀ ਤਰੱਕੀ ਬਖਸ਼ੇ।



## ਸਤਿੰਦਰ ਪਾਲ ਦੀ ਯਾਦ 'ਚ ਅੱਖਾਂ ਦਾ ਫਰੀ ਕੈਂਪ ਲਗਾਇਆ



ਮੋਗਾ, 22 ਫਰਵਰੀ (ਨਿਸ਼ੀ ਮਨਚੰਦਾ) : ਅੱਜ ਸ਼ਹੀਦ ਭਗਤ ਸਿੰਘ ਮਾਰਕੀਟ ਵਿੱਚ ਪ੍ਰਸਿੱਧ ਸਮਾਜ ਸੇਵੀ ਅਤੇ ਬਿੱਟੂ ਫਿਕਸ ਵਜੋਂ ਨਾਮ ਨਾਲ ਜਾਣੇ ਜਾਂਦੇ ਸਤਿੰਦਰ ਪਾਲ ਸਿੰਘ ਬਿੱਟੂ ਦੀ ਪੰਜਵੀਂ ਬਰਸੀ 'ਤੇ ਅੱਜ ਅੱਖਾਂ ਦਾ ਫਰੀ ਕੈਂਪ ਲਗਾਇਆ ਗਿਆ, ਜਿਸ ਦਾ ਉਦਘਾਟਨ ਇੰਪਰੂਵਮੈਂਟ ਨਗਰ ਸੁਧਾਰ ਟਰੱਸਟ ਦੇ ਸਾਬਕਾ ਚੇਅਰਮੈਨ ਅਤੇ ਵਿਨੋਦ ਬਾਂਸਲ ਅਤੇ ਕੈਂਬਰਿਜ ਸਕੂਲ ਦੇ ਚੇਅਰਮੈਨ ਦਵਿੰਦਰ ਪਾਲ ਸਿੰਘ ਰਿੱਪੀ ਵੱਲੋਂ ਰਿਬਨ ਕੱਟ ਕੇ ਕੀਤਾ ਗਿਆ ਇਸ ਕੈਂਪ ਵਿੱਚ ਅੱਖਾਂ ਦੇ ਮਾਹਰ ਡਾਕਟਰਾਂ ਨੇ ਅੱਖਾਂ ਚੈੱਕ ਕੀਤੀਆਂ ਅਤੇ ਮਰੀਜ਼ਾਂ ਨੂੰ ਦਵਾਈਆਂ ਦੇ ਨਾਲ ਨਾਲ ਐਨਕਾਂ ਵੀ ਦਿੱਤੀਆਂ। ਇਸ ਮੌਕੇ ਗੱਲਬਾਤ ਕਰਦੇ ਗੋਲਡਨ ਟਰੈਵਲ ਦੇ ਸੰਚਾਲਕ ਸੁਭਾਸ਼ ਪਲਤਾ ਅਤੇ ਅਮਿਤ ਪਲਤਾ ਨੇ ਕਿਹਾ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਤਿੰਦਰ ਪਾਲ ਬਿੱਟੂ ਦੀ ਯਾਦ ਵਿੱਚ ਇਸ ਕੈਂਪ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਵੱਖ ਵੱਖ ਸਮਾਜ ਸੇਵੀ ਸੰਸਥਾਵਾਂ ਦੇ ਅਹੁਦੇਦਾਰ ਸ਼ਾਮਿਲ ਹੋਏ, ਜਿਨ੍ਹਾਂ ਵਿੱਚ ਮੋਹਨ ਪਲਤਾ, ਜਤਿੰਦਰ ਢੰਡ, ਰਵਿੰਦਰ ਸੀਏ, ਐਡਵੋਕੇਟ ਪਰਮਪਾਲ ਸਿੰਘ ਤਖਤੂਪੁਰਾ, ਬੀ ਆਰ ਫੈਸ਼ਨ ਦੇ ਹੈਰੀ ਕਵਾਤਰਾ, ਐਡਵੋਕੇਟ ਰਮੇਸ਼ ਗਰੋਵਰ ਸਾਬਕਾ ਪ੍ਰਧਾਨ ਬਾਰ ਐਸੋਸੀਏਸ਼ਨ, ਰੋਹਿਤ ਹੋਟਲ ਤਾਜ, ਅਤੇ ਹੋਰ ਕਈ ਉੱਘੇ ਵਿਅਕਤੀ ਸ਼ਾਮਲ ਹੋਏ।

ਇਸ ਮੌਕੇ ਅੰਤ ਵਿੱਚ ਸੁਭਾਸ਼ ਪਲਤਾਂ ਨੇ ਆਏ ਸਾਰੇ ਸੱਜਣਾਂ ਦਾ ਅਤੇ ਉਹਨਾਂ ਦੇ ਆਉਣ ਦਾ ਧੰਨਵਾਦ ਵੀ ਕੀਤਾ।

## ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਤਹਿਤ ਪਿੰਡ ਜੱਲਾ ਵਿਖੇ ਕੈਂਪ ਲਗਾਇਆ

ਫਤਿਹਗੜ੍ਹ ਸਾਹਿਬ, 22 ਫਰਵਰੀ (ਹਰਪ੍ਰੀਤ ਕੌਰ ਟਿਵਾਣਾ) : ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦੇ ਤਹਿਤ ਪਿੰਡਾਂ ਅਤੇ ਸ਼ਹਿਰਾਂ ਦੇ ਵਿੱਚ ਕੈਂਪ ਲਗਾ ਕੇ ਲੋਕਾਂ ਦੇ ਕਾਰਡ ਬਣਾਏ ਜਾ ਰਹੇ ਹਨ। ਇਸੇ ਮੁਹਿੰਮ ਦੇ ਤਹਿਤ ਹਲਕਾ ਫਤਿਹਗੜ੍ਹ ਸਾਹਿਬ ਦੇ ਪਿੰਡ ਜੱਲਾ ਵਿਖੇ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਤਹਿਤ ਕੈਂਪ ਲਗਾਇਆ ਗਿਆ। ਕੈਂਪ ਦਾ ਜਾਇਜ਼ਾ ਲੈਣ ਦੇ ਲਈ ਪੰਜਾਬ ਸਰਕਾਰ ਦੇ ਡਿਵੈਲਪਮੈਂਟ ਕਮਿਸ਼ਨ ਦੇ ਮੈਂਬਰ ਸਤਿੰਦਰਪਾਲ ਸਿੰਘ ਅਤੇ ਨੋਡਲ ਅਫਸਰ ਕੇਵਲ ਸਿੰਘ ਵਿਸ਼ੇਸ਼ ਤੌਰ 'ਤੇ ਪਹੁੰਚੇ। ਇਸ ਸਬੰਧੀ ਜਾਣਕਾਰੀ ਦਿੰਦਿਆਂ ਨੋਡਲ ਅਫਸਰ ਕੇਵਲ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਸੂਬੇ ਦੇ ਲੋਕਾਂ ਨੂੰ 10 ਲੱਖ ਰੁਪਏ ਤੱਕ ਦੀ ਸਿਹਤ ਬੀਮਾ ਯੋਜਨਾ ਦਾ ਲਾਭ ਦੇਣ ਦੇ ਲਈ ਤੱਤਪਰ ਹੈ। ਇਸ ਲਈ ਪਿੰਡਾਂ ਅਤੇ ਸ਼ਹਿਰਾਂ ਦੇ ਵਿੱਚ ਵੱਖ-ਵੱਖ ਸਥਾਨਾਂ ਦੇ ਉੱਤੇ ਕੈਂਪ ਲਗਾ ਕੇ ਸਿਹਤ ਬੀਮਾ ਯੋਜਨਾ ਦੇ ਕਾਰਡ ਬਣਾਏ ਜਾ ਰਹੇ ਹਨ। ਆਪ ਆਗੂ ਗੁਰਬੀਰ ਸਿੰਘ ਵੱਲੋਂ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਤਹਿਤ ਬਣਨ ਵਾਲੇ ਕਾਰਡਾਂ ਦੇ ਵਿੱਚ ਆ ਰਹੀਆਂ ਸਮੱਸਿਆਵਾਂ ਬਾਰੇ ਜਾਣੂੰ ਕਰਵਾਇਆ ਗਿਆ ਤਾਂ ਪੰਜਾਬ ਡਿਵੈਲਪਮੈਂਟ ਕਮਿਸ਼ਨ ਦੇ ਮੈਂਬਰ ਸੁਰਿੰਦਰਪਾਲ ਸਿੰਘ ਵੱਲੋਂ ਭਰੋਸਾ ਦਿਵਾਇਆ ਗਿਆ ਕਿ ਉਹਨਾਂ ਨੂੰ ਆ ਰਹੀਆਂ ਮੁਸ਼ਕਲਾਂ ਦਾ ਸਰਕਾਰ ਪੱਧਰ 'ਤੇ ਜਲਦ ਹੱਲ ਕਰਵਾਉਣਗੇ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਉਕਤ ਸਕੀਮ ਦੇ ਤਹਿਤ ਸੂਬੇ ਦੇ 65 ਲੱਖ ਪਰਿਵਾਰਾਂ ਨੂੰ 10 ਲੱਖ ਰੁਪਏ ਤੱਕ ਦੀ ਸਿਹਤ ਬੀਮਾ ਯੋਜਨਾ ਦਾ ਲਾਭ ਪਹੁੰਚਾਇਆ ਜਾ ਰਿਹਾ ਹੈ ਤਾਂ ਜੋ ਆਰਥਿਕ ਕਮਜ਼ੋਰੀ ਦੇ ਕਾਰਨ ਕੋਈ ਵਿਅਕਤੀ ਬਿਮਾਰੀ ਦਾ ਸ਼ਿਕਾਰ ਨਾ ਹੋ ਜਾਵੇ। ਇਸ ਮੌਕੇ ਉਨ੍ਹਾਂ ਦੇ ਨਾਲ ਅਭਿਸ਼ੇਕ ਕੁਮਾਰ ਸੀਨੀਅਰ ਫੈਲੋ ਪੰਜਾਬ ਡਿਵੈਲਪਮੈਂਟ ਕਮਿਸ਼ਨ, ਭਵਨਜੀਤ ਸਿੰਘ, ਹਰਪ੍ਰੀਤ ਸਿੰਘ, ਮੁਕੇਸ਼ ਸ਼ੁਕਲਾ ਨਿਰੀਖਕ ਖੁਰਾਕ ਐਂਡ ਸਪਲਾਈ ਦੀ ਹਾਜ਼ਰ ਸਨ।



## ਨੌਜਵਾਨ ਦੀ ਅਮਰੀਕਾ 'ਚ ਮੌਤ, ਪਰਿਵਾਰ 'ਤੇ ਹੈ ਲੱਖਾਂ ਦਾ ਕਰਜ਼

ਜੀਰਾ, 22 ਫਰਵਰੀ (ਦੀਪਕ ਭਾਰਗੋ): ਅਮਰੀਕਾ ਵਿੱਚ ਆਪਣੇ ਘਰ ਦੀ ਆਰਥਿਕ ਹਾਲਤ ਤੇ ਭਵਿੱਖ ਸੁਧਾਰਨ ਗਿਆ ਇੱਕ ਹੋਰ ਨੌਜਵਾਨ ਹਾਦਸੇ ਦਾ ਸ਼ਿਕਾਰ ਹੋ ਗਿਆ, ਜਿੱਥੇ ਉਸ ਦੀ ਮੌਤ ਹੋ ਗਈ। ਮ੍ਰਿਤਕ ਦੀ ਪਹਿਚਾਣ ਗੁਰਵਿੰਦਰ ਪਾਲ ਸਿੰਘ ਵਜੋਂ ਹੋਈ, ਜੋ ਵਿਧਾਨ ਸਭਾ ਹਲਕਾ ਜ਼ੀਰਾ ਦੇ ਪਿੰਡ ਸ਼ਾਹ ਅਬੂ ਬੁੱਕਰ ਦਾ ਰਹਿਣ ਵਾਲਾ ਸੀ। ਮ੍ਰਿਤਕ ਨੌਜਵਾਨ ਪੜ੍ਹਿਆਂ ਲਿਖਿਆ ਸੀ, ਜਿਸ ਨੇ ਬੀਏ ਐਮਏ ਦੀ ਪੜ੍ਹਾਈ ਕੀਤੀ ਹੋਈ ਸੀ ਪਰ ਭਾਰਤ ਵਿੱਚ ਨੌਕਰੀ ਨਹੀਂ ਮਿਲੀ, ਜਿਸ ਕਾਰਨ ਉਹ ਵਿਦੇਸ਼ ਗਿਆ ਸੀ, ਮ੍ਰਿਤਕ ਦੀ ਉਮਰ 30 ਸਾਲ ਸੀ ਜੋ ਅਜੇ ਕੁਆਰਾ ਸੀ। ਮ੍ਰਿਤਕ ਦੇ ਕਰੀਬੀ ਦੋਸਤ ਦੇ ਪਿਤਾ ਨੇ ਦੱਸਿਆ ਕਿ 50-55 ਲੱਖ ਰੁਪਏ ਲਾ ਕੇ ਡੰਕੀ ਰੂਟ ਰਾਹੀਂ ਅਮਰੀਕਾ ਗਿਆ ਸੀ। ਪਰਿਵਾਰ ਨੇ ਲੱਖਾਂ ਰੁਪਏ ਕਰਜ਼ਾ ਲੈ ਕੇ ਆਪਣੇ ਪੁੱਤ ਨੂੰ ਅਮਰੀਕਾ ਭੇਜਿਆ ਸੀ। ਦੋਸਤ ਦੇ ਪਿਤਾ ਨੇ ਦੱਸਿਆ ਕਿ ਰੋਜ਼ ਦੀ ਤਰ੍ਹਾਂ ਉਹ ਟਰਾਲਾ ਲੈ ਕੇ ਕੰਮ ਉੱਤੇ ਨਿਕਲਿਆ ਸੀ ਅਤੇ ਪਰਿਵਾਰ ਨਾਲ ਫੋਨ 'ਤੇ ਹੱਸਦੇ ਹੱਸਦੇ ਗੱਲਬਾਤ ਕਰਦਾ ਜਾ ਰਿਹਾ ਸੀ, ਚਲਦੇ ਫੋਨ ਉੱਤੇ ਗੱਲਬਾਤ ਕਰਦੇ ਦੌਰਾਨ ਹੀ ਸੜਕ ਹਾਦਸਾ ਹੋ ਗਿਆ, ਜਿਸ ਨਾਲ ਗੁਰਵਿੰਦਰ ਪਾਲ ਦੀ ਮੌਤ ਹੋ ਗਈ। ਅਸੀਂ ਸਰਕਾਰ ਅਤੇ ਸਮਾਜ ਸੇਵੀ ਸੰਸਥਾਵਾਂ ਕੋਲੋਂ ਅਪੀਲ ਕਰਦੇ ਹਾਂ ਕਿ ਗੁਰਵਿੰਦਰ ਪਾਲ ਦੀ ਲਾਸ਼ ਇੱਥੇ ਪੰਜਾਬ ਵਾਪਸ ਲਿਆਉਣ ਵਿੱਚ ਮਦਦ ਕੀਤੀ ਜਾਵੇ। ਮ੍ਰਿਤਕ ਗੁਰਵਿੰਦਰ ਪਾਲ ਦੇ ਇੱਕ ਹੋਰ ਕਰੀਬੀ ਨੇ ਦੱਸਿਆ ਕਿ ਬਹੁਤ ਹੀ ਵਧੀਆ ਅਤੇ ਸ਼ਾਂਤ ਸੁਭਾਅ ਰੱਖਣ ਵਾਲਾ ਪਰਿਵਾਰ ਹੈ। ਗੁਰਵਿੰਦਰ ਵੀ ਚੰਗੇ ਸੁਭਾਅ ਦਾ ਸੀ, ਜਦੋਂ ਟਰੰਪ ਦੀ ਸਰਕਾਰ ਆਉਣ ਤੋਂ ਬਾਅਦ ਉੱਥੇ ਲੁਕ ਛੁਪ ਕੇ ਰਹਿ ਰਹੇ ਸਨ। ਉਸ ਤੋਂ ਬਾਅਦ ਇਹਨਾਂ ਨੇ ਆਪਣੇ ਲਾਈਸੰਸ ਬਣਾਏ ਤੇ ਕੰਮ ਸ਼ੁਰੂ ਕੀਤਾ। ਅਜੇ ਚਾਰ ਛੇ ਮਹੀਨੇ ਹੀ ਹੋਏ ਸੀ ਕੰਮ 'ਤੇ ਜਾਂਦੇ ਤੇ ਇਹ ਹਾਦਸਾ ਵਾਪਰ ਗਿਆ। ਉਹਨਾਂ ਸਰਕਾਰਾਂ ਅੱਗੇ ਤੇ ਸਮਾਜ ਸੇਵੀ ਸੰਸਥਾਵਾਂ ਅੱਗੇ ਅਪੀਲ ਕੀਤੀ ਕਿ ਇਸ ਬੱਚੇ ਦੀ ਲਾਸ਼ ਨੂੰ ਘਰ ਤੱਕ ਪਹੁੰਚਾਉਣ ਦਾ ਸਾਥ ਦਿੱਤਾ ਜਾਵੇ ਤੇ ਮਦਦ ਕੀਤੀ ਜਾਵੇ।



# ਮੰਤਰੀ ਸੌਂਦ 'ਪੰਜਾਬ ਸਖੀ ਸ਼ਕਤੀ ਮੇਲੇ' ਦੀ ਪਹਿਲੀ ਸ਼ਾਮ ਵਿੱਚ ਹੋਏ ਸ਼ਾਮਲ



ਲੁਧਿਆਣਾ, 22 ਫਰਵਰੀ (ਵਿਸ਼ਾਲ ਸ਼ਰਮਾ/ਵਿਸ਼ਾਲ ਲਹਿਲ) : 'ਪੰਜਾਬ ਸਖੀ ਸ਼ਕਤੀ ਮੇਲਾ'-2026 ਵਿੱਚ ਸ਼ਨੀਵਾਰ ਨੂੰ ਸਿਤਾਰਿਆਂ ਨਾਲ ਭਰੀ ਪਹਿਲੀ ਸ਼ਾਮ ਵਿੱਚ ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਵਿਸ਼ੇਸ਼ ਤੌਰ 'ਤੇ ਪਰਿਵਾਰ ਸਮੇਤ ਸ਼ਾਮਲ ਹੋਏ। ਇਸ ਮੌਕੇ ਉਨ੍ਹਾਂ ਦੇ ਨਾਲ ਮਾਰਕੀਟ ਕਮੇਟੀ ਖੰਨਾ ਦੇ ਚੇਅਰਮੈਨ ਜਗਤਾਰ ਸਿੰਘ ਗਿੱਲ ਰਤਨਹੇੜੀ, ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਅਮਰਜੀਤ ਬੈਂਸ, ਉਪ ਮੰਡਲ ਮੈਜਿਸਟਰੇਟ ਖੰਨਾ ਸਵਾਤੀ ਟਿਵਾਨਾ, ਖੰਨਾ ਸ਼ਹਿਰ ਦੇ ਕੌਂਸਲਰ, ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਵੱਡੀ ਗਿਣਤੀ ਵਿੱਚ ਲੋਕਾਂ ਨੇ ਪਰਿਵਾਰਾਂ ਸਮੇਤ ਸ਼ਮੂਲੀਅਤ ਕੀਤੀ। ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਕਿਹਾ ਕਿ ਪੰਜਾਬ ਸਰਕਾਰ ਦੀ ਪਹਿਲਕਦਮੀ ਤਹਿਤ ਜ਼ਿਲ੍ਹਾ ਪ੍ਰਸ਼ਾਸ਼ਨ ਲੁਧਿਆਣਾ ਦੁਆਰਾ ਉਦਯੋਗ ਅਤੇ ਵਣਜ ਵਿਭਾਗ ਦੇ ਸਹਿਯੋਗ ਨਾਲ ਰੈਂਪ ਸਕੀਮ ਅਤੇ ਪੰਜਾਬ ਰਾਜ ਪੇਂਡੂ ਆਜੀਵਿਕਾ ਮਿਸ਼ਨ ਦੇ ਤਹਿਤ ਖੰਨਾ ਦੇ ਵਿੱਚ ਪਹਿਲੀ ਵਾਰ ਮੁੱਖ ਮੰਤਰੀ ਪੰਜਾਬ ਸ੍ਰੀ ਭਗਵੰਤ ਮਾਨ ਦੀ ਯੋਗ ਅਗਵਾਈ ਸਦਕਾ 'ਪੰਜਾਬ ਸਖੀ ਸ਼ਕਤੀ ਮੇਲਾ' ਆਯੋਜਿਤ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਉਹ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦਾ ਧੰਨਵਾਦ ਅਤੇ ਸ਼ਲਾਘਾ ਕਰਦੇ ਹਨ ਕਿ ਉਨ੍ਹਾਂ ਨੇ ਪੰਜਾਬ ਨੂੰ ਦੁਬਾਰਾ ਤੋਂ ਰੰਗਲਾ ਪੰਜਾਬ ਬਣਾਇਆ ਹੈ। ਸਾਡੀ ਸਰਕਾਰ ਨੇ ਇਹਨਾਂ ਮੇਲਿਆਂ ਦਾ ਬਜਟ, ਪਿਛਲੀਆਂ ਸਰਕਾਰਾਂ ਵੱਲੋਂ ਦਿੱਤੇ ਜਾਂਦੇ ਬਜਟ ਨਾਲੋਂ ਕਈ ਗੁਣਾਂ ਵਧਾਇਆ ਹੈ। ਇਹਨਾਂ ਮੇਲਿਆਂ ਰਾਹੀਂ ਪੰਜਾਬ ਦਾ ਸੱਭਿਆਚਾਰ, ਸੰਗੀਤ, ਭੋਜਨ, ਵਿਰਾਸਤ ਨੂੰ ਲੋਕਾਂ ਤੱਕ ਪਹੁੰਚਾਇਆ ਜਾਂਦਾ ਹੈ। ਤਰੁਨਪ੍ਰੀਤ ਸਿੰਘ ਸੌਂਦ ਨੇ ਦੱਸਿਆ ਕਿ ਇਸ 'ਪੰਜਾਬ ਸਖੀ ਸ਼ਕਤੀ ਮੇਲੇ' ਵਿੱਚ ਵੱਖ-ਵੱਖ ਸੂਬਿਆਂ ਦੇ 1000 ਤੋਂ ਵਧੇਰੇ ਕਲਾਕਾਰ, ਦਸਤਕਾਰ, ਵਪਾਰੀ ਅਤੇ ਹੁਨਰਮੰਦ ਲੋਕ ਹਿੱਸਾ ਲੈ ਰਹੇ ਹਨ, ਜਦਕਿ ਰੋਜ਼ਾਨਾ ਹਜ਼ਾਰਾਂ ਲੋਕ ਖਰੀਦੋ-ਫਰੋਖ਼ਤ ਅਤੇ ਮੌਜ-ਮਸਤੀ ਦਾ ਆਨੰਦ ਵੀ ਮਾਣਨਗੇ। ਉਨ੍ਹਾਂ ਕਿਹਾ ਕਿ ਇਹ ਖੰਨਾ ਸ਼ਹਿਰ ਲਈ ਮਾਣ ਵਾਲੀ ਗੱਲ ਹੈ ਕਿ ਦੇਸ਼ ਭਰ ਦੇ ਵੱਖ-ਵੱਖ ਰਾਜਾਂ ਦੇ ਸੈਂਕੜੇ ਕਾਰੀਗਰ ਅਤੇ ਕਲਾਕਾਰ ਇਸ ਮੇਲੇ ਵਿੱਚ ਹਿੱਸਾ ਲੈ ਰਹੇ ਹਨ। ਖੰਨਾ ਸ਼ਹਿਰ ਵਿੱਚ ਹੋ ਰਹੇ ਇਸ ਮੈਗਾ ਸਮਾਗਮ ਮੌਕੇ ਵੱਖ-ਵੱਖ ਰਾਜਾਂ ਦੇ ਕਲਾਕਾਰ 10 ਦਿਨਾਂ ਦੇ ਇਸ ਪ੍ਰੋਗਰਾਮ ਦੌਰਾਨ ਲੋਕਾਂ ਨੂੰ ਆਪਣੇ ਸੱਭਿਆਚਾਰ ਅਤੇ ਵਿਰਾਸਤ ਦੀਆਂ ਝਲਕੀਆਂ ਪੇਸ਼ ਕਰਨਗੇ। ਖੰਨਾ 'ਚ 'ਪੰਜਾਬ ਸਖੀ ਸ਼ਕਤੀ ਮੇਲੇ' ਵਿੱਚ ਪੁੱਜੇ ਮਸ਼ਹੂਰ ਪੰਜਾਬੀ ਗਾਇਕ ਗੁਲਾਬ ਸਿੱਧੂ ਨੇ ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਅਤੇ ਮੇਲੇ ਵਿੱਚ ਆਏ ਵੱਡੀ ਗਿਣਤੀ ਵਿੱਚ ਦਰਸ਼ਕਾਂ ਦਾ ਸਵਾਗਤ ਕਰਦਿਆਂ ਹੋਇਆ ਆਪਣੇ ਹਿੱਟ ਗੀਤਾਂ ਨਾਲ ਮੇਲੇ ਦੀ ਸ਼ੁਰੂਆਤ ਕੀਤੀ ਅਤੇ ਦਰਸ਼ਕਾਂ ਨੂੰ ਖੂਬ ਨਚਾਇਆ। ਇਸ ਸਟਾਰ ਨਾਈਟ ਵਿੱਚ ਪ੍ਰਸਿੱਧ ਪੰਜਾਬੀ ਗਾਇਕ ਗੁਲਾਬ ਸਿੱਧੂ ਨੇ ਦੁਸਹਿਰਾ ਗਰਾਊਂਡ ਖੰਨਾ ਵਿਖੇ ਮੇਲੇ ਦੇ ਪਹਿਲੇ ਦਿਨ ਦੀ ਸੰਗੀਤਕ ਨਾਈਟ ਦੀ ਸ਼ੁਰੂਆਤ ਆਪਣੇ ਸਭ ਤੋਂ ਮਸ਼ਹੂਰ ਅਤੇ ਹਿੱਟ ਗੀਤਾਂ ਵਿੱਚੋਂ ਅੈਨਕ ਗੀਤ ਗਾ ਕੇ ਕੀਤੀ। ਹਰ ਸ਼ਾਮ ਇਹ ਮਸ਼ਹੂਰ ਕਲਾਕਾਰ ਦਰਸ਼ਕਾਂ ਨੂੰ ਮੋਹਿਤ ਕਰਨ ਲਈ ਪੰਜਾਬੀ ਲੋਕ, ਸਮਕਾਲੀ ਅਤੇ ਸੂਫ਼ੀ ਧੁਨਾਂ ਨੂੰ ਇਕੱਠਾ ਕਰਦੇ ਹੋਏ ਮਨਮੋਹਕ ਪ੍ਰਦਰਸ਼ਨ ਪੇਸ਼ ਕਰਨਗੇ।

# 243 ਘੰਟੇ ਦੇ ਅਖੰਡ ਯੱਗ ਦਾ ਸਮਾਪਨ : ਮਹੰਤ ਪ੍ਰਵੀਨ ਚੌਧਰੀ ਨੇ ਅਖੰਡ ਯੱਗ ਦੇ ਸੁਚਾਰੂ ਸੰਪੰਨ ਹੋਣ ਲਈ ਮਾਂ ਬਗਲਾਮੁਖੀ ਅਤੇ ਵਲੰਟੀਅਰਾਂ ਦਾ ਕੀਤਾ ਧੰਨਵਾਦ

## ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਅਖੰਡ ਯੱਗ 'ਚ ਪੰਜਾਬ ਲਈ ਪ੍ਰਾਰਥਨਾ ਕੀਤੀ



ਲੁਧਿਆਣਾ, 22 ਫਰਵਰੀ (ਕਰਨੈਲ ਸਿੰਘ ਐੱਮ.ਏ.): ਮਾਂ ਬਗਲਾਮੁਖੀ ਧਾਮ ਵਿਖੇ 243 ਘੰਟੇ ਦੇ ਅਖੰਡ ਯੱਗ ਦੇ ਆਖਰੀ ਦਿਨ, ਲੱਖਾਂ ਸ਼ਰਧਾਲੂਆਂ ਨੇ ਯੱਗ ਦੀ ਸਮਾਪਤੀ ਕੀਤੀ। ਮਹੰਤ ਪ੍ਰਵੀਨ ਚੌਧਰੀ ਨੇ ਅਖੰਡ ਯੱਗ ਦੇ ਸੁਚਾਰੂ ਸੰਪੰਨਤਾ ਲਈ ਮਾਂ ਬਗਲਾਮੁਖੀ ਦਾ ਧੰਨਵਾਦ ਕੀਤਾ ਅਤੇ ਸੰਸਾਰ ਵਿੱਚ ਸ਼ਾਂਤੀ ਅਤੇ ਸਾਰੇ ਜੀਵਾਂ ਲਈ ਖੁਸ਼ਹਾਲੀ ਲਈ ਪ੍ਰਾਰਥਨਾ ਕੀਤੀ। ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਸ਼ਨੀਵਾਰ ਨੂੰ ਮਾਂ ਬਗਲਾਮੁਖੀ ਧਾਮ ਦਾ ਦੌਰਾ ਕੀਤਾ ਅਤੇ ਤੰਦਰੁਸਤ ਪੰਜਾਬ ਲਈ ਪ੍ਰਾਰਥਨਾ ਕਰਦੇ ਹੋਏ ਅਖੰਡ ਯੱਗ ਕੀਤਾ। ਮਹੰਤ ਪ੍ਰਵੀਨ ਚੌਧਰੀ ਨੇ ਰਾਜਪਾਲ ਨਾਲ ਯੱਗ ਦੀ ਸ਼ੁਰੂਆਤ ਤੋਂ ਲੈ ਕੇ ਹੁਣ ਤੱਕ ਦੇ ਇਤਿਹਾਸ ਬਾਰੇ ਜਾਣਕਾਰੀ ਸਾਂਝੀ ਕੀਤੀ। ਪੰਜਾਬ ਕਾਂਗਰਸ ਦੇ ਪ੍ਰਧਾਨ ਅਤੇ ਸੰਸਦ ਮੈਂਬਰ ਅਮਰਿੰਦਰ ਸਿੰਘ ਰਾਜਾ ਵੜਿੰਗ, ਵਿਧਾਇਕ ਮਦਨ ਲਾਲ ਬੱਗਾ ਨੇ ਆਪਣੇ ਪਰਿਵਾਰਾਂ ਸਮੇਤ ਸਿਰ ਝੁਕਾ ਕੇ ਯੱਗ ਸਥਾਨ ਦੀ ਪਵਿੱਤਰ ਮਿੱਟੀ ਆਪਣੇ ਮੱਥੇ 'ਤੇ ਲਗਾਈ ਅਤੇ ਮਾਤਾ ਬਗਲਾਮੁਖੀ ਦਾ ਅਸ਼ੀਰਵਾਦ ਲਿਆ। ਸੰਕਟ ਮੋਚਨ ਦਰਬਾਰ ਬਾਲਾਜੀ ਮੰਦਰ ਦੇ ਮੈਂਬਰਾਂ ਨੇ ਰੋਮੀ ਭੱਲਾ ਦੀ ਅਗਵਾਈ ਹੇਠ ਸ਼੍ਰੀ ਹਨੂੰਮਾਨ ਚਾਲੀਸਾ ਦਾ ਪਾਠ ਕੀਤਾ। ਮਹੰਤ ਪ੍ਰਵੀਨ ਚੌਧਰੀ ਜੀ ਨੇ 243 ਘੰਟੇ ਨਿਰੰਤਰ ਜਾਰੀ ਰਹਿਣ ਵਾਲੇ ਯੱਗ ਦੀ ਮਹਿਮਾ ਦਾ ਵਰਣਨ ਕਰਦੇ ਹੋਏ ਕਿਹਾ ਕਿ ਯੱਗ ਸਥਾਨ ਦੀ ਪਰਿਕਰਮਾ ਕਰਨ ਨਾਲ ਹੀ ਸੰਸਾਰਕ ਦੁੱਖ ਦੂਰ ਹੋ ਜਾਂਦੇ ਹਨ। ਯੱਗ ਵਿੱਚ ਮੰਤਰਾਂ ਦੇ ਜਾਪ ਨਾਲ ਭੇਟਾ ਚੜ੍ਹਾਉਣ ਨਾਲ ਸਰੀਰ ਸ਼ੁੱਧ ਹੋ ਜਾਂਦਾ ਹੈ। ਉੱਥੋਂ ਅਸਮਾਨ ਵਿੱਚ ਜਾਣ ਨਾਲ, ਸੰਸਾਰ ਅਤੇ ਪਰਲੋਕ ਵਿੱਚ ਸੁਧਾਰ ਹੁੰਦਾ ਹੈ। ਜ਼ਿਲ੍ਹਾ ਕਾਂਗਰਸ ਪ੍ਰਧਾਨ ਸੰਜੇ ਤਲਵਾੜ, ਪੰਜਾਬ ਭਾਜਪਾ ਮਹਿਲਾ ਮੋਰਚਾ ਦੀ ਮੀਤ ਪ੍ਰਧਾਨ ਲੀਨਾ ਟਪਾਰੀਆ ਅਤੇ ਹੋਰ ਪਤਵੰਤਿਆਂ ਨੇ ਮਾਂ ਬਗਲਾਮੁਖੀ ਦਾ ਅਸ਼ੀਰਵਾਦ ਲਿਆ। ਇਸ ਮੌਕੇ ਵਲੰਟੀਅਰ ਮਨਪ੍ਰੀਤ ਛਤਵਾਲ, ਨਵਜੋਤ ਛਤਵਾਲ, ਕਰਨ ਸ਼ਾਂਡਿਲਿਆ, ਸੁਨੀਲ ਮਹਾਜਨ, ਰਮਨ ਘਈ, ਜਤਿੰਦਰ ਸੂਦ, ਮੋਹਿਤ ਸੂਦ, ਪ੍ਰਸ਼ੋਤਮ ਚੌਧਰੀ, ਰਾਣਾ ਰਣਜੀਤ ਸਿੰਘ, ਸੁਧੀਰ ਮਹਾਜਨ, ਗੌਰਵ ਕਾਲੀਆ, ਜਤਿਨ ਸੂਦ, ਪਰਮਵੀਰ ਚੌਧਰੀ, ਸੰਦੀਪ ਸਿੰਘ ਇਕਬਾਲ, ਸੰਦੀਪ ਸਿੰਘ, ਬਲਜੀਤ ਸਿੰਘ ਆਦਿ ਹਾਜ਼ਰ ਸਨ। ਤ੍ਰਿਖਾ, ਗੌਤਮ ਸਚਦੇਵਾ, ਸੁਨੀਲ ਗੇਰਾ, ਅੰਕੁਸ਼ ਸਿੰਗਲਾ, ਨਰਿੰਦਰ ਮਹਾਜਨ, ਤਰੁਣ ਚੌਧਰੀ, ਚੇਤਨ ਟੰਡਨ, ਸਾਹਿਲ ਸਿੰਗਲਾ, ਰਾਜ ਸੋਲੰਕੀ, ਪੰਕਜ ਗੁਪਤਾ, ਦੀਪਕ ਗਰਗ, ਦਿਨੇਸ਼ ਰੱਲੀ, ਵਰੁਣ ਜੈਨ, ਮਨੀਸ਼ ਗੁਪਤਾ, ਵਿਜੇ ਗੁਪਤਾ, ਰਮਨ ਸ਼ਰਮਾ, ਅਦਿੱਤਿਆ ਗੁਪਤਾ, ਜਨਾਬ ਚੋਪੜਾ। ਸਿੰਗਲਾ, ਬੌਬੀ ਮੱਕੜ, ਨਿਤੇਸ਼ ਸੂਦ, ਰਾਕੇਸ਼ ਪਾਸੀ, ਗੁਨੀਤ ਖਹਿਰਾ, ਅਜੈ ਜੈਨ, ਰਵਿੰਦਰ ਸਿੰਘ ਵਾਲੀਆ, ਤੇਜਿੰਦਰ ਮਿਗਲਾਨੀ, ਵਰੁਣ ਦੱਤ, ਭੁਪਿੰਦਰ ਸਿੰਘ, ਵੇਦ ਲੂਥਰਾ, ਦਵਿੰਦਰ ਵਾਲੀਆ, ਵਿਜੇ ਗੁਪਤਾ, ਸੁਨੀਲ ਹਾਂਡਾ, ਵਰੁਣ ਸ਼ਰਮਾ, ਪਵਨ ਪਾਰੀਕ, ਨਰਿੰਦਰ ਸਿੰਗਲਾ, ਸੁਧੀਰ ਮਹਾਜਨ, ਅਨੁਜ ਵਧਵਾ, ਜਨਦੀਪ ਸ਼ਰਮਾ, ਪ੍ਰਸ਼ੋਤਮ, ਨਿਸ਼ਠਾ, ਆਦਿਤਿਆ ਗੁਪਤਾ, ਵਰੁਣ ਚੋਪੜਾ, ਪ੍ਰਵੇਸ਼ ਚੱਢਾ, ਆਰੀਅਨ ਚੱਢਾ, ਸੁਨੀਲ ਗੇਰਾ, ਡੂੰਗਰ ਸਿੰਘ, ਹੁਕਮ ਸਿੰਘ, ਸਾਹਿਲ ਸਿਕਰੇਗਾ ਆਦਿ ਵੀ ਹਾਜ਼ਰ ਸਨ।

ਯੱਗ ਦੀ ਸਮਾਪਤੀ ਤੋਂ ਬਾਅਦ ਇਸਤਰੀ ਸੰਕੀਰਤਨ ਮੰਡਲ ਨੇ ਮਾਈਆ ਸਾਨੂੰ ਦੇ-ਦੇ ਖਟੀਆਂ ਤੇਰੀ ਸੰਗਤ ਘਰ ਨੂੰ ਜਾਵੇ ਦੇ ਗੀਤ ਰਾਹੀਂ ਮਾਤਾ ਤੋਂ ਘਰ ਜਾਣ ਦੀ ਆਗਿਆ ਮੰਗੀ। ਸ਼ਾਮ ਦੇ ਭਜਨ ਸਮਾਗਮ ਵਿੱਚ, ਭਜਨ ਗਾਇਕਾਵਾਂ ਲੀਸਾ ਡਾਬਰ ਅਤੇ ਹੈਪੀ ਬਟਵਾਲ ਨੇ ਦੇਵੀ ਭਗਵਤੀ ਦੀ ਉਸਤਤ ਗਾਇਨ ਕੀਤਾ।

11 ਦਿਨਾਂ ਤੱਕ ਚੱਲੇ ਨਿਰੰਤਰ ਯੱਗ ਦੌਰਾਨ, ਬਗਲਾਮੁਖੀ ਧਾਮ ਪਰਿਸਰ ਵਿੱਚ ਚੱਲ ਰਹੀ ਮਾਂ ਅੰਨਪੂਰਨਾ ਰਸੋਈ ਵਿਖੇ ਲੱਖਾਂ ਸ਼ਰਧਾਲੂਆਂ ਲਈ ਸਾਤਵਿਕ ਭੋਜਨ ਅਤੇ ਪ੍ਰਸ਼ਾਦ ਦਾ ਪ੍ਰਬੰਧ ਕੀਤਾ ਗਿਆ। ਪੁਰਸ਼ ਅਤੇ ਮਹਿਲਾ ਵਲੰਟੀਅਰਾਂ ਨੇ ਆਪਣੇ ਤਨ, ਮਨ ਅਤੇ ਧਨ ਨਾਲ ਚੌਵੀ ਘੰਟੇ ਸੇਵਾ ਦਾ ਲਾਭ ਉਠਾਇਆ। ਧਾਮ ਸੇਵਕ ਮਨਪ੍ਰੀਤ ਸਿੰਘ ਛੱਤਵਾਲ ਨੇ ਮਾਤਾ ਅੰਨਪੂਰਨਾ ਰਸੋਈ, ਕਪਲ ਹਾਊਸ, ਪਾਰਕਿੰਗ ਪ੍ਰਬੰਧ, ਰਿਸੈਪਸ਼ਨ ਸਮੇਤ ਸ਼ਰਧਾਲੂਆਂ ਦੇ ਠਹਿਰਨ ਦੇ ਪ੍ਰਬੰਧ ਕਰਨ ਵਾਲੇ ਵਲੰਟੀਅਰਾਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਸੇਵਾ ਕਰਨ ਵਾਲੇ ਸ਼ਰਧਾਲੂ ਮਾਂ ਬਗਲਾਮੁਖੀ ਦੇ ਅਪਾਰ ਅਸ਼ੀਰਵਾਦ ਹੇਠ ਰਹਿੰਦੇ ਹਨ।

# ਨਾਇਬ ਸਿੰਘ ਸੈਣੀ ਦੀਆਂ ਰੈਲੀਆਂ ਸਿਰਫ਼ ਨਾਟਕਬਾਜ਼ੀ : ਦੀਵਾਨ



ਲੁਧਿਆਣਾ, 22 ਫਰਵਰੀ: (ਰਵਿੰਦਰ ਸਿੰਘ ਨਿੱਝਰ): ਜ਼ਿਲ੍ਹਾ ਕਾਂਗਰਸ ਕਮੇਟੀ ਲੁਧਿਆਣਾ (ਸ਼ਹਿਰੀ) ਦੇ ਸਾਬਕਾ ਪ੍ਰਧਾਨ ਅਤੇ ਪੰਜਾਬ ਲਾਰਜ ਇੰਡਸਟ੍ਰੀਅਲ ਡਿਵੈਲਪਮੈਂਟ ਬੋਰਡ ਦੇ ਸਾਬਕਾ ਚੇਅਰਮੈਨ ਪਵਨ ਦੀਵਾਨ ਨੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਉੱਤੇ ਤਿੱਖਾ ਹਮਲਾ ਬੋਲਦਿਆਂ ਕਿਹਾ ਕਿ ਸੈਣੀ ਵੱਲੋਂ ਕੀਤੀਆਂ ਜਾ ਰਹੀਆਂ ਰੈਲੀਆਂ ਛੋਟੀ ਸੋਚ ਵਾਲੀ ਵੋਟ-ਬੈਂਕ ਦੀ ਸਿਆਸਤ ਦਾ ਪ੍ਰਤੀਕ ਹਨ। ਉਨ੍ਹਾਂ ਦੋਸ਼ ਲਗਾਇਆ ਕਿ 2027 ਦੀਆਂ ਚੋਣਾਂ ਤੋਂ ਪਹਿਲਾਂ ਭਾਜਪਾ ਲਈ ਵੋਟਾਂ ਇਕੱਠੀਆਂ ਕਰਨ ਦੇ ਉਦੇਸ਼ ਨਾਲ ਸੈਣੀ ਪੰਜਾਬ ਦੇ ਦੌਰੇ ਕਰ ਰਹੇ ਹਨ। ਜੇਕਰ ਸੈਣੀ ਨੂੰ ਸੱਚਮੁੱਚ ਪੰਜਾਬ ਦੀ ਚਿੰਤਾ ਹੈ, ਤਾਂ ਰੈਲੀਆਂ ਕਰਨ ਦੀ ਥਾਂ ਇਨ੍ਹਾਂ ਦੀ ਪਾਰਟੀ ਵੱਲੋਂ ਸੂਬੇ ਦੀਆਂ ਅਸਲ ਸਮੱਸਿਆਵਾਂ ਦਾ ਹੱਲ ਕੱਢਿਆ ਜਾਂਦਾ। ਉਹਨਾਂ ਕਿਹਾ ਕਿ ਪੰਜਾਬ ਨੂੰ ਬਕਾਇਆ ਕੇਂਦਰੀ ਗ੍ਰਾਂਟਾਂ ਦੀ ਰਿਲੀਜ਼, ਸੰਘਰਸ਼ ਕਰ ਰਹੇ ਉਦਯੋਗਾਂ ਲਈ ਰਾਹਤ ਪੈਕੇਜ ਅਤੇ ਖੇਤੀਬਾੜੀ ਅਰਥ ਵਿਵਸਥਾ ਨੂੰ ਮੁੜ ਪਟੜੀ 'ਤੇ ਲਿਆਂਦੇ ਜਾਣ ਲਈ ਠੋਸ ਕਦਮਾਂ ਦੀ ਸਖ਼ਤ ਲੋੜ ਹੈ। ਇਹ ਮੁੱਦੇ ਸਿਆਸੀ ਦਿਖਾਵੇ ਨਹੀਂ ਹਨ, ਬਲਕਿ ਪੰਜਾਬ ਦਾ ਭਵਿੱਖ ਤੈਅ ਕਰਨਗੇ। ਉਹਨਾਂ ਲੁਧਿਆਣਾ ਵਿੱਚ ਹੋਈ ਪੂਰਵਾਂਚਲ ਸਨਮਾਨ ਰੈਲੀ ਦੌਰਾਨ ਸੈਣੀ ਦੇ ਭਾਸ਼ਣ ਨੂੰ ਸਿਰਫ਼ ਖੋਖਲੇ ਦਿਖਾਵੇ ਦੱਸਦਿਆਂ ਕਿਹਾ ਕਿ ਜੇਕਰ ਭਾਜਪਾ ਨੇ ਪ੍ਰਵਾਸੀ ਮਜ਼ਦੂਰਾਂ ਲਈ ਰੱਤਾ ਭਰ ਵੀ ਸੱਚੀ ਚਿੰਤਾ ਦਿਖਾਈ ਹੁੰਦੀ ਤਾਂ ਲੁਧਿਆਣਾ ਦਾ ਕਦੇ ਖਿੜਦਾ ਉਦਯੋਗ ਅੱਜ ਡੁੱਬਣ ਕਿਨਾਰੇ ਨਾ ਹੁੰਦਾ। ਉਨ੍ਹਾਂ ਕਿਹਾ ਕਿ ਢਾਂਚਾਗਤ ਨਾਕਾਮੀਆਂ ਅਤੇ ਆਰਥਿਕ ਤੰਗੀ ਨੂੰ ਦੂਰ ਕਰਨ ਦੀ ਥਾਂ ਸੈਣੀ ਰੈਲੀਆਂ ਰਾਹੀਂ ਭਾਜਪਾ ਦੀਆਂ ਕਮਜ਼ੋਰੀਆਂ ਨੂੰ ਢੱਕਣ ਦੀ ਕੋਸ਼ਿਸ਼ ਕਰ ਰਹੇ ਹਨ।ਉਨ੍ਹਾਂ ਨੇ ਦੋਸ਼ ਲਗਾਇਆ ਕਿ ਪੰਜਾਬ ਨਾਲ ਮਤਰੇਈ ਮਾਂ ਵਰਗਾ ਸਲੂਕ ਕੀਤਾ ਜਾ ਰਿਹਾ ਹੈ, ਕਿਉਂਕਿ ਐਨਡੀਏ ਸਰਕਾਰ ਅਹੰਕਾਰ ਵਿਚ ਆ ਕੇ ਕੇਂਦਰੀ ਗ੍ਰਾਂਟਾਂ, ਖ਼ਾਸ ਕਰਕੇ ਰੂਰਲ ਡਿਵੈਲਪਮੈਂਟ ਫੰਡ, ਨੂੰ ਰਿਲੀਜ਼ ਕਰਨ ਵਿੱਚ ਅਸਫਲ ਰਹੀ ਹੈ, ਜਿਹੜਾ ਪੰਜਾਬ ਦੀ ਖੇਤੀਬਾੜੀ ਅਤੇ ਪਿੰਡਾਂ ਦੀ ਅਰਥਵਿਵਸਥਾ ਲਈ ਜੀਵਨ ਰੇਖਾ ਹੈ।

# ਸ਼ਹਿਰ ਦਾ 'ਕੋਰ ਏਰੀਆ' ਜਲਦ ਹੋਵੇਗਾ ਤੈਅ, ਲੋਕਾਂ ਨੂੰ ਐਨ.ਓ.ਸੀ. ਦੀ ਖੱਜਲ-ਖੁਆਰੀ ਤੋਂ ਮਿਲੇਗੀ ਨਿਜਾਤ : ਵਿਧਾਇਕਾ ਸਰਬਜੀਤ ਕੌਰ ਮਾਣੂੰਕੇ



ਜਗਰਾਓਂ, 22 ਫਰਵਰੀ (ਵਿਸ਼ਾਲ ਅੱਤਰੇ/ਆਰੀਅਨ ਅੱਤਰੇ) : ਸ਼ਹਿਰ ਜਗਰਾਓਂ ਵਿੱਚ ਪ੍ਰਸ਼ਾਸਨ ਅਤੇ ਵਿਧਾਇਕਾਂ ਵੱਲੋਂ ਕੋਰ ਏਰੀਆ ਦੇ ਐਲਾਨ ਵੱਲ ਕਦਮ ਤੇਜ਼, ਐਨ.ਓ.ਸੀ. ਮਸਲੇ ਦੇ ਹੱਲ ਲਈ ਪ੍ਰਸ਼ਾਸਨ ਸਰਗਰਮ ਸ਼ਹਿਰ ਵਿੱਚ ਜਾਇਦਾਦ ਸਬੰਧੀ ਐਨ.ਓ.ਸੀ. ਪ੍ਰਕਿਰਿਆ ਨੂੰ ਲੈ ਕੇ ਬਣੀ ਅਸਪਸ਼ਟਤਾ ਹੁਣ ਜਲਦ ਦੂਰ ਹੋਣ ਦੀ ਸੰਭਾਵਨਾ ਬਣ ਰਹੀ ਹੈ। ਹਲਕਾ ਵਿਧਾਇਕਾ ਸਰਬਜੀਤ ਕੌਰ ਮਾਣੂੰਕੇ ਨੇ ਮਾਮਲੇ ਨੂੰ ਤਰਜੀਹ ਦੇ ਅਧਾਰ 'ਤੇ ਚੁੱਕਦਿਆਂ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਲਗਾਤਾਰ ਮੀਟਿੰਗਾਂ ਕਰਕੇ ਕਾਰਵਾਈ ਨੂੰ ਗਤੀਸ਼ੀਲ ਕੀਤਾ ਹੈ।ਸੂਤਰਾਂ ਅਨੁਸਾਰ ਮੁੱਖ ਅੜਚਣ ਸ਼ਹਿਰ ਦੇ 'ਕੋਰ ਏਰੀਆ ਦੇ ਅਧਿਕਾਰਿਕ ਐਲਾਨ ਦੀ ਗੈਰਹਾਜ਼ਰੀ ਹੈ, ਜਿਸ ਕਰਕੇ ਲੋਕਾਂ ਨੂੰ ਇਹ ਸਪੱਸ਼ਟ ਨਹੀਂ ਕਿ ਕਿਹੜੇ ਇਲਾਕਿਆਂ ਵਿੱਚ ਐਨ.ਓ.ਸੀ. ਲਾਜ਼ਮੀ ਹੈ। ਇਸ ਸਥਿਤੀ ਨੂੰ ਸੁਧਾਰਨ ਲਈ ਐਸ.ਡੀ.ਐਮ., ਤਹਿਸੀਲ ਪ੍ਰਸ਼ਾਸਨ, ਨਗਰ ਕੌਂਸਲ ਅਤੇ ਰਿਵੈਨਿਊ ਵਿਭਾਗ ਦੇ ਅਧਿਕਾਰੀਆਂ ਨਾਲ ਵਿਸ਼ੇਸ਼ ਬੈਠਕ ਕੀਤੀ ਗਈ, ਜਿਸ ਵਿੱਚ ਕੋਰ ਏਰੀਆ ਦੀ ਤੁਰੰਤ ਨਿਸ਼ਚਿਤਤਾ ਲਈ ਹਦਾਇਤਾਂ ਜਾਰੀ ਹੋਈਆਂ।ਇਸ ਤੋਂ ਪਹਿਲਾਂ ਵਿਧਾਇਕਾ ਵੱਲੋਂ ਆਰਕੀਟੈਕਟ ਭਾਈਚਾਰੇ ਨਾਲ ਵੀ ਵਿਚਾਰ-ਵਟਾਂਦਰਾ ਕਰਕੇ ਜ਼ਮੀਨੀ ਪੱਧਰ ਦੀਆਂ ਦਿੱਕਤਾਂ ਬਾਰੇ ਜਾਣਕਾਰੀ ਇਕੱਠੀ ਕੀਤੀ ਗਈ ਸੀ। ਮਾਮਲੇ ਦੀ ਗੰਭੀਰਤਾ ਨੂੰ ਦੇਖਦਿਆਂ ਉਨ੍ਹਾਂ ਨੇ ਐਸ.ਡੀ.ਐਮ. ਸਮੇਤ ਡਿਪਟੀ ਕਮਿਸ਼ਨਰ ਨਾਲ ਭੇਟ ਕਰਕੇ ਤੁਰੰਤ ਦਖਲ ਦੀ ਮੰਗ ਕੀਤੀ। ਡਿਪਟੀ ਕਮਿਸ਼ਨਰ ਵੱਲੋਂ ਜ਼ਿਲ੍ਹਾ ਟਾਊਨ ਪਲਾਨਰ ਨੂੰ ਲੋੜੀਂਦੇ ਨਿਰਦੇਸ਼ ਜਾਰੀ ਕਰਦੇ ਹੋਏ ਪ੍ਰਕਿਰਿਆ ਨੂੰ ਤੇਜ਼ ਕਰਨ ਦਾ ਭਰੋਸਾ ਦਿੱਤਾ ਗਿਆ ਹੈ। ਪ੍ਰਸ਼ਾਸਨਕ ਹਲਚਲ ਨਾਲ ਸ਼ਹਿਰ ਵਾਸੀਆਂ ਵਿੱਚ ਇਹ ਉਮੀਦ ਜਾਗੀ ਹੈ ਕਿ ਲੰਮੇ ਸਮੇਂ ਤੋਂ ਚੱਲ ਰਹੀ ਐਨ.ਓ.ਸੀ. ਸੰਬੰਧੀ ਅਸਮੰਜਸਤਾ ਹੁਣ ਜਲਦ ਖਤਮ ਹੋਵੇਗੀ ਅਤੇ ਲੋਕਾਂ ਨੂੰ ਦਫ਼ਤਰੀ ਚੱਕਰਾਂ ਤੋਂ ਰਾਹਤ ਮਿਲੇਗੀ।

# ਸਰਵੇ ਫਾਰਮਾਂ ਵਿੱਚ ਮਾਂ ਬੋਲੀ ਨੂੰ ਅਣਦੇਖਿਆ ਕਰਨਾ ਪੰਜਾਬੀਆਂ ਦੀਆਂ ਭਾਵਨਾਵਾਂ ਨਾਲ ਧੋਖਾ : ਸੋਖੀ



ਲੁਧਿਆਣਾ, 22 ਫਰਵਰੀ (ਰਵਿੰਦਰ ਸਿੰਘ ਨਿੱਝਰ): ਸ਼੍ਰੋਮਣੀ ਅਕਾਲੀ ਦਲ ਪੰਜਾਬ ਦੇ ਜਨਰਲ ਸਕੱਤਰ ਅਤੇ ਹਲਕਾ ਆਤਮ ਨਗਰ ਦੇ ਇੰਚਾਰਜ ਜਗਬੀਰ ਸਿੰਘ ਸੋਖੀ ਨੇ ਆਮ ਆਦਮੀ ਪਾਰਟੀ ਦੇ ਸਰਵੇ ਫਾਰਮ ਦਿਖਾਉਂਦੇ ਹੋਏ ਕਿਹਾ ਕਿ ਪੰਜਾਬੀ ਭਾਸ਼ਾ ਨੂੰ ਲਾਜ਼ਮੀ ਕਰਨ ਦੇ ਦਾਅਵੇ ਕਰਨ ਵਾਲੀ ਆਪ ਸਰਕਾਰ ਵੱਲੋਂ ਆਪਣੇ ਹੀ ਸਰਵੇ ਫਾਰਮ ਪੰਜਾਬੀ ਭਾਸ਼ਾ ਦੀ ਬਜਾਏ ਹਿੰਦੀ ਅਤੇ ਅੰਗਰੇਜ਼ੀ ਵਿੱਚ ਛਾਪਣੇ ਬਹੁਤ ਹੀ ਨਿੰਦਣ ਯੋਗ ਹੈ। ਜੋ ਕਿ ਆਪ ਸਰਕਾਰ ਦੀ ਕਹਿਣੀ ਅਤੇ ਕਥਨੀ ਦੇ ਵਿੱਚ ਵੱਡੇ ਫਰਕ ਦਾ ਸਬੂਤ ਵੀ ਹਨ ਅਤੇ ਇਹ ਪੰਜਾਬੀਆਂ ਦੀ ਭਾਵਨਾਵਾਂ ਨਾਲ ਧੋਖਾ ਹੈ।ਕਿਉਂਕਿ ਆਪ ਸਰਕਾਰ ਵੱਲੋਂ ਪੰਜਾਬੀ ਨੂੰ ਹਰ ਵਿਭਾਗ ਵਿੱਚ ਲਾਜ਼ਮੀ ਬਣਾਉਣ ਦੇ ਵਾਅਦੇ ਕੀਤੇ ਗਏ ਸਨ। ਉਨ੍ਹਾਂ ਕਿਹਾ ਕਿ ਆਪ ਸਰਕਾਰ ਨੇ ਸੱਤਾ ਸੰਭਾਲਣ ਤੋਂ ਬਾਅਦ ਹੀ ਕੰਮ ਕਰਨ ਦੀ ਬਜਾਏ ਹੁਣ ਤੱਕ ਵਾਅਦਿਆਂ ਨੂੰ ਵੱਧ ਤਰਜੀਹ ਦਿੱਤੀ ਹੈ ਤੇ ਇਸੇ ਤਰ੍ਹਾਂ ਪੰਜਾਬੀ ਮਾਂ ਬੋਲੀ ਨੂੰ ਲਾਜ਼ਮੀ ਕਰਨ ਦੇ ਦਾਅਵੇ ਅਤੇ ਵਾਅਦੇ ਵੀ ਖੋਖਲੇ ਸਾਬਤ ਨਜ਼ਰ ਆ ਰਹੇ ਹਨ। ਕਿਉਂਕਿ ਇੱਕ ਪਾਸੇ ਸਰਕਾਰ ਵੱਲੋਂ ਦੁਕਾਨਦਾਰਾਂ ਨੂੰ ਪੰਜਾਬੀ ਭਾਸ਼ਾ ਨੂੰ ਤਰਜੀਹ ਦੇਣ ਦੇ ਫਰਮਾਨ ਜਾਰੀ ਕੀਤੇ ਗਏ ਸਨ ਤੇ ਦੂਸਰੇ ਪਾਸੇ ਖੁਦ ਸਰਕਾਰ ਦੇ ਵੱਲੋਂ ਹੀ ਪੰਜਾਬੀ ਭਾਸ਼ਾ ਦੀ ਪੂਰੀ ਤਰਾਂ ਨਾਲ ਕੀਤੀ ਗਈ ਅਣਦੇਖੀ, ਜਿੱਥੇ ਪੰਜਾਬ, ਪੰਜਾਬੀਅਤ ਅਤੇ ਪੰਜਾਬੀਆਂ ਦੀ ਮਾਂ ਬੋਲੀ ਪ੍ਰਤੀ ਸਰਕਾਰ ਦੀ ਨੀਅਤ ਨੂੰ ਉਜਾਗਰ ਕਰਦੀ ਹੈ, ਉੱਥੇ ਹੀ ਕੇਜਰੀਵਾਲ ਦੇ ਹੱਥਾਂ ਦੀ ਕਠਪੁਤਲੀ ਬਣੀ ਮਾਨ ਸਰਕਾਰ ਦੇ ਦਾਅਵਿਆਂ ਨੂੰ ਹੋਰ ਮਜਬੂਤ ਕਰਦੀ ਹੈ। ਇਸ ਮੌਕੇ ਉਨ੍ਹਾਂ ਦੇ ਨਾਲ ਸਰਕਲ ਪ੍ਰਧਾਨ ਪ੍ਰਵੀਨ ਭਾਰਤੀ, ਜਤਿੰਦਰ ਸਿੰਘ ਖਾਲਸਾ ਵੀ ਹਾਜ਼ਰ ਸਨ।

# ਹੌਜ਼ਰੀ ਕਾਰੋਬਾਰੀ ਨਾਲ ਲੱਖਾਂ ਦੀ ਠੱਗੀ

ਲੁਧਿਆਣਾ, 22 ਫਰਵਰੀ (ਰਵਿੰਦਰ ਸਿੰਘ ਨਿੱਝਰ) : ਹੌਜ਼ਰੀ ਕਾਰੋਬਾਰ ਨਾਲ ਜੁੜੇ ਇਕ ਵਪਾਰੀ ਦੇ ਨਾਲ ਲੱਖਾਂ ਦੀ ਧੋਖਾਦੇਹੀ ਦਾ ਮਾਮਲਾ ਸਾਹਮਣੇ ਆਇਆ ਹੈ। ਕਾਰੋਬਾਰੀ ਸਬੰਧ ਦਾ ਫਾਇਦਾ ਉਠਾ ਕੇ ਇਕ ਹੋਰ ਫਰਮ ਦੇ ਮਾਲਕ ਨੇ ਝਾਂਸੇ ਵਿਚ ਲੈ ਕੇ ਪੀੜਤ ਤੋਂ ਵਾਧੂ ਰਾਸ਼ੀ ਵਸੂਲ ਕਰ ਲਈ ਤੇ ਹੁਣ ਉਹ ਰਕਮ ਵਾਪਸ ਕਰਨ ਤੋਂ ਸਾਫ ਮੁੱਕਰ ਗਿਆ ਹੈ।ਪੁਲਸ ਨੇ ਬਰੀਕੀ ਨਾਲ ਜਾਂਚ ਤੋਂ ਬਾਅਦ ਮੁਲਜ਼ਮ ਦੇ ਖਿਲਾਫ ਧੋਖਾਧੜੀ ਦਾ ਕੇਸ ਦਰਜ ਕਰ ਲਿਆ ਹੈ। ਸ਼ਿਕਾਇਤ ਵਿਚ ਪੀੜਤ ਜਸਪ੍ਰੀਤ ਸਿੰਘ ਨੇ ਦੱਸਿਆ ਕਿ ਉਹ ਹੌਜ਼ਰੀ ਦੇ ਕੱਪੜਿਆਂ ਦਾ ਕਾਰੋਬਾਰ ਕਰਦਾ ਹੈ। ਉਸ ਦਾ ਵਪਾਰਕ ਲੈਣ ਦੇਣ ਮੁਲਜ਼ਮ ਦੀ ਫਰਮ ਮੈਸਰਜ ਆਕਾਸ਼ ਕਲੋਥਿੰਗ ਦੇ ਨਾਲ ਲੰਬੇ ਸਮੇਂ ਤੋਂ ਚੱਲ ਰਿਹਾ ਸੀ।ਦੋਵੇਂ ਧਿਰਾਂ ਨਿਯਮ ਨਾਲ ਕੱਪੜਿਆਂ ਦਾ ਵਪਾਰ ਕਰਦੀਆਂ ਆ ਰਹੀਆਂ ਸਨ ਜਿਸ ਕਾਰਨ ਪੀੜਤ ਨੇ ਮੁਲਜ਼ਮ 'ਤੇ ਪੂਰਾ ਭਰੋਸਾ ਕਰ ਲਿਆ ਸੀ । ਉਨ੍ਹਾਂ ਦਾ ਦੋਸ਼ ਹੈ ਕਿ ਵਪਾਰਕ ਲੈਣ ਦੇਣ ਦੌਰਾਨ ਮੁਲਜ਼ਮ ਨੇ ਹੇਰਾਫੇਰੀ ਕਰਦੇ ਅਸਲ ਬਕਾਇਆ ਰਾਸ਼ੀ ਤੋਂ ਕਿਤੇ ਜ਼ਿਆਦਾ ਰਕਮ ਵਸੂਲ ਲਈ। ਜਦੋਂ ਪੀੜਤ ਨੇ ਆਪਣੇ ਖਾਤਿਆਂ ਦਾ ਮਿਲਾਨ ਕੀਤਾ ਤਾਂ ਉਸ ਨੂੰ ਪਤਾ ਲੱਗਾ ਕਿ ਉਸ ਨੇ ਮੁਲਜ਼ਮ ਨੂੰ ਲੋੜ ਤੋਂ ਜ਼ਿਆਦਾ ਭੁਗਤਾਨ ਕਰ ਦਿੱਤਾ ਹੈ।

ਪੀੜਤ ਦੇ ਮੁਤਾਬਕ ਮੁਲਜ਼ਮ ਨੇ ਦਬਾਅ ਬਣਾ ਕੇ ਤੇ ਗਲਤ ਅੰਕੜੇ ਪੇਸ਼ ਕਰਕੇ ਜ਼ਿਆਦਾ ਪੈਸੇ ਠੱਗ ਲਏ। ਜਦੋਂ ਉਸ ਨੇ ਪੈਸੇ ਵਾਪਸ ਮੰਗੇ ਤਾਂ ਮੁਲਜ਼ਮ ਉਸ ਨੂੰ ਧਮਕਾਉਣ ਲੱਗਾ। ਪੁਲਿਸ ਵੱਲੋਂ ਅਗਲੇਰੀ ਕਾਰਵਾਈ ਜਾਰੀ ਹੈ।

# ਐਲ.ਆਰ.ਡੀ.ਏ.ਵੀ ਕਾਲਜ ਜਗਰਾਓਂ ਵਿਖੇ ਕੌਮਾਂਤਰੀ ਮਾਤ ਭਾਸ਼ਾ ਦਿਵਸ ਮਨਾਇਆ



ਜਗਰਾਓਂ, 22 ਫਰਵਰੀ (ਵਿਸ਼ਾਲ ਅੱਤਰੇ ਆਰੀਅਨ ਅੱਤਰੇ): ਐਲ.ਆਰ.ਡੀ.ਏ.ਵੀ ਕਾਲਜ ਜਗਰਾਓਂ ਵਿਖੇ ਕੌਮਾਂਤਰੀ ਮਾਤ ਭਾਸ਼ਾ ਦਿਵਸ ਕਾਲਜ ਦੇ ਪ੍ਰਿੰਸੀਪਲ ਡਾਕਟਰ ਅਨੁਜ ਕੁਮਾਰ ਸ਼ਰਮਾ ਦੀ ਅਗਵਾਈ ਵਿੱਚ ਕਾਲਜ ਦੇ ਭਾਸ਼ਾ ਮੰਚ, ਪੰਜਾਬੀ,ਅੰਗਰੇਜੀ ਅਤੇ ਹਿੰਦੀ ਵਿਭਾਗ ਦੇ ਸਹਿਯੋਗ ਨਾਲ ਕਰਵਾਇਆ ਗਿਆ। ਕੌਮਾਂਤਰੀ ਮਾਤ ਭਾਸ਼ਾ ਦਿਵਸ ਕਾਲਜ ਦੇ ਪ੍ਰਿੰਸੀਪਲ ਡਾਕਟਰ ਅਨੁਜ ਕੁਮਾਰ ਸ਼ਰਮਾ ਦੀ ਅਗਵਾਈ ਵਿੱਚ ਕਾਲਜ ਦੇ ਭਾਸ਼ਾ ਮੰਚ, ਪੰਜਾਬੀ, ਅੰਗਰੇਜੀ ਅਤੇ ਹਿੰਦੀ ਵਿਭਾਗ ਦੇ ਸਹਿਯੋਗ ਨਾਲ ਕਰਵਾਇਆ ਗਿਆ। ਕਾਲਜ ਦੇ ਪ੍ਰਿੰਸੀਪਲ ਡਾਕਟਰ ਅਨਜ ਕੁਮਾਰ ਸ਼ਰਮਾ ਨੇ ਮਾਂ ਬੋਲੀ ਦੀ ਮਹਾਨਤਾ ਦੱਸਦੇ ਹੋਏ ਵਿਦਿਆਰਥੀਆਂ ਨੂੰ ਮਾਂ ਬੋਲੀ ਨੂੰ ਹੋਰ ਉੱਚਾ ਚੁੱਕਣ ਲਈ ਪ੍ਰੇਰਿਆ। ਇਸ ਮੌਕੇ ਇਹਨਾਂ ਮੁਕਾਬਲਿਆਂ ਵਿੱਚ ਭਾਗ ਲੈਣ ਵਾਲੇ ਜੇਤੂ ਵਿਦਿਆਰਥੀਆਂ ਨੂੰ ਸਰਟੀਫਿਕੇਟ ਅਤੇ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ ਇਸ ਪ੍ਰੋਗਰਾਮ ਦੇ ਅੰਤ ਵਿੱਚ ਪ੍ਰੋਫੈਸਰ ਮਨਦੀਪ ਕੌਰ ਨੇ ਸਾਰਿਆਂ ਦਾ ਧੰਨਵਾਦ ਕੀਤਾ ਇਸ ਸਮੇਂ ਪ੍ਰੋਫੈਸਰ ਤਮੰਨਾ ਸ਼ਰਮਾ, ਪ੍ਰੋਫੈਸਰ ਰੋਹਿਤ ਵਰਮਾ, ਪ੍ਰੋਫੈਸਰ ਸੁਭਾਸ਼ ਅਤੇ ਪ੍ਰੋਫੈਸਰ ਮੀਨਾਕਸ਼ੀ ਤੋਂ ਇਲਾਵਾ ਕਾਲਜ ਦੇ ਸਮੁੱਚੇ ਸਟਾਫ ਨੇ ਸਹਿਯੋਗ ਦਿੱਤਾ। ਸਟੇਜ ਸਕੱਤਰ ਦੀ ਭੂਮਿਕਾ ਕਾਲਜ ਦੇ ਵਿਦਿਆਰਥੀ ਨਵਦੀਪ ਸਿੰਘ ਅਤੇ ਅਮਨਪ੍ਰੀਤ ਕੌਰ ਨੇ ਬਾਖੂਬੀ ਨਿਭਾਈ।ਕਾਲਜ ਦੇ ਕਰਮਚਾਰੀ ਮਨਦੀਪ ਸਿੰਘ ਨੇ ਆਪਣੀ ਰਚਨਾ ਦੁਆਰਾ ਸਾਰਿਆਂ ਨੂੰ ਅਨੰਦਿਤ ਕੀਤਾ।

# ਮਾਂ ਬੋਲੀ ਦੇ ਰੱਖਵਾਲਿਆਂ ਵੱਲੋਂ ਗੁਆਚਦੀ ਜਾ ਰਹੀ ਮਾਂ ਬੋਲੀ ਪੰਜਾਬੀ ਨੂੰ ਸਾਂਭਣ ਦਾ ਸੁਨੇਹਾ



ਲੁਧਿਆਣਾ, 22 ਫਰਵਰੀ (ਰਵਿੰਦਰ ਸਿੰਘ ਨਿੱਝਰ): ਪੰਜਾਬੀ ਮਾਂ ਬੋਲੀ ਅੰਤਰਰਾਸ਼ਟਰੀ ਦਿਵਸ ਦੇ ਉੱਪਰ ਸਮਾਜ ਸੇਵੀ ਜਗਜੀਤ ਸਿੰਘ ਅਰੋੜਾ, ਕੈਪਟਨ ਕੁਲਵੰਤ ਸਿੰਘ, ਦਲਵਿੰਦਰ ਸਿੰਘ ਘੁੰਮਣ, ਪੰਜਾਬੀ ਭਾਸ਼ਾ ਪਾਸਾਰ ਭਾਈਚਾਰਾ ਵੱਲੋਂ ਮਹਿੰਦਰ ਸਿੰਘ ਸੇਖੋਂ, ਦਾਨ ਸਿੰਘ ਉਸਾਹਨ , ਸਿੰਦਰਪਾਲ ਸਿੰਘ ਮਾਹਲ, ਜਸਪਾਲ ਸਿੰਘ, ਰਾਜ ਫਤਿਹ ਸਿੰਘ, ਐਡਵੋਕੇਟ ਯੋਗੇਸ਼ ਖੰਨਾ, ਡਾਕਟਰ ਵਰਿੰਦਰ ਮਿਸ਼ਰਾ ਆਦਿ ਸਾਥੀਆਂ ਸਮੇਤ ਭਾਰਤ ਨਗਰ ਚੌਕ ਵਿਖੇ ਮਾਂ ਬੋਲੀ ਪੰਜਾਬੀ ਦੇ ਹੱਕ ਵਿੱਚ ਲਿਖੀਆਂ ਤਖ਼ਤੀਆਂ ਹੱਥਾਂ ਦੇ ਵਿੱਚ ਫੜਕੇ ਆਈ ਲਵ ਲੁਧਿਆਣਾ ਦੇ ਅੰਗਰੇਜ਼ੀ ਵਿੱਚ ਲੱਗੇ ਬੋਰਡ ਦੇ ਕੋਲ ਇਤਰਾਜ ਜਾਹਰ ਕਰਦਿਆਂ, ਸੂਬਾ ਸਰਕਾਰ ਕੋਲੋਂ ਮੰਗ ਕੀਤੀ ਕਿ ਪੰਜਾਬੀ ਮਾਂ ਬੋਲੀ ਨੂੰ ਲਾਜ਼ਮੀ ਕਰਨ ਦੇ ਦਾਅਵੇ ਕਰਨ ਵਾਲੀ ਮਾਨ ਸਰਕਾਰ ਅੰਗਰੇਜ਼ੀ ਅਤੇ ਪੰਜਾਬੀ ਨੂੰ ਤਰਜੀਹ ਦੇਣੀ ਬੰਦ ਕਰਕੇ ਸਹੀ ਮਾਇਨਿਆਂ ਦੇ ਵਿੱਚ ਮਾਂ ਬੋਲੀ ਪੰਜਾਬੀ ਨੂੰ ਲਾਗੂ ਕਰੇ। ਇਸ ਮੌਕੇ ਉਨਾਂ ਸਮੁੱਚੇ ਪੰਜਾਬੀਆਂ ਨੂੰ ਵੀ ਅਪੀਲ ਕਰਦਿਆਂ ਕਿਹਾ ਕਿ ਆਪਣੇ ਬੱਚਿਆਂ ਨੂੰ ਅੰਗਰੇਜ਼ੀ ਅਤੇ ਹਿੰਦੀ ਪੜਾਉਣੀ ਮਾੜੀ ਨਹੀਂ, ਪਰੰਤੂ ਮਾਂ ਬੋਲੀ ਪੰਜਾਬੀ ਦੇ ਨਾਲ ਵੀ ਜੋੜਕੇ ਰੱਖਣਾ ਚਾਹੀਦਾ ਹੈ। ਉਨਾਂ ਕਿਹਾ ਕਿ ਸਾਡੇ ਸਾਰਿਆਂ ਦੇ ਲਈ ਅੱਜ ਸਭ ਤੋਂ ਵੱਡੀ ਤਰਾਸਦੀ ਵਾਲੀ ਗੱਲ ਇਹੀ ਹੈ ਕਿ ਸੂਬਾ ਸਰਕਾਰ ਸਮੇਤ ਵੱਡੇ ਪ੍ਰਾਈਵੇਟ ਸਕੂਲਾਂ ਵਾਲੇ ਵੀ ਅੰਗਰੇਜ਼ੀ ਨੂੰ ਹੀ ਮਹੱਤਤਾ ਦੇ ਰਹੇ ਹਨ। ਜਿਸਦੇ ਚੱਲਦਿਆਂ ਅਸੀਂ ਆਪਣੀ ਮਾਂ ਬੋਲੀ ਪੰਜਾਬੀ ਤੋਂ ਵਿਸਰਦੇ ਜਾ ਰਹੇ ਹਾਂ। ਜਿਸ ਨੂੰ ਸਾਂਭਣ ਲਈ ਜਿੱਥੇ ਸਰਕਾਰਾਂ ਨੂੰ ਉਪਰਾਲੇ ਕਰਨ ਦੀ ਲੋੜ ਹੈ ਉੱਥੇ ਹੀ ਸਾਨੂੰ ਸਮਾਜਿਕ ਪੱਧਰ 'ਤੇ ਵੀ ਇਕੱਠਿਆਂ ਹੋ ਕੇ ਆਪਣੇ ਬੱਚਿਆਂ ਨੂੰ ਮਾਂ ਬੋਲੀ ਦੇ ਨਾਲ ਜੋੜਨਾ ਚਾਹੀਦਾ ਹੈ।

# ਸਪਰਿੰਗ ਡੇਲ ਸਕੂਲ ਵਿਖੇ ਕਿਸ਼ੋਰ ਲੜਕੀਆਂ ਦੇ ਜੀਵਨ ਵਿੱਚ ਕੁਦਰਤੀ ਪੜਾਅ ਬਾਰੇ ਸੈਸ਼ਨ ਕਰਵਾਇਆ



ਲੁਧਿਆਣਾ, 22 ਫਰਵਰੀ (ਰਵਿੰਦਰ ਸਿੰਘ ਨਿੱਝਰ) : ਸਪਰਿੰਗ ਡੇਲ ਸਕੂਲ ਵਿਖੇ ਕਾਉਂਸਲਰ, ਸ਼੍ਰੀਮਤੀ ਪ੍ਰਿਯੰਕਾ ਦੁਆਰਾ ਪੰਜਵੀਂ ਤੋਂ ਅੱਠਵੀਂ ਜਮਾਤ ਦੀਆਂ ਕੁੜੀਆਂ ਲਈ ਮਾਂਹਵਾਰੀ ਜਾਗਰੂਕਤਾ ਵਿਸ਼ੇ 'ਤੇ ਇੱਕ ਗਿਆਨਵਰਧਕ ਸੈਸ਼ਨ - ਬਲੂਮਿੰਗ ਟੂਗੇਦਰ ਦਾ ਆਯੋਜਨ ਕੀਤਾ ਗਿਆ, ਜਿਸਦਾ ਉਦੇਸ਼ ਕਿਸ਼ੋਰ ਲੜਕੀਆਂ ਦੇ ਜੀਵਨ ਵਿੱਚ ਇਸ ਕੁਦਰਤੀ ਅਤੇ ਮਹੱਤਵਪੂਰਨ ਪੜਾਅ ਬਾਰੇ ਜਾਗਰੂਕਤਾ ਪੈਦਾ ਕਰਨਾ ਸੀ। ਸੈਸ਼ਨ ਦੌਰਾਨ, ਕਾਉਂਸਲਰ ਨੇ ਵਿਦਿਆਰਥੀਆਂ ਨੂੰ ਮਾਹਵਾਰੀ ਨੂੰ ਇੱਕ ਆਮ ਜੈਵਿਕ ਪ੍ਰਕਿਰਿਆ ਵਜੋਂ ਸਮਝਣ ਲਈ ਸੰਵੇਦਨਸ਼ੀਲਤਾ ਨਾਲ ਮਾਰਗਦਰਸ਼ਨ ਕੀਤਾ ਅਤੇ ਉਨ੍ਹਾਂ ਨੂੰ ਇਸ ਬਾਰੇ ਸ਼ਰਮ ਜਾਂ ਸ਼ਰਮਿੰਦਗੀ ਮਹਿਸੂਸ ਨਾ ਕਰਨ ਲਈ ਉਤਸ਼ਾਹਿਤ ਕੀਤਾ। ਨੌਜਵਾਨ ਭਾਗੀਦਾਰਾਂ ਨੂੰ ਮਾਹਵਾਰੀ ਦੌਰਾਨ ਨਿੱਜੀ ਸਫ਼ਾਈ ਬਣਾਈ ਰੱਖਣ ਦੀ ਮਹੱਤਤਾ ਬਾਰੇ ਸਿੱਖਿਅਤ ਕੀਤਾ ਗਿਆ ਅਤੇ ਮਾਹਵਾਰੀ ਚੱਕਰ ਨਾਲ ਜੁੜੀ ਬੇਅਰਾਮੀ ਨੂੰ ਦੂਰ ਕਰਨ ਵਿੱਚ ਮਦਦ ਕਰਨ ਲਈ ਸਧਾਰਨ ਕਸਰਤਾਂ ਅਤੇ ਸਿਹਤਮੰਦ, ਸੰਤੁਲਿਤ ਖ਼ੁਰਾਕ ਦੇ ਸੇਵਨ ਬਾਰੇ ਵੀ ਜਾਣਕਾਰੀ ਦਿੱਤੀ ਗਈ। ਇਨ੍ਹਾਂ ਦਿਨਾਂ ਦੌਰਾਨ ਚੁਣੌਤੀਆਂ ਦਾ ਪ੍ਰਬੰਧਨ ਕਰਨ ਅਤੇ ਮੁਸ਼ਕਲ ਸਥਿਤੀਆਂ ਨੂੰ ਭਰੋਸੇ ਨਾਲ ਕਿਵੇਂ ਸੰਭਾਲਣਾ ਹੈ ਇਸ ਬਾਰੇ ਵਿਹਾਰਕ ਮਾਰਗਦਰਸ਼ਨ ਪ੍ਰਦਾਨ ਕੀਤਾ ਗਿਆ।

ਸਕੂਲ ਦੇ ਚੇਅਰਪਰਸਨ ਅਵਿਨਾਸ਼ ਕੌਰ ਵਾਲੀਆ, ਡਾਇਰੈਕਟਰਜ਼ ਕਮਲਪ੍ਰੀਤ ਕੌਰ ਅਤੇ ਡਿਪਟੀ- ਡਾਇਰੈਕਟਰ ਸੋਨੀਆ ਵਰਮਾ ਨੇ ਅਜਿਹੇ ਜਾਗਰੂਕਤਾ ਸੈਸ਼ਨਾਂ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੀਆਂ ਪਹਿਲਕਦਮੀਆਂ ਮਾਹਵਾਰੀ ਨਾਲ ਸਬੰਧਤ ਮਿੱਥਾਂ ਅਤੇ ਗਲਤ ਧਾਰਨਾਵਾਂ ਨੂੰ ਦੂਰ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ ਅਤੇ ਸੂਚਿਤ, ਆਤਮਵਿਸ਼ਵਾਸੀ ਅਤੇ ਸਿਹਤਮੰਦ ਵਿਅਕਤੀਆਂ ਨੂੰ ਪਾਲਣ ਵਿੱਚ ਮੱਦਦ ਕਰਦੀਆਂ ਹਨ। ਵਿਦਿਆਰਥੀਆਂ ਨੂੰ ਯਾਦ ਦਿਵਾਇਆ ਗਿਆ ਕਿ ਮਾਂਹਵਾਰੀ ਇੱਕ ਕੁਦਰਤੀ ਮਾਸਿਕ ਪ੍ਰਕਿਰਿਆ ਹੈ, ਚੰਗੀ ਸਿਹਤ ਦੀ ਨਿਸ਼ਾਨੀ ਹੈ, ਅਤੇ ਇਹ ਸੰਕੇਤ ਹੈ ਕਿ ਸਰੀਰ ਸਹੀ ਢੰਗ ਨਾਲ ਕੰਮ ਕਰ ਰਿਹਾ ਹੈ।ਇਹ ਸੈਸ਼ਨ ਬਹੁਤ ਜਾਣਕਾਰੀ ਭਰਪੂਰ ਅਤੇ ਸਸ਼ਕਤੀਕਰਨ ਵਾਲਾ ਸਾਬਤ ਹੋਇਆ।

# ਲੁਧਿਆਣਾ 'ਚ ਹਰਿਆਣਾ ਦੇ ਮੁੱਖ ਮੰਤਰੀ ਸੈਣੀ ਦਾ ਕਾਲੇ ਝੰਡਿਆਂ ਨਾਲ ਸਵਾਗਤ



ਲੁਧਿਆਣਾ, 22 ਫਰਵਰੀ (ਵਿਸ਼ਾਲ ਸ਼ਰਮਾ): ਅੱਜ ਆਮ ਆਦਮੀ ਪਾਰਟੀ ਦੇ ਵਲੰਟੀਅਰਾ ਅਤੇ ਆਗੂਆਂ ਨੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦਾ ਲੁਧਿਆਣਾ ਵਿੱਚ ਕਾਲੇ ਝੰਡਿਆਂ ਨਾਲ ਸਵਾਗਤ ਕੀਤਾ। ਪੂਰਵਾਂਚਲ ਸਨਮਾਨ ਰੈਲੀ ਵਿੱਚ ਸ਼ਾਮਲ ਹੋਣ ਆਏ ਸੈਣੀ ਦਾ ਕਾਫ਼ਲਾ ਜਿਵੇਂ ਹੀ ਧੂਰੀ ਲਾਈਨ ਰੇਲਵੇ ਓਵਰ ਬ੍ਰਿਜ ਉੱਤਰਿਆ, 'ਆਪ' ਵਰਕਰਾਂ ਨੇ ਉਨ੍ਹਾਂ ਖ਼ਿਲਾਫ਼ ਨਾਅਰੇਬਾਜ਼ੀ ਕੀਤੀ ਅਤੇ ਕਾਲੇ ਝੰਡੇ ਦਿਖਾ ਕੇ ਪੰਜਾਬ ਪ੍ਰਤੀ ਭਾਜਪਾ ਦੀਆਂ ਵਿਤਕਰੇ ਭਰੀਆਂ ਨੀਤੀਆਂ ਦਾ ਰੋਸ ਪ੍ਰਗਟਾਇਆ। ਆਤਮ ਨਗਰ ਤੋਂ 'ਆਪ' ਵਿਧਾਇਕ ਕੁਲਵੰਤ ਸਿੰਘ ਸਿੱਧੂ ਨੇ ਪ੍ਰਦਰਸ਼ਨ ਦੀ ਅਗਵਾਈ ਕਰਦਿਆਂ ਮੀਡੀਆ ਨੂੰ ਸੰਬੋਧਨ ਕਰਦਿਆਂ ਕਿਹਾ, ਅਸੀਂ ਅੱਜ ਇਸ ਲਈ ਵਿਰੋਧ ਕਰ ਰਹੇ ਹਾਂ ਕਿਉਂਕਿ ਭਾਜਪਾ ਨੇ ਹਮੇਸ਼ਾ ਪੰਜਾਬ ਵਿਰੋਧੀ ਸਟੈਂਡ ਅਪਣਾਇਆ ਹੈ।

ਪ੍ਰਦਰਸ਼ਨ ਦੌਰਾਨ 'ਆਪ' ਦੇ ਜ਼ਿਲ੍ਹਾ ਪ੍ਰਧਾਨ (ਲੁਧਿਆਣਾ) ਜਤਿੰਦਰ ਖੰਗੂੜਾ ਨੇ ਅੰਕੜੇ ਪੇਸ਼ ਕਰਦਿਆਂ ਭਾਜਪਾ 'ਤੇ ਪਲਟਵਾਰ ਕੀਤਾ। ਉਨ੍ਹਾਂ ਕਿਹਾ, ਹਰਿਆਣਾ ਦੇ ਮੁੱਖ ਮੰਤਰੀ ਨੂੰ ਪੰਜਾਬ ਨੂੰ ਲੈਕਚਰ ਦੇਣ ਤੋਂ ਪਹਿਲਾਂ ਆਪਣੇ ਸੂਬੇ ਦੇ ਹਾਲਾਤ 'ਤੇ ਨਜ਼ਰ ਮਾਰਨੀ ਚਾਹੀਦੀ ਹੈ। ਕੇਂਦਰੀ ਏਜੰਸੀਆਂ ਦੀਆਂ ਰਿਪੋਰਟਾਂ ਮੁਤਾਬਕ, ਕਾਨੂੰਨ ਵਿਵਸਥਾ ਬਣਾਈ ਰੱਖਣ ਵਿੱਚ ਪੰਜਾਬ ਦੇਸ਼ ਵਿੱਚ ਦੂਜੇ ਨੰਬਰ 'ਤੇ ਹੈ, ਜਦਕਿ ਹਰਿਆਣਾ ਵਿੱਚ 2023 ਵਿੱਚ 1000 ਤੋਂ ਵੱਧ ਅਤੇ 2024 ਵਿੱਚ 900 ਤੋਂ ਵੱਧ ਕਤਲ ਹੋਏ।

ਇਸ ਪ੍ਰਦਰਸ਼ਨ ਵਿੱਚ ਲੁਧਿਆਣਾ ਦੇ ਸੀਨੀਅਰ ਡਿਪਟੀ ਮੇਅਰ ਰਕੇਸ਼ ਪਰਾਸ਼ਰ, ਸਕੱਤਰ ਨਿਧੀ ਗੁਪਤਾ, ਮਹਿਲਾ ਵਿੰਗ ਦੀ ਜ਼ੋਨ ਇੰਚਾਰਜ ਅਜਿੰਦਰ ਪਾਲ ਕੌਰ, ਮਹਿਲਾ ਵਿੰਗ ਦੀ ਪ੍ਰਧਾਨ ਮਨੀਸ਼ਾ ਕਪੂਰ ਅਤੇ ਉਹਨਾਂ ਦੀ ਸਾਰੀ ਟੀਮ ਯੂਥ ਵਿੰਗ ਦੇ ਪ੍ਰਧਾਨ ਅਮਰਿੰਦਰ ਸਿੰਘ ਐਮ.ਪੀ ਜਵੱਦੀ ਅਤੇ ਉਹਨਾਂ ਦੀ ਸਾਰੀ ਟੀਮ, ਐਸ.ਸੀ ਵਿੰਗ ਦੇ ਪ੍ਰਧਾਨ ਕਪਿਲ ਸਿੱਧੂ ਅਤੇ ਉਹਨਾਂ ਦੀ ਸਾਰੀ ਟੀਮ, ਬੀਸੀ ਵਿੰਗ ਦੇ ਪ੍ਰਧਾਨ ਵਿਜੇ ਸਿੰਘ ਅਤੇ ਉਹਨਾਂ ਦੀ ਸਾਰੀ ਟੀਮ ਅਤੇ ਸੈਂਕੜੇ ਹੋਰ ਵਲੰਟੀਅਰ ਸਾਥੀ ਮੌਜੂਦ ਸਨ।

# ਵਿਧਾਨ ਸਭਾ ਹਲਕਾ ਆਤਮ ਨਗਰ ਦੇ ਕਾਂਗਰਸੀਆਂ ਨੇ ਬੈਂਸ ਨੂੰ ਆਪਣਾ ਆਗੂ ਮੰਨਣ ਤੋਂ ਕੀਤਾ ਇਨਕਾਰ



ਲੁਧਿਆਣਾ, 22 ਫਰਵਰੀ (ਰਵਿੰਦਰ ਸਿੰਘ ਨਿੱਝਰ) : ਵਿਧਾਨ ਸਭਾ ਹਲਕਾ ਆਤਮ ਨਗਰ ਦੇ ਟਕਸਾਲੀ ਕਾਂਗਰਸੀਆਂ ਦੀ ਇੱਕ ਵਿਸ਼ੇਸ਼ ਮੀਟਿੰਗ ਸੀਨੀਅਰ ਕਾਂਗਰਸੀ ਆਗੂ ਡਾ ਓਂਕਾਰ ਚੰਦ ਸ਼ਰਮਾ ਦੀ ਅਗਵਾਈ ਹੇਠ ਉਨ੍ਹਾਂ ਦੇ ਸ਼ਿਮਲਾਪੁਰੀ ਵਿੱਚ ਸਥਿਤ ਗ੍ਰਹਿ ਵਿਖੇ ਹੋਈ, ਜਿਸ ਵਿੱਚ ਸਾਬਕਾ ਕੈਬਨਿਟ ਮੰਤਰੀ ਭਾਰਤ ਭੂਸ਼ਣ ਆਸ਼ੂ ਮੁੱਖ ਮਹਿਮਾਨ ਵਜੋਂ ਅਤੇ ਹਲਕਾ ਆਤਮ ਨਗਰ ਤੋਂ ਦੀ ਵਾਰ ਕਾਂਗਰਸ ਪਾਰਟੀ ਦੀ ਟਿਕਟ ਤੇ ਚੋਣ ਲੜ੍ਹ ਚੁੱਕੇ ਕਮਲਜੀਤ ਸਿੰਘ ਕੜਵਲ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਮੀਟਿੰਗ ਵਿੱਚ ਸਮੁੱਚੇ ਟਕਸਾਲੀ ਕਾਂਗਰਸੀਆਂ ਨੇ ਕਿਹਾ ਕਿ ਸਤਾ ਵਿੱਚ ਹੁੰਦੇ ਹੋਏ ਬੈਂਸ ਭਰਾਵਾਂ ਨੇ ਕਾਂਗਰਸੀ ਵਰਕਰਾਂ ਅਤੇ ਆਗੂਆਂ 'ਤੇ ਵੱਡੀ ਗਿਣਤੀ ਵਿੱਚ ਕਥਿਤ ਤੌਰ 'ਤੇ ਨਜ਼ਾਇਜ਼ ਪਰਚੇ ਕਰਵਾਏ ਅਤੇ ਹੋਰ ਧੱਕਾ ਕਰਦੇ ਹੋਏ ਡਰਾ ਧਮਕਾ ਕੇ ਰੱਖਿਆ, ਇੱਥੋਂ ਤੱਕ ਕਾਂਗਰਸ ਹਾਈ ਕਮਾਂਡ ਦੇ ਆਗੂਆਂ ਖ਼ਿਲਾਫ਼ ਸਟੇਜਾਂ ਤੋਂ ਕੂੜ ਪ੍ਰਚਾਰ ਕੀਤਾ, ਪ੍ਰੰਤੂ ਉਨ੍ਹਾਂ ਵਿਅਕਤੀਆਂ ਨੂੰ ਹੀ ਕਾਂਗਰਸ ਹਾਈ ਕਮਾਂਡ ਨੇ ਪਾਰਟੀ ਵਿੱਚ ਸ਼ਾਮਲ ਕਰਕੇ ਸਾਡੇ ਸਿਰ 'ਤੇ ਬਿਠਾ ਦਿੱਤਾ ਜੋ ਕਿ ਹੁਣ ਟਕਸਾਲੀ ਕਾਂਗਰਸੀਆਂ ਦੇ ਸਿਰਾਂ ਵਿੱਚ ਹੀ ਕਥਿਤ ਤੌਰ 'ਤੇ ਗਲੀਆਂ ਕਰ ਰਹੇ ਹਨ। ਡਾ ਉਂਕਾਰ ਚੰਦ ਸ਼ਰਮਾ ਨੇ ਆਖਿਆ ਕਿ ਬੈਂਸ ਭਰਾ ਟਕਸਾਲੀ ਕਾਂਗਰਸੀਆਂ ਤੋਂ ਬਲਾਕ ਪ੍ਰਧਾਨ, ਵਾਰਡ ਪ੍ਰਧਾਨ ਵਰਗੇ ਹੋਰ ਅਹੁਦੇ ਖੋਹ ਕੇ ਕਾਂਗਰਸ ਪਾਰਟੀ ਨੂੰ ਮੰਦਾ ਚੰਗਾ ਬੋਲਣ ਵਾਲੇ ਆਪਣੇ ਸਾਥੀਆਂ ਨੂੰ ਦੇਣ ਲੱਗੇ ਹੋਏ ਨੇ।

ਇਸ ਮੌਕੇ ਡਾਕਟਰ ਓਂਕਾਰ ਚੰਦ ਸ਼ਰਮਾ ਨੇ ਕਾਂਗਰਸੀ ਆਗੂਆ ਅਤੇ ਵਰਕਰਾਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਸਾਨੂੰ ਕਾਂਗਰਸ ਦੇ ਲੇਬਲ ਵਾਲੇ ਨਹੀਂ ਕਾਂਗਰਸ ਦੀ ਵਿਚਾਰਧਾਰਾ ਵਾਲੇ ਆਗੂਆਂ ਦੀ ਲੋੜ ਹੈ, ਜੋਕਿ ਸ਼੍ਰੀ ਆਸ਼ੂ ਵਾਂਗ ਹਰੇਕ ਸੁੱਖ ਦੁੱਖ ਵਿੱਚ ਪਾਰਟੀ ਦੇ ਨਾਲ ਚੱਟਾਨ ਵਾਂਗ ਖੜ੍ਹੇ ਦਿਖਾਈ ਦਿੰਦੇ ਹਨ। ਇਸ ਮੀਟਿੰਗ ਵਿੱਚ ਉਕਤ ਆਗੂਆਂ ਤੋਂ ਇਲਾਵਾ ਸੀਨੀਅਰ ਕਾਂਗਰਸੀ ਆਗੂ ਭੁਪਿੰਦਰ ਸਿੰਘ ਕ੍ਰਿਸਟਲ, ਬਹਾਦਰ ਸਿੰਘ ਰਿਆਇਤ, ਬਲਬੀਰ ਸਿੰਘ ਕਲਸੀ, ਰਜਿੰਦਰ ਸਿੰਘ ਬੇਦੀ, ਪ੍ਰਵੀਨ ਸ਼ਰਮਾ, ਰਣਜੀਤ ਸਿੰਘ ਉੱਭੀ, ਗੌਰਵ ਮਹਿਤਾ, ਜੋਰਾ ਸਿੰਘ, ਪ੍ਰਦੀਪ ਸਿੰਘ ਬਧਣ, ਹਰਦੇਵ ਸਿੰਘ ਬਿੱਟੂ ਮਣਕੂ, ਡਾ ਜਸਵੰਤ ਸਿੰਘ ਗੁਲਾਟੀ, ਰਜਿੰਦਰ ਕੁਮਾਰ ਸ਼ੀਲਾ, ਅਮਰ ਸਿੰਘ, ਨਰਿੰਦਰ ਸਿੰਘ ਜੱਬਲ, ਰਾਕੇਸ਼ ਕੁਮਾਰ, ਪਵਨ ਕੁਮਾਰ ਸ਼ਰਮਾ, ਦਲਜੀਤ ਰਾਏ ਭਾਰਦਵਾਜ, ਬਲਬੀਰ ਸਿੰਘ ਬੰਟੀ, ਧਰਮਪਾਲ ਬਿੱਟੂ, ਖੁਸ਼ਵਿੰਦਰ ਸਿੰਘ ਬਿੱਲਾ, ਕੰਵਰਦੀਪ ਸ਼ਰਮਾ, ਖੁਸ਼ਪਾਲ ਮਨੀ ਅਤੇ ਅਵਤਾਰ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਕਾਂਗਰਸੀ ਆਗੂ ਅਤੇ ਵਰਕਰ ਹਾਜ਼ਰ ਸਨ।

# ਮੱਕੜ ਭਰਾਵਾਂ ਵੱਲੋਂ ਦੁੱਖ ਵਿੱਚ ਸ਼ਾਮਲ ਹੋਣ ਵਾਲੀਆਂ ਸ਼ਖਸੀਅਤਾਂ ਦਾ ਧੰਨਵਾਦ

ਲੁਧਿਆਣਾ, 22 ਫਰਵਰੀ (ਰਵਿੰਦਰ ਸਿੰਘ ਨਿੱਝਰ): : ਸ਼ਹਿਰ ਦੇ ਪ੍ਰਸਿੱਧ ਕੱਪੜਾ ਕਾਰੋਬਾਰੀ ਤੇ ਵਪਾਰੀ ਭਰਾਵਾਂ ਆਗੂਆਂ ਸੁਰਿੰਦਰ ਸਿੰਘ ਮੱਕੜ ਸੁਰਜੀਤ ਸਿੰਘ ਮੱਕੜ ਅਤੇ ਦਲਜੀਤ ਸਿੰਘ ਮੱਕੜ ਨੇ ਪਿਛਲੇ ਦਿਨੀਂ ਉਹਨਾਂ ਦੀ ਮਾਤਾ ਜੀ ਇੰਦਰਜੀਤ ਕੌਰ ਮੱਕੜ ਦੇ ਭੋਗ ਅਤੇ ਅੰਤਿਮ ਅਰਦਾਸ ਵਿੱਚ ਸ਼ਾਮਲ ਹੋਣ ਵਾਲੀਆਂ ਸਮੂਹ ਸ਼ਖਸ਼ੀਅਤਾਂ ਦਾ ਧੰਨਵਾਦ ਕੀਤਾ ਹੈ। ਮੱਕੜ ਭਰਾਵਾਂ ਨੇ ਆਖਿਆ ਕਿ ਬੇਸ਼ੱਕ ਦੁਨੀਆਂ ਤੋਂ ਗਿਆ ਬੰਦਾ ਵਾਪਸ ਨਹੀਂ ਆ ਸਕਦਾ, ਪ੍ਰੰਤੂ ਰਿਸ਼ਤੇਦਾਰਾਂ, ਸਬੰਧੀਆਂ, ਦੋਸਤਾਂ, ਮਿੱਤਰਾਂ ਦੇ ਅੰਤਿਮ ਅਰਦਾਸ ਸਮਾਗਮ ਵਿੱਚ ਸ਼ਾਮਿਲ ਹੋਣ ਨਾਲ ਉਹਨਾਂ ਨੂੰ ਬੇਹੱਦ ਹੌਸਲਾ ਮਿਲਿਆ ਹੈ। ਉਹਨਾਂ ਕਿਹਾ ਕਿ ਪਰਮਾਤਮਾ ਉਹਨਾਂ ਦੇ ਮਾਤਾ ਜੀ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ।

# MSME-DFO ਵਿਖੇ ਪ੍ਰਧਾਨ ਮੰਤਰੀ ਵਿਸ਼ਵਕਰਮਾ ਪ੍ਰਦਰਸ਼ਨੀ-ਕਮ-ਵਪਾਰ ਮੇਲੇ ਦਾ ਉਦਘਾਟਨ



ਲੁਧਿਆਣਾ, 22 ਫਰਵਰੀ (ਵਿਸ਼ਾਲ ਸ਼ਰਮਾ): ਪ੍ਰਧਾਨ ਮੰਤਰੀ ਵਿਸ਼ਵਕਰਮਾ ਯੋਜਨਾ ਦੇ ਤਹਿਤ ਕਾਰੀਗਰਾਂ ਅਤੇ ਕਾਰੀਗਰਾਂ ਨੂੰ ਮਾਰਕੀਟਿੰਗ ਸਹਾਇਤਾ ਪ੍ਰਦਾਨ ਕਰਨ ਦੇ ਉਦੇਸ਼ ਨਾਲ, ਅੱਜ MSME-ਵਿਕਾਸ ਦਫ਼ਤਰ (MSME-DFO), ਲੁਧਿਆਣਾ ਵਿਖੇ ਦੋ-ਰੋਜ਼ਾ ਪ੍ਰਧਾਨ ਮੰਤਰੀ ਵਿਸ਼ਵਕਰਮਾ ਪ੍ਰਦਰਸ਼ਨੀ-ਕਮ-ਵਪਾਰ ਮੇਲਾ ਦਾ ਉਦਘਾਟਨ ਕੀਤਾ ਗਿਆ। ਇਹ ਪ੍ਰਦਰਸ਼ਨੀ 22 ਤੋਂ 23 ਫਰਵਰੀ 2026 ਤੱਕ ਆਯੋਜਿਤ ਕੀਤੀ ਜਾ ਰਹੀ ਹੈ। ਪ੍ਰਦਰਸ਼ਨੀ-ਕਮ-ਵਪਾਰ ਮੇਲੇ ਦਾ ਉਦਘਾਟਨ ਮੁੱਖ ਮਹਿਮਾਨ, ਗੁਰਮੀਤ ਸਿੰਘ ਕੁਲਾਰ, ਪ੍ਰਧਾਨ, ਫੈਡਰੇਸ਼ਨ ਆਫ ਇੰਡਸਟਰੀਅਲ ਐਂਡ ਕਮਰਸ਼ੀਅਲ ਆਰਗੇਨਾਈਜ਼ੇਸ਼ਨ (FICO) ਦੁਆਰਾ ਕੀਤਾ ਗਿਆ। ਪੰਜਾਬ, ਯੂਟੀ ਚੰਡੀਗੜ੍ਹ, ਅਤੇ ਹਰਿਆਣਾ ਅਤੇ ਜੰਮੂ ਅਤੇ ਕਸ਼ਮੀਰ ਸਮੇਤ ਗੁਆਂਢੀ ਰਾਜਾਂ ਦੇ ਪੀਐਮ ਵਿਸ਼ਵਕਰਮਾ ਲਾਭਪਾਤਰੀਆਂ ਦੁਆਰਾ ਲੱਗਭੱਗ 100 ਸਟਾਲ ਲਗਾਏ ਗਏ ਹਨ, ਜੋ ਆਪਣੇ ਰਵਾਇਤੀ ਅਤੇ ਨਵੀਨਤਾਕਾਰੀ ਉਤਪਾਦਾਂ ਦਾ ਪ੍ਰਦਰਸ਼ਨ ਕਰਦੇ ਹਨ। ਮੁੱਖ ਮਹਿਮਾਨ, ਪੀ. ਤਿਲਾਂਥੇ, ਡਿਪਟੀ ਡਾਇਰੈਕਟਰ, ਆਰਡੀਐਸਡੀਈ, ਪੰਜਾਬ (ਮਹਿਮਾਨ ਮਹਿਮਾਨ) ਰਾਜਨ ਗੁਪਤਾ, ਡੀਜੀਐਮ, ਸਿਡਬੀ, ਲੁਧਿਆਣਾ ਪੰਕਜ ਕੁਮਾਰ ਝਾਅ, ਸੰਯੁਕਤ ਨਿਰਦੇਸ਼ਕ ਅਤੇ ਦਫਤਰ ਮੁਖੀ, ਐਮਐਸਐਮਈ-ਡੀਐਫਓ, ਲੁਧਿਆਣਾ; ਸ਼੍ਰੀ ਵਜ਼ੀਰ ਸਿੰਘ, ਡਿਪਟੀ ਨਿਰਦੇਸ਼ਕ ਦੀਪਕ ਚੇਚੀ, ਸਹਾਇਕ ਨਿਰਦੇਸ਼ਕ ਅਤੇ ਹੋਰ ਪਤਵੰਤਿਆਂ ਨੇ ਸਟਾਲਾਂ ਦਾ ਦੌਰਾ ਕੀਤਾ ਅਤੇ ਭਾਗ ਲੈਣ ਵਾਲੇ ਕਾਰੀਗਰਾਂ ਅਤੇ ਕਾਰੀਗਰਾਂ ਨਾਲ ਗੱਲਬਾਤ ਕੀਤੀ।

ਪ੍ਰੋਗਰਾਮ ਦੌਰਾਨ ਹੇਠ ਲਿਖੇ ਅਧਿਕਾਰੀ ਵੀ ਮੌਜੂਦ ਸਨ: ਸ਼੍ਰੀ ਕ੍ਰਿਸ਼ਨ ਕੁਮਾਰ, ਸਹਾਇਕ ਨਿਰਦੇਸ਼ਕ; ਸ਼੍ਰੀਮਤੀ ਅਨੁਪਮਾ ਰਾਣੀ, ਸਹਾਇਕ ਨਿਰਦੇਸ਼ਕ; ਸ਼੍ਰੀ ਅਨਿਲ ਬਹਿਲ, ਸਹਾਇਕ ਨਿਰਦੇਸ਼ਕ; ਸ਼੍ਰੀ ਪ੍ਰਤੀਕ ਕਟਾਰੀਆ, ਸਹਾਇਕ ਨਿਰਦੇਸ਼ਕ; MSME-DFO, ਲੁਧਿਆਣਾ ਦੇ ਹੋਰ ਸਹਾਇਕ ਸਟਾਫ ਦੇ ਨਾਲ। ਇਹ ਪ੍ਰੋਗਰਾਮ 23 ਫਰਵਰੀ 2026 ਨੂੰ ਵੀ ਜਾਰੀ ਰਹੇਗਾ। ਦੂਜੇ ਦਿਨ ਇੱਕ ਵਿਸ਼ੇਸ਼ ਤਕਨੀਕੀ ਸੈਸ਼ਨ ਵੀ ਆਯੋਜਿਤ ਕੀਤਾ ਜਾਵੇਗਾ, ਜਿਸ ਵਿੱਚ ਮਾਰਕੀਟਿੰਗ ਸਹਾਇਤਾ ਅਤੇ MSME ਮੰਤਰਾਲੇ ਦੀਆਂ ਵੱਖ-ਵੱਖ ਯੋਜਨਾਵਾਂ 'ਤੇ ਕੇਂਦ੍ਰਿਤ ਕੀਤਾ ਜਾਵੇਗਾ। ਸੈਸ਼ਨ ਦੌਰਾਨ, ਵੱਖ-ਵੱਖ MSME ਯੋਜਨਾਵਾਂ ਅਧੀਨ ਉਪਲੱਬਧ ਲਾਭਾਂ ਬਾਰੇ ਵਿਸਤ੍ਰਿਤ ਜਾਣਕਾਰੀ ਪ੍ਰਦਾਨ ਕੀਤੀ ਜਾਵੇਗੀ, ਜਿਸ ਵਿੱਚ PM ਵਿਸ਼ਵਕਰਮਾ ਲਾਭਪਾਤਰੀਆਂ ਲਈ ਸਹਾਇਤਾ ਸ਼ਾਮਲ ਹੈ। ਪੈਕੇਜਿੰਗ, ਬ੍ਰਾਂਡਿੰਗ, ਹੁਨਰ ਵਿਕਾਸ ਅਤੇ ਵੱਖ-ਵੱਖ ਸਰਕਾਰੀ ਵਿਭਾਗਾਂ ਦੁਆਰਾ ਦਿੱਤੀ ਗਈ ਹੋਰ ਸਹਾਇਤਾ ਬਾਰੇ ਜਾਣਕਾਰੀ ਵੀ ਸਾਂਝੀ ਕੀਤੀ ਜਾਵੇਗੀ। ਇਹ ਪ੍ਰਦਰਸ਼ਨੀ 23 ਫਰਵਰੀ 2026 ਨੂੰ ਰਾਤ 8:30 ਵਜੇ ਤੱਕ ਸੈਲਾਨੀਆਂ ਲਈ ਖੁੱਲ੍ਹੀ ਰਹੇਗੀ।

## ਸਿਰਲੇਖਵਾਰ ਇਸ਼ਤਿਹਾਰ /Classified Advertisement

(U/o 5 Rule 20 CPC)
**In the Court of Sh. Vineet Kumar Narang**
**Additional Principal Judge Family Court, Nakodar**
CNR No.PBJLF2-000563-2025
Next Date: 18.03.2026
GW/51/2025
Paramjit Singh
Versus
General Public
Petition under Guardian Act Wards Act
Notice to: General Public:- General Public
In above titled case the defendant(s)/respondent(s) could not be served. It is orderded that defendant(s)/respondent(s) should appear in person or through counsel on 18.03.2026 at 10:00 A.M.
For details logon to https://highcourtchd.gov.in/?mod=district_notice&district=Jalandhar
Dated this day of 10-02-2026
**Sd/- Additional Principal Judge Family Court, Nakodar**

(U/o 5 Rule 20 CPC)
**In the Court of Dr. Gurpreet Kaur Additional District and Sessions Judge, Ludhiana**
CNR No.PBLD01-008104-2025
Next Date : 18.03.2026
MACP/111/2025
Jagandeep Kaur
Versus
Anmolpreet Singh
Notice to: R2 Sandeep Singh S/O Kamal Pal Singh R/O Village Bara Jageer, Post Office Chak Chela, Ps Lohian Khas, District Jalandhar (Owner Of Offending Etios Car Bearing No. PB-08-DL-3025)
In above titled case the defendant(s)/respondent(s) could not be served. It is orderded that defendant(s)/respondent(s) should appear in person or through counsel on **18**.03.2026 at 10:00 A.M.
For details logon to https://highcourtchd.gov.in/?mod=district_notice&district=mogacourt
Dated this day of 11-02-2026
**Sd/- Additional District and Sessions Judge, Ludhiana**

(U/o 5 Rule 20 CPC)
**In the Court of Sh. Ajay Pal Singh Additional Civil Judge (Senior Division), Hoshiarpur**
CNR No.PBHO02-001665-2018
Next Date : 18.03.2026
Santosh Kumari
Versus
Kamaljit Kaur
Suit for declaration and suit for permanent injunction
Notice to: 2. Satnam Singh Son Of Pardhuman Singh, Resident Of 5718 145A, St. Surrey, Bc Canada. 3. Surinder Kaur Wife Of Ajit Singh, Resident Of Mount Avenue, Hoshiarpur.
In above titled case the defendant(s)/respondent(s) could not be served. It is orderded that defendant(s)/respondent(s) should appear in person or through counsel on **18**.03.2026 at 10:00 A.M.
For details logon to https://highcourtchd.gov.in/?trs=district_notice&district=Hoshiarpur
Dated this day of 10-02-2026
**Sd/- Additional Civil Judge (Senior Division), Hoshiarpur**

(U/o 5 Rule 20 CPC)
**In the Court of Ms. Navjit pal Kaur Additional Civil Judge (Senior Division), Kapurthala**
CNR No.PBKP02-000056-2023
Next Date : 18.03.2026
Case No. CS/40/2023
Pal Singh s/o Parkash Singh S/o Suraina r/o Aujla road near Choice Bread Factory, Kapurthala.
Versus
1. Satnam & others
Notice to: A) Gagan B) Vijay Kumar Sons Of Defendant No.3 Satgur (Since Deceased) Both R/O Village Dogranwala, Tehsil And District Kapurthala. 4. Balram Son Of Bachan S/O Pakhar All R/O Village Dogranwala, Tehsil And District Kapurthala. 14. Joginder Kaur W/O Nasib Singh S/O Jassa Singh R/O Aujla Road, Near Choice Bread Factory, Kapurthala. 15. Onkar Singh Son Of Nasib Singh S/O Jassa Singh R/O Aujla Road, Near Choice Bread Factory, Kapurthala. 16. Mukhtiar Singh S/O Nasib Singh S/O Jassa Singh R/O Aujla Road, Near Choice Bread Factory, Kapurthala. 19. Harbans Singh S/O Waryam Singh S/O Resham Singh R/O Aujla Road, Near Choice Bread Factory, Kapurthala. 21. Gurdev Kaur D/O Waryam Singh S/O Resham Singh R/O Aujla Road, Near Choice Bread Factory, Kapurthala.
In above titled case the defendant(s)/respondent(s) could not be served. It is orderded that defendant(s)/respondent(s) should appear in person or through counsel on **18**.03.2026 at 10:00 A.M.
For details logon to https://highcourtchd.gov.in/?mod=district_notice&district=Kapurthala
Dated this day of 23-01-2026
**Sd/- Additional Civil Judge (Senior Division), Kapurthala**

(U/o 5 Rule 20 CPC)
**In the Court of Sh. Gurkiran Singh Additional Civil Judge Sr. Division, Sri Anandpur Sahib**
CNR No.PBROA0-000524-2024
Next Date : 18.03.2026
Ranjit Singh Son Of Nirmal Singh Resident Of Village Baruwal (Jeowal) Tehsil Sri Anandpur Sahib District Rupnagar
Versus
Nirmal Kaur Wife Of Gurmeet Singh Resident Of Jai Maa Nagar (Gali No.1) Miri Piri School Usha Mata Mandir, Bus Stand Ferozepur, Distt Ferozepur
**Petition U/S 7R2**
Notice to: 1. Nirmal Kaur Wife Of Gurmeet Singh Resident Of Jai Maa Nagar (Gali No.1) Miri Piri School Usha Mata Mandir, Bus Stand Ferozepur, Distt Ferozepur. 2. Gurmeet Singh Son Of Harnek Singh Resident Of Jai Maa Nagar (Gali No.1) Miri Piri School Usha Mata Mandir, Bus Stand Ferozepur, Distt Ferozepur. 83603-13605, 6280019143
In above titled case the defendant(s)/respondent(s) could not be served. It is orderded that defendant(s)/respondent(s) should appear in person or through counsel on **18**.03.2026 at 10:00 A.M.
For details logon to https://highcourtchd.gov.in/?trs=district_notice&district=Rupnagar
Dated this day of 27-01-2026
**Sd/- Additional Civil Judge Sr. Division, Sri Anandpur Sahib**

(U/o 5 Rule 20 CPC)
**In the Court of Sh. Hem Amrit Mahi**
**Civil Judge (Senior Division), Gurdaspur**
CNR No.PBGD02-002188-2024
Next Date : 19.03.2026
CS-1420-2024
State bank of India
Versus
Sweety
Notice to: Sweety :- W/O Dilbag R/O Vill. Tibri P.O Pull Tibri, Gurdaspur
In above titled case the defendant(s)/respondent(s) could not be served. It is orderded that defendant(s)/respondent(s) should appear in person or through counsel on **19**.03.2026 at 10:00 A.M.
For details logon to https://highcourtchd.gov.in/?mod=district_notice&district=Gurdaspur
Dated this day of 17-03-2026
**Sd/- Civil Judge (Senior Division), Gurdaspur**

(U/o 5 Rule 20 CPC)
**In the Court of Ms. Tarandeep Kaur**
**Civil Judge (Junior Division),**
CNR No.PBSB02-000733-2024
Next Date : 19.03.2026
Punjab National Bank
Versus
Surinder Kaur
Suit for recovery
Notice to: Surinder Kaur W/O Prem R/O Usa Through Her General Attorney Davinder Singh S/O Swaran Singh R/O Ward No.5, Balachaur, Tehsil Balachaur, District Sbs Nagar
In above titled case the defendant(s)/respondent(s) could not be served. It is orderded that defendant(s)/respondent(s) should appear in person or through counsel on **19**.03.2026 at 10:00 A.M.
For details logon to https://highcourtchd.gov.in/?mod=district_notice&district=sbsnagar
Dated this day of 18-02-2026
**Sd/- Civil Judge (Junior Division),**

(U/o 5 Rule 20 CPC)
**In the Court of Sh. Ashish Thathai Civil Judge (Senior Division), Rupnagar**
CNR No.PBRO02-000226-2024
Next Date : 19.03.2026
Dhiman Shuttering Store Railway Road Morinda Tehsil And Distt Rupnagar Through Avtar Sngh S/o Ajit Singh R/O H.no 223 Ward No 8 Morinda Tehsil Morinda Distt Rupnagar
Versus
Jay Ess Enterprises Through Jatinder Singh Gobindgarh Road, Amloh, Dist- Fatehgarh Sahib Through Its Prop Jatinder Singh Mob-9855100067, 9256966606
Notice to: Jay Ess Enterprises Through Jatinder Singh :- Gobindgarh Road, Amloh, Dist- Fatehgarh Sahib Through Its Prop Jatinder Singh Mob- 9855100067,9256966606
In above titled case the defendant(s)/respondent(s) could not be served. It is orderded that defendant(s)/respondent(s) should appear in person or through counsel on **19**.03.2026 at 10:00 A.M.
For details logon to https://highcourtchd.gov.in/?mod=district_notice&district=Rupnagar
Dated this day of 13-01-2026
**Sd/- Civil Judge (Senior Division), Rupnagar**

(U/o 5 Rule 20 CPC)
**In the Court of Ms. Girish Principal Judge Family Court, Malout**
CNR No.PBSMF3-000430-2025
Next Date : 07.03.2026
Amarjeet Ram
Versus
Deepika
Notice to: General Public:- Malout
In above titled case the defendant(s)/respondent(s) could not be served. It is orderded that defendant(s)/respondent(s) should appear in person or through counsel on **07**.03.2026 at 10:00 A.M.
For details logon to https://highcourtchd.gov.in/?mod=district_notice&district=mogacourt
Dated this day of 21-02-2026
**Sd/- Principal Judge Family Court, Malout**

(U/o 5 Rule 20 CPC)
**In the Court of Ms. Riffi Bhatti Civil Judge (Junior Division), Jagraon**
CNR No.PBLDB0-000530-2025
Next Date : 19.03.2026
Jaskaran Singh
Versus
Gurmeet Singh
Notice to: 1. Gurmeet Singh S/O Sukhdev Singh 2. Baljit Kaur W/O Gurmeet Singh Both R/O Village Dango, Tehsil Raikot, Distt Ludhiana 8. Baljinder Kaur W/O Jaspal Singh R/O Village Mohi, Distt Ludhiana
In above titled case the defendant(s)/respondent(s) could not be served. It is orderded that defendant(s)/respondent(s) should appear in person or through counsel on **19**.03.2026 at 10:00 A.M.
For details logon to https://highcourtchd.gov.in/?mod=district_notice&district=ludhianacourt
Dated this day of 19-02-2026
**Sd/- Civil Judge (Junior Division), Jagraon**

**In the Court of Sh. Mukesh Kumar Singla**
**Judicial Magistrate First Class, Phillaur**
CNR No.PBJLB1-001085-2021
Next Date : 30.03.2026
Faqir Chand Alias Pappuaged
Versus
Seema Rani
Notice to: Seema Rani Spouse::- Ashoki Mohalla Krishan Nagar, Tehsil Phillaur
In above titled case the accused could not be served. It is orderded that accused should appear in person or through counsel on **30**.03.2026 at 10:00 A.M.
For details logon to https://highcourtchd.gov.in/?mod=district_notice&district=Jalandhar
Dated this day of 20-02-2026
**Sd/- Judicial Magistrate First Class, Phillaur**

(U/o 5 Rule 20 CPC)
**In the Court of Ms. Ramandeep Neetu**
**Additional Civil Judge (Senior Division), Mukerian**
CNR No.PBHOC0-000026-2026
Next Date : 18.03.2026
SUCC-01-2026
Teenu Bala D/o Rakha Ram At Present Residing of village Badhupur Ps and Tehsil Mukerian Distt. HSP Through its Power of Attorney Rakha Ram S/o Kabal Singh S/o Wadhwa R/o Vill. Badhpur PS and Tehsil Mukerian Distt. HSP.
Versus
General Public
Indian Succession Act
Notice to: General Public:- General Public
In above titled case the defendant(s)/respondent(s) could not be served. It is orderded that defendant(s)/respondent(s) should appear in person or through counsel on **18**.03.2026 at 10:00 A.M.
For details logon to https://highcourtchd.gov.in/?mod=district_notice&district=Hoshiarpur
Dated this day of 21-01-2026
**Sd/- Additional Civil Judge (Senior Division), Mukerian**

(ਸਹਿਕਾਰਤਾ ਵਿਭਾਗ)
ਦਫਤਰ ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ, ਰਾਏਕੋਟ ਜਿਲ੍ਹਾ ਲੁਧਿਆਣਾ।
**ਨੋਟਿਸ**
ਦੀ ਰਾਜਗੜ੍ਹ ਬਹੁਮੰਤਵੀ ਖੇਤੀਬਾੜੀ ਸਹਿਕਾਰੀ ਸਭਾ ਲਿਮ: ਰਾਜਗੜ੍ਹ ਦੀ ਪ੍ਰਬੰਧਕ ਕਮੇਟੀ ਦੀ ਚੋਣ ਕਰਵਾਉਣ ਸਬੰਧੀ ਤਜਵੀਜ ਜੋਨਾਂ ਦੀਆਂ ਲਿਸਟਾਂ ਸਭਾ ਵੱਲੋਂ ਨਿਮਨਹਸਤਾਖਰੀ ਦੇ ਦਫਤਰ ਵਿੱਚ ਭੇਜੀਆਂ ਗਈਆਂ ਹਨ। ਇਹ ਤਜਵੀਜ਼ ਕੀਤੀਆਂ ਜ਼ੋਨਾਂ ਦੀਆਂ ਲਿਸਟਾਂ ਨਿਮਨ ਹਸਤਾਖਰ ਅਤੇ ਦੀ ਰਾਜਗੜ੍ਹ ਬਹੁਮੰਤਵੀ ਖੇਤੀਬਾੜੀ ਸਹਿਕਾਰੀ ਸਭਾ ਲਿਮ: ਰਾਜਗੜ੍ਹ ਦੇ ਦਫਤਰਾਂ ਵਿੱਚ ਰੱਖੀਆਂ ਗਈਆਂ ਹਨ। ਮੈਂਬਰ ਕਿਸੇ ਵੀ ਕੰਮ ਵਾਲੇ ਦਿਨ ਇਹ ਤਜਵੀਜ਼ ਕੀਤੇ ਜ਼ੋਨਾਂ ਦੀਆਂ ਲਿਸਟਾਂ ਇਹਨਾਂ ਦਫਤਰਾਂ ਵਿੱਚੋਂ ਦੇਖ ਸਕਦੇ ਹਨ। ਇਨਾਂ ਤਜਵੀਜ਼ੀ ਜ਼ੋਨਾਂ ਦੀ ਬਣਤਰ ਸਬੰਧੀ ਕਿਸੇ ਵੀ ਮੈਂਬਰ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ ਆਪਣੇ ਇਤਰਾਜ਼ ਲਿਖਤੀ ਰੂਪ ਵਿੱਚ ਨਿਮਨ ਹਸਤਾਖਰ ਦੇ ਦਫਤਰ ਨੇੜੇ ਹਰੀ ਸਿੰਘ ਨਲੂਆ ਚੌਕ ਰਾਏਕੋਟ ਵਿਖੇ ਮਿਤੀ 17-03-2026 ਨੂੰ ਸ਼ਾਮ 5:00 ਵਜੇ ਸ਼ਾਮ ਤੱਕ ਦੇ ਸਕਦਾ ਹੈ। ਜ਼ੋਨਾਂ ਸਬੰਧੀ ਇਸ ਦਫਤਰ ਵਿੱਚ ਪ੍ਰਾਪਤ ਹੋਏ ਲਿਖਤੀ ਇਤਰਾਜ਼ਾਂ ਦੀ ਸੁਣਵਾਈ ਨਿਮਨ ਹਸਤਾਖਰ ਵੱਲੋਂ ਮਿਤੀ 18-03-2026 ਨੂੰ ਸਵੇਰੇ 11.00 ਵਜੇ ਆਪਣੇ ਦਫਤਰ ਵਿੱਚ ਕੀਤੀ ਜਾਵੇਗੀ। ਇਤਰਾਜ਼ ਕਰਤਾ ਮੈਂਬਰ ਮਿਥੀ ਮਿਤੀ ਨੂੰ ਇਤਰਾਜ਼ਾਂ ਦੀ ਸੁਣਵਾਈ ਸਮੇਂ ਸਮੇਤ ਸਬੂਤ ਹਾਜ਼ਰ ਆਉਣ।
ਨੋਟਿਸ ਅੱਜ ਮਿਤੀ 18-02-2026 ਨੂੰ ਮੇਰੇ ਹਸਤਾਖਰਾਂ ਨਾਲ ਜਾਰੀ ਹੋਇਆ।
(ਨਿਖਿਲ ਗਰਗ) ਪੀ.ਸੀ.ਐਸ.-II,
ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ, ਰਾਏਕੋਟ।

**ਨਾਮ ਸੰਬੰਧੀ ਸੂਚਨਾ**
ਮੈਂ, ਰਾਜ ਰਾਣੀ ਉਰਫ਼ ਲਾਜਵੰਤੀ ਪਤਨੀ ਪਰੇਮ ਚੰਦ ਵਾਸੀ 197, ਈਡਬਲਿਊਐਸ ਐਸ.ਐਸ.ਟੀ. ਨਗਰ ਪਟਿਆਲਾ ਬਿਆਨ ਕਰਦੀ ਹਾਂ ਕਿ ਉਪਰੋਕਤ ਦੋਵੇਂ ਨਾਮ ਇਕ ਹੀ ਔਰਤ ਦੇ ਹਨ, ਜੋ ਕਿ ਮੇਰੇ ਹਨ।


# ਸਰਦਾਰ ਊਧਮ ਸਿੰਘ ਮੈਨੇਜਰ ਯਾਦਗਾਰੀ ਸਨਮਾਨ ਸਮਾਗਮ ਅਮਿਟ ਯਾਦਾਂ ਛੱਡ ਕੇ ਸੰਪੰਨ

ਸ੍ਰੀ ਫ਼ਤਹਿਗੜ੍ਹ ਸਾਹਿਬ, 22 ਫਰਵਰੀ (ਹਰਪ੍ਰੀਤ ਕੌਰ ਟਿਵਾਣਾ) ਮਰਹੂਮ ਸ. ਊਧਮ ਸਿੰਘ ਮੈਨੇਜਰ ਦੀ ਪਵਿੱਤਰ ਯਾਦ ਨੂੰ ਸਮਰਪਿਤ ਯਾਦਗਾਰੀ ਸਨਮਾਨ ਸਮਾਗਮ ਜ਼ਿਲ੍ਹਾ ਲਿਖਾਰੀ ਸਭਾ, ਫ਼ਤਹਿਗੜ੍ਹ ਸਾਹਿਬ ਅਤੇ ਪਰਿਵਾਰਕ ਮੈਂਬਰਾਂ ਦੇ ਸਾਂਝੇ ਉਪਰਾਲੇ ਨਾਲ ਮਾਤਾ ਗੁਜਰੀ ਕਾਲਜ ਵਿਖੇ ਕਰਵਾਇਆ ਗਿਆ। ਸਮਾਗਮ ਵਿੱਚ ਜ਼ਿਲ੍ਹੇ ਅਤੇ ਆਸ-ਪਾਸ ਦੇ ਇਲਾਕਿਆਂ ਤੋਂ ਆਏ ਕਵੀ, ਲੇਖਕ, ਵਿਦਵਾਨ, ਅਧਿਆਪਕ ਅਤੇ ਸਾਹਿਤ ਪ੍ਰੇਮੀਆਂ ਨੇ ਵੱਡੀ ਗਿਣਤੀ ਵਿੱਚ ਹਾਜ਼ਰੀ ਭਰ ਕੇ ਮਰਹੂਮ ਸ਼ਖ਼ਸੀਅਤ ਨੂੰ ਨਮਨ ਕੀਤਾ। ਸਮਾਗਮ ਦਾ ਕੇਂਦਰੀ ਪੱਖ, ਪ੍ਰਸਿੱਧ ਲੇਖਕਾ ਸ਼੍ਰੀਮਤੀ ਪਰਮਜੀਤ ਪਰਮ, ਸ. ਹਰਜਿੰਦਰ ਸਿੰਘ ਗੋਪਾਲੋਂ, ਸ. ਬਚਨ ਸਿੰਘ ਗੁਰਮ ਅਤੇ ਸ. ਅਵਤਾਰ ਸਿੰਘ ਪੁਆਰ ਦਾ ਸਨਮਾਨ ਰਿਹਾ। ਹਰ ਲੇਖਕ ਦਾ ਸਨਮਾਨ ਪੱਤਰ ਪੜ੍ਹ ਕੇ ਉਨ੍ਹਾਂ ਦੀਆਂ ਸਾਹਿਤਕ ਉਪਲਬਧੀਆਂ ਨੂੰ ਰੋਸ਼ਨ ਕੀਤਾ ਗਿਆ। ਇਸ ਉਪਰੰਤ ਸਨਮਾਨਿਤ ਲੇਖਕਾਂ ਨੇ ਆਪਣੀਆਂ ਰਚਨਾਵਾਂ ਹਾਜ਼ਰੀਨ ਨਾਲ ਸਾਂਝੀਆਂ ਕੀਤੀਆਂ, ਜਿਨ੍ਹਾਂ ਨੂੰ ਹਾਜ਼ਰੀਨ ਵੱਲੋਂ ਖੂਬ ਸਰਾਹਨਾ ਮਿਲੀ ਅਤੇ ਮਾਹੌਲ ਸਾਹਿਤਕ ਰੰਗ ਵਿੱਚ ਰੰਗਿਆ ਰਿਹਾ। ਇਹ ਯਾਦਗਾਰੀ ਸਨਮਾਨ ਸਮਾਗਮ ਸਿਰਫ਼ ਇੱਕ ਰਸਮੀ ਕਾਰਜਕ੍ਰਮ



ਨਾ ਹੋ ਕੇ, ਸ. ਊਧਮ ਸਿੰਘ ਮੈਨੇਜਰ ਦੇ ਜੀਵਨ ਅਤੇ ਉਨ੍ਹਾਂ ਦੀਆਂ ਮੁੱਲਾਂ ਨੂੰ ਨਮਨ ਕਰਨ ਵਾਲਾ ਇਕ ਪ੍ਰੇਰਕ ਉਪਰਾਲਾ ਸਾਬਤ ਹੋਇਆ, ਜਿਸ ਨੇ ਸਾਹਿਤਕ ਮਾਹੌਲ ਨੂੰ ਹੋਰ ਮਜ਼ਬੂਤੀ ਬਖ਼ਸ਼ੀ। ਇਸ ਤੋਂ ਪਹਿਲਾਂ ਸਮਾਗਮ ਦੀ ਸ਼ੁਰੂਆਤ ਮਹਿਮਾਨਾਂ ਦੇ ਆਗਮਨ ਅਤੇ ਰਸਮੀ ਸਵਾਗਤ ਨਾਲ ਹੋਈ। ਪਰਿਵਾਰ ਵੱਲੋਂ ਮਰਹੂਮ ਸ. ਊਧਮ ਸਿੰਘ ਮੈਨੇਜਰ ਦੇ ਵੱਡੇ ਭਰਾ ਸ. ਗੁਰਦੇਵ ਸਿੰਘ (ਕੈਨੇਡਾ), ਸੇਵਾ ਮੁਕਤ ਐਕਸੀਅਨ, ਪੰਜਾਬ ਰਾਜ ਬਿਜਲੀ ਬੋਰਡ ਨੇ ਸਵਾਗਤੀ ਸ਼ਬਦ ਪੇਸ਼ ਕਰਦੇ ਹੋਏ ਸ. ਊਧਮ ਸਿੰਘ ਦੇ ਸਾਦਗੀਪੂਰਨ ਜੀਵਨ, ਇਮਾਨਦਾਰੀ ਅਤੇ ਸਾਹਿਤ ਪ੍ਰਤੀ ਉਨ੍ਹਾਂ ਦੀ ਲਗਨ ਨੂੰ ਯਾਦ ਕੀਤਾ। ਉਨ੍ਹਾਂ ਕਿਹਾ ਕਿ ਸ. ਊਧਮ ਸਿੰਘ ਸਿਰਫ਼ ਇੱਕ ਪ੍ਰਬੰਧਕ ਹੀ ਨਹੀਂ ਸਗੋਂ ਇੱਕ ਸੱਜਣ-ਸੁਭਾਅ, ਮਿਲਣਸਾਰ ਅਤੇ ਸਾਹਿਤ-ਪ੍ਰੇਮੀ ਇਨਸਾਨ ਸਨ, ਜਿਨ੍ਹਾਂ ਨੇ ਹਮੇਸ਼ਾ ਲੇਖਕਾਂ ਅਤੇ ਕਵੀਆਂ ਨੂੰ ਉਤਸ਼ਾਹਤ ਕੀਤਾ। ਜ਼ਿਲ੍ਹਾ ਲਿਖਾਰੀ ਸਭਾ, ਫ਼ਤਹਿਗੜ੍ਹ ਸਾਹਿਬ ਵੱਲੋਂ ਸ਼੍ਰੀ ਲਾਲ ਮਿਸਤਰੀ ਅਤੇ ਪ੍ਰਿੰਸੀਪਲ ਜਲੌਰ ਸਿੰਘ ਖੀਵਾ (ਮੋਰਿੰਡਾ ਸਾਹਿਤ ਸਭਾ) ਨੇ ਕਿਹਾ ਕਿ ਸ. ਊਧਮ ਸਿੰਘ ਦਾ ਯੋਗਦਾਨ ਸਿਰਫ਼ ਸੰਸਥਾਗਤ ਪ੍ਰਬੰਧਨ ਤੱਕ ਸੀਮਿਤ ਨਹੀਂ ਸੀ, ਬਲਕਿ ਉਹ ਸਾਹਿਤਕ ਸਰਗਰਮੀਆਂ ਦੇ ਪ੍ਰੇਰਕ ਅਤੇ ਸਹਿਯੋਗੀ ਵੀ ਰਹੇ। ਉਨ੍ਹਾਂ ਦੇ ਜੀਵਨ ਤੋਂ ਪ੍ਰੇਰਣਾ ਲੈ ਕੇ ਸਾਹਿਤਕ ਮੰਚਾਂ ਨੂੰ ਹੋਰ ਮਜ਼ਬੂਤ ਬਣਾਉਣ ਦੀ ਲੋੜ @ਤੇ ਜ਼ੋਰ ਦਿੱਤਾ ਗਿਆ। ਇਸ ਮੌਕੇ ਮਰਹੂਮ ਸ. ਊਧਮ ਸਿੰਘ ਦੀ ਧਰਮਪਤਨੀ ਅਤੇ ਜ਼ਿਲ੍ਹਾ ਲਿਖਾਰੀ ਸਭਾ ਦੀ ਪ੍ਰਧਾਨ ਬੀਬੀ ਪਰਮਜੀਤ ਕੌਰ ਸਰਹਿੰਦ ਨੇ ਸਮਾਗਮ ਵਿੱਚ ਸਨਮਾਨਿਤ ਕੀਤੀਆਂ ਸ਼ਖ਼ਸੀਅਤਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਕਿਹਾ ਕਿ ਇਹ ਸਨਮਾਨ ਸਿਰਫ਼ ਵਿਅਕਤੀਆਂ ਦਾ ਨਹੀਂ, ਸਗੋਂ ਪੂਰੇ ਸਾਹਿਤਕ ਪਰਿਵਾਰ ਦਾ ਸਨਮਾਨ ਹੈ। ਇਸ ਮੌਕੇ ਉਹਨਾਂ ਇਹ ਵੀ ਕਿਹਾ ਕਿ ਜੇਕਰ ਅੱਜ ਉਹਨਾਂ ਦੀ ਕੋਈ ਪਛਾਣ ਬਣੀ ਹੈ ਤਾਂ ਉਹ ਕੇਵਲ ਉਹਨਾਂ ਦੇ ਜੀਵਨ ਸਾਥੀ ਸ. ਊਧਮ ਸਿੰਘ ਜੀ ਮੈਨੇਜਰ ਸਦਕਾ ਹੀ ਬਣੀ ਹੈ। ਸਮਾਗਮ ਦੇ ਵਿਸ਼ੇਸ਼ ਮਹਿਮਾਨ ਸ. ਪ੍ਰਿਤਪਾਲ ਸਿੰਘ ਜੱਸੀ, ਮੁੱਖ ਵਕਤਾ ਸ. ਕਰਨੈਲ ਸਿੰਘ ਪੀਰ ਮੁਹੰਮਦ, ਮੁੱਖ ਮਹਿਮਾਨ ਸ. ਦਿਲਮੇਘ ਸਿੰਘ ਖੱਟੜਾ ਅਤੇ ਪ੍ਰਧਾਨ ਸ. ਦਰਸ਼ਨ ਬੁੱਟਰ ਨੇ ਆਪਣੇ ਪ੍ਰੇਰਕ ਸੰਬੋਧਨਾਂ ਵਿੱਚ ਸ. ਊਧਮ ਸਿੰਘ ਜੀ ਦੇ ਵਿਅਕਤਿਤਵ ਦੇ ਵੱਖ-ਵੱਖ ਪੱਖਾਂ @ਤੇ ਚਾਨਣ ਪਾਇਆ। ਉਨ੍ਹਾਂ ਕਿਹਾ ਕਿ ਸਮਾਜ ਵਿੱਚ ਅਜਿਹੀਆਂ ਸ਼ਖ਼ਸੀਅਤਾਂ ਦੀ ਕਮੀ ਮਹਿਸੂਸ ਕੀਤੀ ਜਾਂਦੀ ਹੈ, ਜੋ ਨਿਸ਼ਕਾਮ ਭਾਵਨਾ ਨਾਲ ਸੰਸਥਾਵਾਂ ਅਤੇ ਸਾਹਿਤ ਦੀ ਸੇਵਾ ਕਰਦੀਆਂ ਹਨ। ਇਸ ਮੌਕੇ ਮੁੱਖ ਵਕਤਾ, ਵਿਸ਼ੇਸ਼ ਮਹਿਮਾਨ, ਮੁੱਖ ਮਹਿਮਾਨ ਅਤੇ ਸਮਾਗਮ ਦੇ ਪ੍ਰਧਾਨ ਨੂੰ ਯਾਦਗਾਰੀ ਚਿੰਨ੍ਹ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਨਗਰ ਸੈਂਪਲੀ ਵੱਲੋਂ ਕਰਮਿੰਦਰ ਸਿੰਘ ਤੇ ਤਰਲੋਚਨ ਕੌਰ ਨੇ ਆਪਣੇ ਪਿੰਡ ਦੀ ਧੀ ? ਪਰਮਜੀਤ ਕੌਰ ਸਰਹਿੰਦ ਦਾ ਮਾਣ ਸਨਮਾਨ ਇੱਕ ਸਨਮਾਨ ਪੱਤਰ, ਸਾ ?ਲ ਤੇ ਨਕਦ ਰਾਸ਼ੀ ਨਾਲ ਕੀਤਾ ਤੇ ਪਰਮਜੀਤ ਕੌਰ ਸਰਹਿੰਦ ਦੇ ਪੋਤਰੇ ਪੂਨਮ ਪ੍ਰਤੀਕ ਸਿੰਘ ਨੂੰ ਦਸਤਾਰ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਦੇ ਨਾਲ-ਨਾਲ ਪੋਤਰੀ ਸਾਹਿਬ ਸਬਾਬ ਕੌਰ, ਨੂੰਹ ਰੁਪਿੰਦਰ ਜੀਤ ਕੌਰ ਰਵੀ ਅਤੇ ਧੀਆਂ ਸੰਦੀਪ ਕੌਰ ਤੇ ਮਨਦੀਪ ਕੌਰ ਦਾ ਵੀ ਸਨਮਾਨ ਕੀਤਾ ਗਿਆ।

# ਕਰਨ ਹਸਪਤਾਲ ਵਿਖੇ ਹੱਡੀਆਂ ਦਾ ਮੁਫਤ ਜਾਂਚ ਕੈਂਪ ਲਗਾਇਆ

ਬੰਗਾ, 22 ਫਰਵਰੀ (ਪ੍ਰਭਜੋਤ ਸਿੰਘ): ਕਰਨ ਹਸਪਤਾਲ ਅਤੇ ਮੈਟਰਨਿਟੀ ਹੋਮ ਹੀਉਂ ਰੋਡ ਬੰਗਾ ਵਿਖੇ ਹੱਡੀਆਂ ਦੀ ਜਾਂਚ ਕੈਂਪ ਲਗਾਇਆ ਗਿਆ। ਜਿਸ ਵਿੱਚ ਮਾਹਰ ਡਾਕਟਰਾਂ ਦੀ ਟੀਮ ਵਲੋਂ ਹੱਡੀਆਂ ਵਿੱਚ ਕੈਲਸ਼ੀਅਮ ਦੀ ਮਾਤਰਾ ਚੈੱਕ ਕੀਤੀ ਅਤੇ ਲੋੜਵੰਦ ਮਰੀਜਾਂ ਨੂੰ ਮੁਫਤ ਦਵਾਈਆਂ ਦਿੱਤੀਆਂ ਗਈਆਂ। ਇਸ ਮੌਕੇ ਮਰੀਜਾਂ ਨੂੰ ਸੰਤੁਲਨ ਭੋਜਨ ਲੈਣ ਅਤੇ ਰੋਜਾਨਾ ਕਸਰਤ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਜਾਣਕਾਰੀ ਦਿੰਦਿਆਂ ਕਰਨ ਹਸਪਤਾਲ ਬੰਗਾ ਦੇ ਐਮ ਡੀ ਅਤੇ ਮੁੱਖ ਸਰਜਨ ਡਾ. ਬਖਸ਼ੀਸ਼ ਸਿੰਘ ਨੇ ਦੱਸਿਆ ਕਿ ਇਸ ਕੈਂਪ ਵਿੱਚ ਹੱਡੀਆਂ ਦੀ ਚੈੱਕ ਅੱਪ ਬਿਲਕੁਲ ਮੁਫਤ ਕੀਤੀ ਗਈ ਅਤੇ ਭਾਰੀ ਗਿਣਤੀ ਵਿੱਚ ਮਰੀਜਾਂ ਨੇ ਪਹੁੰਚ ਕੇ ਇਸਦਾ ਲਾਭ ਉਠਾਇਆ। ਉਹਨਾਂ ਅੱਗੇ ਕਿਹਾ ਕਿ ਮਰੀਜਾਂ ਨੂੰ ਅਗਰ ਕੋਈ ਬਿਮਾਰੀ ਬਾਰੇ ਸ਼ੱਕ ਪੈਂਦਾ ਹੈ ਤਾਂ ਤੁਰੰਤ ਮਾਹਰ ਡਾਕਟਰ ਦੀ ਸਲਾਹ ਲੈਣ ਨਹੀਂ ਤਾਂ ਬਿਮਾਰੀ ਗੰਭੀਰ ਰੂਪ ਧਾਰਨ ਕਰ ਲੈਂਦੀ ਹੈ ਤੇ ਮਰੀਜ ਨੂੰ ਇਲਾਜ ਕਰਵਾਉਣਾ ਮੁਸ਼ਕਿਲ ਹੋ ਜਾਂਦਾ ਹੈ। ਡਾਕਟਰ ਕੋਲੋਂ ਕੋਈ ਵੀ ਬਿਮਾਰੀ ਛੁਪਾਕੇ ਨਾ ਰੱਖੋ। ਇਸ ਮੌਕੇ ਮਾਹਰ ਡਾਕਟਰਾਂ ਦੀ ਟੀਮ ਵਲੋਂ ਹੱਡੀਆਂ ਵਿੱਚ ਕੈਲਸ਼ੀਅਮ ਦੀ ਮਾਤਰਾ (ਬੋਨ ਮਿਨਰਲ ਡਿਨਸਿਟੀ) ਆਧੁਨਿਕ ਮਸ਼ੀਨਾਂ ਦੀ ਮਦਦ ਨਾਲ ਚੈੱਕ ਕੀਤੀ। ਇਸ ਟੈਸਟ ਦੀ ਕੀਮਤ ਦੋ ਹਜਾਰ ਰੁਪਏ ਹੈ ਜੋ ਕਿ ਕੈਂਪ ਵਿੱਚ ਬਿਲਕੁਲ ਮੁਫਤ ਕੀਤੀ ਗਈ ਅਤੇ ਲੋੜਵੰਦ ਮਰੀਜਾਂ ਨੂੰ ਮੁਫਤ ਦਵਾਈਆਂ ਦਿੱਤੀਆਂ ਗਈਆਂ ਤੇ ਮਰੀਜਾਂ ਲਈ ਚਾਹ ਪਾਣੀ ਦਾ ਪ੍ਰਬੰਧ ਕੀਤਾ ਗਿਆ। ਇਸ ਮੌਕੇ ਰਜਿੰਦਰ ਸ਼ਰਮਾ, ਮਲਕੀਤ ਸਿੰਘ ਬਾਹੜੋਵਾਲ, ਕੁਲਵਰਨ ਸਿੰਘ ਗਿੱਲ ਥਾਂਦੀਆਂ, ਸਤਵੀਰ ਸਿੰਘ ਪੱਲੀਝਿੱਕੀ ਨੇ ਇਸ ਮੁਫਤ ਲਗਾਏ ਕੈਂਪ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਡਾਕਟਰ ਬਖਸ਼ੀਸ਼ ਸਿੰਘ ਹਰ ਵੇਲੇ ਲੋੜਵੰਦਾਂ ਦੀ ਹਮੇਸ਼ਾਂ ਮਦਦ ਲਈ ਤਿਆਰ ਰਹਿੰਦੇ ਹਨ। ਇਸ ਤਰਾਂ ਦੇ ਕੈਂਪ ਲਗਾਉਣ ਨਾਲ ਮਰੀਜਾਂ ਨੂੰ ਕਾਫੀ ਰਾਹਤ ਮਿਲਦੀ ਹੈ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਬਲਵੀਰ ਰਾਮ ਪਟਵਾਰੀ, ਪ੍ਰਸ਼ੋਤਮ ਲਾਲ, ਰਾਮ ਲਾਲ ਮਹੇ, ਪ੍ਰਿਤਪਾਲ ਸਿੰਘ, ਅਮਿੱਤ ਕੁਮਾਰ ਭੰਮੀ, ਬਿਸ਼ਨ ਦਾਸ ਮਜਾਰੀ, ਪਰਮਜੀਤ ਸਿੰਘ, ਮਲਕੀਤ ਸਿੰਘ, ਮਹਿੰਦਰ ਸਿੰਘ, ਸੁਰਿੰਦਰ ਸਿੰਘ, ਮਨਪ੍ਰੀਤ ਕੌਰ, ਲਖਵਿੰਦਰ ਕੌਰ, ਬਲਜਿੰਦਰ ਕੌਰ, ਗੁਰਦੀਪ ਕੌਰ, ਕਾਜਲ, ਜਸਪ੍ਰੀਤ, ਹਰਮਨ, ਅੰਜਲੀ, ਬਬਿਤਾ, ਪੂਨਮ, ਪਰਮਜੀਤ ਕੌਰ, ਅਮਰਜੀਤ, ਨਿਰਮਲਾ, ਸੰਤੋਸ਼, ਚਮਨ ਲਾਲ, ਸੰਜੀਵ ਆਦਿ ਹਾਜਰ ਸਨ।

# ਸਰਕਾਰ ਤੋਂ ਦੁਖੀ ਹੋ ਕੇ ਪੰਜਾਬ ਦੇ ਲੋਕ ਸ਼੍ਰੋਮਣੀ ਅਕਾਲੀ ਦਲ 'ਚ ਸ਼ਾਮਿਲ ਹੋ ਰਹੇ ਨੇ :ਲਖਵਿੰਦਰ ਸਿੰਘ ਲੱਖੀ

ਟਾਂਡਾ ਉੜਮੁੜ 21 ਫਰਵਰੀ (ਅਰਜੁਨ ਜੈਨ) ਹਲਕਾ ਮੁਕੇਰੀਆਂ ਤੋਂ ਸ਼੍ਰੋਮਣੀ ਅਕਾਲੀ ਦਲ ਨੂੰ ਉਸ ਸਮੇਂ ਵੱਡਾ ਵੱਲ ਮਿਲਿਆ ਜਦੋਂ ਹਲਕੇ ਦੇ ਨੌਜਵਾਨ ਸਰਪੰਚ ਅਤੇ ਸਮਾਜ ਸੇਵਕ ਸੰਦੀਪ ਸਿੰਘ ਸੰਨੀ ਪਿੰਡ ਗਾਲੜੀਆਂ ਸਾਥੀਆਂ ਸਮੇਤ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਿਲ ਹੋਏ ◆ ਇਸ ਮੌਕੇ ਤੇ ਹਲਕਾ ਮਕੇਰੀਆਂ ਦੇ ਅਕਾਲੀ ਆਗੂ ਜਥੇਦਾਰ ਕਿਰਪਾਲ ਸਿੰਘ ਗੇਰਾ ,ਜਥੇਦਾਰ ਈਸ਼ਰ ਸਿੰਘ ਮੰਝਪੁਰ, ਲਖਵਿੰਦਰ ਸਿੰਘ ਟਿੰਮੀ, ਹਲਕਾ ਇੰਚਾਰਜ ਸ਼ਾਮ 84 ਸੰਦੀਪ ਸਿੰਘ ਸੀਕਰੀ, ਸੀਨੀਅਰ ਅਕਾਲੀ ਆਗੂ ਸਰਬਜੀਤ ਸਿੰਘ ਮੋਮੀ, ਅੰਮ੍ਰਿਤ ਪਾਲ ਸਿੰਘ ਮੰਝਪੁਰ,ਗੁਰਦਿਆਲ ਸਿੰਘ ਉਲਾਹਾ ਸਰਕਲ ਪ੍ਰਧਾਨ ਹਾਜੀਪੁਰ ,ਸੁਖਚੈਨ ਸਿੰਘ ਸਰਕਲ ਪ੍ਰਧਾਨ ਬੇਲਾ ਸਰਿਆਨਾ, ਫਤਿਹ ਸਿੰਘ ਸਰਕਲ ਪ੍ਰਧਾਨ ਦਗਨ ਅਤੇ ਹੋਰ ਅਕਾਲੀ ਆਗੂਆ ਦੀ ਹਾਜ਼ਰੀ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਸਰਦਾਰ ਲਖਵਿੰਦਰ ਸਿੰਘ ਲੱਖੀ ਨੇ ਸਰਪੰਚ ਸੰਦੀਪ ਸਿੰਘ ਸਨੀ ਦਾ ਲੱਖੀ ਪਲਾਜਾ ਟਾਂਡਾ ਉੜਮੁੜ ਵਿਖੇ ਸਥਿਤ ਆਪਣੇ ਦਫਤਰ ਵਿਖੇ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਿਲ ਸ਼ਾਮਿਲ ਕੀਤਾ ਅਤੇ ਸਰੋਪਾਓ ਦੇ ਕੇ ਸਨਮਾਨ ਕੀਤਾ ◆ ਇਸ ਮੌਕੇ ਤੇ ਜ਼ਿਲ੍ਹਾ ਪ੍ਰਧਾਨ



ਲਖਵਿੰਦਰ ਸਿੰਘ ਲੱਖੀ ਨੇ ਕਿਹਾ ਕਿ ਸ਼੍ਰੋਮਣੀ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਰਦਾਰ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਸ਼੍ਰੋਮਣੀ ਅਕਾਲੀ ਦਲ ਦਾਇਰਾ ਦਿਨੋ ਦਿਨ ਵੱਡਾ ਹੋ ਰਿਹਾ ਹੈ ਅਤੇ ਹਰ ਰੋਜ਼ ਲੋਕ ਹੋਰਨਾਂ ਪਾਰਟੀਆਂ ਨੂੰ ਅਲਵਿਦਾ ਆਖ ਕੇ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਿਲ ਹੋ ਰਹੇ ਹਨ ◆ ਉਹਨਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀਆਂ ਨੀਤੀਆਂ ਅਤੇ ਪਿਛਲੇ ਸਮੇਂ ਦੌਰਾਨ ਕੀਤੇ ਗਏ ਕੰਮਾਂ ਨੂੰ ਦੇਖਦਿਆਂ ਲੋਕ ਮੁੜ ਤੋਂ ਸ਼੍ਰੋਮਣੀ ਅਕਾਲੀ ਦਲ ਵਿੱਚ ਵੱਡੀ ਗਿਣਤੀ ਚ ਸ਼ਾਮਿਲ ਹੋ ਰਹੇ ਹਨ। ਸਰਦਾਰ ਲੱਖੀ ਨੇ ਕਿਹਾ ਕਿ ਅੱਜ ਦੀ ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਸਰਕਾਰ ਤੋਂ ਸੂਬੇ ਦਾ ਹਰੇਕ ਵਰਗ, ਹਰੇਕ ਨਾਗਰਿਕ ਦੁਖੀ ਹੈ ਅਤੇ ਇਸ ਸਰਕਾਰ ਤੋਂ ਸੂਬੇ ਦੇ ਲੋਕ ਆਪਣਾ ਖਹਿੜਾ ਛਡਵਾਉਣ ਲਈ 2027 ਦੀਆਂ ਵਿਧਾਨ ਸਭਾ ਦੀਆਂ ਚੋਣਾਂ ਦੀ ਉਡੀਕ ਬੇਸਬਰੀ ਨਾਲ ਕਰ ਰਹੇ ਹਨ। ਉਨਾਂ ਕਿਹਾ ਕਿ 2027 ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਪੰਜਾਬ ਦੇ ਲੋਕਾਂ ਵੱਲੋਂ ਨਵਾਂ ਇਤਿਹਾਸ ਸਿਰਜ ਕੇ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣਾਈ ਜਾਵੇਗੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਬਾਦਲ ਨੂੰ ਪੰਜਾਬ ਦਾ ਮੁੱਖ ਮੰਤਰੀ ਬਣਾਇਆ ਜਾਵੇਗਾ ਉਹਨਾਂ ਕਿਹਾ ਕਿ ਪੰਜਾਬ ਦੇ ਲੋਕ ਸਰਦਾਰ ਸੁਖਬੀਰ ਸਿੰਘ ਬਾਦਲ ਨੂੰ ਮੁੱਖ ਮੰਤਰੀ ਬਣਾਉਣ ਲਈ ਉਤਾਵਲੇ ਹਨ।

# ਐਮ.ਆਰ.ਪੀ.ਡੀ ਸਰਕਾਰੀ ਕਾਲਜ ਤਲਵਾੜਾ ਵਿੱਚ ਮਨਾਇਆ ਅੰਤਰ-ਰਾਸ਼ਟਰੀ ਮਾਂ ਬੋਲੀ ਦਿਵਸ

ਤਲਵਾੜਾ, 22 ਫਰਵਰੀ (ਜਗਮੋਹਨ ਸ਼ਰਮਾ): ਮਹੰਤ ਰਾਮ ਪ੍ਰਕਾਸ਼ ਦਾਸ ਸਰਕਾਰੀ ਕਾਲਜ, ਤਲਵਾੜਾ ਵਿੱਚ ਅੰਤਰ-ਰਾਸ਼ਟਰੀ ਮਾਂ ਬੋਲੀ ਦਿਵਸ ਬੜੇ ਹੀ ਉਤਸ਼ਾਹ ਤੇ ਸੱਭਿਆਚਾਰਕ ਰੂਪ 'ਚ ਮਨਾਇਆ ਗਿਆ। ਕਾਲਜ ਪ੍ਰਿੰਸੀਪਲ ਡਾ. ਰਾਜੀਵ ਖੋਸਲਾ ਦੀ ਸਰਪ੍ਰਸਤੀ ਹੇਠ ਪੰਜਾਬੀ ਵਿਭਾਗ ਵੱਲੋਂ ਭਾਈ ਕਾਨ੍ਹ



ਸਿੰਘ ਨਾਭਾ ਪੰਜਾਬੀ ਸਾਹਿਤ ਸਭਾ ਦੇ ਸਹਿਯੋਗ ਨਾਲ ਕਾਨਫਰੰਸ ਹਾਲ (ਆਈ ਹਾਲ) ਵਿੱਚ ਮੇਰੀ ਭਾਸ਼ਾ ਮੇਰਾ ਮਾਣ ਵਿਸ਼ੇ ਹੇਠ ਵਿਸ਼ੇਸ਼ ਸਮਾਗਮ ਦਾ ਆਯੋਜਨ ਕੀਤਾ ਗਿਆ। ਪ੍ਰੋਗਰਾਮ ਵਿੱਚ ਅਧਿਆਪਕਾਂ ਤੇ ਵਿਦਿਆਰਥੀਆਂ ਨੇ ਵੱਡੀ ਗਿਣਤੀ 'ਚ ਹਾਜ਼ਰੀ ਭਰੀ ਤੇ ਮਾਂ-ਬੋਲੀ ਪ੍ਰਤੀ ਆਪਣੇ ਜਜ਼ਬਾਤ ਪ੍ਰਗਟ ਕੀਤੇ। ਕਾਲਜ ਮੀਡੀਆ ਮੈਨੇਜਮੈਂਟ ਕਮੇਟੀ ਦੇ ਕਨਵੀਨਰ ਪ੍ਰੋ. ਅਜੈ ਕੁਮਾਰ ਅਰਸ਼ ਨੇ ਦੱਸਿਆ ਕਿ ਇਸ ਪ੍ਰੋਗਰਾਮ ਦੀ ਸ਼ੁਰੂਆਤ ਮਾਂ ਬੋਲੀ ਪੰਜਾਬੀ ਨੂੰ ਸਮਰਪਿਤ ਸ਼ਬਦਾਂ ਤੇ ਵਿਚਾਰਾਂ ਨਾਲ ਕੀਤੀ ਗਈ। ਇਸ ਮੌਕੇ ਵਿਦਿਆਰਥੀਆਂ ਵਿਚਕਾਰ ਭਾਸ਼ਣ ਪ੍ਰਤੀਯੋਗਤਾ, ਸੁੰਦਰ ਲਿਖਾਈ ਮੁਕਾਬਲਾ, ਪੋਸਟਰ ਤਿਆਰ ਕਰਨ ਦੀ ਪ੍ਰਤੀਯੋਗਤਾ ਤੇ ਸ਼ੁੱਧ ਸ਼ਬਦ ਲੇਖਨ ਜਿਹੇ ਰਚਨਾਤਮਕ ਮੁਕਾਬਲੇ ਕਰਵਾਏ ਗਏ । ਵਿਦਿਆਰਥੀਆਂ ਨੇ ਆਪਣੀ ਭਾਸ਼ਾ ਪ੍ਰਤੀ ਪਿਆਰ ਤੇ ਮਾਣ ਨੂੰ ਰਚਨਾਤਮਕ ਢੰਗ ਨਾਲ ਬਾਖ਼ੂਬੀ ਪੇਸ਼ ਕੀਤਾ। ਇਨ੍ਹਾਂ ਗਤੀਵਿਧੀਆਂ ਦਾ ਮੁੱਖ ਉਦੇਸ਼ ਵਿਦਿਆਰਥੀਆਂ ਵਿੱਚ ਮਾਤ ਭਾਸ਼ਾ ਪ੍ਰਤੀ ਸਨਮਾਨ ਤੇ ਜਾਗਰੂਕਤਾ ਪੈਦਾ ਕਰਨਾ ਹੈ। ਮੰਚ ਸੰਚਾਲਨ ਦੀ ਭੂਮਿਕਾ ਬੀ.ਏ ਸਮੈਸਟਰ ਛੇਵਾਂ ਦੀ ਵਿਦਿਆਰਥਣ ਮਨਦੀਪ ਕੌਰ ਨੇ ਨਿਭਾਈ। ਮੁਕਾਬਲਿਆਂ ਦੌਰਾਨ ਪ੍ਰੋ. ਅਜੈ ਕੁਮਾਰ ਅਰਸ਼ ਤੇ ਪ੍ਰੋ. ਦਲਵਿੰਦਰ ਪਾਲ ਸਿੰਘ ਨੇ ਜੱਜ ਵਜੋਂ ਨਿਰਪੱਖ ਤੇ ਮਹੱਤਵਪੂਰਨ ਭੂਮਿਕਾ ਨਿਭਾਈ ਤੇ ਵਿਦਿਆਰਥੀਆਂ ਨੂੰ ਉਤਸ਼ਾਹਿਤ ਕੀਤਾ।ਪੋਸਟਰ ਮੁਕਾਬਲੇ ਵਿੱਚ ਕ੍ਰਮਵਾਰ ਪਹਿਲੇ, ਦੂਸਰੇ ਤੇ ਤੀਸਰੇ ਸਥਾਨ @ਤੇ ਮੁਸਕਾਨ, ਸੁਨੈਨਾ ਤੇ ਕੋਮਲ ਰਹੇ। ਸ਼ੁੱਧ ਸ਼ਬਦ ਲੇਖਣ ਮੁਕਾਬਲੇ ਵਿੱਚ ਪਹਿਲਾ ਸਥਾਨ ਨੈਨਸੀ, ਦੂਸਰਾ ਸਥਾਨ ਪ੍ਰਿਆ ਤੇ ਕਾਜਲ ਚੌਧਰੀ ਤੇ ਤੀਸਰਾ ਸਥਾਨ ਰਿਤੂ ਚੌਧਰੀ ਨੇ ਪ੍ਰਾਪਤ ਕੀਤਾ। ਸੁੰਦਰ ਲਿਖਾਈ ਮੁਕਾਬਲੇ ਵਿੱਚ ਪਹਿਲਾ ਸਥਾਨ ਸੁਰਜੀਤ ਕੌਰ, ਦੂਸਰਾ ਸਥਾਨ ਸਾਨੀਆ ਤੇ ਤੀਸਰਾ ਸਥਾਨ ਪ੍ਰਵੀਨ ਕੁਮਾਰੀ ਨੇ ਪ੍ਰਾਪਤ ਕੀਤਾ। ਭਾਸ਼ਣ ਪ੍ਰਤੀਯੋਗਤਾ ਮੁਕਾਬਲੇ ਵਿੱਚ ਆਂਚਲ ਪਹਿਲੇ, ਸੁਹਾਨੀ ਦੂਸਰੇ ਤੇ ਮਨਦੀਪ ਕੌਰ ਤੇ ਸੁਮਨਦੀਪ ਕੌਰ ਤੀਸਰੇ ਸਥਾਨ @ਤੇ ਰਹੇ। ਇਸ ਅਵਸਰ 'ਤੇ ਸੰਬੋਧਨ ਕਰਦਿਆਂ ਪ੍ਰਿੰਸੀਪਲ ਡਾ. ਰਾਜੀਵ ਖੋਸਲਾ ਨੇ ਕਿਹਾ ਕਿ ਮਾਤ ਭਾਸ਼ਾ ਕਿਸੇ ਵੀ ਕੌਮ ਦੀ ਆਤਮਾ ਹੁੰਦੀ ਹੈ। ਭਾਸ਼ਾ ਸਿਰਫ ਸੰਚਾਰ ਦਾ ਸਾਧਨ ਨਹੀਂ, ਸਗੋਂ ਸਾਡੀ ਵਿਰਾਸਤ, ਸੱਭਿਆਚਾਰ ਤੇ ਸੰਸਕਾਰਾਂ ਦੀ ਪਹਿਚਾਣ ਹੈ। ਉਨ੍ਹਾਂ ਕਿਹਾ ਕਿ ਗਲੋਬਲ ਯੁੱਗ ਵਿੱਚ ਆਪਣੀ ਮਾਂ ਬੋਲੀ ਨਾਲ ਜੁੜੇ ਰਹਿਣਾ ਸਾਡੀ ਸੱਭਿਆਚਾਰਕ ਪਛਾਣ ਨੂੰ ਮਜ਼ਬੂਤ ਬਣਾਉਂਦਾ ਹੈ। ਇਸ ਲਈ ਸਾਨੂੰ ਸਾਰਿਆਂ ਨੂੰ ਆਪਣੀ ਮਾਂ ਬੋਲੀ ਦਾ ਆਦਰ ਤੇ ਸਤਿਕਾਰ ਕਰਨ ਦੇ ਨਾਲ-ਨਾਲ ਇਸ ਦੀ ਉੱਨਤੀ ਵਿੱਚ ਮਹੱਤਵਪੂਰਨ ਯੋਗਦਾਨ ਪਾਉਣਾ ਚਾਹੀਦਾ ਹੈ।ਸਮਾਗਮ ਦੇ ਅੰਤ ਵਿੱਚ ਪੰਜਾਬੀ ਵਿਭਾਗ ਦੀ ਮੁਖੀ ਪ੍ਰੋ. ਰੁਪਾਲੀ ਵਰਮਾ ਨੇ ਪ੍ਰਿੰਸੀਪਲ, ਸਟਾਫ਼ , ਪੰਜਾਬੀ ਸਾਹਿਤ ਸਭਾ ਦੇ ਮੈਂਬਰਾਂ ਅਤੇ ਵਿਦਿਆਰਥੀਆਂ ਦਾ ਵਿਸ਼ੇਸ਼ ਤੌਰ @ਤੇ ਧੰਨਵਾਦ ਕੀਤਾ ਤੇ ਭਰੋਸਾ ਦਿਵਾਇਆ ਕਿ ਭਵਿੱਖ ਵਿੱਚ ਵੀ ਪੰਜਾਬੀ ਵਿਭਾਗ ਵੱਲੋਂ ਪ੍ਰਿੰਸੀਪਲ ਡਾ.ਰਾਜੀਵ ਖੋਸਲਾ ਦੀ ਰਹਿਨੁਮਾਈ ਹੇਠ ਅਜਿਹੇ ਸਾਹਿਤਕ ਤੇ ਸੱਭਿਆਚਾਰਕ ਪ੍ਰੋਗਰਾਮ ਆਯੋਜਿਤ ਕਰਨ ਦੀ ਤਨਦੇਹੀ ਨਾਲ ਕੋਸ਼ਿਸ਼ ਕੀਤੀ ਜਾਂਦੀ ਰਹੇਗੀ। ਇਹ ਸਮਾਗਮ ਵਿਦਿਆਰਥੀਆਂ ਲਈ ਪ੍ਰੇਰਨਾਦਾਇਕ ਅਤੇ ਯਾਦਗਾਰ ਸਾਬਤ ਹੋਇਆ, ਜਿਸ ਨਾਲ ਕਾਲਜ ਵਿੱਚ ਭਾਸ਼ਾਈ ਤੇ ਸੱਭਿਆਚਾਰਕ ਵਾਤਾਵਰਣ ਨੂੰ ਹੋਰ ਮਜ਼ਬੂਤੀ ਮਿਲੀ। ਇਸ ਮੌਕੇ ਉੱਤੇ ਪ੍ਰੋ. ਸੁਸ਼ਮਾ ਕੁਮਾਰੀ, ਪ੍ਰੋ. ਅਮਰਜੀਤ ਕੌਰ ਪ੍ਰੋ. ਜਤਿੰਦਰ ਕੁਮਾਰ ਪ੍ਰੋ. ਸਾਕਸ਼ੀ ਜੱਗੀ, ਪ੍ਰੋ. ਕੋਮਲ ਅਤੇ ਵੱਡੀ ਗਿਣਤੀ ਵਿੱਚ ਵਿਦਿਆਰਥੀ ਹਾਜ਼ਰ ਸਨ।

# ਕੁੰਡਾਲ ਪਰਿਵਾਰ ਵੱਲੋਂ ਸ. ਦਿਲਬਾਗ ਸਿੰਘ 7ਵਾਂ ਅੱਖਾਂ ਦਾ ਮੁ.ਫਤ ਕੈਂਪ ਲਗਾਇਆ





ਗੜ੍ਹਦੀਵਾਲਾ 22 ਫਰਵਰੀ (ਗੌਰਵ )- ਕੁੰਡਾਲ ਪਰਿਵਾਰ ਵਲੋਂ ਸ. ਦਿਲਬਾਗ ਸਿੰਘ ਸਾਬਕਾ ਸੰਮਤੀ ਮੈਂਬਰ ਦੀ ਯਾਦ ਨੂੰ ਸਮਰਪਿਤ ਸੱਤਵਾਂ ਵਿਸ਼ਾਲ ਅੱਖਾਂ ਦਾ ਅਤੇ ਖ਼ੂਨਦਾਨ ਕੈਂਪ ਲਗਾਇਆ ਗਿਆ। ਇਸ ਮੌਕੇ ਤੇ ਸਭ ਤੋਂ ਪਹਿਲਾਂ ਸੰਤ ਬਾਬਾ ਸੇਵਾ ਸਿੰਘ ਕਨੇਡਾ ਰਾਮਪੁਰ ਖੇੜਾ ਸਾਹਿਬ ਵਾਲਿਆਂ ਨੇ ਅਰਦਾਸ ਕਰ ਕੀਤਾ। ਇਸ ਕੈਂਪ ਵਿੱਚ ਮੁੱਖ ਤੌਰ ਤੇ ਸਰਦਾਰ ਹਰਜਿੰਦਰ ਸਿੰਘ ਧਾਮੀ ਪ੍ਰਧਾਨ ਐਸਜੀਪੀਸੀ , ਲਖਵਿੰਦਰ ਸਿੰਘ ਲੱਖੀ ਗਿਲਜੀਆਂ, ਅਰਵਿੰਦਰ ਸਿੰਘ ਰਸੂਲਪੁਰ, ਐਮਐਲਏ ਦਸੂਹਾ ਕਰਮਵੀਰ ਸਿੰਘ ਘੁੰਮਣ ਤੇ ਉਹਨਾਂ ਦੇ ਪਿਤਾ ਜਗਮੋਹਨ ਸਿੰਘ ਬੱਬੂ, ਗੁਰਦੀਪ ਸਿੰਘ ਦਾਰਾਪੁਰ ਸਰਕਲ ਪ੍ਰਧਾਨ ਸ਼੍ਰਿਰੋਮਣੀ ਅਕਾਲੀ ਦਲ ਇਸ ਕੈਂਪ ਵਿੱਚ ਵਿਸ਼ੇਸ਼ ਤੌਰ ਤੇ ਪਹੁੰਚੇ ਇਸ ਮੌਕੇ ਤੇ ਸਪੁੱਤਰ ਹਰਪ੍ਰੀਤ ਸਿੰਘ,ਨਸੀਬ ਸਿੰਘ ਨੇ ਸਭ ਦਾ ਜੀ ਆਇਆ ਆਖਿਆ॥ਉਸ ਦੇ ਉਪਰੰਤ ਪੰਜਾਬ ਦੇ ਪ੍ਰਸਿੱਧ ਡਾਕਟਰ ਡਾ. ਪਰਮਿੰਦਰ ਸਿੰਘ ਥਿੰਦ ਅਤੇ ਡਾ. ਤਰਸੇਮ ਭਾਰਤੀ ਬੇਗੋਵਾਲ ਆਈ ਹਸਪਤਾਲ, ਅਤੇ ਉਹਨਾਂ ਦੀ ਟੀਮ ਵਲੋਂ ਆਏ ਹੋਏ ਮਰੀਜ਼ਾਂ ਦੀ ਅੱਖਾਂ ਦੀ ਜਾਂਚ ਕੀਤੀ ਗਈ। ਇਸ ਮੌਕੇ ਡਾਕਟਰ ਪਰਮਿੰਦਰ ਸਿੰਘ ਥਿੰਦ ਨੇ ਦੱਸਿਆ ਕਿ 100 ਦੇ ਕਰੀਬ ਮਰੀਜ਼ਾਂ ਨੂੰ ਆਪਰੇਸ਼ਨ ਕਰਾਉਣ ਲਈ ਆਖਿਆ ਗਿਆ। ਘੁੰਡਾਲ ਪਰਿਵਾਰ ਵੱਲੋਂ ਇਹਨਾਂ ਮਰੀਜ਼ਾਂ ਦਾ ਮੁਫਤ ਵਿੱਚ ਆਪਰੇਸ਼ਨ ਕਰਵਾਇਆ ਜਾਵੇਗਾ। ਮੌਕੇ ਤੇ ਮੋਹਨ ਕਲੀਨਿਕ ਗੜ੍ਹਦੀਵਾਲਾ ਵਲੋਂ ਡਾਕਟਰ ਅਜੇ ਥੰਮਣ ਅਤੇ ਰੇਖਾ, ਦੀਆ,ਮਰੀਜ਼ਾਂ ਦਾ ਮੈਡੀਕਲ ਚੈੱਕ-ਅੱਪ ਫਰੀ ਵਿੱਚ ਕੀਤਾ ਗਿਆ ਅਤੇ ਉਹਨਾਂ ਨੂੰ ਮੁਫਤ ਵਿੱਚ ਦਵਾਈਆਂ ਵੰਡੀਆਂ ਗਈਆਂ। ਖਬਰ ਲਿਖੇ ਜਾਣ ਤੱਕ 200 ਦੇ ਕਰੀਬ ਮਰੀਜ਼ਾਂ ਨੂੰ ਦਵਾਈਆਂ ਵੰਡੀਆਂ ਜਾ ਚੁੱਕੀਆਂ ਸਨ। ਇਸ ਮੌਕੇ ਤੇ ਆਏ ਹੋਏ ਸਾਰੇ ਡਾਕਟਰਾਂ ਅਤੇ ਪਤਵੰਤੇ ਸੱਜਣਾਂ ਨੂੰ ਪਰਿਵਾਰ ਵੱਲੋਂ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਤੇ ਸਤਨਾਮ ਸਿੰਘ ਖੁਰਦਾ,ਅਮਨਪ੍ਰੀਤ ਸਿੰਘ, ਕੁਲਵੀਰ ਸਿੰਘ ਸਹੋਤਾ, ਪਮ ਤਲਵੰਡੀ ਜੱਟਾ, ਕੁਲਵਿੰਦਰ ਸਿੰਘ, ਗੁਰਜੀਤ ਸਿੰਘ ਨਿਊਜ਼ੀਲੈਂਡ, ਸੇਵਾ ਸਿੰਘ ਕਨੇਡਾ, ਸੁਖਜੀਤ ਕੌਰ ,ਰਣਜੀਤ ਕੌਰ, ਸਤਨਾਮ ਸਿੰਘ ਯੂਐਸਏ,ਲਖਬੀਰ ਕੌਰ, ਇੰਦਰਜੀਤ ਸਿੰਘ ਯੂਕੇ , ਹੀਰਾ ਸਿੰਘ ਯੂਕੇ, ਭਗਤ ਸਿੰਘ ਸਰਪੰਚ ਗੁਰਦਾਸਪੁਰ, ਸਤਬੀਰ ਸਿੰਘ ਸਾਬਕਾ ਸਰਪੰਚ ਖਿਆਲਾ ,, ਸਰਬਜੀਤ ਸਿੰਘ, ਸਤਪਾਲ ਸਿੰਘ, ਅਵਤਾਰ ਸਿੰਘ ਗਿੱਲ ਲੁਧਿਆਣਾ, ਹਰਬੰਸ ਸਿੰਘ ਖਿਆਲਾ ਬੁਲੰਦਾ, ਜਗਮੋਹਨ ਸਿੰਘ ਜਲੰਧਰ, ਸੰਦੀਪ ਸਿੰਘ ਖੜਦੇੜ ਚਲੋ, ਹਰਪ੍ਰੀਤ ਇਟਲੀ ਨਸੀਬ ਸਿੰਘ, ਅਤੇ ਪਿੰਡ ਵਾਸੀ ਅਤੇ ਮਰੀਜ਼ ਹਾਜ਼ਰ ਸਨ॥

# ਸੇਠ ਸੰਦੀਪ ਗਿਲਹੋਤਰਾ ਦੀ ਅੰਤਿਮ ਅਰਦਾਸ ਵਿੱਚ ਉਮੜਿਆ ਸ਼ਰਧਾ ਅਤੇ ਸਤਿਕਾਰ ਦਾ ਜਨ-ਸੈਲਾਬ

ਫਾਜ਼ਿਲਕਾ, 22 ਫਰਵਰੀ (ਬਖ਼ਸ਼ੀਸ਼/ਜਸਪ੍ਰੀਤ ਸਿੰਘ) ਕੁਝ ਲੋਕ ਜੀਵਨ ਜਿਉਂਦੇ ਨਹੀਂ, ਸਗੋਂ ਇਕ ਯੁੱਗ ਰਚ ਜਾਂਦੇ ਹਨ। ਜਦੋਂ ਅਜਿਹੀਆਂ ਸ਼ਖ਼ਸੀਅਤਾਂ ਇਸ ਸੰਸਾਰ ਤੋਂ ਵਿਦਾ ਹੁੰਦੀਆਂ ਹਨ ਤਾਂ ਸੋਗ ਸਿਰਫ਼ ਪਰਿਵਾਰ ਤੱਕ ਸੀਮਤ ਨਹੀਂ ਰਹਿੰਦਾ—ਪੂਰਾ ਸ਼ਹਿਰ, ਪੂਰਾ ਸਮਾਜ ਉਸ ਨੂੰ ਆਪਣਾ ਨਿੱਜੀ ਘਾਟਾ ਮੰਨਦਾ ਹੈ। ਮਸ਼ਹੂਰ ਸਮਾਜ ਸੇਵੀ ਅਤੇ ਦਿੱਗਜ ਸ਼ਖ਼ਸੀਅਤ ਸਵਰਗੀ ਸੇਠ ਸੰਦੀਪ ਗਿਲਹੋਤਰਾ ਦੀ ਅੰਤਿਮ ਅਰਦਾਸ ਵਿੱਚ ਅੱਜ ਭਾਵਨਾਵਾਂ ਦਾ ਅਜਿਹਾ ਸੈਲਾਬ ਉਮੜਿਆ, ਜਿਸ ਨੇ ਇਹ ਸਾਬਤ ਕਰ ਦਿੱਤਾ ਕਿ ਸੇਠ ਸੰਦੀਪ ਗਿਲਹੋਤਰਾ ਸਿਰਫ਼ ਇਕ ਨਾਂ ਨਹੀਂ, ਸਗੋਂ ਵਿਸ਼ਵਾਸ, ਸੇਵਾ ਅਤੇ ਇਨਸਾਨੀਅਤ ਦੀ ਪਛਾਣ ਸਨ।



**ਪੰਜਾਬ, ਹਰਿਆਣਾ ਅਤੇ ਗੁਆਂਢੀ ਰਾਜਾਂ ਤੋਂ ਹਜ਼ਾਰਾਂ ਲੋਕ ਹੋਏ ਸ਼ਾਮਲ**

ਸਵ. ਸੇਠ ਸੰਦੀਪ ਗਿਲਹੋਤਰਾ ਦੀ ਅੰਤਿਮ ਅਰਦਾਸ ਵਿੱਚ ਸ਼ਰਧਾ ਅਤੇ ਸਤਿਕਾਰ ਦਾ ਅਜਿਹਾ ਸੰਗਮ ਦੇਖਣ ਨੂੰ ਮਿਲਿਆ, ਜਿਸ ਨੇ ਇਹ ਸਾਬਤ ਕਰ ਦਿੱਤਾ ਕਿ ਉਹ ਸਿਰਫ਼ ਇੱਕ ਵਿਅਕਤੀ ਨਹੀਂ, ਸਗੋਂ ਇੱਕ ਸੰਸਥਾ ਸਨ। ਐਮ.ਆਰ. ਕਾਲੋਨੀ ਦੇ ਨੇੜੇ ਐਮ.ਆਰ. ਗੋਲਡ ਵੁੱਡ ਵਿਖੇ ਆਯੋਜਿਤ ਇਸ ਸ਼ੋਕ ਸਭਾ ਵਿੱਚ ਪੰਜਾਬ, ਹਰਿਆਣਾ ਅਤੇ ਗੁਆਂਢੀ ਰਾਜਾਂ ਤੋਂ ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਪਹੁੰਚੇ। ਜ਼ਿਕਰਯੋਗ ਹੈ ਕਿ ਸਵ. ਸੰਦੀਪ ਗਿਲਹੋਤਰਾ, ਪ੍ਰਮੁੱਖ ਸਮਾਜ ਸੇਵੀ ਕਰਨ ਗਿਲਹੋਤਰਾ ਦੇ ਪਿਤਾ ਅਤੇ ਪੰਜਾਬ ਦੇ ਕੈਬਨਿਟ ਮੰਤਰੀ ਅਮਨ ਅਰੋੜਾ ਦੇ ਸਹੁਰਾ ਸਾਹਿਬ ਸਨ।

**ਪੰਜਾਬ ਅਤੇ ਹਰਿਆਣਾ ਦੇ ਰਾਜਪਾਲਾਂ ਨੇ ਅਰਪਿਤ ਕੀਤੇ ਸ਼ਰਧਾ ਦੇ ਫੁੱਲ**

ਸਵ. ਸੰਦੀਪ ਗਿਲਹੋਤਰਾ ਦੇ ਸਮਾਜਿਕ ਕੱਦ ਦਾ ਅੰਦਾਜ਼ਾ ਇਸੇ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਉਨ੍ਹਾਂ ਨੂੰ ਸ਼ਰਧਾਂਜਲੀ ਦੇਣ ਲਈ ਰਾਜਨੀਤੀ ਦੇ ਦਿੱਗਜ ਇਕ ਮੰਚ @ਤੇ ਨਜ਼ਰ ਆਏ। ਮਾਨਯੋਗ ਰਾਜਪਾਲ ਪੰਜਾਬ ਅਤੇ ਹਰਿਆਣਾ ਦੇ ਰਾਜਪਾਲਾਂ ਨੇ ਵਿਸ਼ੇਸ਼ ਤੌਰ @ਤੇ ਸ਼ਾਮਲ ਹੋ ਕੇ ਸੋਗ ਪ੍ਰਗਟ ਕੀਤਾ। ਇਸ ਦੁਖਦਾਈ ਘੜੀ ਵਿੱਚ ਆਮ ਆਦਮੀ ਪਾਰਟੀ, ਕਾਂਗਰਸ, ਭਾਜਪਾ ਅਤੇ ਸ਼ਿਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂਆਂ ਨੇ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਹਾਜ਼ਰੀ ਭਰੀ। ਸ਼ਰਧਾਂਜਲੀ ਭੇਟ ਕਰਨ ਵਾਲਿਆਂ ਵਿੱਚ ਪੰਜਾਬ ਦੇ ਰਾਜਪਾਲ ਸ੍ਰੀ ਗੁਲਾਬ ਚੰਦ ਕਟਾਰੀਆ, ਹਰਿਆਣਾ ਦੇ ਰਾਜਪਾਲ ਪ੍ਰੋ. ਅਸੀਮ ਘੋਸ਼, ਹਰਿਆਣਾ ਦੀ ਫਰਸਟ ਲੇਡੀ ਸ੍ਰੀਮਤੀ ਮਿਤਰਾ ਘੋਸ਼, ਦਿੱਲੀ ਦੇ ਸਾਬਕਾ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ, ਕੈਬਨਿਟ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ, ਬਰਿੰਦਰ ਗੋਇਲ, ਕੁਲਦੀਪ ਸਿੰਘ ਧਾਲੀਵਾਲ, ਵਿਧਾਇਕ ਕਾਕਾ ਬਰਾੜ, ਹਰਭਜਨ ਸਿੰਘ ਈ.ਟੀ.ਓ., ਨਰਿੰਦਰ ਪਾਲ ਸਿੰਘ ਸਵਨਾ, ਜਗਦੀਪ ਗੋਲਡੀ ਕੰਬੋਜ, ਅਮਨਦੀਪ ਗੋਲਡੀ ਮੁਸਾਫਿਰ ਅਤੇ ਹੋਰ ਕਈ ਸਾਬਕਾ ਵਿਧਾਇਕ ਤੇ ਪ੍ਰਸ਼ਾਸਨਿਕ ਅਧਿਕਾਰੀ ਸ਼ਾਮਲ ਸਨ।

**ਸਵ. ਸੰਦੀਪ ਗਿਲਹੋਤਰਾ ਦਾ ਜੀਵਨ ਸਮਾਜ ਸੇਵਾ ਦੀ ਅਮੋਲਕ ਵਿਰਾਸਤ: ਰਾਜਪਾਲ ਗੁਲਾਬ ਚੰਦ ਕਟਾਰੀਆ**

ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਕਿਹਾ ਕਿ ਸਵ. ਸੰਦੀਪ ਗਿਲਹੋਤਰਾ ਦਾ ਜੀਵਨ ਸਮਾਜ ਸੇਵਾ ਦੀ ਅਮੋਲਕ ਵਿਰਾਸਤ ਹੈ। ਉਨ੍ਹਾਂ ਕਿਹਾ ਕਿ ਅਜਿਹੀ ਸ਼ਖ਼ਸੀਅਤ ਵਾਲੇ ਲੋਕ ਬਹੁਤ ਘੱਟ ਹੁੰਦੇ ਹਨ, ਜੋ ਆਪਣੇ ਕੰਮਾਂ ਨਾਲ ਸਮਾਜ ਦੇ ਹਰ ਵਰਗ ਦਾ ਵਿਸ਼ਵਾਸ ਜਿੱਤ ਲੈਂਦੇ ਹਨ। ਉਨ੍ਹਾਂ ਦਾ ਜਾਣਾ ਇਕ ਨਾ ਪੂਰਾ ਹੋਣ ਵਾਲਾ ਘਾਟਾ ਹੈ।

**ਸਵ. ਸੰਦੀਪ ਗਿਲਹੋਤਰਾ ਦਾ ਜੀਵਨ ਪ੍ਰੇਰਨਾ ਦਾ ਸਰੋਤ ਰਹੇਗਾ: ਰਾਜਪਾਲ ਪ੍ਰੋ. ਅਸੀਮ ਘੋਸ਼**

ਹਰਿਆਣਾ ਦੇ ਰਾਜਪਾਲ ਪ੍ਰੋ. ਅਸੀਮ ਘੋਸ਼ ਨੇ ਕਿਹਾ ਕਿ ਸਵ. ਗਿਲਹੋਤਰਾ ਨੇ ਹੱਦਾਂ ਤੋਂ ਪਰ੍ਹੇ ਜਾ ਕੇ ਮਾਨਵਤਾ ਦੀ ਸੇਵਾ ਕੀਤੀ। ਉਨ੍ਹਾਂ ਦਾ ਜੀਵਨ ਪ੍ਰੇਰਨਾ ਦਾ ਸਰੋਤ ਰਹੇਗਾ ਅਤੇ ਉਨ੍ਹਾਂ ਦੇ ਸਮਾਜਿਕ ਕਾਰਜ ਆਉਣ ਵਾਲੀਆਂ ਪੀੜ੍ਹੀਆਂ ਲਈ ਮਾਰਗ ਦਰਸ਼ਕ ਬਣਨਗੇ।

**ਸੰਦੀਪ ਗਿਲਹੋਤਰਾ ਵਰਗਾ ਨਾ ਕੋਈ ਸੀ, ਨਾ ਹੋਵੇਗਾ**

ਸਮਾਗਮ ਦੌਰਾਨ ਹਰ ਸ਼ਖਸ ਦੀ ਜ਼ੁਬਾਨ @ਤੇ ਉਨ੍ਹਾਂ ਦੀ ਸਾਦਗੀ ਅਤੇ ਦੂਜਿਆਂ ਦੀ ਮਦਦ ਕਰਨ ਦੇ ਜਨੂੰਨ ਦੀ ਚਰਚਾ ਸੀ। ਸ਼ਹਿਰ ਵਾਸੀਆਂ ਨੇ ਨਮ ਅੱਖਾਂ ਨਾਲ ਯਾਦ ਕਰਦਿਆਂ ਕਿਹਾ ਕਿ ਸੰਦੀਪ ਜੀ ਦਾ ਜਾਣਾ ਫਾਜ਼ਿਲਕਾ ਅਤੇ ਪੂਰੇ ਖੇਤਰ ਲਈ ਇਕ ਵੱਡਾ ਘਾਟਾ ਹੈ। ਉਨ੍ਹਾਂ ਨੇ ਨਾ ਸਿਰਫ਼ ਵਪਾਰਕ ਜਗਤ ਵਿੱਚ ਆਪਣੀ ਪਛਾਣ ਬਣਾਈ, ਸਗੋਂ ਇਕ ਸੱਚੇ ਮਾਰਗ ਦਰਸ਼ਕ ਵਜੋਂ ਸਮਾਜ ਦੀ ਸੇਵਾ ਕੀਤੀ।

**ਆਪਣੇ ਪਿਤਾ ਦੇ ਅਧੂਰੇ ਸੁਪਨਿਆਂ ਨੂੰ ਪੂਰਾ ਕਰਾਂਗਾ: ਕਰਨ ਗਿਲਹੋਤਰਾ**

ਇਸ ਮੌਕੇ ਸ਼ਰਧਾਂਜਲੀ ਸਮਾਗਮ ਵਿੱਚ ਉਮੜੇ ਭਾਰੀ ਜਨ-ਸੈਲਾਬ ਨੂੰ ਦੇਖ ਕੇ ਭਾਵੁਕ ਹੋਏ ਸਪੁੱਤਰ ਕਰਨ ਗਿਲਹੋਤਰਾ ਨੇ ਕਿਹਾ ਕਿ ਉਨ੍ਹਾਂ ਦੇ ਪੂਜਨੀਕ ਪਿਤਾ ਸੇਠ ਸੰਦੀਪ ਗਿਲਹੋਤਰਾ ਨੇ ਲੋਕਾਂ ਵਿੱਚ ਰਹਿ ਕੇ ਜੋ ਪਿਆਰ ਅਤੇ ਸਤਿਕਾਰ ਕਮਾਇਆ, ਉਹ ਉਸ ਅੱਗੇ ਨਤਮਸਤਕ ਹਨ। ਉਨ੍ਹਾਂ ਕਿਹਾ ਕਿ ਉਹ ਆਪਣੇ ਪਿਤਾ ਵੱਲੋਂ ਦਿਖਾਏ ਸੇਵਾ ਅਤੇ ਸੱਚ ਦੇ ਮਾਰਗ @ਤੇ ਚੱਲਦੇ ਰਹਿਣਗੇ ਅਤੇ ਉਨ੍ਹਾਂ ਦੇ ਅਧੂਰੇ ਸੁਪਨਿਆਂ ਨੂੰ ਪੂਰਾ ਕਰਨ ਲਈ ਨਿਰੰਤਰ ਸਮਾਜ ਸੇਵਾ ਕਰਦੇ ਰਹਿਣਗੇ।

**ਮੇਰੇ ਪਿਤਾ ਤੋਂ ਬਾਅਦ ਸੰਦੀਪ ਗਿਲਹੋਤਰਾ ਜੀ ਨੇ ਹੀ ਮੇਰਾ ਹੱਥ ਫੜਿਆ: ਅਮਨ ਅਰੋੜਾ**

ਕੈਬਨਿਟ ਮੰਤਰੀ ਅਤੇ ਗਿਲਹੋਤਰਾ ਪਰਿਵਾਰ ਦੇ ਦਾਮਾਦ ਅਮਨ ਅਰੋੜਾ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਪਰਿਵਾਰ ਦਾ ਮੈਂਬਰ ਬਣਿਆਂ 28 ਸਾਲ ਹੋ ਗਏ ਹਨ। ਉਨ੍ਹਾਂ ਦੇ ਪਿਤਾ ਦੇ ਸਵਰਗਵਾਸ ਹੋਣ ਤੋਂ ਬਾਅਦ ਸੰਦੀਪ ਗਿਲਹੋਤਰਾ ਨੇ ਕਦੇ ਵੀ ਉਨ੍ਹਾਂ ਨੂੰ ਪਿਤਾ ਦੀ ਕਮੀ ਮਹਿਸੂਸ ਨਹੀਂ ਹੋਣ ਦਿੱਤੀ। ਅੱਜ ਉਨ੍ਹਾਂ ਨੂੰ ਅਜਿਹਾ ਮਹਿਸੂਸ ਹੋ ਰਿਹਾ ਹੈ ਜਿਵੇਂ ਉਨ੍ਹਾਂ ਦੇ ਪਿਤਾ ਜੀ ਹੀ ਇਸ ਦੁਨੀਆ ਤੋਂ ਰੁਖ਼ਸਤ ਹੋ ਗਏ ਹੋਣ।


**ਜ਼ਰੂਰੀ ਸੂਚਨਾ**
ਰੋਜ਼ਾਨਾ ਚੜ੍ਹਦੀਕਲਾ ਵਿਚ ਛੱਪੇ ਲੇਖ, ਲੇਖਕਾਂ ਦੇ ਆਪਣੇ ਵਿਚਾਰ ਹਨ। ਇਸ ਨਾਲ ਸੰਪਾਦਕ ਦਾ ਸਹਿਮਤ ਹੋਣਾ ਕੋਈ ਜ਼ਰੂਰੀ ਨਹੀਂ। ਇਸ਼ਤਿਹਾਰ (ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ਦੇ ਤੱਥਾਂ ਦੀ ਪੁਸ਼ਟੀ ਕਰ ਲੈਣ।

# ਸਮੁੰਦਰ ਉੱਤੇ ਸ਼ਹਿਰ

**ਇਹ ਦੁਨੀਆ ਦਾ ਪਹਿਲਾ ਤੈਰਦਾ ਸ਼ਹਿਰ, "ਓਸ਼ਨਿਕਸ" ਹੋਵੇਗਾ। ਜਿੱਥੇ ਜ਼ਮੀਨ ਦੇ ਨੁਕਸਾਨ ਦਾ ਕੋਈ ਡਰ ਨਹੀਂ ਹੈ, ਸਗੋਂ ਸਮੁੰਦਰ ਖੁਦ ਹੈ। ਕੁਝ ਦਹਾਕੇ ਪਹਿਲਾਂ, ਜਦੋਂ ਸਮੁੰਦਰ ਦੇ ਵਧਦੇ ਪੱਧਰ ਅਤੇ ਇਸ ਨਾਲ ਮਨੁੱਖੀ ਬਸਤੀਆਂ ਲਈ ਪੈਦਾ ਹੋਣ ਵਾਲੇ ਖਤਰਿਆਂ ਬਾਰੇ ਚੇਤਾਵਨੀਆਂ ਜਾਰੀ ਕੀਤੀਆਂ ਗਈਆਂ ਸਨ, ਤਾਂ ਲੋਕਾਂ ਨੇ ਇਸਨੂੰ ਸਿਰਫ਼ ਇੱਕ ਵਿਗਿਆਨਕ ਸੰਕਟ ਸਮਝਦੇ ਹੋਏ ਇਸਨੂੰ ਨਜ਼ਰਅੰਦਾਜ਼ ਕਰ ਦਿੱਤਾ**



ਸੰਦੀਪ ਕੁਮਾਰ ਸਿੰਘ

ਕੁਦਰਤ ਦੁਆਰਾ ਬਣਾਈ ਗਈ ਦੁਨੀਆਂ ਵਿੱਚ ਸੀਮਾਵਾਂ ਪਾਰ ਕਰਨਾ ਮਨੁੱਖੀ ਸੁਭਾਅ ਹੈ। ਜੋ ਕੱਲ੍ਹ ਸਿਰਫ਼ ਇੱਕ ਕਲਪਨਾ ਸੀ ਉਹ ਅੱਜ ਹਕੀਕਤ ਬਣ ਰਹੀ ਹੈ। ਅਸੀਂ ਸਮੁੰਦਰ ਉੱਤੇ ਇੱਕ ਸ਼ਹਿਰ ਬਾਰੇ ਗੱਲ ਕਰ ਰਹੇ ਹਾਂ ਜੋ ਗਲੋਬਲ ਵਾਰਮਿੰਗ ਦੇ ਖ਼ਤਰੇ ਦਾ ਮੁਕਾਬਲਾ ਕਰਨ ਲਈ ਦੁਨੀਆ ਭਰ ਦੇ ਦੇਸ਼ਾਂ ਲਈ ਭਵਿੱਖ ਦਾ ਬਲੂਪ੍ਰਿੰਟ ਸਾਬਤ ਹੋ ਸਕਦਾ ਹੈ।

ਇੱਕ ਅਜਿਹੇ ਸ਼ਹਿਰ ਦੀ ਕਲਪਨਾ ਕਰੋ ਜਿੱਥੇ ਸੜਕਾਂ ਤੈਰਦੀਆਂ ਹਨ, ਘਰ ਲਹਿਰਾਂ ਨਾਲ ਹਿੱਲਦੇ ਹਨ, ਅਤੇ ਸਮੁੰਦਰੀ ਮੱਛੀਆਂ ਤੁਹਾਨੂੰ ਖਿੜਕੀ ਖੋਲ੍ਹਦੇ ਹੀ ਸ਼ੁਭ ਸਵੇਰ ਨਾਲ ਸਵਾਗਤ ਕਰਦੀਆਂ ਹਨ। ਇਹ ਕੋਈ ਹਾਲੀਵੁੱਡ ਫਿਲਮ ਨਹੀਂ ਹੈ, ਸਗੋਂ ਦੱਖਣੀ ਕੋਰੀਆ ਦੇ ਬੁਸਾਨ ਵਿੱਚ ਇੱਕ ਹਕੀਕਤ ਬਣਨ ਵਾਲੇ ਸ਼ਹਿਰ ਦੀ ਪ੍ਰਸਤਾਵਿਤ ਤਸਵੀਰ ਹੈ।

ਇਹ ਦੁਨੀਆ ਦਾ ਪਹਿਲਾ ਤੈਰਦਾ ਸ਼ਹਿਰ, "ਓਸ਼ਨਿਕਸ" ਹੋਵੇਗਾ। ਜਿੱਥੇ ਜ਼ਮੀਨ ਦੇ ਨੁਕਸਾਨ ਦਾ ਕੋਈ ਡਰ ਨਹੀਂ ਹੈ, ਸਗੋਂ ਸਮੁੰਦਰ ਖੁਦ ਹੈ। ਕੁਝ ਦਹਾਕੇ ਪਹਿਲਾਂ, ਜਦੋਂ ਸਮੁੰਦਰ ਦੇ ਵਧਦੇ ਪੱਧਰ ਅਤੇ ਇਸ ਨਾਲ ਮਨੁੱਖੀ ਬਸਤੀਆਂ ਲਈ ਪੈਦਾ ਹੋਣ ਵਾਲੇ ਖਤਰਿਆਂ ਬਾਰੇ ਚੇਤਾਵਨੀਆਂ ਜਾਰੀ ਕੀਤੀਆਂ ਗਈਆਂ ਸਨ, ਤਾਂ ਲੋਕਾਂ ਨੇ ਇਸਨੂੰ ਸਿਰਫ਼ ਇੱਕ ਵਿਗਿਆਨਕ ਸੰਕਟ ਸਮਝਦੇ ਹੋਏ ਇਸਨੂੰ ਨਜ਼ਰਅੰਦਾਜ਼ ਕਰ ਦਿੱਤਾ। ਪਰ ਹੁਣ, ਜਿਵੇਂ-ਜਿਵੇਂ ਤੱਟਵਰਤੀ ਖੇਤਰਾਂ ਵਿੱਚ ਤਬਾਹੀ ਵਧਦੀ ਜਾ ਰਹੀ ਹੈ, ਦੁਨੀਆ ਇਸਨੂੰ ਇੱਕ ਅਸਲ ਸਮੱਸਿਆ ਵਜੋਂ ਮਾਨਤਾ ਦੇਣ ਲੱਗੀ ਹੈ। ਗਲੋਬਲ ਵਾਰਮਿੰਗ ਅਤੇ ਵਧਦੇ ਸਮੁੰਦਰ ਦੇ ਪੱਧਰ ਨੇ ਦੁਨੀਆ ਨੂੰ ਕੰਢੇ 'ਤੇ ਲਿਆ ਹੋਇਆ ਹੈ।

ਸੰਯੁਕਤ ਰਾਸ਼ਟਰ ਦੇ ਅੰਕੜੇ ਚਿੰਤਾਜਨਕ ਹਨ। ਦੁਨੀਆ ਦੀਆਂ 90% ਤੱਟਵਰਤੀ ਅਰਥਵਿਵਸਥਾਵਾਂ ਢਹਿਣ ਦੀ ਕਗਾਰ 'ਤੇ ਹਨ। ਪਰ ਮਨੁੱਖਤਾ ਨੇ ਹਾਰ ਨਹੀਂ ਮੰਨੀ। ਓਸ਼ਨਿਕਸ ਸਿਟੀ - ਦੱਖਣੀ ਕੋਰੀਆ ਦੇ ਬੁਸਾਨ ਦੇ ਤੱਟ 'ਤੇ ਇੱਕ ਅਜੂਬਾ ਬਣ ਰਿਹਾ ਹੈ - ਜੋ ਭਵਿੱਖ ਦੀਆਂ ਬਸਤੀਆਂ ਲਈ ਇੱਕ "ਬਲੂਪ੍ਰਿੰਟ" ਸਾਬਤ ਹੋ ਸਕਦਾ ਹੈ। ਜਦੋਂ 2022 ਵਿੱਚ UN-Habitat ਅਤੇ Oceanix ਨੇ ਇਸ ਤੈਰਦੇ ਸ਼ਹਿਰ ਦੇ ਪ੍ਰੋਟੋਟਾਈਪ ਦਾ ਪਰਦਾਫਾਸ਼ ਕੀਤਾ, ਲੋਕਾਂ ਨੇ ਇਸਨੂੰ "ਵਿਗਿਆਨ ਕਲਪਨਾ" ਵਜੋਂ ਖਾਰਜ ਕਰ ਦਿੱਤਾ। ਪਰ ਅੱਜ, ਬੁਸਾਨ ਬੰਦਰਗਾਹ ਦੀਆਂ ਲਹਿਰਾਂ 'ਤੇ ਸਥਿਤ ਇਹ ਸ਼ਹਿਰ ਰੌਲਾ ਪਾ ਰਿਹਾ ਹੈ ਕਿ ਭਵਿੱਖ ਹੁਣ ਪਾਣੀ 'ਤੇ ਹੈ। ਇਹ ਦੁਨੀਆ ਦਾ ਪਹਿਲਾ "ਤੈਰਦਾ ਸਮਾਰਟ ਸਿਟੀ" ਹੈ। ਇਸਨੂੰ ਇੱਕ ਵਿਗਿਆਨ-ਗਲਪ ਫਿਲਮ ਲਈ ਗਲਤੀ ਨਾ ਕਰੋ, ਕਿਉਂਕਿ ਇਸਨੂੰ UN-Habitat ਦਾ ਸਮਰਥਨ ਪ੍ਰਾਪਤ ਹੈ। ਬੁਸਾਨ ਦੇ ਤੱਟ ਤੋਂ ਬਿਲਕੁਲ ਦੂਰ, ਇਹ ਸ਼ਹਿਰ ਤਿੰਨ ਵਿਸ਼ਾਲ ਪਲੇਟਫਾਰਮਾਂ 'ਤੇ ਬਣਾਇਆ ਜਾਵੇਗਾ, ਜੋ ਕੁੱਲ 15.5 ਏਕੜ ਵਿੱਚ ਫੈਲਿਆ ਹੋਇਆ ਹੈ।

ਇਸਦੀ ਸਭ ਤੋਂ ਮਹੱਤਵਪੂਰਨ ਵਿਸ਼ੇਸ਼ਤਾ ਇਸਦੀ ਮਾਡਿਊਲਰਿਟੀ ਹੈ, ਭਾਵ ਜਿਵੇਂ-ਜਿਵੇਂ ਆਬਾਦੀ ਵਧਦੀ ਹੈ, ਸ਼ਹਿਰ ਨੂੰ ਲੇਗੋ ਬਲਾਕ ਵਰਗੇ ਨਵੇਂ ਪਲੇਟਫਾਰਮ ਜੋੜ ਕੇ ਵਧਾਇਆ ਜਾ ਸਕਦਾ ਹੈ। ਇੱਥੇ ਕੋਈ ਉੱਚੀਆਂ ਕੰਧਾਂ ਜਾਂ ਵੱਡੇ ਡੈਮ ਨਹੀਂ ਹਨ। ਇਸ ਦੀ ਬਜਾਏ, ਤੁਸੀਂ ਸਮੁੰਦਰ ਦੀ ਸਤ੍ਹਾ 'ਤੇ ਤੈਰਦੇ ਛੇ-ਭੁਜ ਟਾਪੂ ਵੇਖੋਗੇ।

ਇਹ ਸ਼ਹਿਰ ਪਾਣੀ ਦੇ ਉੱਪਰ ਤੈਰਦੇ ਛੇ-ਭੁਜ ਪਲੇਟਫਾਰਮਾਂ 'ਤੇ ਬਣਾਇਆ ਜਾਵੇਗਾ। ਇਸਦੀ ਨੀਂਹ ਪੱਥਰ ਜਾਂ ਕੰਕਰੀਟ ਦੀ ਨਹੀਂ, ਸਗੋਂ "ਬਾਇਓਰੌਕ" ਦੀ ਹੋਵੇਗੀ, ਜੋ ਕਿ ਸਮੁੰਦਰੀ ਖਣਿਜਾਂ ਤੋਂ ਬਣੀ ਇੱਕ ਜਾਦੂਈ ਸਮੱਗਰੀ ਹੈ। ਇਹ ਲੋਹੇ ਨਾਲੋਂ ਵੀ ਸਖ਼ਤ ਹੈ, ਅਤੇ ਇਸਦੀ ਸਭ ਤੋਂ ਮਹੱਤਵਪੂਰਨ ਵਿਸ਼ੇਸ਼ਤਾ ਇਹ ਹੈ ਕਿ ਇਹ ਆਪਣੇ ਆਪ ਨੂੰ ਮੁਰੰਮਤ ਕਰ ਸਕਦੀ ਹੈ। ਇਸਦਾ ਮਤਲਬ ਹੈ ਕਿ ਇਹ ਪਾਣੀ ਦੇ ਜ਼ੋਰ ਹੇਠ ਕਮਜ਼ੋਰ ਨਹੀਂ ਹੁੰਦਾ, ਸਗੋਂ ਸਮੇਂ ਦੇ ਨਾਲ ਮਜ਼ਬੂਤ ਹੁੰਦਾ ਜਾਂਦਾ ਹੈ। ਇਹ ਪ੍ਰੋਜੈਕਟ 12,000 ਲੋਕਾਂ ਨੂੰ ਆਰਾਮ ਨਾਲ ਰੱਖਣ ਲਈ ਤਿਆਰ ਕੀਤਾ ਗਿਆ ਹੈ। ਸ਼ਹਿਰ ਨੂੰ ਤਿੰਨ ਭਾਗਾਂ ਵਿੱਚ ਵੰਡਿਆ ਜਾਵੇਗਾ। ਪਹਿਲਾ ਹਿੱਸਾ ਇੱਕ ਰਹਿਣ ਵਾਲਾ ਪਲੇਟਫਾਰਮ ਹੋਵੇਗਾ—ਲੋਕਾਂ ਦਾ ਘਰ ਅਤੇ ਇੱਕ ਕਮਿਊਨਿਟੀ ਸੈਂਟਰ। ਦੂਜਾ ਸੈਲਾਨੀਆਂ ਲਈ ਇੱਕ ਰਹਿਣ ਵਾਲਾ ਪਲੇਟਫਾਰਮ ਹੋਵੇਗਾ। ਤੀਜਾ ਇੱਕ ਖੋਜ ਪਲੇਟਫਾਰਮ ਹੋਵੇਗਾ—ਜਿੱਥੇ ਵਿਗਿਆਨੀ ਨਵੀਆਂ ਸਮੁੰਦਰੀ ਤਕਨਾਲੋਜੀਆਂ 'ਤੇ ਕੰਮ ਕਰਨਗੇ। ਇੱਥੇ ਨਿਵਾਸੀ ਆਪਣੇ ਆਪ ਨੂੰ "ਐਕਵਾ-ਨਾਗਰਿਕ" ਕਹਿਣਗੇ। ਕਾਰਾਂ ਗੈਰਹਾਜ਼ਰ ਹੋਣਗੀਆਂ; ਲੋਕ ਸਾਈਕਲ, ਇਲੈਕਟ੍ਰਿਕ ਸਕੂਟਰ, ਜਾਂ ਛੋਟੀਆਂ ਕਿਸ਼ਤੀਆਂ ਦੁਆਰਾ ਯਾਤਰਾ ਕਰਨਗੇ। ਇਸ ਤੈਰਦੇ ਸ਼ਹਿਰ ਵਿੱਚ ਬਚਾਅ ਲਈ ਸਭ ਤੋਂ ਵੱਡੀਆਂ ਚੁਣੌਤੀਆਂ ਪਾਣੀ ਅਤੇ ਬਿਜਲੀ ਹਨ। ਓਸ਼ਨਿਕਸ ਨੇ ਇੱਕ ਹੱਲ ਲੱਭਿਆ ਹੈ। ਹਰ ਛੱਤ ਅਤੇ ਖਿੜਕੀ 'ਤੇ ਸੋਲਰ ਪੈਨਲ ਲਗਾਏ ਜਾਣਗੇ, ਜੋ ਆਪਣੀ ਬਿਜਲੀ ਪੈਦਾ ਕਰਨਗੇ। ਰਵਾਇਤੀ ਖੇਤੀ ਦੀ ਬਜਾਏ, ਏਰੋਪੋਨਿਕਸ, ਜਾਂ ਹਵਾ-ਅਧਾਰਤ ਖੇਤੀ ਦਾ ਅਭਿਆਸ ਕੀਤਾ ਜਾਵੇਗਾ। ਸੜਕਾਂ ਦੇ ਹੇਠਾਂ ਵੱਡੇ ਟੈਂਕਾਂ ਵਿੱਚ ਮੱਛੀਆਂ ਪਾਲੀਆਂ ਜਾਣਗੀਆਂ, ਜੋ ਸ਼ਹਿਰ ਦੇ ਅੰਦਰ ਤਾਜ਼ਾ ਭੋਜਨ ਪੈਦਾ ਕਰਨਗੀਆਂ। ਮੀਂਹ ਦੇ ਪਾਣੀ ਨੂੰ ਬਚਾਉਣ ਅਤੇ ਖਾਰੇ ਸਮੁੰਦਰੀ ਪਾਣੀ ਨੂੰ ਤਾਜ਼ੇ ਪਾਣੀ ਵਿੱਚ ਬਦਲਣ ਲਈ ਉੱਨਤ ਪਲਾਂਟ ਲਗਾਏ ਜਾਣਗੇ, ਜੋ ਪੂਰੀ ਤਰ੍ਹਾਂ ਸੂਰਜੀ ਊਰਜਾ 'ਤੇ ਚੱਲਣਗੇ। ਪਰ ਸਭ ਤੋਂ ਵੱਡਾ ਸਵਾਲ ਇਹ ਹੈ: ਕੀ ਲਹਿਰਾਂ ਇਸ ਸ਼ਹਿਰ ਨੂੰ ਧੋ ਸਕਦੀਆਂ ਹਨ ਜਾਂ ਤੂਫਾਨ ਵਿੱਚ ਇਸਨੂੰ ਤਬਾਹ ਕਰ ਸਕਦੀਆਂ ਹਨ? ਜਵਾਬ ਇਹ ਹੈ ਕਿ ਲਹਿਰਾਂ ਤੋਂ ਬਚਾਉਣ ਲਈ ਇਸਦੀ ਉਸਾਰੀ ਵਿੱਚ ਵਿਸ਼ੇਸ਼ ਤਿਆਰੀਆਂ ਕੀਤੀਆਂ ਗਈਆਂ ਹਨ। ਇਸਨੂੰ ਇੱਕ ਪੁਲ ਦੁਆਰਾ ਤੱਟ ਨਾਲ ਜੋੜਿਆ ਜਾਵੇਗਾ ਪਰ ਲਹਿਰਾਂ ਦੇ ਨਾਲ ਉੱਠਣ ਅਤੇ ਡਿੱਗਣ ਦੀ ਸਮਰੱਥਾ ਹੋਵੇਗੀ। ਹਾਲਾਂਕਿ, ਇੰਜੀਨੀਅਰ ਦਾਅਵਾ ਕਰਦੇ ਹਨ ਕਿ ਓਸ਼ਨਿਕਸ ਸ਼੍ਰੇਣੀ 5 ਦੇ ਸੁਪਰਸਟੋਰਮਾਂ ਦਾ ਵੀ ਸਾਮ੍ਹਣਾ ਕਰ ਸਕਦਾ ਹੈ। ਇਸਦੇ ਪਲੇਟਫਾਰਮ ਲਚਕਦਾਰ ਹਨ, ਲਹਿਰਾਂ ਦੇ ਨਾਲ ਉੱਠਦੇ ਅਤੇ ਡਿੱਗਦੇ ਹਨ। ਜਦੋਂ ਕਿ ਪੁਰਾਣੇ ਤੱਟਵਰਤੀ ਸ਼ਹਿਰ ਹੜ੍ਹ ਦੇ ਪਾਣੀ ਵਿੱਚ ਡੁੱਬ ਜਾਣਗੇ, ਓਸ਼ਨਿਕਸ ਤੈਰਦਾ ਰਹੇਗਾ ਅਤੇ ਬਚ ਜਾਵੇਗਾ। ਓਸ਼ਨਿਕਸ ਬੁਸਾਨ ਇਸ ਗੱਲ ਦਾ ਸਬੂਤ ਹੈ ਕਿ ਤਕਨਾਲੋਜੀ ਅਤੇ ਕੁਦਰਤ ਵਿਚਕਾਰ ਟਕਰਾਅ ਅਟੱਲ ਨਹੀਂ ਹੈ। ਸਮੁੰਦਰ ਨੂੰ ਆਪਣਾ ਦੁਸ਼ਮਣ ਮੰਨਣ ਦੀ ਬਜਾਏ, ਅਸੀਂ ਇਸਨੂੰ ਆਪਣਾ ਨਵਾਂ ਘਰ ਬਣਾ ਸਕਦੇ ਹਾਂ। ਸਿਰਫ਼ ਕੋਰੀਆ ਹੀ ਨਹੀਂ, ਸਗੋਂ ਮਾਲਦੀਵ ਅਤੇ ਨਿਊਯਾਰਕ ਵੀ ਇਸ ਦੌੜ ਵਿੱਚ ਹਨ। ਭਾਰਤ ਵਿੱਚ, ਲਕਸ਼ਦੀਪ ਅਤੇ ਅੰਡੇਮਾਨ ਟਾਪੂਆਂ ਵਿੱਚ 'ਤੈਰਦੇ ਵਿਲਾ' 'ਤੇ ਕੰਮ ਚੱਲ ਰਿਹਾ ਹੈ। ਓਸ਼ਨਿਕਸ ਬੁਸਾਨ ਨੇ ਸਾਬਤ ਕੀਤਾ ਹੈ ਕਿ ਜਦੋਂ ਜ਼ਮੀਨ ਘੱਟ ਜਾਂਦੀ ਹੈ, ਤਾਂ ਸਮੁੰਦਰ ਤੋਂ ਡਰਨ ਦੀ ਬਜਾਏ ਉਸਨੂੰ ਆਪਣਾ ਨਵਾਂ ਘਰ ਬਣਾਉਣਾ ਸਿਆਣਪ ਹੈ। ਜੇਕਰ ਬੁਸਾਨ ਦਾ ਸ਼ਹਿਰ ਮਾਡਲ ਸਫਲ ਹੁੰਦਾ ਹੈ, ਤਾਂ ਇਹ ਸੰਭਵ ਹੈ ਕਿ ਆਉਣ ਵਾਲੇ ਦਹਾਕਿਆਂ ਵਿੱਚ ਅਸੀਂ ਪੂਰੇ ਦੇਸ਼ ਨੂੰ ਸਮੁੰਦਰ 'ਤੇ ਤੈਰਦੇ ਹੋਏ ਵੀ ਦੇਖ ਸਕਦੇ ਹਾਂ।

# "ਪਾਗਲਖਾਨੇ" ਬਣੇ ਪੈਸੇ ਕਮਾਉਣ ਦਾ ਕੇਂਦਰ

## ਚੀਨ ਵਿੱਚ, ਬਿਨਾਂ ਬਿਮਾਰੀ ਵਾਲੇ ਲੋਕਾਂ ਨੂੰ ਕਿਹਾ ਜਾ ਰਿਹਾ ਹੈ" ਮਾਨਸਿਕ ਤੌਰ 'ਤੇ ਬਿਮਾਰ"



ਚੀਨ ਦੇ ਹੁਬੇਈ ਪ੍ਰਾਂਤ ਵਿੱਚ ਨਿੱਜੀ ਮਾਨਸਿਕ ਹਸਪਤਾਲ ਸਰਕਾਰੀ ਬੀਮਾ ਫੰਡਾਂ ਦੀ ਚੋਰੀ ਕਰਨ ਲਈ ਸਿਹਤਮੰਦ ਲੋਕਾਂ ਨੂੰ ਜ਼ਬਰਦਸਤੀ ਦਾਖਲ ਕਰ ਰਹੇ ਹਨ। ਇੱਕ ਗੁਪਤ ਜਾਂਚ ਨੇ ਧੋਖਾਧੜੀ ਵਾਲੇ ਬਿਲਿੰਗ, ਰਿਸ਼ਵਤਖੋਰੀ ਅਤੇ ਮਰੀਜ਼ਾਂ ਨਾਲ ਬਦਸਲੂਕੀ ਦਾ ਪਰਦਾਫਾਸ਼ ਕੀਤਾ ਹੈ।

ਮੱਧ ਚੀਨ ਵਿੱਚ ਕਈ ਨਿੱਜੀ ਮਾਨਸਿਕ ਹਸਪਤਾਲ ਇਸ ਸਮੇਂ ਜਾਂਚ ਅਧੀਨ ਹਨ। ਇੱਕ ਗੁਪਤ ਜਾਂਚ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਦੇਸ਼ ਦੀ ਜਨਤਕ ਸਿਹਤ ਬੀਮਾ ਪ੍ਰਣਾਲੀ ਤੋਂ ਪੈਸੇ ਦੀ ਚੋਰੀ ਕਰਨ ਲਈ ਲੋਕਾਂ ਨੂੰ ਗੰਭੀਰ ਮਾਨਸਿਕ ਬਿਮਾਰੀਆਂ ਨਾ ਹੋਣ ਦੇ ਬਾਵਜੂਦ ਜ਼ਬਰਦਸਤੀ ਦਾਖਲ ਕੀਤਾ ਜਾ ਰਿਹਾ ਸੀ। ਇਹ ਮੁੱਦਾ ਸਭ ਤੋਂ ਪਹਿਲਾਂ ਬੀਜਿੰਗ ਨਿਊਜ਼ ਦੀ ਇੱਕ ਰਿਪੋਰਟ ਵਿੱਚ ਸਾਹਮਣੇ ਆਇਆ ਸੀ, ਜਿਸਨੂੰ ਬਾਅਦ ਵਿੱਚ ਸਾਊਥ ਚਾਈਨਾ ਮਾਰਨਿੰਗ ਪੋਸਟ ਦੁਆਰਾ ਪ੍ਰਕਾਸ਼ਿਤ ਕੀਤਾ ਗਿਆ ਸੀ।

ਰਿਪੋਰਟ ਦੇ ਅਨੁਸਾਰ, ਹੁਬੇਈ ਪ੍ਰਾਂਤ ਦੇ ਸ਼ਿਆਂਗਯਾਂਗ ਵਿੱਚ ਕਈ ਨਿੱਜੀ ਮਾਨਸਿਕ ਹਸਪਤਾਲਾਂ ਨੇ ਕਥਿਤ ਤੌਰ 'ਤੇ ਲੋਕਾਂ ਨੂੰ "ਮੁਫ਼ਤ ਹਸਪਤਾਲ ਵਿੱਚ ਭਰਤੀ" ਦੀ ਪੇਸ਼ਕਸ਼ ਕਰਕੇ ਲੰਬੇ ਸਮੇਂ ਲਈ ਹਸਪਤਾਲ ਵਿੱਚ ਭਰਤੀ ਕਰਨ ਲਈ ਲੁਭਾਇਆ। ਚੀਨ ਦੀ ਮੈਡੀਕਲ ਬੀਮਾ ਪ੍ਰਣਾਲੀ ਦੇ ਤਹਿਤ, ਮਰੀਜ਼ਾਂ ਨੂੰ ਸਿਰਫ ਥੋੜ੍ਹੀ ਜਿਹੀ ਰਕਮ ਦਾ ਭੁਗਤਾਨ ਕਰਨ ਦੀ ਲੋੜ ਹੁੰਦੀ ਹੈ, ਜਦੋਂ ਕਿ ਸਰਕਾਰ ਬਾਕੀ ਖਰਚਿਆਂ ਨੂੰ ਕਵਰ ਕਰਦੀ ਹੈ, ਅਤੇ ਇਸ ਖਾਮੀ ਦਾ ਕਥਿਤ ਤੌਰ 'ਤੇ ਸ਼ੋਸ਼ਣ ਕੀਤਾ ਗਿਆ ਸੀ।

ਜਦੋਂ ਗੁਪਤ ਪੱਤਰਕਾਰ ਨੇ, ਇੱਕ ਰਿਸ਼ਤੇਦਾਰ ਵਜੋਂ ਪੇਸ਼ ਹੋ ਕੇ, 10 ਤੋਂ ਵੱਧ ਹਸਪਤਾਲਾਂ ਨਾਲ ਸੰਪਰਕ ਕੀਤਾ, ਤਾਂ ਸਾਰਿਆਂ ਨੇ ਘੱਟ ਕੀਮਤ 'ਤੇ ਲੰਬੇ ਸਮੇਂ ਲਈ ਹਸਪਤਾਲ ਵਿੱਚ ਭਰਤੀ ਹੋਣ ਦੀ ਪੇਸ਼ਕਸ਼ ਕੀਤੀ। ਇੱਕ ਸਟਾਫ ਮੈਂਬਰ ਨੇ ਤਾਂ ਸਾਫ਼-ਸਾਫ਼ ਕਿਹਾ, "ਅਸੀਂ ਚਾਹੁੰਦੇ ਹਾਂ ਕਿ ਤੁਹਾਡਾ ਰਿਸ਼ਤੇਦਾਰ ਇੱਥੇ ਹੋਰ ਸਮਾਂ ਰਹੇ।" ਇਸ ਤੋਂ ਬਾਅਦ, ਪੱਤਰਕਾਰ ਨੇ ਸ਼ਿਆਂਗਯਾਂਗ ਹਾਂਗ'ਆਨ ਮਨੋਵਿਗਿਆਨਕ ਹਸਪਤਾਲ ਵਿੱਚ ਇੱਕ ਨਰਸ ਵਜੋਂ ਨੌਕਰੀ ਵੀ ਪ੍ਰਾਪਤ ਕਰ ਲਈ।

ਅੰਦਰ ਦੀਆਂ ਸਥਿਤੀਆਂ ਹੋਰ ਵੀ ਹੈਰਾਨ ਕਰਨ ਵਾਲੀਆਂ ਸਨ - ਬਹੁਤ ਸਾਰੇ ਮਰੀਜ਼ਾਂ ਵਿੱਚ ਹਲਕੇ ਜਾਂ ਕੋਈ ਲੱਛਣ ਨਹੀਂ ਦਿਖਾਈ ਦਿੱਤੇ। ਕੁਝ ਬਜ਼ੁਰਗ ਲੋਕ ਹਸਪਤਾਲ ਨੂੰ ਇੱਕ ਘੱਟ ਕੀਮਤ ਵਾਲੇ ਨਰਸਿੰਗ ਹੋਮ ਵਜੋਂ ਵਰਤ ਰਹੇ ਸਨ। ਇੱਕ ਨਰਸ ਨੇ ਮੰਨਿਆ ਕਿ ਉਸਨੂੰ ਆਮ ਤੌਰ 'ਤੇ ਕੰਮ ਕਰਦੇ ਹੋਏ, ਇੱਕ ਮਰੀਜ਼ ਵਜੋਂ ਵੀ ਝੂਠਾ ਦਿਖਾਇਆ ਗਿਆ ਸੀ। ਇੱਕ ਮਰੀਜ਼ ਜਿਸਨੇ ਹਸਪਤਾਲ ਵਿੱਚ 90 ਦਿਨ ਬਿਤਾਏ, ਉਸ ਤੋਂ 12,426 ਯੂਆਨ ਦਾ ਬਿੱਲ ਲਿਆ ਗਿਆ ਸੀ, ਜਿਸ ਵਿੱਚੋਂ ਲਗਭਗ 6,000 ਇਲਾਜ ਲਈ ਸਨ ਜੋ ਉਸਨੇ ਕਿਹਾ ਕਿ ਕਦੇ ਨਹੀਂ ਹੋਇਆ। ਧੋਖਾਧੜੀ ਤੋਂ ਇਲਾਵਾ, ਰਿਪੋਰਟਾਂ ਵਿੱਚ ਸਰੀਰਕ ਸ਼ੋਸ਼ਣ, ਮਰੀਜ਼ਾਂ ਦੇ ਮੋਬਾਈਲ ਫੋਨ ਜ਼ਬਤ ਕਰਨ ਅਤੇ ਪਰਿਵਾਰ ਨਾਲ ਸੀਮਤ ਸੰਪਰਕ ਦੀਆਂ ਸ਼ਿਕਾਇਤਾਂ ਵੀ ਸ਼ਾਮਲ ਹਨ।

ਸਟਾਫ ਨੂੰ ਨਵੇਂ ਮਰੀਜ਼ਾਂ ਨੂੰ ਰੈਫਰ ਕਰਨ ਲਈ 400 ਤੋਂ 1,000 ਯੂਆਨ ਤੱਕ ਕਮਿਸ਼ਨ ਦਿੱਤੇ ਜਾਂਦੇ ਸਨ। ਇਸ ਦੌਰਾਨ, ਹਸਪਤਾਲਾਂ ਨੂੰ ਸਰਕਾਰੀ ਬੀਮੇ ਤੋਂ ਨਿਸ਼ਚਿਤ ਰੋਜ਼ਾਨਾ ਭੁਗਤਾਨ ਪ੍ਰਾਪਤ ਹੋਏ, ਜਿਸ ਕਾਰਨ ਮਰੀਜ਼ਾਂ ਨੂੰ ਮਹੀਨਿਆਂ ਤੱਕ ਦਾਖਲ ਰੱਖਣ ਦੀ ਪ੍ਰਵਿਰਤੀ ਬਣ ਗਈ। ਇੱਕ ਚੀਨੀ ਡਾਕਟਰੀ ਸੁਧਾਰ ਮਾਹਰ, ਜ਼ੂ ਯੂਕਾਈ ਦੇ ਅਨੁਸਾਰ, ਮਨੋਵਿਗਿਆਨਕ ਸੰਸਥਾਵਾਂ ਅਜਿਹੀ ਧੋਖਾਧੜੀ ਦਾ ਸਭ ਤੋਂ ਵੱਧ ਸ਼ਿਕਾਰ ਹੁੰਦੀਆਂ ਹਨ ਕਿਉਂਕਿ ਉਹ ਇੱਕ ਬੰਦ ਵਾਤਾਵਰਣ ਵਿੱਚ ਕੰਮ ਕਰਦੀਆਂ ਹਨ ਅਤੇ ਬਹੁਤ ਸਾਰੇ ਮਰੀਜ਼ ਆਪਣੀ ਸਥਿਤੀ ਦਾ ਸਹੀ ਮੁਲਾਂਕਣ ਕਰਨ ਵਿੱਚ ਅਸਮਰੱਥ ਹੁੰਦੇ ਹਨ। ਉਸਨੇ ਕਿਹਾ ਕਿ ਉਹ ਨਹੀਂ ਜਾਣਦੇ ਕਿ ਉਹਨਾਂ ਨੂੰ ਅਸਲ ਇਲਾਜ ਮਿਲਿਆ ਹੈ ਜਾਂ ਨਹੀਂ।

# ਚੀਨੀ ਰੋਬੋਟਾਂ ਦਾ ਕੁੰਗ ਫੂ ਸ਼ੋਅ

## ਸਪਰਿੰਗ ਫੈਸਟੀਵਲ ਗਾਲਾ ਵਿੱਚ ਰੋਬੋਟਾਂ ਦੇ ਸਟੀਕ ਕਦਮਾਂ ਤੋਂ ਰਹਿ ਗਈ ਦੁਨੀਆ ਹੈਰਾਨ



ਯੂਨੀਟਰੀ ਜੀ-1 ਰੋਬੋਟਾਂ ਨੇ ਚੀਨ ਦੇ ਸਪਰਿੰਗ ਫੈਸਟੀਵਲ ਗਾਲਾ ਵਿੱਚ ਪਹਿਲੀ ਵਾਰ ਪੂਰੀ ਤਰ੍ਹਾਂ ਸਵੈਚਾਲਿਤ ਕੁੰਗ ਫੂ ਅਤੇ ਡਾਂਸ ਕੀਤਾ। ਇਨ੍ਹਾਂ ਮਸ਼ੀਨਾਂ ਦੀ ਸ਼ੁੱਧਤਾ ਅਤੇ ਸੰਤੁਲਨ ਨੇ ਭਵਿੱਖ ਵਿੱਚ ਮਨੁੱਖਾਂ ਦੀ ਜਗ੍ਹਾ ਲੈਣ ਵਾਲੇ ਰੋਬੋਟਾਂ ਬਾਰੇ ਵਿਸ਼ਵਵਿਆਪੀ ਬਹਿਸ ਨੂੰ ਮੁੜ ਸੁਰਜੀਤ ਕਰ ਦਿੱਤਾ ਹੈ। ਕੀ ਰੋਬੋਟ ਭਵਿੱਖ ਵਿੱਚ ਮਨੁੱਖਾਂ ਦੀ ਜਗ੍ਹਾ ਲੈਣਗੇ? ਇਹ ਸਵਾਲ ਲੰਬੇ ਸਮੇਂ ਤੋਂ ਬਹਿਸ ਕਰ ਰਿਹਾ ਹੈ। ਕੁਝ ਲੋਕ ਮੰਨਦੇ ਹਨ ਕਿ ਇਹ ਪੂਰੀ ਤਰ੍ਹਾਂ ਸੰਭਵ ਨਹੀਂ ਹੈ, ਪਰ ਇਹ ਯਕੀਨੀ ਹੈ ਕਿ ਮਸ਼ੀਨਾਂ ਬਹੁਤ ਸਾਰੇ ਕੰਮਾਂ ਵਿੱਚ ਮਨੁੱਖਾਂ ਨੂੰ ਪਛਾੜ ਸਕਦੀਆਂ ਹਨ। ਮਨੁੱਖ ਮੌਜੂਦ ਰਹਿਣਗੇ, ਪਰ ਰੋਬੋਟ ਬਹੁਤ ਸਾਰੇ ਕੰਮ ਵਧੇਰੇ ਸਹੀ ਅਤੇ ਤੇਜ਼ੀ ਨਾਲ ਕਰ ਸਕਦੇ ਹਨ। ਚੀਨ ਦਾ ਇੱਕ ਵੀਡੀਓ ਇਸ ਬਹਿਸ ਨੂੰ ਦੁਬਾਰਾ ਜਗਾ ਰਿਹਾ ਹੈ। ਚੀਨ ਪਹਿਲਾਂ ਵੀ ਆਪਣੀ ਤਕਨਾਲੋਜੀ ਅਤੇ ਏਆਈ ਨਾਲ ਦੁਨੀਆ ਨੂੰ ਹੈਰਾਨ ਕਰ ਚੁੱਕਾ ਹੈ। ਪਰ ਇਸ ਵਾਰ ਦੇਖੇ ਗਏ ਤਮਾਸ਼ੇ ਨੇ ਸੱਚਮੁੱਚ ਲੋਕਾਂ ਨੂੰ ਹੈਰਾਨ ਕਰ ਦਿੱਤਾ। ਹਰ ਸਾਲ, ਚੀਨੀ ਨਵੇਂ ਸਾਲ ਦੀ ਪੂਰਵ ਸੰਧਿਆ 'ਤੇ, ਸੀਸੀਟੀਵੀ ਸਪਰਿੰਗ ਫੈਸਟੀਵਲ ਗਾਲਾ ਨਾਮਕ ਇੱਕ ਸ਼ਾਨਦਾਰ ਸਮਾਗਮ ਆਯੋਜਿਤ ਕੀਤਾ ਜਾਂਦਾ ਹੈ। ਇਹ ਦੇਸ਼ ਦਾ ਸਭ ਤੋਂ ਵੱਧ ਦੇਖਿਆ ਜਾਣ ਵਾਲਾ ਟੀਵੀ ਸ਼ੋਅ ਹੈ। ਲੋਕ ਤਿਉਹਾਰ ਦੀ ਤਿਆਰੀ ਕਰਦੇ ਹਨ ਅਤੇ ਆਪਣੇ ਟੈਲੀਵਿਜ਼ਨਾਂ ਦੇ ਸਾਹਮਣੇ ਬੈਠ ਕੇ ਇਸ ਵਿਸ਼ੇਸ਼ ਪ੍ਰਸਾਰਣ ਦੀ ਉਡੀਕ ਕਰਦੇ ਹਨ। ਇਸ ਸਾਲ, ਸਟੇਜ 'ਤੇ ਜੋ ਕੁਝ ਵਾਪਰਿਆ, ਉਹ ਦਰਸ਼ਕਾਂ ਨੂੰ ਆਪਣੀਆਂ ਸਕ੍ਰੀਨਾਂ ਨਾਲ ਚਿਪਕਾਉਂਦਾ ਰਿਹਾ। ਯੂਨਿਟਰੀ ਰੋਬੋਟਿਕਸ ਦੁਆਰਾ ਵਿਕਸਤ ਕੀਤੇ ਗਏ ਦਰਜਨਾਂ G-1 ਹਿਊਮਨਾਈਡ ਰੋਬੋਟਾਂ ਨੇ ਪਹਿਲੀ ਵਾਰ ਪੂਰੀ ਤਰ੍ਹਾਂ ਸਵੈਚਾਲਿਤ ਪ੍ਰਦਰਸ਼ਨ ਕੀਤੇ। ਇਨ੍ਹਾਂ ਮਨੁੱਖੀ ਆਕਾਰ ਦੇ ਰੋਬੋਟਾਂ ਨੇ ਗੁੰਝਲਦਾਰ ਕੁੰਗ ਫੂ ਚਾਲਾਂ ਦਾ ਪ੍ਰਦਰਸ਼ਨ ਕੀਤਾ ਜਿਵੇਂ ਕਿ ਕਿਸੇ ਤਜਰਬੇਕਾਰ ਕਲਾਕਾਰ ਦੁਆਰਾ ਮੁਹਾਰਤ ਹਾਸਲ ਕੀਤੀ ਗਈ ਹੋਵੇ। ਉਨ੍ਹਾਂ ਨੇ ਤੇਜ਼ੀ ਨਾਲ ਪੋਜ਼ ਬਦਲੇ, ਸਮੂਹਾਂ ਵਿੱਚ ਤਾਲਮੇਲ ਕੀਤਾ, ਅਤੇ ਇੰਨੇ ਸੰਤੁਲਨ ਨਾਲ ਹਰਕਤਾਂ ਕੀਤੀਆਂ ਕਿ ਕਈ ਵਾਰ ਉਨ੍ਹਾਂ ਨੂੰ ਮਸ਼ੀਨਾਂ ਵਜੋਂ ਪਛਾਣਨਾ ਮੁਸ਼ਕਲ ਹੋ ਜਾਂਦਾ ਸੀ। ਬੈਕਫਲਿਪਸ, ਆਪਣੇ ਗੋਡਿਆਂ 'ਤੇ ਉਤਰਨਾ, ਘੁੰਮਣਾ ਅਤੇ ਛਾਲ ਮਾਰਨਾ - ਇਹ ਸਭ ਇੰਨੇ ਸੰਪੂਰਨ ਢੰਗ ਨਾਲ ਕੀਤੇ ਗਏ ਸਨ ਕਿ ਇੱਕ ਵੀ ਰੋਬੋਟ ਨਹੀਂ ਡਿੱਗਿਆ। ਹੋਰ ਚੀਨੀ ਕੰਪਨੀਆਂ ਦੁਆਰਾ ਵਿਕਸਤ ਕੀਤੇ ਗਏ ਰੋਬੋਟਾਂ ਨੇ ਵੀ ਸਟੇਜ ਸਾਂਝੀ ਕੀਤੀ, ਕੁੰਗ ਫੂ ਦਾ ਪ੍ਰਦਰਸ਼ਨ ਕੀਤਾ, ਕਾਮੇਡੀ ਸਕੈਚ ਕੀਤੇ, ਅਤੇ ਮਨੁੱਖੀ ਕਲਾਕਾਰਾਂ ਦੇ ਨਾਲ ਨੱਚਿਆ। ਸੋਸ਼ਲ ਮੀਡੀਆ 'ਤੇ ਵਾਇਰਲ ਕਲਿੱਪਾਂ ਦੀ ਤੁਲਨਾ ਪਿਛਲੇ ਸਾਲ ਦੇ ਚੰਦਰ ਨਵੇਂ ਸਾਲ ਦੇ ਸ਼ੋਅ ਨਾਲ ਕੀਤੀ ਜਾ ਰਹੀ ਹੈ। ਫਰਕ ਸਪੱਸ਼ਟ ਹੈ: ਇਸ ਵਾਰ ਹਰਕਤਾਂ ਬਹੁਤ ਜ਼ਿਆਦਾ ਗੁੰਝਲਦਾਰ, ਤੇਜ਼ ਅਤੇ ਆਤਮਵਿਸ਼ਵਾਸੀ ਦਿਖਾਈ ਦਿੱਤੀਆਂ। ਦਿ ਗਾਰਡੀਅਨ ਦੀ ਰਿਪੋਰਟ ਹੈ ਕਿ ਪ੍ਰਦਰਸ਼ਨ ਸੱਚਮੁੱਚ ਸ਼ਾਨਦਾਰ ਸੀ, ਪਰ ਇਸਨੇ ਬਹੁਤ ਸਾਰੇ ਲੋਕਾਂ ਨੂੰ ਹੈਰਾਨ ਕਰ ਦਿੱਤਾ: ਜੇਕਰ ਰੋਬੋਟ ਨੱਚ ਸਕਦੇ ਹਨ ਅਤੇ ਮਾਰਸ਼ਲ ਆਰਟਸ ਪ੍ਰਦਰਸ਼ਨ ਕਰ ਸਕਦੇ ਹਨ, ਤਾਂ ਉਹ ਹੋਰ ਕੀ ਕਰ ਸਕਦੇ ਹਨ? ਇਸ ਦੌਰਾਨ, ਸੋਸ਼ਲ ਮੀਡੀਆ 'ਤੇ ਲੋਕ ਇਸ ਗੱਲ 'ਤੇ ਹੈਰਾਨੀ ਪ੍ਰਗਟ ਕਰ ਰਹੇ ਹਨ ਕਿ ਚੀਨ ਦੇ ਹਿਊਮਨਾਈਡ ਰੋਬੋਟ ਕਿੰਨੇ ਉੱਨਤ ਹੋ ਗਏ ਹਨ - ਚੀਨ ਕਦੋਂ ਕਿਸ ਲਈ ਸਹਿਮਤ ਹੋਵੇਗਾ?

# ਏਲੀਅਨਾਂ ਬਾਰੇ ਅਮਰੀਕਾ ਦੀ ਕੀ ਹੈ ਯੋਜਨਾ?

## ਟਰੰਪ ਦੀ ਨੂੰਹ ਦੇ ਖੁਲਾਸੇ ਨੇ ਨੇਵਾਡਾ ਵਿੱਚ ਰਹੱਸਮਈ ਫੌਜੀ ਅੱਡੇ ਬਾਰੇ ਛੇੜ ਦਿੱਤੀ ਹੈ ਚਰਚਾ



ਇਨ੍ਹੀਂ ਦਿਨੀਂ ਏਲੀਅਨਾਂ ਬਾਰੇ ਬਹੁਤ ਚਰਚਾ ਹੋ ਰਹੀ ਹੈ। ਜਦੋਂ ਤੋਂ ਸਾਬਕਾ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਏਲੀਅਨਾਂ ਦੀ ਹੋਂਦ ਦਾ ਦਾਅਵਾ ਕੀਤਾ ਹੈ, ਉਨ੍ਹਾਂ ਦੇ ਵਜੂਦ ਬਾਰੇ ਬਹਿਸ ਤੇਜ਼ ਹੋ ਗਈ ਹੈ। ਇਸ ਦੌਰਾਨ, ਡੋਨਾਲਡ ਟਰੰਪ ਦੀ ਨੂੰਹ ਨੇ ਇੱਕ ਅਜਿਹਾ ਖੁਲਾਸਾ ਕੀਤਾ ਹੈ ਜਿਸ ਨੇ ਮੌਜੂਦਾ ਅਟਕਲਾਂ ਨੂੰ ਮਜ਼ਬੂਤੀ ਦਿੱਤੀ ਹੈ ਕਿ ਨੇਵਾਡਾ ਦੇ ਰਹੱਸਮਈ ਏਰੀਆ 51 ਬੇਸ ਵਿੱਚ ਏਲੀਅਨ ਅਤੇ ਯੂਐਫਓ ਲੁਕੇ ਹੋਏ ਹਨ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਨੂੰਹ ਲਾਰਾ ਟਰੰਪ ਦੀਆਂ ਟਿੱਪਣੀਆਂ ਪਿਛਲੇ ਹਫ਼ਤੇ "ਨੋ ਲਾਈ ਵਿਦ ਬ੍ਰਾਇਨ ਟਾਈਲਰ ਕੋਹੇਨ" ਪੋਡਕਾਸਟ 'ਤੇ ਓਬਾਮਾ ਤੋਂ ਏਲੀਅਨਾਂ ਬਾਰੇ ਪੁੱਛੇ ਜਾਣ ਤੋਂ ਬਾਅਦ ਆਈਆਂ ਹਨ। ਉਸਨੇ ਜਵਾਬ ਦਿੱਤਾ, "ਉਹ ਅਸਲੀ ਹਨ, ਪਰ ਮੈਂ ਉਨ੍ਹਾਂ ਨੂੰ ਨਹੀਂ ਦੇਖਿਆ। ਉਨ੍ਹਾਂ ਨੂੰ ਕਿਸੇ ਗੁਪਤ ਸਥਾਨ 'ਤੇ ਨਹੀਂ ਰੱਖਿਆ ਜਾਂਦਾ, ਅਤੇ ਨਾ ਹੀ ਅਜਿਹੀਆਂ ਕੋਈ ਭੂਮੀਗਤ ਸਹੂਲਤਾਂ ਹਨ।" ਦ ਇੰਡੀਪੈਂਡੈਂਟ ਦੇ ਅਨੁਸਾਰ, ਏਲੀਅਨਾਂ ਦੀ ਹੋਂਦ ਦੇ ਸਵੀਕਾਰ ਨੇ ਇੰਟਰਨੈੱਟ 'ਤੇ ਹੰਗਾਮਾ ਮਚਾ ਦਿੱਤਾ, ਜਿਸ ਕਾਰਨ ਓਬਾਮਾ ਨੂੰ ਆਪਣਾ ਰੁਖ਼ ਸਪੱਸ਼ਟ ਕਰਨ ਲਈ ਇੰਸਟਾਗ੍ਰਾਮ 'ਤੇ ਜਾਣ ਲਈ ਮਜਬੂਰ ਹੋਣਾ ਪਿਆ। ਸਾਬਕਾ ਰਾਸ਼ਟਰਪਤੀ ਨੇ ਲਿਖਿਆ, "ਮੈਂ ਸਪੀਡ ਰਾਉਂਡ ਦੀ ਭਾਵਨਾ ਦੀ ਪਾਲਣਾ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ। ਇਸ ਲਈ ਮੈਨੂੰ ਸਪੱਸ਼ਟ ਕਰਨ ਦਿਓ। ਬ੍ਰਹਿਮੰਡ ਇੰਨਾ ਵਿਸ਼ਾਲ ਹੈ ਕਿ ਉੱਥੇ ਜੀਵਨ ਦੀ ਸੰਭਾਵਨਾ ਕਾਫ਼ੀ ਜ਼ਿਆਦਾ ਹੈ।" ਹੁਣ, ਓਬਾਮਾ ਦੇ ਦਾਅਵੇ ਤੋਂ ਬਾਅਦ, ਲਾਰਾ ਟਰੰਪ ਨੇ ਖੁਲਾਸਾ ਕੀਤਾ ਕਿ ਰਾਸ਼ਟਰਪਤੀ ਨੇ ਏਲੀਅਨ ਜੀਵਨ ਦੀ ਖੋਜ ਦਾ ਐਲਾਨ ਕਰਨ ਲਈ ਪਹਿਲਾਂ ਹੀ ਇੱਕ ਭਾਸ਼ਣ ਤਿਆਰ ਕਰ ਲਿਆ ਹੈ। ਡੋਨਾਲਡ ਟਰੰਪ ਦੀ ਨੂੰਹ, ਲਾਰਾ ਟਰੰਪ, ਕਹਿੰਦੀ ਹੈ ਕਿ ਰਾਸ਼ਟਰਪਤੀ ਕੋਲ ਪਹਿਲਾਂ ਹੀ ਇੱਕ ਭਾਸ਼ਣ ਲਿਖਿਆ ਹੋਇਆ ਹੈ ਅਤੇ ਉਹ ਏਲੀਅਨ ਜੀਵਨ ਦੀ ਖੋਜ 'ਤੇ ਬੋਲਣ ਲਈ ਤਿਆਰ ਹੈ। 43 ਸਾਲਾ ਨੇ ਬੁੱਧਵਾਰ ਨੂੰ ਪ੍ਰਕਾਸ਼ਿਤ ਨਿਊਯਾਰਕ ਪੋਸਟ ਦੇ ਪੋਡ ਫੋਰਸ ਵਨ ਪੋਡਕਾਸਟ ਦੇ ਇੱਕ ਐਪੀਸੋਡ ਵਿੱਚ ਹੈਰਾਨ ਕਰਨ ਵਾਲਾ ਦਾਅਵਾ ਕੀਤਾ। ਜਦੋਂ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਨੂੰ ਪਿਛਲੇ ਹਫ਼ਤੇ ਦੇ ਅੰਤ ਵਿੱਚ ਏਲੀਅਨ ਦੀ ਹੋਂਦ ਦੀ ਕਥਿਤ ਪੁਸ਼ਟੀ ਬਾਰੇ ਪੁੱਛਿਆ ਗਿਆ, ਤਾਂ ਲਾਰਾ ਨੇ ਜਵਾਬ ਦਿੱਤਾ, "ਮਜ਼ੇਦਾਰ ਗੱਲ ਇਹ ਹੈ ਕਿ, ਅਸੀਂ ਆਪਣੇ ਸਹੁਰੇ ਤੋਂ ਇਸ ਬਾਰੇ ਪੁੱਛਿਆ। ਕਿਉਂਕਿ ਅਸੀਂ ਸੋਚ ਰਹੇ ਸੀ ਕਿ ਉਹ ਇਸ ਬਾਰੇ ਕੀ ਜਾਣਦੇ ਸਨ।" ਜਦੋਂ ਲਾਰਾ ਅਤੇ ਉਸਦੇ ਪਤੀ, ਟਰੰਪ ਦੇ ਪੁੱਤਰ, ਏਰਿਕ ਟਰੰਪ, ਨੇ ਏਲੀਅਨ ਜੀਵਨ ਦੀ ਸੰਭਾਵਨਾ ਬਾਰੇ ਪੁੱਛਿਆ, ਤਾਂ ਰਾਸ਼ਟਰਪਤੀ ਨੇ ਕੁਝ ਹੱਦ ਤੱਕ ਟਾਲ-ਮਟੋਲ ਵਾਲਾ ਰੁਖ਼ ਅਪਣਾਇਆ। ਲਾਰਾ ਨੇ ਕਿਹਾ, "ਮੈਂ ਅਤੇ ਐਰਿਕ ਸੋਚ ਰਹੇ ਸੀ, 'ਹੇ ਮੇਰੇ ਰੱਬ, ਉਹ ਸਾਨੂੰ ਪੂਰੀ ਕਹਾਣੀ ਵੀ ਨਹੀਂ ਦੱਸ ਰਿਹਾ, ਸ਼ਾਇਦ ਇਸ ਵਿੱਚ ਹੋਰ ਵੀ ਕੁਝ ਹੈ। ਮੇਰੇ ਸਹੁਰੇ ਨੇ ਅਸਲ ਵਿੱਚ ਕਿਹਾ ਸੀ ਕਿ ਉਸਨੇ ਇੱਕ ਖਾਸ ਭਾਸ਼ਣ ਲਿਖਿਆ ਹੈ, ਜੋ ਮੈਨੂੰ ਲੱਗਦਾ ਹੈ ਕਿ ਸਹੀ ਸਮੇਂ 'ਤੇ... ਮੈਨੂੰ ਨਹੀਂ ਪਤਾ ਕਿ ਸਹੀ ਸਮਾਂ ਕੀ ਹੈ... ਉਹ ਇਸਨੂੰ ਦੇਣਗੇ ਅਤੇ ਇਸ ਬਾਰੇ ਗੱਲ ਕਰਨਗੇ, ਅਤੇ ਇਹ ਸ਼ਾਇਦ ਕਿਸੇ ਕਿਸਮ ਦੇ ਏਲੀਅਨ ਜੀਵਨ ਨਾਲ ਸਬੰਧਤ ਹੈ।" ਹਫਪੋਸਟ ਦੀ ਇੱਕ ਰਿਪੋਰਟ ਦੇ ਅਨੁਸਾਰ, ਲਾਰਾ ਟਰੰਪ ਦੀਆਂ ਟਿੱਪਣੀਆਂ ਉਦੋਂ ਕੀਤੀਆਂ ਗਈਆਂ ਜਦੋਂ ਵ੍ਹਾਈਟ ਹਾਊਸ ਦੀ ਪ੍ਰੈਸ ਸਕੱਤਰ ਕੈਰੋਲਿਨ ਲੀਵਿਟ ਨੂੰ ਨਿਊਜ਼ਮੈਕਸ ਰਿਪੋਰਟਰ ਮਾਈਕ ਕਾਰਟਰ ਦੁਆਰਾ ਪੁੱਛਿਆ ਗਿਆ ਸੀ ਕਿ ਕੀ ਟਰੰਪ ਪ੍ਰਸ਼ਾਸਨ ਏਲੀਅਨ ਅਸਲੀ ਮੰਨਦਾ ਹੈ। ਲੀਵਿਟ ਨੇ ਮੁਸਕਰਾਇਆ ਅਤੇ ਮੰਨਿਆ ਕਿ ਉਹ ਗਲੈਕਸੀ ਦੇ ਹੋਰ ਹਿੱਸਿਆਂ ਵਿੱਚ ਜੀਵਨ ਬਾਰੇ ਟਰੰਪ ਦੇ ਵਿਚਾਰਾਂ ਤੋਂ ਜਾਣੂ ਨਹੀਂ ਸੀ। ਉਸਨੇ ਕਿਹਾ, "ਏਲੀਅਨਾਂ 'ਤੇ ਭਾਸ਼ਣ ਦੇਣਾ ਮੇਰੇ ਲਈ ਬਿਲਕੁਲ ਨਵੀਂ ਗੱਲ ਹੋਵੇਗੀ। ਮੈਨੂੰ ਆਪਣੀ ਭਾਸ਼ਣ ਲਿਖਣ ਵਾਲੀ ਟੀਮ ਨਾਲ ਗੱਲ ਕਰਨੀ ਪਵੇਗੀ। ਇਹ ਮੇਰੇ ਲਈ ਨਿੱਜੀ ਤੌਰ 'ਤੇ ਬਹੁਤ ਮਹੱਤਵਪੂਰਨ ਹੋਵੇਗਾ, ਜੇਕਰ ਅਜਿਹਾ ਹੈ।" ਬਹੁਤ ਸਾਰੇ ਲੋਕ ਲੰਬੇ ਸਮੇਂ ਤੋਂ ਅੰਦਾਜ਼ਾ ਲਗਾਉਂਦੇ ਰਹੇ ਹਨ ਕਿ ਦੱਖਣੀ ਨੇਵਾਡਾ ਦੇ ਰਹੱਸਮਈ ਏਰੀਆ 51 ਬੇਸ 'ਤੇ ਏਲੀਅਨ ਅਤੇ ਯੂਐਫਓ ਲੁਕੇ ਹੋਏ ਹਨ - ਅਤੇ ਪਿਛਲੇ ਸਾਲ ਜਾਰੀ ਕੀਤੀ ਗਈ ਇੱਕ ਦਸਤਾਵੇਜ਼ੀ ਵਿੱਚ ਸੁਝਾਅ ਦਿੱਤਾ ਗਿਆ ਸੀ ਕਿ ਟਰੰਪ ਜਲਦੀ ਹੀ ਏਲੀਅਨ ਜੀਵਨ ਰੂਪਾਂ ਦੀ ਹੋਂਦ ਦੀ ਪੁਸ਼ਟੀ ਕਰ ਸਕਦੇ ਹਨ।

# ਮਾਸੂਮ ਬਾਂਦਰ ਖਿਡੌਣੇ ਵਿੱਚ ਲੱਭ ਰਿਹਾ ਹੈ ਆਪਣੀ ਮਾਂ ਨੂੰ

## ਜਾਪਾਨੀ ਚਿੜੀਆਘਰ 'ਪੰਚ' ਦੀ ਕਹਾਣੀ ਹੋ ਰਹੀ ਹੈ ਵਾਇਰਲ



ਉਹ ਕਹਿੰਦੇ ਹਨ ਕਿ ਬੱਚੇ ਆਪਣੀਆਂ ਮਾਵਾਂ ਤੋਂ ਅਟੁੱਟ ਹੁੰਦੇ ਹਨ, ਭਾਵੇਂ ਉਹ ਕਿੰਨੇ ਵੀ ਵੱਡੇ ਹੋਣ ਜਾਂ ਕਿੰਨੇ ਵੀ ਦੂਰ ਕਿਉਂ ਨਾ ਹੋਣ। ਇੱਕ ਬੱਚਾ ਜ਼ਿੰਦਗੀ ਦੇ ਹਰ ਪੜਾਅ 'ਤੇ ਆਪਣੀ ਮਾਂ ਨੂੰ ਲੱਭਦਾ ਹੈ। ਆਪਣੀ ਮਾਂ ਦੀ ਗੋਦ ਦੀ ਯਾਦ ਬਣੀ ਰਹਿੰਦੀ ਹੈ। ਅਤੇ ਇਹ ਸਿਰਫ਼ ਮਨੁੱਖਾਂ ਨਾਲ ਹੀ ਨਹੀਂ ਹੁੰਦਾ, ਇਹ ਜਾਨਵਰਾਂ ਨਾਲ ਵੀ ਹੁੰਦਾ ਹੈ। ਅਜਿਹੀ ਹੀ ਇੱਕ ਕਹਾਣੀ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਹੈ। ਇਹ ਇੱਕ ਬੱਚੇ ਬਾਂਦਰ ਦੀ ਕਹਾਣੀ ਹੈ। ਇੱਕ ਬਾਲੀਵੁੱਡ ਫਿਲਮ ਦਾ ਇੱਕ ਮਸ਼ਹੂਰ ਡਾਇਲਾਗ ਹੈ, "ਮੇਰੀ ਇੱਕ ਮਾਂ ਹੈ।"

ਇਸਦਾ ਮਤਲਬ ਹੈ ਕਿ ਦੁਨੀਆ ਦੀ ਸਾਰੀ ਦੌਲਤ ਇੱਕ ਪਾਸੇ ਹੈ, ਪਰ ਮਾਂ ਹੋਣਾ ਇਸ ਸਭ ਤੋਂ ਵੱਧ ਹੈ। ਪਰ ਜਾਪਾਨ ਦਾ ਇਹ ਵਾਇਰਲ ਬਾਂਦਰ ਆਪਣੀ ਮਾਂ ਤੋਂ ਦੂਰ ਹੋ ਗਿਆ ਹੈ। 26 ਜੁਲਾਈ, 2025 ਨੂੰ ਜਾਪਾਨ ਦੇ ਇਚਿਕਾਵਾ ਸਿਟੀ ਚਿੜੀਆਘਰ ਵਿੱਚ ਜਨਮਿਆ, ਇੱਕ ਛੋਟਾ ਜਿਹਾ ਬਾਂਦਰ ਦੁਨੀਆ ਭਰ ਵਿੱਚ ਹਮਦਰਦੀ ਦਾ ਕੇਂਦਰ ਬਣ ਗਿਆ ਹੈ। ਜਿਵੇਂ ਹੀ ਉਸਦਾ ਜਨਮ ਹੋਇਆ, ਉਸਦੀ ਮਾਂ ਨੇ ਉਸਨੂੰ ਦੂਰ ਧੱਕ ਦਿੱਤਾ, ਅਤੇ ਉਦੋਂ ਤੋਂ, ਉਸਦੀ ਜ਼ਿੰਦਗੀ ਦਾ ਸਫ਼ਰ ਇਕੱਲਤਾ ਵਿੱਚ ਸ਼ੁਰੂ ਹੋਇਆ। ਚਿੜੀਆਘਰ ਦੇ ਸਟਾਫ਼ ਨੇ ਉਸਦੀ ਦੇਖਭਾਲ ਕੀਤੀ, ਉਸਨੂੰ ਖੁਆਇਆ, ਅਤੇ ਪਿਆਰ ਨਾਲ ਉਸਦਾ ਨਾਮ ਪੰਚ ਰੱਖਿਆ। ਜਿਵੇਂ-ਜਿਵੇਂ ਪੰਚ ਵੱਡਾ ਹੁੰਦਾ ਗਿਆ, ਉਸਨੇ ਆਪਣੀ ਮਾਂ ਅਤੇ ਹੋਰ ਬਾਂਦਰਾਂ ਕੋਲ ਜਾਣ ਦੀ ਕੋਸ਼ਿਸ਼ ਕੀਤੀ, ਪਰ ਉਹਨਾਂ ਨੇ ਉਸਨੂੰ ਭਜਾ ਦਿੱਤਾ।

ਡਰ ਕੇ, ਉਹ ਭੱਜ ਜਾਂਦਾ ਸੀ ਅਤੇ ਫਿਰ ਆਪਣੇ ਖਿਡੌਣੇ ਵੱਲ ਵਾਪਸ ਆ ਜਾਂਦਾ ਸੀ, ਉਸ ਨਾਲ ਚਿਪਕਿਆ ਰਹਿੰਦਾ ਸੀ। ਉਹ ਖਿਡੌਣਾ ਉਸਨੂੰ ਸੁਰੱਖਿਆ ਅਤੇ ਆਰਾਮ ਪ੍ਰਦਾਨ ਕਰਦਾ ਸੀ। ਚਿੜੀਆਘਰ ਨੇ ਪੰਚ ਦੇ ਕਈ ਵੀਡੀਓ ਸਾਂਝੇ ਕੀਤੇ, ਜਿੱਥੇ ਉਹ ਇਕੱਲਾ ਬੈਠਾ ਸੀ, ਜੱਫੀ ਪਾ ਰਿਹਾ ਸੀ ਅਤੇ ਆਪਣੇ ਨਰਮ ਖਿਡੌਣੇ ਨਾਲ ਖੇਡ ਰਿਹਾ ਸੀ। ਇਨ੍ਹਾਂ ਵੀਡੀਓਜ਼ ਨੇ ਇਸ ਬਾਂਦਰ ਦੀ ਮਾਂ ਦੇ ਪਿਆਰ ਲਈ ਤਰਸਦੀ ਕਹਾਣੀ ਨੂੰ ਜਗਾਇਆ।

ਲੋਕਾਂ ਨੇ ਪੰਚ ਵਿੱਚ ਆਪਣੀ ਇਕੱਲਤਾ, ਆਪਣਾ ਬਚਪਨ ਅਤੇ ਆਪਣੀਆਂ ਜ਼ਰੂਰਤਾਂ ਨੂੰ ਦੇਖਣਾ ਸ਼ੁਰੂ ਕਰ ਦਿੱਤਾ। ਕੁਝ ਨੇ ਉਸਨੂੰ ਗੋਦ ਲੈਣ ਦੀ ਇੱਛਾ ਪ੍ਰਗਟ ਕੀਤੀ, ਜਦੋਂ ਕਿ ਦੂਸਰੇ ਉਸਨੂੰ ਗੋਦ ਲੈਣ ਬਾਰੇ ਗੱਲ ਕਰਨ ਲੱਗੇ। ਸੋਸ਼ਲ ਮੀਡੀਆ ਪੰਚ ਦੀਆਂ ਫੋਟੋਆਂ ਅਤੇ ਵੀਡੀਓਜ਼ ਨਾਲ ਭਰ ਗਿਆ ਸੀ। ਪਰ ਕਹਾਣੀ ਇੱਥੇ ਹੀ ਖਤਮ ਨਹੀਂ ਹੁੰਦੀ।

ਚਿੜੀਆਘਰ ਦੇ ਨਿਰੰਤਰ ਯਤਨਾਂ ਸਦਕਾ, ਪੰਚ ਹੌਲੀ-ਹੌਲੀ ਦੂਜੇ ਬਾਂਦਰਾਂ ਨਾਲ ਰਲ ਰਿਹਾ ਹੈ। ਦੂਜੇ ਬਾਂਦਰਾਂ ਨੇ ਵੀ ਉਸਨੂੰ ਗਲੇ ਲਗਾਉਣਾ ਸ਼ੁਰੂ ਕਰ ਦਿੱਤਾ ਹੈ। ਉਹ ਉਸਦੇ ਨਾਲ ਖੇਡਦੇ ਹਨ ਅਤੇ ਉਸਨੂੰ ਆਪਣੇ ਸਮੂਹ ਵਿੱਚ ਸ਼ਾਮਲ ਕਰਦੇ ਹਨ। ਪੰਚ ਹੁਣ ਇਕੱਲਾ ਨਹੀਂ ਹੈ।

# ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਕਿਸਾਨਾਂ ਨੇ ਘੇਰੇ ਭਾਜਪਾ ਤੇ 'ਆਪ' ਦੇ ਮੰਤਰੀਆਂ ਦੇ ਘਰ



ਤਲਵੰਡੀ ਸਾਬੋ, 22 ਫਰਵਰੀ (ਸੰਦੀਪ ਜੋਸ਼ੀ) : ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤੇ ਅੱਜ ਭਾਜਪਾ ਅਤੇ ਆਮ ਆਦਮੀ ਪਾਰਟੀ ਦੇ ਕੈਬਨਿਟ ਮੰਤਰੀਆਂ ਦੇ ਘਰਾਂ ਦਾ ਘਰਾਓ ਕੀਤਾ ਗਿਆ। ਇਸੇ ਲੜੀ ਤਹਿਤ ਬਠਿੰਡਾ ਵਿਖੇ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਸਾਬਕਾ ਕੈਬਨਿਟ ਮੰਤਰੀ ਸਰੂਪ ਚੰਦ ਸਿੰਗਲਾ ਦੇ ਘਰ ਦਾ ਘਰਾਓ ਕਰਕੇ ਕਿਸਾਨਾਂ ਵੱਲੋਂ ਜ਼ੋਰਦਾਰ ਪ੍ਰਦਰਸ਼ਨ ਕੀਤਾ ਗਿਆ। ਬੀਕੇਯੂ ਡਕੌਂਦਾ ਦੇ ਅਮਰਜੀਤ ਸਿੰਘ ਹਨੀ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਲਗਾਤਾਰ ਅਜਿਹੀਆਂ ਨੀਤੀਆਂ ਅਤੇ ਕਾਨੂੰਨ ਬਣਾਏ ਜਾ ਰਹੇ ਹਨ, ਜਿਸ ਨਾਲ ਕਿਸਾਨਾਂ ਦੇ ਹਿੱਤ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਹੇ ਹਨ। ਅਜਿਹੇ ਦੇ ਚਲਦੇ ਉਨ੍ਹਾਂ ਵੱਲੋਂ ਲਗਾਤਾਰ ਸੰਯੁਕਤ ਕਿਸਾਨ ਮੋਰਚੇ ਰਾਹੀਂ ਸੰਘਰਸ਼ ਦੀ ਨਵੀਂ ਰਣਨੀਤੀ ਤਿਆਰ ਕੀਤੀ ਜਾ ਰਹੀ ਹੈ ਅਤੇ ਪ੍ਰਦਰਸ਼ਨ ਕੀਤੇ ਜਾ ਰਹੇ ਹਨ ਉਹਨਾਂ ਕਿਹਾ ਕਿ ਇਸੇ ਲੜੀ ਤਹਿਤ ਅੱਜ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ 92 ਜਥੇਬੰਦੀਆਂ ਵੱਲੋਂ ਸਾਂਝਾ ਮੋਰਚਾ ਬਣਾ ਕੇ ਭਾਜਪਾ ਅਤੇ ਆਮ ਆਦਮੀ ਪਾਰਟੀ ਦੇਖ ਕੈਬਨਿਟ ਮੰਤਰੀਆਂ ਦੇ ਘਰਾਂ ਦਾ ਘਰਾਓ ਕੀਤਾ ਗਿਆ ਹੈ। ਉਹਨਾਂ ਕਿਹਾ ਕਿ ਕੇਂਦਰ ਸਰਕਾਰ ਦੇ ਇਸ਼ਾਰੇ 'ਤੇ ਸੂਬਾ ਸਰਕਾਰ ਲਗਾਤਾਰ ਕਿਸਾਨ ਸੰਘਰਸ਼ਾਂ ਨੂੰ ਕੁਚਲਣ ਦੀ ਕੋਸ਼ਿਸ਼ ਕਰ ਰਹੀ ਹੈ ਪਰ ਕਿਸਾਨ ਆਪਣੇ ਹਿੱਤਾਂ ਦੀ ਰਾਖੀ ਲਈ ਲਗਾਤਾਰ ਸੰਘਰਸ਼ ਕਰ ਰਹੇ ਹਨ ਉਹਨਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਲਿਆਂਦੇ ਜਾ ਰਹੇ ਬਿਜਲੀ ਸੋਧ ਬਿਲ ਜੀ ਰਾਮ ਜੀ ਅਤੇ ਹੋਰ ਕਾਨੂੰਨਾਂ ਦਾ ਲਗਾਤਾਰ ਵਿਰੋਧ ਹੋ ਰਿਹਾ ਹੈ, ਕਿਉਂਕਿ ਇਹਨਾਂ ਕਾਨੂੰਨਾਂ ਰਾਹੀਂ ਸਰਕਾਰ ਖੇਤੀ ਸੈਕਟਰ ਨੂੰ ਕਾਰਪੋਰੇਟ ਘਰਾਣਿਆਂ ਦੇ ਹੱਥਾਂ ਵਿੱਚ ਸੌਂਪਣਾ ਚਾਹੁੰਦੀ ਹੈ ਪਰ ਪੰਜਾਬ ਦਾ ਕਿਸਾਨ ਕਦੇ ਵੀ ਅਜਿਹਾ ਨਹੀਂ ਹੋਣ ਦੇਵੇਗਾ ਅਤੇ ਸੂਬਾ ਸਰਕਾਰ ਤੇ ਕੇਂਦਰ ਸਰਕਾਰ ਦੀਆਂ ਇਹਨਾਂ ਨੀਤੀਆਂ ਦਾ ਡੱਟ ਕੇ ਵਿਰੋਧ ਕਰੇਗਾ ਇਸੇ ਲੜੀ ਤਹਿਤ ਅੱਜ ਉਹਨਾਂ ਵੱਲੋਂ ਇਹ ਸੰਕੇਤਕ ਧਰਨਾ ਦਿੱਤਾ ਜਾ ਰਿਹਾ ਹੈ ਆਉਂਦੇ ਦਿਨਾਂ ਵਿੱਚ ਇਹ ਸੰਘਰਸ਼ ਹੋਰ ਤਿੱਖਾ ਕੀਤਾ ਜਾਵੇਗਾ ਤਾਂ ਜੋ ਕਿਸਾਨ ਹਿੱਤਾਂ ਦੀ ਰਾਖੀ ਕੀਤੀ ਜਾ ਸਕੇ ਅਤੇ ਕਿਸਾਨਾਂ ਦੀਆਂ ਜ਼ਮੀਨਾਂ ਖੋਹਣ ਦੀਆਂ ਚੱਲ ਰਹੀਆਂ ਸਾਜ਼ਿਸ਼ਾਂ ਨੂੰ ਨਾਕਾਮਯਾਬ ਕੀਤਾ ਜਾ ਸਕੇ।

# ਨਸ਼ਾ ਸਿਰਫ਼ ਕਾਨੂੰਨੀ ਮਸਲਾ ਨਹੀਂ, ਸਗੋਂ ਸਮਾਜਿਕ ਚੁਣੌਤੀ : ਐਸ.ਐਸ.ਪੀ. ਡਾ. ਜਯੋਤੀ ਯਾਦਵ



ਬਠਿੰਡਾ, 22 ਫਰਵਰੀ ( ਦੀਪਕ ਸ਼ਰਮਾ) : ਬਠਿੰਡਾ ਪੁਲਿਸ ਵੱਲੋਂ ਚਲਾਏ ਜਾ ਰਹੇ 'ਪ੍ਰੋਜੈਕਟ ਸੰਪਰਕ' ਦੇ ਤਹਿਤ ਅੱਜ ਸ਼ਹਿਰ ਵਿੱਚ ਇੱਕ ਨਵੀਂ ਪਹਿਲਕਦਮੀ ਦੇਖਣ ਨੂੰ ਮਿਲੀ। ਐਸ.ਐਸ.ਪੀ. ਬਠਿੰਡਾ ਡਾ. ਜਯੋਤੀ ਯਾਦਵ ਨੇ ਐਤਵਾਰ ਸਵੇਰੇ ਤਿਕੋਣੀ ਤੇ ਸਥਾਨਕ ਨਿਵਾਸੀਆਂ ਨਾਲ ਇੱਕ ਵਿਸ਼ੇਸ਼ ਜਨ-ਸੰਵਾਦ ਮੀਟਿੰਗ ਕੀਤੀ। ਇਸ ਮੌਕੇ ਲੋਕਾਂ ਨੇ ਪੁਲਿਸ ਪ੍ਰਸ਼ਾਸਨ ਦੇ ਸਾਹਮਣੇ ਆਪਣੇ ਇਲਾਕੇ ਦੀਆਂ ਸਮੱਸਿਆਵਾਂ ਰੱਖੀਆਂ ਅਤੇ ਸੁਰੱਖਿਆ ਪ੍ਰਬੰਧਾਂ ਬਾਰੇ ਖੁੱਲ੍ਹ ਕੇ ਚਰਚਾ ਕੀਤੀ।

ਮੀਟਿੰਗ ਦਾ ਮੁੱਖ ਏਜੰਡਾ ਨਸ਼ਾ-ਮੁਕਤ ਸਮਾਜ ਦੀ ਸਿਰਜਣਾ ਅਤੇ ਆਮ ਜਨਤਾ ਵਿੱਚ ਪੁਲਿਸ ਪ੍ਰਤੀ ਵਿਸ਼ਵਾਸ ਪੈਦਾ ਕਰਨਾ ਰਿਹਾ। ਇਕੱਠ ਨੂੰ ਸੰਬੋਧਨ ਕਰਦਿਆਂ ਐਸ.ਐਸ.ਪੀ. ਡਾ. ਜਯੋਤੀ ਯਾਦਵ ਨੇ ਕਿਹਾ ਕਿ ਨਸ਼ਾ ਕੋਈ ਅਜਿਹੀ ਬੀਮਾਰੀ ਨਹੀਂ ਜਿਸ ਦਾ ਇਲਾਜ ਸਿਰਫ਼ ਡੰਡੇ ਦੇ ਜ਼ੋਰ 'ਤੇ ਹੋ ਸਕੇ, ਇਹ ਇੱਕ ਵੱਡੀ ਸਮਾਜਿਕ ਚੁਣੌਤੀ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਜਿੰਨਾ ਚਿਰ ਸਮਾਜ ਪੁਲਿਸ ਦਾ ਸਾਥ ਨਹੀਂ ਦਿੰਦਾ, ਓਨਾ ਚਿਰ ਨਸ਼ੇ ਦੇ ਸੌਦਾਗਰਾਂ ਦੀਆਂ ਜੜ੍ਹਾਂ ਵੱਢਣੀਆਂ ਮੁਸ਼ਕਿਲ ਹਨ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਕਿਸੇ ਵੀ ਸ਼ੱਕੀ ਵਿਅਕਤੀ ਜਾਂ ਗਤੀਵਿਧੀ ਬਾਰੇ ਤੁਰੰਤ ਸੂਚਨਾ ਸਾਂਝੀ ਕੀਤੀ ਜਾਵੇ ਤਾਂ ਜੋ ਸਮੇਂ ਸਿਰ ਕਾਰਵਾਈ ਹੋ ਸਕੇ।

ਮੀਟਿੰਗ ਦੌਰਾਨ ਲੋਕਾਂ ਨੇ ਸ਼ਿਕਾਇਤਾਂ ਅਤੇ ਸੁਝਾਅ ਦਿੰਦਿਆਂ ਭਰੋਸਾ ਦਿੱਤਾ ਕਿ ਉਹ ਇਸ ਮੁਹਿੰਮ ਵਿੱਚ ਪੁਲਿਸ ਦਾ ਪੂਰਾ ਸਾਥ ਦੇਣਗੇ। ਐਸ.ਐਸ.ਪੀ. ਨੇ ਖਾਸ ਕਰਕੇ ਨੌਜਵਾਨਾਂ ਨੂੰ ਖੇਡਾਂ ਅਤੇ ਸਕਾਰਾਤਮਕ ਕੰਮਾਂ ਨਾਲ ਜੁੜਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਅਖੀਰ ਵਿੱਚ ਕਿਹਾ ਕਿ ਪੁਲਿਸ ਜਨਤਾ ਦੀ ਸੇਵਾ ਅਤੇ ਸੁਰੱਖਿਆ ਲਈ ਹਰ ਵੇਲੇ ਹਾਜ਼ਰ ਹੈ ਅਤੇ ਕੋਈ ਵੀ ਨਾਗਰਿਕ ਬਿਨਾਂ ਕਿਸੇ ਡਰ ਤੋਂ ਕਿਸੇ ਵੀ ਸਮੱਸਿਆ ਲਈ ਪੁਲਿਸ ਅਧਿਕਾਰੀਆਂ ਤੱਕ ਪਹੁੰਚ ਕਰ ਸਕਦਾ ਹੈ।

# ਕਾਮਰਸ ਵਿਭਾਗ ਨੇ ਵਿਦਿਆਰਥੀਆਂ ਵਿੱਚ ਵਿੱਤੀ ਸਿੱਖਿਆ ਪ੍ਰਤੀ ਜਾਗਰੂਕਤਾ ਲਈ ਲੈਕਚਰ ਕਰਵਾਇਆ



ਭਗਤਾ ਭਾਈ ਕਾ, 22 ਫਰਵਰੀ (ਸਵਰਨ ਸਿੰਘ ਭਗਤਾ):ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ , ਸਕੱਤਰ ਸੁਖਮਿੰਦਰ ਸਿੰਘ ਅਤੇ ਸਿਕੰਦਰ ਸਿੰਘ ਮਲੂਕਾ ਸਾਬਕਾ ਕੈਬਨਿਟ ਮੰਤਰੀ ਪੰਜਾਬ ਅਤੇ ਆਨਰੇਰੀ ਸਕੱਤਰ ਕਾਲਜ ਦੀ ਰਹਿਨੁਮਾਈ ਅਤੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਇਲਾਕੇ ਦੀ ਨਾਮਵਰ ਸੰਸਥਾ ਗੁਰੂ ਗੋਬਿੰਦ ਸਿੰਘ ਖ਼ਾਲਸਾ ਕਾਲਜ ਭਗਤਾ ਭਾਈਕਾ ਵਲੋਂ ਕਾਲਜ ਪ੍ਰਿੰਸੀਪਲ ਡਾ. ਸਤਿੰਦਰ ਕੌਰ ਮਾਨ ਦੀ ਅਗਵਾਈ ਹੇਠ ਕਾਮਰਸ ਵਿਭਾਗ ਵੱਲੋਂ ਵਿਦਿਆਰਥੀਆਂ ਵਿੱਚ ਵਿੱਤੀ ਸਿੱਖਿਆ ਪ੍ਰਤੀ ਜਾਗਰੂਕਤਾ ਪੈਦਾ ਕਰਨ ਅਤੇ ਉਨ੍ਹਾਂ ਨੂੰ ਆਧੁਨਿਕ ਆਰਥਿਕ ਪ੍ਰਣਾਲੀ ਨਾਲ ਜਾਣੂ ਕਰਵਾਉਣ ਦੇ ਉਦੇਸ਼ ਨਾਲ ਇੱਕ ਮਹੱਤਵਪੂਰਨ ਆਨਲਾਈਨ ਲੈਕਚਰ ਦਾ ਆਯੋਜਨ ਕੀਤਾ ਗਿਆ। ਇਸ ਲੈਕਚਰ ਵਿੱਚ ਕਾਲਜ ਦੇ ਕਾਮਰਸ ਵਿਭਾਗ ਦੇ 50 ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਸ਼ਮੂਲੀਅਤ ਕੀਤੀ। ਲੈਕਚਰ ਦੌਰਾਨ ਪੂਜਾ ਮਹਾਜਨ ਕੋਹਲੀ ਨੇ ਵਿਦਿਆਰਥੀਆਂ ਨੂੰ ਫਾਇਨੈਂਸ਼ਲ ਲਿਟਰੇਸੀ ਦੀ ਮਹੱਤਤਾ ਬਾਰੇ ਜਾਣਕਾਰੀ ਦਿੰਦੇ ਹੋਏ ਬਚਤ ਕਰਨ ਦੇ ਤਰੀਕੇ, ਬਜਟ ਬਣਾਉਣ ਦੀ ਲੋੜ, ਸਹੀ ਨਿਵੇਸ਼ ਦੇ ਵਿਕਲਪ ਅਤੇ ਡਿਜ਼ਿਟਲ ਬੈਂਕਿੰਗ ਦੀ ਸੁਰੱਖਿਅਤ ਵਰਤੋਂ ਬਾਰੇ ਵਿਸਥਾਰ ਨਾਲ ਸਮਝਾਇਆ। ਉਨ੍ਹਾਂ ਨੇ ਕਿਹਾ ਕਿ ਮੌਜੂਦਾ ਯੁੱਗ ਵਿੱਚ ਵਿੱਤੀ ਗਿਆਨ ਸਿਰਫ਼ ਵਪਾਰ ਜਾਂ ਨੌਕਰੀ ਤੱਕ ਸੀਮਿਤ ਨਹੀਂ ਰਹਿ ਗਿਆ, ਬਲਕਿ ਹਰ ਵਿਅਕਤੀ ਦੀ ਰੋਜ਼ਾਨਾ ਜ਼ਿੰਦਗੀ ਦਾ ਇੱਕ ਅਹਿਮ ਹਿੱਸਾ ਬਣ ਚੁੱਕਾ ਹੈ।ਪੂਜਾ ਮਹਾਜਨ ਕੋਹਲੀ ਨੇ ਵਿਦਿਆਰਥੀਆਂ ਨੂੰ ਆਨਲਾਈਨ ਫ੍ਰਾਡ ਅਤੇ ਠੱਗੀ ਤੋਂ ਬਚਣ ਲਈ ਸਾਵਧਾਨੀਆਂ ਬਾਰੇ ਵੀ ਜਾਣਕਾਰੀ ਦਿੱਤੀ ਅਤੇ ਡਿਜ਼ਿਟਲ ਲੈਣ-ਦੇਣ ਕਰਦੇ ਸਮੇਂ ਸੁਰੱਖਿਆ ਨਿਯਮਾਂ ਦੀ ਪਾਲਣਾ ਕਰਨ ਦੀ ਸਲਾਹ ਦਿੱਤੀ।

ਕਾਲਜ ਪ੍ਰਿੰਸੀਪਲ ਡਾ. ਸਤਿੰਦਰ ਕੌਰ ਮਾਨ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਇਸ ਤਰ੍ਹਾਂ ਦੇ ਜਾਗਰੂਕਤਾ ਪ੍ਰੋਗਰਾਮ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਬਹੁਤ ਲਾਭਦਾਇਕ ਹਨ। ਉਨ੍ਹਾਂ ਨੇ ਦੱਸਿਆ ਕਿ ਕਾਲਜ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੇ ਲੈਕਚਰ ਕਰਵਾਉਂਦਾ ਰਹੇਗਾ ਤਾਂ ਜੋ ਵਿਦਿਆਰਥੀ ਸਮਾਜ ਵਿੱਚ ਸੁਚੇਤ ਅਤੇ ਆਤਮਨਿਰਭਰ ਨਾਗਰਿਕ ਬਣ ਸਕਣ। ਇਸ ਮੌਕੇ ਕਾਮਰਸ ਵਿਭਾਗ ਦੇ ਮੁਖੀ ਪ੍ਰੋ. ਲਖਵੀਰ ਕੌਰ , ਪ੍ਰੋ. ਕਿਰਨਜੀਤ ਕੌਰ, ਪ੍ਰੋ. ਅਮਨਦੀਪ ਕੌਰ ਅਤੇ ਪ੍ਰੋ. ਮੇਘਾ ਰੇਵਾਲ ਸ਼ਾਮਿਲ ਸਨ।

# ਢੋਲ ਦੀ ਗੂੰਜ ਨੇ ਜਗਾਇਆ ਮਾਂ-ਬੋਲੀ ਦਾ ਮੋਹ



ਧੂਰੀ, 22 ਫ਼ਰਵਰੀ (ਰਾਜੇਸ਼ਵਰ ਪਿੰਟੂ): ਕੌਮਾਂਤਰੀ ਮਾਂ ਬੋਲੀ ਦਿਹਾੜੇ ਨੂੰ ਸਮਰਪਿਤ ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਦੇ ਸੱਦੇ 'ਤੇ ਸਾਹਿਤ ਸਭਾ ਧੂਰੀ ਵੱਲੋਂ ਸ਼ਹਿਰ ਦੇ ਤ੍ਰਿਵੈਣੀ ਚੌਕ ਵਿੱਚ ਕਵੀ ਦਰਬਾਰ ਦਾ ਆਯੋਜਨ ਕੀਤਾ ਗਿਆ। ਇਸ ਸਮਾਗਮ ਦਾ ਮੁੱਖ ਮਕਸਦ ਪੰਜਾਬੀ ਲੋਕਾਂ, ਪ੍ਰਸ਼ਾਸਨ ਤੇ ਸਰਕਾਰਾਂ ਨੂੰ ਪੰਜਾਬੀ ਮਾਂ ਬੋਲੀ ਦੀ ਮੌਜੂਦਾ ਸਥਿਤੀ ਪ੍ਰਤੀ ਜਾਗਰੂਕ ਕਰਨਾ ਸੀ। ਬਾਜ਼ਾਰ ਵਿੱਚ ਢੋਲ ਵਜਾ ਕੇ ਲੋਕਾਂ ਦਾ ਧਿਆਨ ਖਿੱਚਿਆ ਗਿਆ ਤੇ ਸਾਹਿਤਕ ਰਚਨਾਵਾਂ ਰਾਹੀਂ ਆਪਣੀ ਬੋਲੀ ਨੂੰ ਬਚਾਉਣ ਦਾ ਸੁਨੇਹਾ ਦਿੱਤਾ ਗਿਆ। ਸਮਾਗਮ ਦੀ ਪ੍ਰਧਾਨਗੀ ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਦੇ ਪ੍ਰਧਾਨ ਪਵਨ ਹਰਚੰਦਪੁਰੀ ਨੇ ਕੀਤੀ। ਉਨ੍ਹਾਂ ਦੇ ਨਾਲ ਪ੍ਰਧਾਨਗੀ ਮੰਡਲ ਵਿੱਚ ਜਗਦੇਵ ਸ਼ਰਮਾ ਬੁਗਰਾ, ਗੁਰਦਿਆਲ ਨਿਰਮਾਣ, ਹਰਦੇਵ ਸਿੰਘ ਜਵੰਧਾ ਤੇ ਜਗਦੀਸ਼ ਸ਼ਰਮਾ ਵਰਗੀਆਂ ਨਾਮਵਰ ਸ਼ਖ਼ਸੀਅਤਾਂ ਸ਼ਾਮਲ ਸਨ। ਇਸ ਮੌਕੇ ਜਸਵੰਤ ਸਿੰਘ ਜੋਸ਼, ਮਨਜੀਤ ਸਿੰਘ ਬਖ਼ਸੀ, ਜਸਪਾਲ ਸਿੰਘ ਖੁਰਮੀ, ਪ੍ਰੋ. ਸਮਸ਼ੇਰ ਸਿੰਘ ਅਤੇ ਜਸਦੇਵ ਸਿੰਘ ਨੇ ਵੀ ਮਾਂ ਬੋਲੀ ਦੀ ਸਥਿਤੀ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਪੰਜਾਬੀਅਤ ਨੂੰ ਦਰਪੇਸ਼ ਚੁਣੌਤੀਆਂ 'ਤੇ ਚਰਚਾ ਕੀਤੀ। ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਪਵਨ ਹਰਚੰਦਪੁਰੀ ਨੇ ਮਾਂ ਬੋਲੀ 'ਤੇ ਹੋ ਰਹੇ ਵੱਖ-ਵੱਖ ਹਮਲਿਆਂ ਬਾਰੇ ਗੰਭੀਰ ਚਿੰਤਾ ਪ੍ਰਗਟਾਈ। ਉਨ੍ਹਾਂ ਨੇ ਵਿਸ਼ੇਸ਼ ਤੌਰ 'ਤੇ ਦੁਕਾਨਦਾਰਾਂ ਅਤੇ ਕਾਰੋਬਾਰੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੀਆਂ ਦੁਕਾਨਾਂ, ਦਫ਼ਤਰਾਂ ਅਤੇ ਘਰਾਂ ਦੇ ਜਾਣਕਾਰੀ ਬੋਰਡ ਪੰਜਾਬੀ ਭਾਸ਼ਾ ਵਿੱਚ ਲਗਾਉਣ। ਸੱਤਪਾਲ ਪਰਾਸ਼ਰ, ਜਗਸੀਰ ਸਿੰਘ ਮੂਲੋਵਾਲ, ਸੁਖਵਿੰਦਰ ਸਿੰਘ ਲੋਟੇ, ਕੁਲਵਿੰਦਰ ਸਿੰਘ ਬੰਟੀ, ਪ੍ਰਿਤਪਾਲ ਸ਼ਰਮਾ ਰਣੀਕੇ ਅਤੇ ਸੁਰਿੰਦਰ ਸ਼ਰਮਾ ਹਰਚੰਦਪੁਰੀ ਸਮੇਤ ਕਈ ਹੋਰਨਾਂ ਨੇ ਆਪਣੀਆਂ ਜੋਸ਼ੀਲੀਆਂ ਤੇ ਅਰਥ-ਭਰਪੂਰ ਰਚਨਾਵਾਂ ਰਾਹੀਂ ਮਾਂ ਬੋਲੀ ਪ੍ਰਤੀ ਆਪਣਾ ਮੋਹ ਪ੍ਰਗਟਾਇਆ। ਗਾਇਕ ਜੱਗੀ ਸਰਪੰਚ ਤੇ ਗੁਰਮੀਤ ਸਿੰਘ ਆਨੰਦ ਨੇ ਵੀ ਆਪਣੀ ਕਲਾ ਰਾਹੀਂ ਹਾਜ਼ਰ ਸਰੋਤਿਆਂ ਦਾ ਮਨ ਮੋਹ ਲਿਆ। ਸਮਾਗਮ ਦੌਰਾਨ ਮੇਜਰ ਸਿੰਘ ਢੋਲੀ ਨੇ ਢੋਲ ਵਜਾ ਕੇ ਪੂਰੇ ਬਾਜ਼ਾਰ ਵਿੱਚ ਰੰਗ ਬੰਨ੍ਹਿਆ, ਜਿਸ ਕਾਰਨ ਆਮ ਸ਼ਹਿਰੀਆਂ ਨੇ ਵੀ ਇਸ ਸਾਹਿਤਕ ਇਕੱਠ ਵਿੱਚ ਦਿਲਚਸਪੀ ਦਿਖਾਈ।

# ਪਿੰਡ ਡੋਡ ਵਿਖੇ ਸਾਲਾਨਾ ਭੰਡਾਰਾ



ਬਾਜਾਖਾਨਾ, 22 ਫਰਵਰੀ (ਅਵਤਾਰ ਸਿੰਘ ਮੱਲਾ ) :ਦਰਵਾਰ ਗੌਸੇ ਆਜਮ ਗਿਆਰਵੀ ਵਾਲੀ ਸਰਕਾਰ ਪਿੰਡ ਡੋਡ ਵਿਖੇ ਮਹਿਫ਼ਲ- ਏ -ਕਵਾਲੀ 22ਵਾਂ ਸਾਲਾਨਾ ਭੰਡਾਰਾ ਕਰਵਾਇਆ ਗਿਆ। ਇਸ ਸਮੇਂ ਖਲੀਫਾ ਬਾਬਾ ਕੁਲਵੰਤ ਚਿਸ਼ਤੀ ਉਰਫ ਜਾਕਰ ਡੋਡ ਅਤੇ ਖਲੀਫ਼ਾ ਬਾਬਾ ਰਣਜੀਤ ਚਿਸ਼ਤੀ ਹਰੀ ਨੌ ਵਾਲਿਆ ਨੇ ਜਾਣਕਾਰੀ ਦਿੰਦਿਆ ਦੱਸਿਆ ਕਿ ਇਹ ਭੰਡਾਰਾ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਬਾਬਾ ਸ਼ੇਖ ਮਲੇਰਕੋਟਲਾ ,ਬਾਬਾ ਲੱਖਦਾਤਾ ਪੀਰ,ਹਜ਼ਰਤ ਖਵਾਜਾ ਸ਼ਾਹ ਮੁਹੰਮਦ ਅਤੇ ਸਾਡੇ ਪੀਰ ਬਾਬਾ ਮੋਹਨ ਚਿਸ਼ਤੀ ਜੀ ਦੇ ਕਰਮ ਨਵਾਜੀ ਨਾਲ ਧੂਮ-ਧਾਮ ਨਾਲ ਮਨਾਇਆ ਗਿਆ। ਇਸ ਸਮਾਗਮ ਵਿੱਚ ਮਹਿਫ਼ਲ ਏ ਕਵਾਲੀ ਦਾ ਆਯੋਜਨ ਕੀਤਾ ਗਿਆ। ਸੰਗਤਾਂ ਵੱਲੋਂ ਖਤਮ ਸ਼ਰੀਫ ਅਤੇ ਚਾਦਰ ਦੀ ਰਸਮ ਸਰਧਾ ਭਾਵਨਾ ਨਾਲ ਕੀਤੀ ਗਈ। ਸੰਗਤਾਂ ਲਈ ਲੰਗਰ ਅਤੁੱਟ ਵਰਤਾਇਆ ਗਿਆ।

# ਸ੍ਰੀ ਵਿਸ਼ਾਲ ਦੁਰਗਾ ਸੰਕੀਰਤਨ ਮੰਡਲ ਨੇ ਡਾਕਟਰੀ ਜਾਂਚ ਕੈਂਪ ਲਗਾਇਆ



ਲਹਿਰਾਗਾਗਾ, 22 ਫਰਵਰੀ (ਗੁਰਦੀਪ ਸਿੰਘ) : ਅੱਜ ਸ੍ਰੀ ਵਿਸ਼ਾਲ ਦੁਰਗਾ ਸੰਕੀਰਤਨ ਮੰਡਲ ਵੱਲੋਂ ਹਫਤਾਵਾਰੀ ਮੈਡੀਕਲ ਕੈਂਪ ਜੀਪੀਐਫ ਲਹਿਰਾਗਾਗਾ ਵਿਖੇ ਲਗਾਇਆ ਗਿਆ, ਇਸ ਮੈਡੀਕਲ ਕੈਂਪ ਵਿੱਚ ਪਹੁੰਚੇ ਮੁੱਖ ਮਹਿਮਾਨ ਆਮ ਆਦਮੀ ਪਾਰਟੀ ਦੇ ਯੂਥ ਆਗੂ ਅਜੇ ਕੁਮਾਰ ਠੋਲੀ ਅਤੇ ਦੀਪਕ ਜੈਨ ਨੇ ਪੱਤਰਕਾਰ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਸ ਤਰਾਂ ਦੇ ਮੈਡੀਕਲ ਕੈਂਪ ਸੰਸਥਾ ਵੱਲੋਂ ਲਗਾਇਆ ਜਾਣੇ ਇੱਕ ਸਲਾਘਾਯੋਗ ਕਦਮ ਹੈ, ਇਸ ਕੈਂਪ ਵਿੱਚ ਹਰ ਐਤਵਾਰ ਇਲਾਕੇ ਵਿੱਚੋਂ ਸੈਂਕੜੇ ਮਰੀਜ਼ ਲਾਭ ਉਠਾਉਂਦੇ ਹਨ, ਉਹਨਾਂ ਸੰਸਥਾ ਨੂੰ ਹਰ ਸੰਭਵ ਸਹਿਯੋਗ ਦੇਣ ਦਾ ਭਰੋਸਾ ਦਿੱਤਾ, ਇਸ ਮੌਕੇ ਡਾਕਟਰ ਪ੍ਰਗਟ ਸਿੰਘ ਐਮ ਡੀ ਮੈਡੀਸਨ ਤੋਂ ਇਲਾਵਾ ਹੋਰ ਡਾਕਟਰ ਸਾਹਿਬਾਨਾਂ ਨੇ ਲੱਗਭੱਗ ਇੱਕ ਸੌ ਤੀਹ ਮਰੀਜ਼ਾਂ ਦਾ ਚੈੱਕ ਅਪ ਕੀਤਾ ,ਇੱਥੇ ਇਹ ਦੱਸਣ ਯੋਗ ਹੈ ਕਿ ਇਸ ਮੈਡੀਕਲ ਕੈਂਪ ਵਿੱਚ ਕੋਈ ਫੀਸ ਵਗੈਰਾ ਨਹੀਂ ਲਈ ਜਾਂਦੀ,ਇਹ ਬਿਲਕੁਲ ਫਰੀ ਲਗਾਇਆ ਜਾਂਦਾ ਹੈ,ਇਸ ਦੀ ਸਾਰੇ ਇਲਾਕੇ ਵਿੱਚ ਸਲਾਘਾ ਹੋ ਰਹੀ ਹੈ, ਇਸ ਮੌਕੇ ਚੇਅਰਮੈਨ ਸਰੇਸ਼ ਸਿੰਗਲਾ ਠੇਕੇਦਾਰ ਪ੍ਰਧਾਨ ਸੁਰਿੰਦਰ ਗਰਗ, ਗੌਰਵ ਵਿਕੀ, ਵਾਈਸ ਪ੍ਰਧਾਨ ਰਾਮਪਾਲ ਸਿੰਗਲਾ, ਰਜਕੇਸ਼ ਕੁਮਾਰ ,ਰਾਜੇਸ਼ ਕੱਪੜੇ ਵਾਲੇ, ਜਗਸੀਰ ਜਵਾਹਰ ਵਾਲਾ ਅਤੇ ਸੁਰੇਸ਼ ਭੱਪਾ ਹਾਜ਼ਰ ਸਨ।

# ਬਰਨਾਲਾ ਵਿੱਚ ਤਿੰਨ ਰੋਜ਼ਾ 'ਪੰਜਾਬ ਸਖੀ ਸ਼ਕਤੀ ਮੇਲਾ' ਭਲਕੇ : ਡਿਪਟੀ ਕਮਿਸ਼ਨਰ

## ਜ਼ਿਲ੍ਹਾ ਵਾਸੀਆਂ ਨੂੰ ਵਧ-ਚੜ੍ਹ ਕੇ ਸ਼ਮੂਲੀਅਤ ਕਰਨ ਦਾ ਸੱਦਾ

ਬਰਨਾਲਾ, 22 ਫਰਵਰੀ (ਬਘੇਲ ਸਿੰਘ ਧਾਲੀਵਾਲ) : ਜ਼ਿਲ੍ਹਾ ਬਰਨਾਲਾ ਵਿਖੇ 24, 25 ਅਤੇ 26 ਫਰਵਰੀ ਨੂੰ ਸਥਾਨਕ ਅਨਾਜ ਮੰਡੀ ਵਿੱਚ ਤਿੰਨ ਰੋਜ਼ਾ 'ਪੰਜਾਬ ਸਖੀ ਸ਼ਕਤੀ ਮੇਲਾ' ਬੜੇ ਉਤਸ਼ਾਹ ਨਾਲ ਕਰਵਾਇਆ ਜਾ ਰਿਹਾ ਹੈ। ਡਿਪਟੀ ਕਮਿਸ਼ਨਰ ਬਰਨਾਲਾ, ਸ੍ਰੀ ਹਰਪ੍ਰੀਤ ਸਿੰਘ (ਆਈ.ਏ.ਐਸ.) ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਮੇਲਾ ਜ਼ਿਲ੍ਹੇ ਦੇ ਲੋਕਾਂ ਲਈ ਇੱਕ ਵਿਸ਼ੇਸ਼ ਉਪਰਾਲਾ ਹੈ, ਜਿਸ ਵਿੱਚ ਅਨੇਕਾਂ ਰੌਚਕ ਗਤੀਵਿਧੀਆਂ ਉਲੀਕੀਆਂ ਗਈਆਂ ਹਨ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਮੇਲੇ ਵਿੱਚ ਵੱਖ-ਵੱਖ ਸੈਲਫ ਹੈਲਪ ਗਰੁੱਪਾਂ (ਸਵੈ-ਸਹਾਇਤਾ ਸਮੂਹਾਂ) ਅਤੇ ਸਰਕਾਰੀ ਵਿਭਾਗਾਂ ਵੱਲੋਂ ਪ੍ਰਦਰਸ਼ਨੀ ਸਟਾਲਾਂ ਲਗਾਈਆਂ ਜਾਣਗੀਆਂ। ਮੇਲੇ ਦੀਆਂ ਪ੍ਰਮੁੱਖ ਖਿੱਚਾਂ ਬਾਰੇ ਚਾਨਣਾ ਪਾਉਂਦਿਆਂ ਉਨ੍ਹਾਂ ਦੱਸਿਆ ਕਿ ਦਰਸ਼ਕਾਂ ਦੇ ਮਨੋਰੰਜਨ ਲਈ ਬੱਚਿਆਂ ਵੱਲੋਂ ਸ਼ਾਨਦਾਰ ਸੱਭਿਆਚਾਰਕ ਪੇਸ਼ਕਾਰੀਆਂ ਦਿੱਤੀਆਂ ਜਾਣਗੀਆਂ। ਇਸ ਦੇ ਨਾਲ ਹੀ ਉੱਘੇ ਗਾਇਕਾਂ ਵੱਲੋਂ ਵੀ ਆਪਣੀ ਕਲਾ ਦਾ ਮੁਜ਼ਾਹਰਾ ਕੀਤਾ ਜਾਵੇਗਾ, ਜੋ ਮੇਲੇ ਦੀ ਸ਼ਾਨ ਬਣਨਗੇ। ਇਸ ਮੇਲੇ ਲਈ ਐਂਟਰੀ ਬਿਲਕੁਲ ਮੁਫ਼ਤ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਮੇਲੇ ਵਾਲੀ ਥਾਂ @ਤੇ ਲੋਕਾਂ ਦੀ ਸਹੂਲਤ ਲਈ ਸਾਫ਼-ਸਫਾਈ, ਪੀਣ ਵਾਲੇ ਸਾਫ਼ ਪਾਣੀ ਅਤੇ ਬਿਜਲੀ ਦੇ ਪੁਖ਼ਤਾ ਇੰਤਜ਼ਾਮ ਕੀਤੇ ਗਏ ਹਨ ਤਾਂ ਜੋ ਆਮ ਲੋਕਾਂ ਨੂੰ ਕਿਸੇ ਕਿਸਮ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ। ਡਿਪਟੀ ਕਮਿਸ਼ਨਰ ਨੇ ਸਮੂਹ ਜ਼ਿਲ੍ਹਾ ਵਾਸੀਆਂ ਨੂੰ ਪੁਰਜ਼ੋਰ ਅਪੀਲ ਕੀਤੀ ਕਿ ਉਹ ਇਸ 'ਪੰਜਾਬ ਸਖੀ ਸ਼ਕਤੀ ਮੇਲੇ' ਵਿੱਚ ਆਪਣੇ ਪਰਿਵਾਰਾਂ ਸਮੇਤ ਵੱਧ-ਚੜ੍ਹ ਕੇ ਸ਼ਿਰਕਤ ਕਰਨ ਅਤੇ ਇਸ ਮੇਲੇ ਦਾ ਭਰਪੂਰ ਆਨੰਦ ਲੈਣ।

# ਨਵਜੰਮੀਆਂ ਧੀਆਂ ਦੇ ਲੋਹੜੀ ਮੇਲੇ 'ਤੇ ਹੋਏ ਆਮਦਨ ਖ਼ਰਚ ਦੀ ਸਰਬਸੰਮਤੀ ਨਾਲ ਦਿੱਤੀ ਪ੍ਰਵਾਨਗੀ



ਬਰਨਾਲਾ, 22 ਫ਼ਰਵਰੀ (ਸੁਖਵਿੰਦਰ ਸਿੰਘ ਭੰਡਾਰੀ) : ਪ੍ਰੋਗਰੈਸਿਵ ਸੀਨੀਅਰ ਸਿਟੀਜ਼ਨ ਐਂਡ ਸਿਵਲ ਸੋਸਾਇਟੀ ਬਰਨਾਲਾ ਦੀ ਵਿਸ਼ੇਸ਼ ਮੀਟਿੰਗ ਮੁੱਖ ਸਰਪ੍ਰਸਤ ਨੀਰਜ ਬਾਲਾ ਦਾਨੀਆ, ਸਰਪ੍ਰਸਤ ਪਿਆਰਾ ਲਾਲ ਰਾਏਸਰ ਵਾਲੇ, ਭੋਲਾ ਸਿੰਘ ਵਿਰਕ ਅਤੇ ਬਸੰਤ ਕੁਮਾਰ ਗੋਇਲ ਦੀ ਸਰਪ੍ਰਸਤੀ ਹੇਠ ਹੋਈ। ਮੀਟਿੰਗ ਦੌਰਾਨ ਨਵਜੰਮੀਆਂ ਧੀਆਂ ਦੇ ਲੋਹੜੀ ਮੇਲੇ ਦੇ ਪ੍ਰੋਗਰਾਮ ਦੀ ਸਮੀਖਿਆ ਕੀਤੀ ਗਈ। ਮੀਟਿੰਗ ਦੌਰਾਨ ਹਾਜ਼ਰ ਮੈਂਬਰਾਂ ਨੇ ਆਪੋ ਆਪਣੇ ਸੁਝਾਅ ਪੇਸ਼ ਕੀਤੇ। ਉਨ੍ਹਾਂ ਕਿਹਾ ਕਿ ਜਾਗੋ ਪ੍ਰੋਗਰਾਮ, ਨਵਜੰਮੀਆਂ ਧੀਆਂ ਦਾ ਲੋਹੜੀ ਮੇਲਾ ਅਤੇ ਮਾਘੀ ਦਾ ਭੰਡਾਰਾ ਵਿਸ਼ੇਸ਼ ਖਿੱਚ ਦਾ ਕੇਂਦਰ ਬਿੰਦੂ ਬਣੇ ਰਹੇ। ਸ਼ਹਿਰ ਅਤੇ ਆਸਪਾਸ ਦੇ ਇਲਾਕਿਆਂ ਦੇ ਲੋਕਾਂ ਨੇ ਪ੍ਰੋਗਰਾਮ ਦੀ ਪ੍ਰਸ਼ੰਸ਼ਾ ਕੀਤੀ। ਸੁਖਵਿੰਦਰ ਸਿੰਘ ਭੰਡਾਰੀ ਨੇ ਲੋਹੜੀ ਮੇਲੇ ਤੇ ਆਏ ਖ਼ਰਚ ਬਾਰੇ ਜਾਣਕਾਰੀ ਦਿੱਤੀ, ਜਿਸ ਨੂੰ ਮੀਟਿੰਗ ਦੌਰਾਨ ਹਾਜ਼ਰ ਮੈਂਬਰਾਂ ਨੇ ਪ੍ਰਵਾਨਗੀ ਦਿੱਤੀ। ਫ਼ੀਲਡ ਚੋਂ ਅਤੇ ਮੈਂਬਰਾਂ ਤੋਂ ਮਿਲੀ ਫੀਡ ਬੈਕ ਅਨੁਸਾਰ ਪ੍ਰੋਗਰਾਮ ਆਸ ਤੋਂ ਵੱਧ ਸਫ਼ਲ ਰਿਹਾ। ਇਸ ਮੌਕੇ ਸਹਿਯੋਗੀ ਅਤੇ ਦਾਨੀ ਸੱਜਣਾਂ ਦਾ ਹਾਰਦਿਕ ਧੰਨਵਾਦ ਕੀਤਾ ਗਿਆ। ਅੱਗੇ ਤੋਂ ਪ੍ਰੋਗਰਾਮ ਵੀ ਹੋਰ ਵੀ ਵਧੀਆ ਬਣਾਉਣ ਲਈ ਮੈਂਬਰਾਂ ਵੱਲੋਂ ਆਏ ਉਸਾਰੂ ਸੁਝਾਅ ਕਾਰਵਾਈ ਚ ਦਰਜ਼ ਕੀਤੇ ਗਏ। ਮੀਟਿੰਗ ਦੌਰਾਨ ਮੈਂਬਰਾਂ ਨੇ ਕ੍ਰਿਸ਼ਨਾ ਗਲੀ ਦੇ ਸਮੂਹ ਵਸਨੀਕਾਂ ਦਾ ਪੂਰਨ ਸਹਿਯੋਗ ਦੇਣ ਲਈ ਵੀ ਧੰਨਵਾਦ ਕੀਤਾ। ਇਸ ਮੌਕੇ ਲਗਾਏ ਗਏ ਖ਼ੂਨਦਾਨ ਕੈਂਪ ਚ ਖ਼ੂਨਦਾਨ ਕਰਨ ਵਾਲੇ ਖ਼ੂਨਦਾਨੀਆਂ ਅਤੇ ਮੁੱਖ ਸੇਵਾਦਾਰ ਜਗਵਿੰਦਰ ਸਿੰਘ ਭੰਡਾਰੀ, ਗੁਰਮੀਤ ਸਿੰਘ ਮੀਮਸਾ ਅਤੇ ਅਵਤਾਰ ਸਿੰਘ ਲੀਲਾ ਵੱਲੋਂ ਨਿਭਾਏ ਗਏ ਰੋਲ ਦੀ ਪ੍ਰਸ਼ੰਸ਼ਾ ਕੀਤੀ ਗਈ। ਮਿਤੀ 8 ਮਾਰਚ ਨੂੰ ਅੰਤਰਰਾਸ਼ਟਰੀ ਇਸਤਰੀ ਦਿਵਸ ਮਨਾਉਣ ਲਈ ਮਹਿੰਦਰ ਪਾਲ ਗਰਗ, ਹਰਮਨਜੀਤ ਸਿੰਘ ਰੂਪਾਲ ਅਤੇ ਰਾਜੇਸ਼ ਭੂਟਾਨੀ ਤੇ ਆਧਾਰਿਤ ਤਿੰਨ ਮੈਂਬਰੀ ਕਮੇਟੀ ਬਣਾਈ ਗਈ। ਅੰਤਰਰਾਸ਼ਟਰੀ ਮਹਿਲਾ ਦਿਵਸ ਨੂੰ ਬਬੀਤਾ ਜਿੰਦਲ ਪ੍ਰਧਾਨ ਮਹਿਲਾ ਵਿੰਗ, ਨੀਰਜ ਬਾਲਾ ਦਾਨੀਆ, ਮੋਨਿਕਾ ਗਰਗ, ਮਹਿੰਦਰ ਪਾਲ ਗਰਗ, ਰਾਜੇਸ਼ ਭੂਟਾਨੀ, ਬਬੀਤਾ ਜਿੰਦਲ, ਕਰਮਪਾਲ ਕੌਰ, ਸਪਨਾ ਗਰਗ, ਸੋਮਾ ਭੰਡਾਰੀ ਅਤੇ ਜਸਵਿੰਦਰ ਜਟਾਣਾ ਅੰਤਰਰਾਸ਼ਟਰੀ ਮਹਿਲਾ ਦਿਵਸ ਸਮਾਗਮ ਨੂੰ ਸਫਲ ਬਣਾਉਣ ਲਈ ਪੂਰਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਮੀਟਿੰਗ ਦੌਰਾਨ ਇੰਸਪੈਕਟਰ ਬਲਜੀਤ ਸਿੰਘ ਇੰਚਾਰਜ ਸੀ ਆਈ ਸਟਾਫ਼ ਹੰਡਿਆਇਆ, ਦੀਪਕ ਸੋਨੀ ਬਾਂਸਲ ਆਸਥਾ ਵਾਲੇ, ਸੀਨੀਅਰ ਐਡਵੋਕੇਟ ਰਾਜੀਵ ਮਿੱਤਲ, ਸ਼ਸ਼ੀ ਕਾਂਤ ਚੋਪੜਾ, ਸਟੇਟ ਐਵਾਰਡੀ ਭੋਲਾ ਸਿੰਘ ਵਿਰਕ, ਬਲਤੇਜ ਸਿੰਘ ਸਿੱਧੂ ਮੈਕਲਾਈਫ਼ ਵਾਲੇ, ਰਾਜੀਵ ਗੁਪਤਾ ਲੂਬੀ, ਡਾਕਟਰ ਰਾਹੁਲ ਰੁਪਾਲ, ਬਸੰਤ ਗੋਇਲ, ਸੰਜੀਵ ਕੁਮਾਰ ਬਾਂਸਲ ਸੂਲਰ ਘਰਾਟ ਵਾਲੇ, ਮਨਦੀਪ ਘਈ, ਜੱਸ਼ੀ ਗੋਇਲ, ਵਿਸ਼ਨੂੰ ਸਿੰਗਲਾ ਐਮ ਡੀ ਸਨਪਾਰਕ ਹੋਟਲ, ਸੰਜੀਵ ਸ਼ਰਮਾ, ਬਲਵਿੰਦਰ ਸ਼ਰਮਾ, ਕੁਲਦੀਪ ਸਿੰਘ ਸੰਧੂ ਗੁੱਗ, ਭੁਪਿੰਦਰ ਸਿੰਘ ਗਰਗ ਅਤੇ ਹੋਰ ਦਾਨੀ ਸੱਜਣਾਂ ਦਾ ਭਰਵਾਂ ਸਹਿਯੋਗ ਦੇਣ ਲਈ ਵਿਸ਼ੇਸ਼ ਧੰਨਵਾਦ ਕੀਤਾ ਗਿਆ। ਮੀਟਿੰਗ ਚ ਮੁੱਖ ਸੇਵਾਦਾਰ ਸੁਖਵਿੰਦਰ ਸਿੰਘ ਭੰਡਾਰੀ, ਅਸ਼ਵਨੀ ਸ਼ਰਮਾ, ਹਰਮਨਜੀਤ ਸਿੰਘ ਰੁਪਾਲ,ਜਨਕ ਰਾਜ ਗੋਇਲ, ਰਾਜੇਸ਼ ਭੂਟਾਨੀ, ਜਸਪਾਲ ਸ਼ਰਮਾ, ਮਹਿੰਦਰ ਪਾਲ ਗਰਗ, ਕੇਵਲ ਕ੍ਰਿਸ਼ਨ ਗਰਗ, ਰਾਕੇਸ਼ ਗਰਗ, ਰਾਕੇਸ਼ ਜਿੰਦਲ ਆਦਿ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

# ਭਗਤ ਰਵਿਦਾਸ ਜੀ ਦਾ ਜਨਮ ਦਿਹਾੜਾ ਗੁਰਸੇਵਕ ਨਗਰ ਵਿਖੇ ਸ਼ਰਧਾ ਪੂਰਵਕ ਮਨਾਇਆ

## ਜਿਨ੍ਹਾਂ ਭਗਤਾਂ ਨੇ ਸਮਾਜ ਸੁਧਾਰ ਵਿਚ ਵੱਡਮੁਲਾ ਯੋਗਦਾਨ ਪਾਇਆ, ਉਨ੍ਹਾਂ ਵਿੱਚੋਂ ਭਗਤ ਰਵਿਦਾਸ ਜੀ ਦਾ ਅਹਿਮ ਸਥਾਨ ਹੈ : ਖ਼ਾਲਸਾ



ਬਰਨਾਲਾ, 22 ਫਰਵਰੀ (ਸੁਖਵਿੰਦਰ ਸਿੰਘ ਭੰਡਾਰੀ) : ਹਰ ਸਾਲ ਦੀ ਤਰ੍ਹਾਂ ਇਸ ਵਾਰ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ 649 ਵਾਂ ਆਗਮਨ ਪੁਰਬ ਗੁਰਸੇਵਕ ਨਗਰ ਧਨੌਲਾ ਰੋਡ ਵੱਲੋਂ ਗੌਰਮਿੰਟ ਪ੍ਰਾਇਮਰੀ ਸਕੂਲ ਬਰਨਾਲਾ ਵਿਖੇ ਪ੍ਰਧਾਨ ਕੁਲਦੀਪ ਸਿੰਘ ਡਾਗੋਂ ਦੀ ਯੋਗ ਅਗਵਾਈ ਹੇਠ ਸਮੂਹ ਮੈਂਬਰ ਸਹਿਬਾਨ ਵੱਲੋਂ ਸਰਧਾ ਪੂਰਵਕ ਮਨਾਇਆ ਗਿਆ। ਇਸ ਮੌਕੇ ਪਹੁੰਚੇ ਬਤੌਰ ਮੁੱਖ ਮਹਿਮਾਨ ਸੀਨੀਅਰ ਐਡਵੋਕੇਟ ਅਤੇ ਸਾਬਕਾ ਮੈਂਬਰ ਪਾਰਲੀਮੈਂਟ ਸਰਦਾਰ ਰਾਜਦੇਵ ਸਿੰਘ ਖ਼ਾਲਸਾ ਜੀ ਨੇ ਗੁਰੂ ਰਵਿਦਾਸ ਜੀ ਦੇ ਜੀਵਨ ਬਾਰੇ ਚਾਨਣਾ ਪਾਉਦਿਆ ਕਿਹਾ ਕਿ ਪ੍ਰਭੂ ਭਗਤੀ ਦੇ ਨਾਲ ਨਾਲ ਜਿਨ੍ਹਾ ਭਗਤਾਂ ਨੇ ਸਮਾਜ ਸੁਧਾਰ ਵਿਚ ਵੱਡਮੁਲਾ ਯੋਗਦਾਨ ਪਾਇਆ ਹੈ, ਉਨ੍ਹਾ ਵਿਚੋ ਭਗਤ ਰਵਿਦਾਸ ਜੀ ਦਾ ਅਹਿਮ ਸਥਾਨ ਹੈ। ਭਗਤ ਰਵਿਦਾਸ ਜੀ ਨੂੰ ਗੁਰੂ ਰਵੀਦਾਸ, ਭਗਤ ਰਵਿਦਾਸ ਜੀ, ਸੰਤ ਰਵੀਦਾਸ, ਰੈਦਾਸ, ਰੋਹੀਦਾਸ ਅਤੇ ਰੂਹੀਦਾਸ ਆਦਿ ਕਈ ਨਾਵਾਂ ਨਾਲ ਵੀ ਜਾਣਿਆ ਜਾਂਦਾ ਹੈ। ਉਨਾ ਦੱਸਿਆ ਕਿ ਭਗਤ ਰਵਿਦਾਸ ਨੇ ਸਮਾਜ ਵਿਚ ਅਜਿਹੀਆਂ ਫੈਲੀਆਂ ਕੁਰੀਤੀਆਂ ਨੂੰ ਬੜੀ ਸ਼ਿਦਤ ਨਾਲ ਮਹਿਸੂਸ ਕੀਤਾ ਤੇ ਇਸ ਭੇਦ -ਭਾਵ ਨੂੰ ਤਾਰਕਿਕ ਅਤੇ ਦਲੀਲ ਭਰਪੂਰ ਢੰਗ ਨਾਲ ਖੰਡਿਤ ਕਰਦੇ ਕੇਵਲ ਪ੍ਰਮਾਤਮਾ ਦੇ ਭਗਤ ਨੂੰ ਸਭ ਤੋਂ ਉਚਾ ਦਰਜਾ ਦਿਤਾ। ਰਵਿਦਾਸ ਕਮੇਟੀ ਦੇ ਆਗੂ ਅਵਤਾਰ ਸਿੰਘ ਸੰਧੂ ਨੇ ਕਿਹਾ ਕਿ ਗੁਰੂ ਰਵਿਦਾਸ ਜੀ ਨੇ ਜਾਤ-ਪਾਤ, ਉੱਚ-ਨੀਚ ਅਤੇ ਭੇਦਭਾਵ ਖ਼ਤਮ ਕਰਨ ਦੀ ਗੱਲ ਕੀਤੀ। ਉਨ੍ਹਾਂ ਨੇ ਕਿਸੇ ਨੂੰ ਵੀ ਉਚਾ ਜਾਂ ਨੀਵਾਂ ਨਾ ਸਮਝਣ ਦੀ ਸਿਖਲਾਈ ਦਿੱਤੀ। ਉਨ੍ਹਾਂ ਨੇ ਸਦਾ ਇਹ ਉਪਦੇਸ਼ ਦਿੱਤਾ ਕਿ ਮਨੁੱਖ ਨੇ ਆਪਣੇ ਜੀਵਨ ਵਿੱਚ ਸੱਚਾਈ, ਇਮਾਨਦਾਰੀ ਅਤੇ ਸੰਤੋਖ ਨਾਲ ਰਹਿਣਾ ਚਾਹੀਦਾ ਹੈ। ਉਨ੍ਹਾਂ ਨੇ ਕਿਹਾ ਕਿ ਗੁਰੂ ਰਵਿਦਾਸ ਜੀ ਨੇ ਮਨੁੱਖਾਂ ਨੂੰ ਪਖੰਡ, ਧਾਰਮਿਕ ਅੰਧਵਿਸ਼ਵਾਸਾਂ ਅਤੇ ਭੇਦਭਾਵ ਤੋਂ ਬਚਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਦੀ ਬਾਣੀ ਆਮ ਜਨਤਾ ਨੂੰ ਸਮਝਾਉਂਦੀ ਹੈ ਕਿ ਪ੍ਰਭੂ ਦੀ ਭਗਤੀ ਅਤੇ ਸੱਚੀ ਸੇਵਾ ਹੀ ਮਨੁੱਖ ਨੂੰ ਉੱਚਾ ਬਣਾਉਂਦੀ ਹੈ, ਨਾ ਕਿ ਉਸ ਦੀ ਜਾਤ ਜਾਂ ਉਸਦੇ ਧਨ-ਪਦਾਰਥ। ਇਸ ਮੌਕੇ ਵੱਡੀ ਗਿਣਤੀ ਵਿਚ ਜੁੜੀਆ ਸੰਗਤਾ ਨੇ ਹਾਜਰੀ ਭਰੀ। ਇਸ ਮੌਕੇ ਬਾਬਾ ਪ੍ਰੀਤਮ ਸਿੰਘ ਕਾਲੀ ਕੰਬਲੀਵਾਲਾ, ਕੈਸ਼ੀਅਰ ਸਤਪਾਲ ਸਿੰਘ ਚੌਹਾਨ ਜੋਰਾ ਸਿੰਘ ਚੌਹਾਨ, ਮਨਵੀਰ ਸਿੰਘ ਸੰਧੂ, ਕਮਲਜੀਤ ਸਿੰਘ ਸੰਧੂ, ਗੁਰਤੇਜ ਸਿੰਘ ਜਸਵਿੰਦਰ ਸਿੰਘ ਭੰਗਾਲ ਪ੍ਰਿੰਸੀਪਲ ਜਸਵੀਰ ਸਿੰਘ ਪਿਆਰਾ ਸਿੰਘ ਕੌਲਧਾਰ ਸੰਧੂ, ਦਰਬਾਰਾ ਸਿੰਘ, ਸ਼ੇਰ ਸਿੰਘ ਸੰਧੂ, ਰਾਜਵਿੰਦਰ ਸਿੰਘ ਨੀਟੂ, ਲੱਭੀ ਸੰਧੂ, ਚਰਨਜੀਤ ਸਿੰਘ ਚੰਨਾ, ਸੁੱਖਾ ਸਿੰਘ, ਪ੍ਰੀਤਮ ਅਤੇ ਕਾਲਾ ਸਿੰਘ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਸ਼ਮੂਲੀਅਤ ਕੀਤੀ।

# ਧੀ ਦੇ ਜਨਮ ਦੀ ਖੁਸ਼ੀ 'ਚ ਨਿੰਮ ਬੰਨ੍ਹਣ ਦੀ ਰਸਮ ਸਮਾਜ ਲਈ ਬਣੀ ਉਦਾਹਰਨ



ਬਰਨਾਲਾ, 22 ਫਰਵਰੀ (ਬਘੇਲ ਸਿੰਘ ਧਾਲੀਵਾਲ) : ਪੰਜਾਬ ਵਿੱਚ ਅੱਜ ਵੀ ਕਈ ਥਾਵਾਂ 'ਤੇ ਪੁੱਤਰਾਂ ਦੇ ਮੁਕਾਬਲੇ ਧੀਆਂ ਨਾਲ ਵਿੱਤਕਰਾ ਕੀਤਾ ਜਾਂਦਾ ਹੈ। ਸਮਾਜ ਵਿੱਚ ਲੰਮੇ ਸਮੇਂ ਤੋਂ ਇਹ ਧਾਰਨਾ ਬਣੀ ਚੱਲੀ ਆ ਰਹੀ ਹੈ ਕਿ ਪਰਿਵਾਰ ਦੀ ਪੀੜ੍ਹੀ ਅੱਗੇ ਵਧਾਉਣ ਲਈ ਪੁੱਤਰ ਹੀ ਜ਼ਰੂਰੀ ਹੈ। ਪਰ ਬਦਲਦੇ ਸਮੇਂ ਨਾਲ ਧੀਆਂ ਨੇ ਹਰ ਖੇਤਰ ਵਿੱਚ ਆਪਣੀ ਕਾਬਲਿਯਤ ਸਾਬਤ ਕਰ ਦਿੱਤੀ ਹੈ ਅਤੇ ਅਕਸਰ ਮਾਪਿਆਂ ਦੀ ਵੱਧ ਸੇਵਾ ਸੰਭਾਲ ਵੀ ਕਰਦੀਆਂ ਹਨ। ਇਸ ਪੱਖਪਾਤ ਨੂੰ ਖਤਮ ਕਰਨ ਵੱਲ ਇਕ ਕਦਮ ਚੁੱਕਦਿਆਂ ਪਿੰਡ ਝਲੂਰ ਦੇ ਇਕ ਪਰਿਵਾਰ ਨੇ ਸਮਾਜ ਅੱਗੇ ਪ੍ਰੇਰਣਾਦਾਇਕ ਉਦਾਹਰਨ ਪੇਸ਼ ਕੀਤੀ ਹੈ। ਪਰਿਵਾਰ ਵੱਲੋਂ ਆਪਣੀ ਨਵਜੰਮੀ ਧੀ ਦੇ ਜਨਮ ਦੀ ਖੁਸ਼ੀ ਵਿੱਚ ਘਰ ਨਿੰਮ ਬੰਨਣ ਦੀ ਰਸਮ ਅਦਾ ਕੀਤੀ ਗਈ। ਪਹਿਲਾਂ ਇਹ ਰਸਮ ਆਮ ਤੌਰ 'ਤੇ ਕੇਵਲ ਲੜਕੇ ਦੇ ਜਨਮ 'ਤੇ ਹੀ ਕੀਤੀ ਜਾਂਦੀ ਸੀ, ਪਰ ਇਸ ਵਾਰ ਪਰਿਵਾਰ ਨੇ ਇਸ ਰਿਵਾਜ ਨੂੰ ਨਵਾਂ ਮੋੜ ਦਿੱਤਾ। ਪਰਿਵਾਰ ਦੇ ਮੁਖੀ ਦਰਸ਼ਨ ਸਿੰਘ ਨੇ ਦੱਸਿਆ ਕਿ ਧੀ ਅਤੇ ਪੁੱਤਰ ਵਿੱਚ ਕੋਈ ਫਰਕ ਨਹੀਂ ਹੋਣਾ ਚਾਹੀਦਾ। ਉਨ੍ਹਾਂ ਦੀ ਪੋਤੀ ਦਾ ਨਾਮ ਸ਼ਗਨਪ੍ਰੀਤ ਕੌਰ ਰੱਖਿਆ ਗਿਆ ਹੈ। ਬੱਚੀ ਦੇ ਮਾਤਾ-ਪਿਤਾ ਪਰਮਜੀਤ ਕੌਰ ਅਤੇ ਲੱਖਾ ਸਿੰਘ ਨੇ ਵੀ ਆਪਣੀ ਖੁਸ਼ੀ ਸਾਂਝੀ ਕਰਦਿਆਂ ਕਿਹਾ ਕਿ ਧੀ ਦਾ ਜਨਮ ਉਨ੍ਹਾਂ ਲਈ ਮਾਣ ਅਤੇ ਖੁਸ਼ਹਾਲੀ ਦੀ ਨਿਸ਼ਾਨੀ ਹੈ। ਨਿੰਮ ਬੰਨਣ ਦੀ ਇਸ ਰਸਮ ਦੌਰਾਨ ਦਾਦਾ ਦਰਸ਼ਨ ਸਿੰਘ ਅਤੇ ਦਾਦੀ ਬਲਵੀਰ ਕੌਰ ਬਹੁਤ ਖੁਸ਼ ਨਜ਼ਰ ਆਏ।ਇਸ ਰਸਮ ਮੌਕੇ ਰੇਸ਼ਮ ਸਿੰਘ, ਜਗਤਾਰ ਸਿੰਘ, ਅਵਤਾਰ ਸਿੰਘ ਅਤੇ ਜੱਗੀ ਸਿੰਘ ਤੋਂ ਇਲਾਵਾ ਵੱਡੀ ਗਣਤੀ ਵਚ ਗਲੀ ਮਹੁੱਲੇ ਦੀਆ ਔਰਤਾਂ ਵੀ ਸ਼ਾਮਲ ਸਨ ।ਜਕਰ ਯੋਗ ਹੈ ਿਕ ਪਿਰਵਾਰ ਦੇ ਇਸ ਨਵੇਕਲੇ ਉਪਰਾਲੇ ਦੀ ਹਰ ਪਾਸਿਉਂ ਭਰਪੂਰ ਸਰਾਹਨਾ ਕੀਤੀ ਜਾ ਰਹੀ ਹੈਪਿੰਡ ਵਾਸੀਆ ਦਾ ਕਿਹਣਾ ਹੈ ਿਕ ਇਸ ਤਰ੍ਹਾਂ ਦੇ ਕਦਮਾਂ ਨਾਲ ਹੀ ਸਮਾਜ ਵਿੱਚੋਂ ਧੀਆਂ ਨਾਲ ਹੋ ਰਹੇ ਵਿੱਤਕਰੇ ਨੂੰ ਖਤਮ ਕੀਤਾ ਜਾ ਸਕਦਾ ਹੈ। ਇਹ ਪਰਿਵਾਰਕ ਉਪਰਾਲਾ ਨਾ ਸਿਰਫ਼ ਪਿੰਡ ਲਈ, ਸਗੋਂ ਪੂਰੇ ਸਮਾਜ ਲਈ ਇੱਕ ਪ੍ਰੇਰਣਾ ਸਰੋਤ ਹੈ, ਜੋ ਧੀ ਨੂੰ ਵੀ ਪੁੱਤਰ ਦੇ ਬਰਾਬਰ ਮਾਣ-ਸਨਮਾਨ ਦੇਣ ਦਾ ਸੰਦੇਸ਼ ਦਿੰਦਾ ਹੈ।

# ਚੈਕ ਬਾਊਂਸ ਦੇ ਕੇਸ ਵਿੱਚੋਂ ਬਰੀ



ਬਰਨਾਲਾ, 22 ਫਰਵਰੀ (ਹਮੀਰ ਸਿੰਘ): ਬਰਨਾਲਾ ਐਡੀਸ਼ਨਲ ਸਿਵਲ ਜੱਜ (ਸੀਨੀਅਰ ਡਿਵੀਜ਼ਨ) ਬਰਨਾਲਾ ਦੀ ਅਦਾਲਤ ਨੇ ਚੈਕ ਬਾਊਂਸ ਦੇ ਇੱਕ ਮਾਮਲੇ ਵਿੱਚ ਦੋਸ਼ੀ ਨੂੰ ਬਰੀ ਕਰਨ ਦਾ ਹੁਕਮ ਸੁਣਾਇਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਸ਼ਿਕਾਇਤਕਰਤਾ ਵੱਲੋਂ ਦਾਅਵਾ ਕੀਤਾ ਗਿਆ ਸੀ ਕਿ ਰਿਕਨ ਐਗਰੋ ਕੇਮਿਕਲ ਪ੍ਰਾਈਵੇਟ ਲਿਮਿਟਡ ਕੰਪਨੀ ਵੱਲੋਂ ਦਲੀਪ ਸਿੰਘ ਪੁੱਤਰ ਸੁਖਪਾਲ ਸਿੰਘ ਨੂੰ 3,83,009 ਰੁਪਏ ਦਾ ਚੈਕ ਜਾਰੀ ਕੀਤਾ ਗਿਆ ਸੀ, ਜੋ ਬੈਂਕ ਵਿੱਚ ਪੇਸ਼ ਕਰਨ 'ਤੇ ਬਾਊਂਸ ਹੋ ਗਿਆ। ਅਦਾਲਤ ਵਿੱਚ ਸੁਣਵਾਈ ਦੌਰਾਨ ਦੋਹਾਂ ਪੱਖਾਂ ਦੀਆਂ ਦਲੀਲਾਂ ਸੁਣੀਆਂ ਗਈਆਂ ਅਤੇ ਸਬੂਤਾਂ ਦੇ ਆਧਾਰ 'ਤੇ ਫੈਸਲਾ ਸੁਣਾਇਆ ਗਿਆ। ਬਚਾਅ ਪੱਖ ਦੇ ਵਕੀਲ ਵੱਲੋਂ ਪੇਸ਼ ਕੀਤੀਆਂ ਦਲੀਲਾਂ ਅਤੇ ਸਬੂਤਾਂ ਨੂੰ ਧਿਆਨ ਵਿੱਚ ਰੱਖਦਿਆਂ ਅਦਾਲਤ ਨੇ ਦੋਸ਼ੀ ਨੂੰ ਚੈਕ ਬਾਊਂਸ ਦੇ ਦੋਸ਼ਾਂ ਤੋਂ ਬਰੀ ਕਰ ਦਿੱਤਾ। ਇਸ ਫੈਸਲੇ ਤੋਂ ਬਾਅਦ ਬਚਾਅ ਪੱਖ ਵੱਲੋਂ ਅਦਾਲਤ ਦੇ ਫੈਸਲੇ 'ਤੇ ਸੰਤੁਸ਼ਟੀ ਜ਼ਾਹਰ ਕੀਤੀ ਗਈ।

# ਗਰੀਨ ਫ਼ੀਲਡ ਕਾਨਵੈਂਟ ਸਕੂਲ ਦਾਨਗੜ੍ਹ ਵਿਖੇ ਵਰਕਸ਼ਾਪ ਲਗਾਈ





ਧਨੌਲਾ, 22 ਫਰਵਰੀ (ਚਮਕੌਰ ਸਿੰਘ ਗੱਗੀ) : ਗਰੀਨ ਫ਼ੀਲਡ ਕਾਨਵੈਂਟ (ਸੀਨੀਅਰ ਸੈਕੰਡਰੀ) ਸਕੂਲ ਦਾਨਗੜ੍ਹ ਵਿਖੇ ਉੱਘੇ ਵਿਦਵਾਨ ਪ੍ਰੋਫੈਸਰ ਹਰਵਿੰਦਰ ਸਿੰਘ ਭੱਟੀ ਵੱਲੋਂ ਵਰਕਸ਼ਾਪ ਲਗਾਈ ਗਈ। ਜਿਸ ਵਿੱਚ ਉਨ੍ਹਾਂ ਨੇ ਦੱਸਿਆ ਕਿ ਅਧਿਆਪਕਾਂ ਨੂੰ ਪ੍ਰੇਰਿਤ ਕਰਨਾ ਬਹੁਤ ਜ਼ਰੂਰੀ ਹੈ, ਕਿਉਂਕਿ ਉਹੀ ਵਿਦਿਆਰਥੀਆਂ ਦੇ ਭਵਿੱਖ ਦੇ ਨਿਰਮਾਤਾ ਹੁੰਦੇ ਹਨ। ਜੇ ਅਧਿਆਪਕ ਪ੍ਰੇਰਿਤ ਹੋਣਗੇ ਤਾਂ ਸਕੂਲ ਦਾ ਮਾਹੌਲ ਵੀ ਸਕਾਰਾਤਮਕ ਬਣੇਗਾ। ਇਸ ਵਰਕਸ਼ਾਪ ਵਿੱਚ ਅਧਿਆਪਕਾਂ ਨੂੰ ਉਹ ਗੱਲਾਂ ਸਿਖਾਈਆਂ ਗਈਆ । ਜੋ ਉਸਦੀ ਪਾਠਣ-ਪੜ੍ਹਾਉਣ ਦੀ ਯੋਗਤਾ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ। ਇਸ ਦਾ ਮਕਸਦ ਅਧਿਆਪਕਾ ਨੂੰ ਨਵੀਂ ਸੋਚ, ਨਵੀਂ ਤਕਨੀਕ ਅਤੇ ਆਤਮ ਵਿਸ਼ਵਾਸ ਦੇ ਨਾਲ ਅਪਡੇਟ ਕਰਨਾ ਹੁੰਦਾ ਹੈ। ਜਿਵੇਂ ਕਿ ਨਵੀਆਂ ਸਿਖਲਾਈ ਵਿਧੀਆ ਐਕਟੀਵਿਟੀ ਬੇਸਡ ਲਰਨਿੰਗ , ਸਮੂਹ ਚਰਚਾ ਅਤੇ ਪ੍ਰੇਜ਼ੇਂਟੇਸ਼ਨ ਆਦਿ । ਇਸ ਵਰਕਸ਼ਾਪ ਵਿੱਚ ਅਧਿਆਪਕ ਨੂੰ ਆਪਣੇ ਆਪ ਨੂੰ ਪਹਿਚਾਨਣ ਅਤੇ ਆਪਣੀਆਂ ਕਮੀਆਂ ਨੂੰ ਦੂਰ ਕਰਨ ਲਈ ਸੁਝਾਅ ਦਿੱਤੇ ।ਇਸ ਤੋਂ ਇਲਾਵਾ ਉਹਨਾਂ ਨੇ ਵਿਦਿਆਰਥੀਆਂ ਦੀ ਮਨੋਵਿਗਿਆਨ ਅਵਸਥਾ ਨੂੰ ਜਾਨਣ ਬਾਰੇ ਵੀ ਚਾਨਣਾ ਪਾਇਆ । ਜਿਵੇਂ ਕਿ ਬੱਚਿਆਂ ਦੀ ਉਮਰ ਅਨੁਸਾਰ ਵਿਵਹਾਰ ਨੂੰ ਸਮਝਣਾ, ਕਮਜ਼ੋਰ ਅਤੇ ਵਿਸ਼ੇਸ਼ ਜ਼ਰੂਰਤਾਂ ਵਾਲੇ ਵਿਦਿਆਰਥੀਆਂ ਦੀ ਅਵਸਥਾ ਨੂੰ ਜਾਣ ਕਿ ਵਿਦਿਆਰਥੀਆਂ ਨੂੰ ਯੋਗ ਸਾਧਨਾ ਨਾਲ ਜਾਂ ਫਿਰ ਹਰ ਰੋਜ਼ ਦੀਆਂ ਸਰੀਰਕ ਕਸਰਤਾਂ ਨਾਲ ਜੋੜਿਆ ਜਾਵੇ ਤਾਂ ਜੋ ਵਿਦਿਆਰਥੀਆਂ ਦਾ ਮਾਨਸਿਕ ਅਤੇ ਸਰੀਰਕ ਵਿਕਾਸ ਹੋ ਸਕੇ। ਨਾਲ ਹੀ ਉਨ੍ਹਾਂ ਨੇ ਦੱਸਿਆ ਕਿ ਕਿਸ ਤਰ੍ਹਾਂ ਬੱਚਿਆਂ ਨੂੰ ਸੋਸ਼ਲ ਮੀਡੀਆ ਤੋਂ ਦੂਰ ਰੱਖਿਆ ਜਾਵੇ। ਇਸ ਮੌਕੇ ਚੇਅਰਮੈਨ ਸ.ਸੁਖਮਿੰਦਰ ਸਿੰਘ ਗਿੱਲ ਨੇ ਪ੍ਰੋਫੈਸਰ ਹਰਵਿੰਦਰ ਸਿੰਘ ਭੱਟੀ ਦਾ ਵਿਸ਼ੇਸ਼ ਤੌਰ @ਤੇ ਧੰਨਵਾਦ ਕੀਤਾ ਅਤੇ ਉਨ੍ਹਾਂ ਕਿਹਾ ਕਿ ਜੇਕਰ ਅਧਿਆਪਕ ਆਪਣੇ ਆਪ ਨੂੰ ਪਹਿਚਾਨਣ ਲਵੇਗਾ ਤਾਂ ਵਿਦਿਆਰਥੀ ਆਪਣੇ ਆਪ ਉਸ ਅਧਿਆਪਕ ਦਾ ਖਿੱਚ ਦਾ ਕੇਂਦਰ ਬਣੇਗਾ ਅਤੇ ਸ.ਚੇਅਰਮੈਨ ਗਿੱਲ ਨੇ ਕਿਹਾ ਅਧਿਆਪਕ ਆਪਣੇ ਆਪ ਵਿੱਚ ਇੱਕ ਦੀਵੇ ਦੀ ਲੋਅ ਹੈ। ਉਸ ਲੋਅ ਦੇ ਚਾਨਣ ਵਿੱਚ ਵਿਦਿਆਰਥੀ ਆਪਣਾ ਭਵਿੱਖ ਬਣਾਉਣ ਹੈ। ਇਸ ਮੌਕੇ ਪ੍ਰਿੰਸੀਪਲ ਡਾ. ਮਨਪ੍ਰੀਤ ਕੌਰ, ਵਾਈਸ ਪ੍ਰਿੰਸੀਪਲ ਜਸਵੀਰ ਕੌਰ, ਇੰਚਾਰਜ ਅਜਿੰਦਰਪਾਲ ਟਿਵਾਣਾ ਅਤੇ ਸਮੂਹ ਸਟਾਫ਼ ਆਦਿ ਹਾਜ਼ਰ ਸਨ।


ਰੋਜ਼ਾਨਾ ਚੜ੍ਹਦੀਕਲਾ
## ਸਿਹਤ ਖ਼ਬਰਨਾਮਾ


# ਪਪੀਤੇ ਦੇ ਬੀਜ, ਸਿਹਤ ਲਈ ਹਨ ਵਰਦਾਨ

ਪਪੀਤੇ ਦੇ ਬੀਜ ਵੀ ਸਿਹਤ ਨੂੰ ਬਹੁਤ ਫਾਇਦੇ ਦੇ ਸਕਦੇ ਹਨ। ਇਸ ਦੇ ਬੀਜ ਪੌਸ਼ਟਿਕ ਤੱਤਾਂ ਨਾਲ ਭਰਪੂਰ ਹੁੰਦੇ ਹਨ ਅਤੇ ਕਈ ਲਾਭ ਪ੍ਰਦਾਨ ਕਰਦੇ ਹਨ। ਪਪੀਤੇ ਦੇ ਬੀਜਾਂ 'ਚ ਕਾਰਪੇਨ,



ਫਾਈਟੋਕੈਮੀਕਲਜ਼ ਤੇ ਐਂਟੀਆਕਸੀਡੈਂਟ ਵਰਗੇ ਗੁਣ ਪਾਏ ਜਾਂਦੇ ਹਨ, ਜੋ ਵੱਖ-ਵੱਖ ਸਿਹਤ ਸਮੱਸਿਆਵਾਂ ਨਾਲ ਲੜਨ 'ਚ ਮਦਦ ਕਰਦੇ ਹਨ।

**ਪਾਚਣ ਨੂੰ ਕਰਦਾ ਉਤਸ਼ਾਹਿਤ ;** ਪਪੀਤੇ ਦੇ ਬੀਜਾਂ ਵਿਚ ਪਾਚਨ ਐਂਜ਼ਾਈਮ ਹੁੰਦੇ ਹਨ, ਜੋ ਪ੍ਰੋਟੀਨ ਨੂੰ ਤੋੜਨ ਵਿਚ ਮਦਦ ਕਰਦੇ ਹਨ, ਜਿਸ ਨਾਲ ਪਾਚਨ ਕਿਰਿਆ ਵਿਚ ਸੁਧਾਰ ਹੁੰਦਾ ਹੈ। ਇਹ ਬੀਜ ਕਬਜ਼ ਤੇ ਸੋਜ਼ਿਸ਼ ਵਰਗੀਆਂ ਪਾਚਨ ਸਮੱਸਿਆਵਾਂ ਨੂੰ ਦੂਰ ਕਰਨ ਵਿਚ ਵੀ ਕਾਰਗਰ ਹਨ।

**ਲੀਵਰ ਦੀ ਸਫਾਈ ਤੇ ਸੁਰੱਖਿਆ ;** ਪਪੀਤੇ ਦੇ ਬੀਜ ਵਿਚ ਮੌਜੂਦ ਪੋਸ਼ਕ ਤੱਤ ਲੀਵਰ ਲਈ ਕਿਸੇ ਵਰਦਾਨ ਤੋਂ ਘੱਟ ਨਹੀਂ ਹਨ। ਇਹ ਲੀਵਰ ਨੂੰ ਡਿਟਾਕਸ ਕਰਨ ਤੇ ਉਸ ਨੂੰ ਮਜ਼ਬੂਤ ਬਣਾਉਣ ਵਿਚ ਮਦਦ ਕਰਦੇ ਹਨ।

**ਭਾਰ ਘਟਾਉਣ ਵਿਚ ਮਦਦਗਾਰ ;** ਜੇਕਰ ਤੁਸੀਂ ਭਾਰ ਘਟਾਉਣ ਦੀ ਕੋਸ਼ਿਸ਼ ਕਰਰਹੇ ਹੋ ਤਾਂ ਇਹ ਬੀਜ ਤੁਹਾਡੇ ਲਈ ਬੇਹਤਰੀਨ ਸਪਲੀਮੈਂਟ ਹੋ ਸਕਦੇ ਹਨ। ਪਪੀਤੇ ਦੇ ਬੀਜ ਵਿਚ ਫਾਈਬਰ ਦੀ ਮਾਤਰਾ ਜ਼ਿਆਦਾ ਹੁੰਦੀ ਹੈ ਜੋ ਤੁਹਾਡੇ ਪੇਟ ਨੂੰ ਲੰਬੇ ਸਮੇਂ ਤੱਕ ਭਰਿਆ ਰੱਖਦਾ ਹੈ ਤੇ ਮੈਟਾਬਾਲਿਜ਼ਮ ਨੂੰ ਵਧਾਉਂਦਾ ਹੈ।

**ਸੋਜਿਸ਼ ਤੇ ਦਰਦ ਵਿਚ ਰਾਹਤ ;** ਪਪੀਤੇ ਦੇ ਬੀਜ ਵਿਚ ਐਂਟੀ ਇੰਫਲੇਮੇਟਰੀ ਗੁਣ ਹੁੰਦੇ ਹਨ। ਇਸ ਦਾ ਮਤਲਬ ਹੈ ਕਿ ਇਹ ਸਰੀਰ ਵਿਚ ਹੋਣ ਵਾਲੀ ਸੋਜਿਸ਼ ਤੇ ਜੋੜਾਂ ਦੇ ਦਰਦ ਨੂੰ ਘੱਟ ਕਰਨ ਵਿਚ ਸਹਾਇਕ ਹੋ ਸਕਦੇ ਹਨ।

# ਸੁਪਰੀਮ ਕੋਰਟ ਦੇ ਝਟਕੇ ਤੋਂ ਬਾਅਦ ਟਰੰਪ ਦਾ ਵੱਡਾ ਪਲਟਵਾਰ: ਟੈਰਿਫ 10 ਫ਼ੀਸਦੀ ਤੋਂ ਵਧਾ 15 ਫੀਸਦ ਕੀਤਾ

### *ਪਹਿਲਾਂ ਲਾਇਆ ਸੀ 10 ਫ਼ੀਸਦ ਆਲਮੀ ਟੈਰਿਫ਼; ਰਾਸ਼ਟਰਪਤੀ ਨੇ ਅਮਰੀਕੀ ਸੁਪਰੀਮ ਕੋਰਟ ਦੇ ਹੁਕਮਾਂ ਨੂੰ ਹਾਸੋ-ਹੀਣਾ ਦੱਸਿਆ*

ਵਾਸ਼ਿੰਗਟਨ, 22 ਨਵੰਬਰ (ਚ.ਨ.ਸ.) : ਰਾਸ਼ਟਰਪਤੀ ਡੋਨਲਡ ਟਰੰਪ ਨੇ ਅੱਜ ਐਲਾਨ ਕੀਤਾ ਕਿ ਉਹ ਆਲਮੀ ਟੈਰਿਫ, ਜੋ ਉਹ ਲਾਉਣਾ ਚਾਹੁੰਦੇ ਹਨ, ਵਧਾ ਕੇ 15 ਫ਼ੀਸਦ ਕਰ ਰਹੇ ਹਨ। ਇਹ ਇੱਕ ਦਿਨ ਪਹਿਲਾਂ ਐਲਾਨੇ 10 ਫ਼ੀਸਦ ਟੈਰਿਫ ਤੋਂ ਵੱਧ ਹੈ। ਉਨ੍ਹਾਂ ਸੋਸ਼ਲ ਮੀਡੀਆ ਪੋਸਟ ਵਿੱਚ ਕਿਹਾ ਕਿ ਉਹ ਇਹ ਫ਼ੈਸਲਾ ਅਮਰੀਕੀ ਸੁਪਰੀਮ ਕੋਰਟ ਵੱਲੋਂ ਕੱਲ੍ਹ ਟੈਰਿਫਾਂ ਬਾਰੇ ਸੁਣਾਏ ਗਏ 'ਹਾਸੋ-ਹੀਣੇ ਤੇ ਅਸਧਾਰਨ ਤੌਰ 'ਤੇ ਅਮਰੀਕਾ ਵਿਰੋਧੀ ਫ਼ੈਸਲੇ' ਦੀ ਪੂਰੀ ਅਤੇ ਵਿਸਤਾਰਤ ਸਮੀਖਿਆ ਦੇ ਆਧਾਰ 'ਤੇ ਲੈ ਰਹੇ ਹਨ।ਅਦਾਲਤ ਵੱਲੋਂ ਇਹ ਫ਼ੈਸਲਾ ਸੁਣਾਏ ਜਾਣ ਤੋਂ ਬਾਅਦ ਕਿ ਰਾਸ਼ਟਰਪਤੀ ਕੋਲ ਕੋਈ ਵੀ ਵਿਆਪਕ ਟੈਰਿਫ ਲਗਾਉਣ ਦੀ ਐਮਰਜੈਂਸੀ ਸ਼ਕਤੀ ਨਹੀਂ ਹੈ, ਟਰੰਪ ਨੇ ਲੰਘੀ ਰਾਤ ਕਾਰਜਕਾਰੀ ਹੁਕਮ 'ਤੇ ਦਸਤਖ਼ਤ ਕੀਤੇ ਸਨ ਜਿਸ ਤਹਿਤ ਉਨ੍ਹਾਂ 10 ਫੀਸਦ ਆਲਮੀ ਟੈਰਿਫ ਲਾਇਆ ਸੀ ਅਤੇ ਇਸ ਤਹਿਤ ਭਾਰਤ 'ਤੇ ਵੀ 18 ਦੀ ਥਾਂ 10 ਫ਼ੀਸਦ ਟੈਰਿਫ ਲਾਗੂ ਹੋਣਾ ਸੀ। ਇਸ ਸਬੰਧੀ ਐਲਾਨ 'ਚ ਟਰੰਪ ਨੇ ਕਿਹਾ ਸੀ ਕਿ ਉਹ ਅਮਰੀਕਾ 'ਚ ਦਰਾਮਦ ਹੋਣ ਵਾਲੀਆਂ ਵਸਤਾਂ 'ਤੇ 150 ਦਿਨਾਂ ਦੀ ਮਿਆਦ ਲਈ ਮੁੱਲ ਆਧਾਰ 'ਤੇ 10 ਫ਼ੀਸਦ ਆਰਜ਼ੀ ਦਰਾਮਦ ਟੈਰਿਫ ਲਗਾ ਰਹੇ ਹਨ, ਜੋ 24 ਫਰਵਰੀ ਤੋਂ ਲਾਗੂ ਹੋਵੇਗਾ। ਦੁਨੀਆ ਭਰ ਦੇ ਮੁਲਕਾਂ 'ਤੇ ਇਹ ਨਵਾਂ 10 ਫ਼ੀਸਦ ਟੈਰਿਫ ਲਾਗੂ ਹੋਣ ਨਾਲ ਅਮਰੀਕਾ 'ਚ ਦਰਾਮਦ ਹੁੰਦੀਆਂ ਭਾਰਤੀ ਵਸਤਾਂ 'ਤੇ ਹੁਣ ਉਹ 18 ਫ਼ੀਸਦ ਟੈਰਿਫ ਲਾਗੂ ਨਹੀਂ ਹੋਵੇਗਾ, ਜੋ ਭਾਰਤ ਤੇ ਅਮਰੀਕਾ ਦਰਮਿਆਨ ਅੰਤਰਿਮ ਵਪਾਰ ਸਮਝੌਤੇ ਦੇ ਢਾਂਚੇ ਦੇ ਐਲਾਨ ਤੋਂ ਬਾਅਦ ਤੈਅ ਕੀਤਾ ਗਿਆ ਸੀ।ਅਦਾਲਤ ਦੇ ਫੈਸਲੇ ਤੋਂ ਬਾਅਦ ਟਰੰਪ ਨੇ ਐਲਾਨਨਾਮੇ 'ਤੇ ਦਸਤਖ਼ਤ ਕੀਤੇ, ਜਿਸ ਵਿੱਚ ਕਿਹਾ ਗਿਆ ਕਿ 'ਬੁਨਿਆਦੀ ਕੌਮਾਂਤਰੀ ਭੁਗਤਾਨ ਸਮੱਸਿਆਵਾਂ ਨਾਲ ਨਜਿੱਠਣ ਅਤੇ ਅਮਰੀਕੀ ਕਾਮਿਆਂ, ਕਿਸਾਨਾਂ ਅਤੇ ਨਿਰਮਾਤਾਵਾਂ ਦੇ ਹਿੱਤ ਵਿੱਚ ਸਾਡੇ ਵਪਾਰਕ ਸਬੰਧਾਂ ਨੂੰ ਮੁੜ ਤਵਾਜ਼ਨ ਵਾਲੇ ਬਣਾਉਣ ਲਈ ਆਰਜ਼ੀ ਦਰਾਮਦ ਡਿਊਟੀ (ਟੈਰਿਫ) ਲਗਾਈ ਜਾ ਰਹੀ ਹੈ।'' ਟਰੁੱਥ ਸੋਸ਼ਲ 'ਤੇ ਪਾਈ ਪੋਸਟ 'ਚ ਇਹ ਐਲਾਨ ਸਾਂਝਾ ਕਰਦਿਆਂ ਅਮਰੀਕੀ ਰਾਸ਼ਟਰਪਤੀ ਨੇ ਕਿਹਾ, "ਓਵਲ ਦਫ਼ਤਰ ਤੋਂ ਸਾਰੇ ਦੇਸ਼ਾਂ 'ਤੇ 10 ਫ਼ੀਸਦ ਆਲਮੀ ਟੈਰਿਫ ਲਾਗੂ ਕਰਨਾ ਮੇਰੇ ਲਈ ਵੱਡਾ ਸਨਮਾਨ ਹੈ, ਜੋ ਤੁਰੰਤ ਲਾਗੂ ਹੋਵੇਗਾ। ਇਸ ਮਾਮਲੇ 'ਤੇ ਧਿਆਨ ਦੇਣ ਲਈ ਧੰਨਵਾਦ।''ਇਸ ਤੋਂ ਪਹਿਲਾਂ ਰਾਸ਼ਟਰਪਤੀ ਨੇ ਸੁਪਰੀਮ ਕੋਰਟ ਦੇ ਫ਼ੈਸਲੇ ਤੋਂ ਬਾਅਦ ਕਿਹਾ ਸੀ ਕਿ ਭਾਰਤ ਨਾਲ ਵਪਾਰ ਸਮਝੌਤੇ 'ਚ 'ਕੁਝ ਨਹੀਂ ਬਦਲੇਗਾ' ਅਤੇ ਭਾਰਤ ਨੂੰ ਟੈਰਿਫ ਦੇਣਾ ਪਵੇਗਾ। ਉਨ੍ਹਾਂ ਪੱਤਰਕਾਰ ਸੰਮੇਲਨ ਦੌਰਾਨ ਆਪਣਾ ਦਾਅਵਾ ਦੁਹਰਾਇਆ ਕਿ ਉਨ੍ਹਾਂ ਪਿਛਲੇ ਸਾਲ ਗਰਮੀਆਂ 'ਚ ਭਾਰਤ ਤੇ ਪਾਕਿਸਤਾਨ ਦਰਮਿਆਨ ਸੰਘਰਸ਼ ਟੈਰਿਫ ਦੀ ਧਮਕੀ ਦੇ ਕੇ ਰੁਕਵਾਇਆ ਸੀ।




# ਤਾਨਾਸ਼ਾਹ ਦੀ ਮੌਤ ਹੋਵੇ, ਈਰਾਨ 'ਚ ਵਿਦਿਆਰਥੀਆਂ ਦਾ ਵਿਰੋਧ ਪ੍ਰਦਰਸ਼ਨ; ਖਾਮੇਨੇਈ ਦੇ ਖ਼ਿਲਾਫ਼ ਲਗਾਏ ਨਾਅਰੇ

ਨਵੀਂ ਦਿੱਲੀ, 22 ਨਵੰਬਰ (ਚ.ਨ.ਸ.) : ਈਰਾਨ ਵਿੱਚ ਹੋ ਰਹੇ ਵਿਰੋਧ ਪ੍ਰਦਰਸ਼ਨਾਂ ਵਿਰੁੱਧ ਕੀਤੀ ਗਈ ਜਾਨਲੇਵਾ ਕਾਰਵਾਈ ਦੇ 40 ਦਿਨਾਂ ਬਾਅਦ ਇੱਕ ਵਾਰ ਫਿਰ ਲੋਕਾਂ ਨੇ ਪ੍ਰਦਰਸ਼ਨ ਕਰਨਾ ਸ਼ੁਰੂ ਕਰ ਦਿੱਤਾ ਹੈ। ਇਸ ਦੀਆਂ ਵੀਡੀਓ ਫੁਟੇਜ ਵੀ ਆਨਲਾਈਨ ਵਾਇਰਲ ਹੋ ਰਹੀਆਂ ਹਨ। ਸ਼ਨੀਵਾਰ ਨੂੰ ਤੇਹਰਾਨ ਅਤੇ ਮਸ਼ਹਦ ਦੀਆਂ ਯੂਨੀਵਰਸਿਟੀ ਕੈਂਪਸਾਂ ਵਿੱਚ ਸੈਂਕੜੇ ਵਿਦਿਆਰਥੀ ਮਾਰਚ ਕਰਦੇ ਦਿਖਾਈ ਦਿੱਤੇ।ਪਿਛਲੇ ਮਹੀਨੇ ਹੋਈ ਹਿੰਸਾ ਤੋਂ ਬਾਅਦ, ਵਿਦਿਆਰਥੀਆਂ ਨੇ ਵੱਡੇ ਪੱਧਰ @ਤੇ ਸ਼ਰੀਫ ਯੂਨੀਵਰਸਿਟੀ ਆਫ ਟੈਕਨਾਲੋਜੀ, ਅਮੀਰਕਬੀਰ ਯੂਨੀਵਰਸਿਟੀ ਆਫ ਟੈਕਨਾਲੋਜੀ ਅਤੇ ਦੋਵਾਂ ਸ਼ਹਿਰਾਂ ਦੀਆਂ ਕਈ ਮੈਡੀਕਲ ਸਾਇੰਸਿਜ਼ ਯੂਨੀਵਰਸਿਟੀਆਂ ਵਿੱਚ ਰੈਲੀਆਂ ਕੱਢੀਆਂ।ਰਾਜਧਾਨੀ ਦੀ ਸ਼ਰੀਫ ਯੂਨੀਵਰਸਿਟੀ ਵਿੱਚ ਈਰਾਨੀ ਝੰਡਾ ਲਏ ਵਿਦਿਆਰਥੀਆਂ ਨੇ ਸੁਪਰੀਮ ਲੀਡਰ ਅਯਾਤੁੱਲਾ ਅਲੀ ਖਾਮੇਨੇਈ ਦੇ ਨਾਂ @ਤੇ ÷ਤਾਨਾਸ਼ਾਹ ਦੀ ਮੌਤ ਹੋਵੇ÷ ਦੇ ਨਾਅਰੇ ਲਗਾਏ। ਇਸ ਦੇ ਨਾਲ ਹੀ ਸਰਕਾਰ ਵਿਰੋਧੀ ਅਤੇ ਰਾਜਸ਼ਾਹੀ ਦੇ ਸਮਰਥਨ ਵਿੱਚ ਵੀ ਨਾਅਰੇਬਾਜ਼ੀ ਕੀਤੀ ਗਈ।ਉੱਥੇ ਹੀ, ਤੇਹਰਾਨ ਦੀ ਸ਼ਾਹਿਦ ਬੇਹੇਸ਼ਟੀ ਯੂਨੀਵਰਸਿਟੀ ਵਿੱਚ ਸ਼ਾਂਤੀਪੂਰਨ ਧਰਨਾ ਦਿੱਤਾ ਗਿਆ, ਜਦੋਂ ਕਿ ਅਮੀਰਕਬੀਰ ਯੂਨੀਵਰਸਿਟੀ ਦੀ ਫੁਟੇਜ ਵਿੱਚ ਵਿਦਿਆਰਥੀ ਅਧਿਕਾਰੀਆਂ ਦੇ ਖ਼ਿਲਾਫ਼ ਨਾਅਰੇਬਾਜ਼ੀ ਕਰਦੇ ਦਿਖਾਈ ਦਿੱਤੇ। ਈਰਾਨ ਦੇ ਦੂਜੇ ਸਭ ਤੋਂ ਵੱਡੇ ਸ਼ਹਿਰ ਮਸ਼ਹਦ ਵਿੱਚ, ਵਿਦਿਆਰਥੀਆਂ ਨੂੰ ਆਜ਼ਾਦੀ, ਆਜ਼ਾਦੀ ਦੇ ਨਾਅਰੇ ਲਗਾਉਂਦੇ ਅਤੇ ਆਪਣੇ ਸਾਥੀਆਂ ਨੂੰ ਆਪਣੇ ਹੱਕਾਂ ਲਈ ਆਵਾਜ਼ ਬੁਲੰਦ ਕਰੋ ਦੀ ਅਪੀਲ ਕਰਦੇ ਸੁਣਿਆ ਗਿਆ।



# ਅਮਰੀਕਾ 'ਚ ਸਭ ਤੋਂ ਵੱਧ ਪੜ੍ਹਿਆ-ਲਿਖਿਆ ਧਾਰਮਿਕ ਸਮੂਹ 'ਹਿੰਦੂ'

ਹਿਊਸਟਨ, 22 ਨਵੰਬਰ (ਚ.ਨ.ਸ.) : ਵਾਸ਼ਿੰਗਟਨ ਸਥਿਤ ਥਿੰਕ ਟੈਂਕ 'ਪਿਊ ਰਿਸਰਚ ਸੈਂਟਰ' ਵੱਲੋਂ ਕੀਤੇ ਗਏ ਨਵੇਂ ਅਧਿਐਨ ਅਨੁਸਾਰ ਹਿੰਦੂ ਅਮਰੀਕਾ ਵਿਚ ਸਭ ਤੋਂ ਵੱਧ ਪੜ੍ਹਿਆ-ਲਿਖਿਆ ਧਾਰਮਿਕ ਸਮੂਹ ਹੈ ਅਤੇ ਇਸ ਤੋਂ ਬਾਅਦ ਯਹੂਦੀਆਂ ਦਾ ਨੰਬਰ ਆਉਂਦਾ ਹੈ।ਅਧਿਐਨ ਵਿਚ ਅਮਰੀਕਾ ਦੇ ਪ੍ਰਮੁੱਖ ਧਾਰਮਿਕ ਭਾਈਚਾਰਿਆਂ ਵਿਚ ਵਿੱਦਿਅਕ ਪ੍ਰਾਪਤੀਆਂ ਦਾ ਅਧਿਐਨ ਕੀਤਾ ਗਿਆ। ਸੈਂਟਰ ਨੇ ਕਿਹਾ ਕਿ 2023-24 ਦੀ 'ਰਿਲੀਜੀਅਸ ਲੈਂਡਸਕੇਪ ਸਟੱਡੀ' (ਆਰ. ਐੱਲ. ਐੱਸ.) ਦੇ ਨਤੀਜੇ ਅਮਰੀਕਾ ਵਿਚ ਧਰਮ ਅਤੇ ਜਨਤਕ ਜੀਵਨ ਦੇ ਸਭ ਤੋਂ ਵਿਆਪਕ ਸਰਵੇਖਣਾਂ ਵਿਚੋਂ ਇਕ ਹਨ।ਬੀਤੀ 19 ਫਰਵਰੀ ਨੂੰ ਜਨਤਕ ਕੀਤੇ ਗਏ ਆਰ. ਐੱਲ. ਐੱਸ. ਅਧਿਐਨ ਅਨੁਸਾਰ 10 ਵਿਚੋਂ 7 ਹਿੰਦੂਆਂ (70 ਫੀਸਦੀ) ਅਤੇ 65 ਫੀਸਦੀ ਯਹੂਦੀਆਂ ਕੋਲ ਗ੍ਰੈਜੂਏਸ਼ਨ ਦੀ ਡਿਗਰੀ ਜਾਂ ਉਸ ਤੋਂ ਉੱਚੀ ਸਿੱਖਿਆ ਦੀ ਡਿਗਰੀ ਹੈ ; ਇਸ ਦੇ ਮੁਕਾਬਲੇ ਅਮਰੀਕਾ ਦੇ ਕੁੱਲ ਬਾਲਗਾਂ ਵਿਚ ਇਹ ਅੰਕੜਾ 35 ਫੀਸਦੀ ਹੈ।



# *ਵਿਆਹ ਦੇ ਬੰਧਨ 'ਚ ਬੱਝੇ ਸ਼ਿਖਰ ਧਵਨ, ਸੋਫੀ ਸ਼ਾਈਨ*

ਮੁੰਬਈ, 22 ਨਵੰਬਰ (ਚ.ਨ.ਸ.) : ਭਾਰਤੀ ਕ੍ਰਿਕਟ ਟੀਮ ਦੇ ਦਿੱਗਜ ਬੱਲੇਬਾਜ਼ ਸ਼ਿਖਰ ਧਵਨ, ਜਿਨ੍ਹਾਂ ਨੂੰ ਪ੍ਰਸ਼ੰਸਕ ਪਿਆਰ ਨਾਲ ਗੱਬਰ ਕਹਿੰਦੇ ਹਨ। ਉਨ੍ਹਾਂ ਨੇ ਆਪਣੀ ਜ਼ਿੰਦਗੀ ਦੀ ਨਵੀਂ ਅਤੇ ਖ਼ੂਬਸੂਰਤ ਪਾਰੀ ਦੀ ਸ਼ੁਰੂਆਤ ਕਰ ਦਿੱਤੀ ਹੈ। ਸ਼ਿਖਰ ਨੇ ਆਪਣੀ ਲੇਡੀ ਲਵ ਸੋਫੀ ਸ਼ਾਈਨ ਨਾਲ ਸੱਤ ਫੇਰੇ ਲੈ ਕੇ ਵਿਆਹ ਕਰਵਾ ਲਿਆ ਹੈ। ਸੋਸ਼ਲ ਮੀਡੀਆ 'ਤੇ ਸਾਹਮਣੇ ਆਈਆਂ ਉਨ੍ਹਾਂ ਦੇ ਵਿਆਹ ਦੀਆਂ ਤਸਵੀਰਾਂ ਨੇ ਇੰਟਰਨੈੱਟ 'ਤੇ ਹਲਚਲ ਮਚਾ ਦਿੱਤੀ ਹੈ। ਵਿਆਹ ਦੇ ਮੌਕੇ 'ਤੇ ਸ਼ਿਖਰ ਧਵਨ ਨੇ ਸਫੇਦ ਰੰਗ ਦੀ ਕਢਾਈ ਵਾਲੀ ਸ਼ੇਰਵਾਨੀ ਅਤੇ ਸਿਰ 'ਤੇ ਸ਼ਾਨਦਾਰ ਪੱਗ ਸਜਾਈ ਸੀ, ਜਿਸ ਵਿੱਚ ਉਹ ਕਿਸੇ ਰਿਆਸਤ ਦੇ ਰਾਜਕੁਮਾਰ ਵਾਂਗ ਨਜ਼ਰ ਆ ਰਹੇ ਸਨ। ਉਨ੍ਹਾਂ ਨੇ ਆਪਣੇ ਗਲੇ ਵਿੱਚ ਪੰਨੇ ਦੀ ਲੰਬੀ ਮਾਲਾ ਪਹਿਨੀ ਹੋਈ ਸੀ, ਜੋ ਉਨ੍ਹਾਂ ਦੀ ਸ਼ਾਹੀ ਦਿੱਖ ਵਿੱਚ ਇੱਕ ਰੋਇਲ ਕੰਟਰਾਸਟ ਪੈਦਾ ਕਰ ਰਹੀ ਸੀ।



# ਟਰੰਪ ਦੇ ਪ੍ਰੋਗਰਾਮ 'ਚ ਹਿੱਸਾ ਲੈਣ ਵਾਲੇ ਇਨਫੈਂਟੀਨੋ ਦੀ ਸਿਆਸੀ ਨਿਰਪੱਖਤਾ ਦੀ ਜਾਂਚ ਕਰੇਗਾ ਆਈ. ਓ. ਸੀ.

ਮਿਲਾਨ, 22 ਨਵੰਬਰ (ਚ.ਨ.ਸ.) : ਕੌਮਾਂਤਰੀ ਓਲੰਪਿਕ ਕਮੇਟੀ (ਆਈ. ਓ. ਸੀ.) ਦੀ ਪ੍ਰਧਾਨ ਕ੍ਰਿਸਟੀ ਕੋਵੈਂਟਰੀ ਨੇ ਕਿਹਾ ਕਿ ਵਿਸ਼ਵ ਫੁੱਟਬਾਲ ਦੀ ਸਰਵਉੱਚ ਸੰਸਥਾ ਫੀਫਾ ਦੇ ਮੁਖੀ ਜਿਆਨੀ ਇਨਫੈਂਟੀਨੋ ਦੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟ੍ਰੰਪ ਦੇ 'ਬੋਰਡ ਆਫ ਪੀਸ' ਪ੍ਰੋਗਰਾਮ 'ਚ ਹਿੱਸਾ ਲੈਣ ਕਾਰਨ ਉਸ ਦੀ ਸਿਆਸੀ ਨਿਰਪੱਖਤਾ ਦੀ ਜਾਂਚ ਕੀਤੀ ਜਾਵੇਗੀ। ਇਨਫੈਂਟੀਨੋ ਤੇ ਕੋਵੈਂਟਰੀ ਆਈ. ਸੀ. ਸੀ. ਦੇ ਉਸ ਦੇ 107 ਮੈਂਬਰਾਂ 'ਚ ਸ਼ਾਮਲ ਹਨ, ਜਿਹੜੇ 'ਸਿਆਸੀ ਹਿੱਤਾਂ ਤੋਂ ਹਟ ਕੇ ਸੁਤੰਤਰ ਰੂਪ 'ਚ ਕੰਮ ਕਰਨ' ਦੀ ਸਹੁੰ ਨਾਲ ਬੱਝੇ ਹੋਏ ਹਨ।ਟ੍ਰੰਪ ਨੇ ਵੀਰਵਾਰ ਨੂੰ ਵਾਸ਼ਿੰਗਟਨ ਡੀ. ਸੀ. 'ਚ ਇਸ ਪ੍ਰੋਗਰਾਮ ਦੀ ਮੇਜ਼ਬਾਨੀ ਕੀਤੀ ਸੀ, ਜਿੱਥੇ ਇਨਫੈਂਟੀਨੋ ਨੇ ਕੌਮਾਂਤਰੀ ਫੁੱਟਬਾਲ ਮਹਾਸੰਘ ਵੱਲੋਂ ਸਮਝੌਤੇ 'ਤੇ ਦਸਤਖਤ ਕੀਤੇ, ਜਿਸ ਤਹਿਤ ਗਾਜ਼ਾ 'ਚ ਫੀਫਾ ਦੀ ਰਾਸ਼ੀ 'ਚੋਂ 75 ਮਿਲੀਅਨ ਡਾਲਰ ਦਾ ਨਿਵੇਸ਼ ਕੀਤਾ ਜਾ ਸਕਦਾ ਹੈ। ਇਸ ਸਾਲ ਅਮਰੀਕਾ, ਕੈਨੇਡਾ ਤੇ ਮੈਕਸੀਕੋ 'ਚ ਹੋਣ ਵਾਲੇ ਵਿਸ਼ਵ ਕੱਪ ਤੋਂ ਪਹਿਲਾਂ ਇਨਫੈਂਟੀਨੋ ਨੇ ਫੀਫਾ ਨੂੰ ਅਮਰੀਕੀ ਸਰਕਾਰ ਨਾਲ ਨੇੜਿਓਂ ਜੋੜਨ ਦੀ ਕੋਸ਼ਿਸ਼ ਕੀਤੀ ਹੈ। ਉਸ ਨੇ ਪਿਛਲੇ ਸਾਲ ਟ੍ਰੰਪ ਦੇ ਸਹੁੰ ਚੁੱਕ ਸਮਾਗਮ 'ਚ ਹਿੱਸਾ ਲਿਆ ਸੀ ਤੇ ਇਸ ਤੋਂ ਬਾਅਦ ਵੀ ਉਹ ਕਈ ਵਾਰ ਟ੍ਰੰਪ ਨੂੰ ਮਿਲ ਚੁੱਕਾ ਹੈ।



# ਮੈਕ ਆਟੋ ਐਕਸਪੋ-2026: ਰਿਕਾਰਡ ਤੋੜ ਭੀੜ ਅਤੇ ਉਦਯੋਗ ਵੱਲੋਂ ਬੇਮਿਸਾਲ ਪ੍ਰਤਿਕਿਰਿਆ

ਸਾਹਨੇਵਾਲ ਕੁਹਾੜਾ, 22 ਫਰਵਰੀ (ਕੁਲਦੀਪ ਸਿੰਘ ਕੁਹਾੜਾ) : ਦਿਲੀ ਲੁਧਿਆਣਾ ਹਾਈਵੇਅ ਕਿਨਾਰੇ ਐਗਜੀਵੇਸ਼ਨ ਮੈਦਾਨ ਵਿੱਚ ਮੈਕ ਆਟੋ ਐਕਸਪੋ-ਦੇ 15ਵੇਂ ਐਡੀਸ਼ਨ ਦਾ ਤੀਜਾ ਦਿਨ ਇਸ ਸਾਲ ਲਈ ਇਤਿਹਾਸਕ ਅਤੇ ਮੀਲ ਪੱਥਰ ਸਾਬਤ ਹੋਇਆ। ਪ੍ਰਦਰਸ਼ਨੀ ਵਿੱਚ ਉਮੀਦਾਂ ਤੋਂ ਕਿਤੇ ਵੱਧ ਦਰਸ਼ਕਾਂ ਦੀ ਭੀੜ ਦਰਜ ਕੀਤੀ ਗਈ, ਜਿਸ ਨਾਲ ਉਦਯੋਗਿਕ ਭਾਗੀਦਾਰੀ ਦੇ ਨਵੇਂ ਮਿਆਰ ਸਥਾਪਤ ਹੋਏ। ਇਸ ਮੌਕੇ ਦਿਨ ਭਰ ਮਿਲੀ ਸ਼ਾਨਦਾਰ ਪ੍ਰਤਿਕਿਰਿਆ ਨੇ ਨਿਰਮਾਣ ਅਤੇ ਇੰਜੀਨੀਅਰਿੰਗ ਖੇਤਰ ਵਿੱਚ ਐਕਸਪੋ ਦੀ ਵਧਦੀ ਤਾਕਤ, ਭਰੋਸੇਯੋਗਤਾ ਅਤੇ ਪ੍ਰਭਾਵ ਨੂੰ ਦਰਸਾਇਆ।

ਇਸ ਦੌਰਾਨ ਗੇਟ ਖੁਲ੍ਹਣ ਨਾਲ ਹੀ ਪਰਦਰਸ਼ਨੀ ਸਥਾਨ ਵਿੱਚ ਦਰਸ਼ਕਾਂ ਦੀ ਲਗਾਤਾਰ ਆਵਾਜਾਈ ਸ਼ੁਰੂ ਹੋ ਗਈ ਸੀ, ਜਿਸ ਨਾਲ ਸਾਰੇ ਹਾਲ ਭਰ ਗਏ ਅਤੇ ਹਰ ਪਾਸੇ ਉਤਸਾਹ ਪੂਰਨ ਕਾਰੋਬਾਰੀ ਮਾਹੌਲ ਬਣਿਆ। ਗੈਲਰੀਆਂ ਗੱਲਬਾਤਾਂ, ਉਤਪਾਦ ਡੈਮੋ ਅਤੇ ਨੈੱਟਵਰਕਿੰਗ ਸਰਗਰਮੀਆਂ ਨਾਲ ਗੂੰਜ ਰਹੀਆਂ ਸਨ, ਜਿਸ ਨਾਲ ਮੌਕੇ ਅਤੇ ਨਵੀਨਤਾ ਨਾਲ ਭਰਪੂਰ ਵਾਤਾਵਰਣ ਤਿਆਰ ਹੋਇਆ। ਰਿਕਾਰਡ ਤੋੜ ਹਾਜ਼ਰੀ ਨੇ ਨਾ ਸਿਰਫ਼ ਸਮਾਗਮ ਦੀ ਲੋਕਪ੍ਰਿਯਤਾ ਦਿਖਾਈ, ਸਗੋਂ ਉਦਯੋਗਿਕ ਖੇਤਰ ਵਿੱਚ ਚੱਲ ਰਹੀ ਮਜ਼ਬੂਤ ਗਤੀ ਨੂੰ ਵੀ ਉਜਾਗਰ ਕੀਤਾ।

ਤੀਜੇ ਦਿਨ ਦਰਸ਼ਕਾਂ ਵਿੱਚ ਪ੍ਰਮੁੱਖ ਉਦਯੋਗਪਤੀ, ਐਮ.ਐਸ.ਐਮ.ਈ ਮਾਲਕ, ਪਲਾਂਟ ਹੈਡ, ਪ੍ਰੋਡਕਸ਼ਨ ਮੈਨੇਜਰ, ਖਰੀਦ ਮਾਹਿਰ, ਚੈਨਲ ਪਾਰਟਨਰ ਅਤੇ ਤਕਨੀਕੀ ਸਲਾਹਕਾਰ ਵੱਖ-ਵੱਖ ਖੇਤਰਾਂ ਤੋਂ ਸ਼ਾਮਲ ਸਨ। ਖ਼ਾਸ ਤੌਰ 'ਤੇ ਦਰਸ਼ਕਾਂ ਦੀ ਗੰਭੀਰਤਾ ਅਤੇ ਗੁਣਵੱਤਾ ਨਜ਼ਰ ਆਈ। ਲੋਕ ਸਪਸ਼ਟ ਕਾਰੋਬਾਰੀ ਉਦੇਸ਼ਾਂ ਨਾਲ ਪਹੁੰਚੇ ਅਤੇ ਤਕਨੀਕੀ ਚਰਚਾਵਾਂ ਤੇ ਸੰਭਾਵਿਤ ਸਹਿਯੋਗਾਂ ਨੂੰ ਖੰਗਾਲਦੇ ਰਹੇ।

ਹਰ ਸ਼੍ਰੇਣੀ ਦੇ ਪ੍ਰਦਰਸ਼ਕਾਂ ਨੇ ਵਿਜਿਟਰਾਂ ਤੋਂ ਮਿਲੀ ਬੇਹੱਦ ਪ੍ਰਤਿਕਿਰਿਆ 'ਤੇ ਸੰਤੋਖ ਅਤੇ ਉਤਸ਼ਾਹ ਜਤਾਇਆ। ਕਈ ਪ੍ਰਦਰਸ਼ਕਾਂ ਨੇ ਇਸ ਦਿਨ ਨੂੰ ਬਹੁਤ ਹੀ ਉਤਪਾਦਕ ਦੱਸਿਆ, ਕਿਉਂਕਿ ਉਨ੍ਹਾਂ ਦੇ ਸਟਾਲਾਂ 'ਤੇ ਲਗਾਤਾਰ ਗਾਹਕ ਸੰਪਰਕ, ਮਜ਼ਬੂਤ ਪੁੱਛਗਿੱਛਾਂ ਅਤੇ ਉਮੀਦਵਾਰ ਗੱਲਬਾਤਾਂ ਹੋਈਆਂ। ਕਈਆਂ ਨੇ ਕਿਹਾ ਕਿ ਤੀਜੇ ਦਿਨ ਦੀ ਭੀੜ ਨੇ ਸਿੱਧੇ ਤੌਰ 'ਤੇ ਮਹੱਤਵਪੂਰਨ ਕਾਰੋਬਾਰੀ ਲੀਡਾਂ ਅਤੇ ਭਵਿੱਖੀ ਆਰਡਰਾਂ ਦਾ ਰਾਹ ਖੋਲ੍ਹਿਆ। ਉਨ੍ਹਾਂ ਨੇ ਜ਼ੋਰ ਦਿੱਤਾ ਕਿ ਗਿਣਤੀ ਤੋਂ ਇਲਾਵਾ ਦਰਸ਼ਕਾਂ ਦੀ ਗੁਣਵੱਤਾ ਵਾਕਈ ਕਾਬਿਲ-ਏ-ਤਾਰੀਫ਼ ਸੀ, ਜਿੱਥੇ ਜਾਣਕਾਰ ਪੇਸ਼ੇਵਰ ਉੱਚ-ਪੱਧਰੀ ਮਸ਼ੀਨਰੀ, ਆਟੋਮੇਸ਼ਨ ਸਿਸਟਮ ਅਤੇ ਨਵੀਨ ਉਦਯੋਗਿਕ ਹੱਲਾਂ ਵਿੱਚ ਖ਼ਾਸ ਦਿਲਚਸਪੀ ਦਿਖਾ ਰਹੇ ਸਨ। ਪ੍ਰਦਰਸ਼ਕਾਂ ਨੇ ਐਕਸਪੋ ਦੇ ਪੇਸ਼ਾਵਰ ਮਾਹੌਲ ਅਤੇ ਸੁਚੱਜੇ ਪ੍ਰਬੰਧਾਂ ਦੀ ਵੀ ਪ੍ਰਸ਼ੰਸਾ ਕੀਤੀ, ਜਿਸ ਨਾਲ ਕੇਂਦ੍ਰਿਤ ਚਰਚਾਵਾਂ ਅਤੇ ਪ੍ਰਭਾਵਸ਼ਾਲੀ ਨੈੱਟਵਰਕਿੰਗ ਸੰਭਵ ਹੋਈ। ਲਾਈਵ ਮਸ਼ੀਨ ਡੈਮੋ, ਤਕਨਾਲੋਜੀ ਸ਼ੋਕੇਸ ਅਤੇ ਇੰਟਰਐਕਟਿਵ ਪ੍ਰਸਤੁਤੀਆਂ ਨੇ ਵੱਡੀ ਗਿਣਤੀ ਵਿੱਚ ਦਰਸ਼ਕ ਖਿੱਚੇ, ਜਿਸ ਨਾਲ ਸਮਾਗਮ ਦੀ ਉਰਜਾ ਹੋਰ ਵੀ ਵਧ ਗਈ। ਦਰਸ਼ਕਾਂ ਨੇ ਵੀ ਪ੍ਰਦਰਸ਼ਨੀ ਦੇ ਵਿਸ਼ਾਲ ਪੈਮਾਨੇ, ਵਿਭਿੰਨਤਾ ਅਤੇ ਉੱਚ ਗੁਣਵੱਤਾ ਦੀ ਖੁੱਲ੍ਹ ਕੇ ਸਰਾਹਨਾ ਕੀਤੀ। ਕਈ ਹਾਜ਼ਰੀਨ ਨੇ ਇੱਕ ਹੀ ਛੱਤ ਹੇਠ ਵੱਖ-ਵੱਖ ਤਕਨਾਲੋਜੀਆਂ ਦੇ ਅਧਿਐਨ, ਹੱਲਾਂ ਦੀ ਤੁਲਨਾ ਅਤੇ ਨਵੀਨਤਾ ਦੇ ਮੁਲਾਂਕਣ ਨੂੰ ਵੱਡਾ ਫ਼ਾਇਦਾ ਦੱਸਿਆ, ਜਿਸ ਨਾਲ ਉਹ ਸੋਚ-ਵਿਚਾਰ ਕਰਕੇ ਨਿਵੇਸ਼ ਫ਼ੈਸਲੇ ਲੈ ਸਕੇ।




# ਲਿਬਨਾਨ 'ਚ ਇਜ਼ਰਾਇਲੀ ਹਮਲਿਆਂ ਦੌਰਾਨ ਤਿੰਨ ਬੱਚਿਆਂ ਸਣੇ 12 ਹਲਾਕ

ਬੇਰੂਤ, 22 ਨਵੰਬਰ (ਚ.ਨ.ਸ.) : ਲਿਬਨਾਨ ਦੀ ਪੂਰਬੀ ਬੇਕਾ ਵਾਦੀ ਵਿੱਚ ਇਜ਼ਰਾਇਲੀ ਹਮਲਿਆਂ ਵਿੱਚ ਤਿੰਨ ਬੱਚਿਆਂ ਸਣੇ 12 ਮੌਤਾਂ ਹੋ ਗਈਆਂ। ਇਸ ਤੋਂ ਪਹਿਲਾਂ ਦਿਨ ਵੇਲੇ ਫਲਸਤੀਨੀ ਸ਼ਰਨਾਰਥੀ ਕੈਂਪ 'ਤੇ ਹੋਏ ਇਜ਼ਰਾਇਲੀ ਹਮਲੇ ਵਿੱਚ ਦੋ ਹੋਰ ਵਿਅਕਤੀ ਮਾਰੇ ਗਏ ਸਨ। ਇਜ਼ਰਾਈਲ ਨੇ ਕਿਹਾ ਕਿ ਉਸ ਨੇ ਬੇਕਾ ਵਾਦੀ ਵਿੱਚ ਲਿਬਨਾਨੀ ਅਤਿਵਾਦੀ ਸਮੂਹ ਹਿਜ਼ਬੁੱਲ੍ਹਾ ਦੇ ਕਮਾਂਡ ਸੈਂਟਰਾਂ ਨੂੰ ਨਿਸ਼ਾਨਾ ਬਣਾਇਆ ਹੈ। ਹਿਜ਼ਬੁੱਲ੍ਹਾ ਵੱਲੋਂ ਹਾਲੇ ਤੱਕ ਇਸ ਬਾਰੇ ਤੁਰੰਤ ਕੋਈ ਬਿਆਨ ਨਹੀਂ ਆਇਆ ਹੈ। ਬੇਕਾ ਵਿੱਚ ਹੋਏ ਹਮਲਿਆਂ ਦੀ ਸਥਾਨਕ ਟੈਲੀਵਿਜ਼ਨ ਫੁਟੇਜ ਦਿਖਾਉਂਦੀ ਹੈ ਕਿ ਨਿਸ਼ਾਨਾ ਬਣਾਈ ਜਗ੍ਹਾ ਰਿਹਾਇਸ਼ੀ ਇਮਾਰਤ ਜਾਪਦੀ ਸੀ। ਉੱਥੇ ਐਮਰਜੈਂਸੀ ਮੁਲਾਜ਼ਮ ਅੱਗ 'ਤੇ ਕਾਬੂ ਪਾਉਣ ਅਤੇ ਮਲਬੇ ਹੇਠ ਦਬੇ ਹੋਏ ਲੋਕਾਂ ਦੀ ਭਾਲ ਵਿੱਚ ਜੁਟੇ ਹੋਏ ਸਨ। ਸਿਦੋਨ ਸ਼ਹਿਰ ਦੇ ਈਨ-ਅਲ-ਹਿਲਵੇਹ ਸ਼ਰਨਾਰਥੀ ਕੈਂਪ 'ਤੇ ਹੋਏ ਹੋਰ ਇਜ਼ਰਾਇਲੀ ਹਮਲੇ ਵਿੱਚ ਦੋ ਵਿਅਕਤੀ ਮਾਰੇ ਗਏ। ਇਜ਼ਰਾਇਲੀ ਫੌਜ ਨੇ ਕਿਹਾ ਕਿ ਉਸ ਨੇ ਕੈਂਪ ਵਿੱਚ ਹਮਾਸ ਦੇ ਕਮਾਂਡ ਸੈਂਟਰ ਨੂੰ ਨਿਸ਼ਾਨਾ ਬਣਾਇਆ ਹੈ। ਉੱਧਰ ਹਮਾਸ ਨੇ ਮੰਨਿਆ ਹੈ ਕਿ ਹਮਲੇ ਵਿੱਚ ਉਸ ਦੇ ਦੋ ਮੈਂਬਰ ਮਾਰੇ ਗਏ ਹਨ ਪਰ ਕਮਾਂਡ ਸੈਂਟਰ ਹੋਣ ਦੇ ਦਾਅਵੇ ਨੂੰ ਰੱਦ ਕੀਤਾ ਹੈ। ਹਮਾਸ ਅਨੁਸਾਰ ਨਿਸ਼ਾਨਾ ਬਣਾਈ ਗਈ ਇਮਾਰਤ ਵੱਖ-ਵੱਖ ਫਲਸਤੀਨੀ ਜਥੇਬੰਦੀਆਂ ਦੀ ਸਾਂਝੀ ਸੁਰੱਖਿਆ ਫੋਰਸ ਦੀ ਸੀ, ਜਿਸ ਦਾ ਕੰਮ ਕੈਂਪ ਵਿੱਚ ਸੁਰੱਖਿਆ ਕਾਇਮ ਰੱਖਣਾ ਹੈ। ਇਜ਼ਰਾਈਲ ਨੇ ਹਵਾਈ ਹਮਲਿਆਂ ਅਤੇ ਗੋਲਾਬਾਰੀ ਨਾਲ ਜਵਾਬ ਦਿੱਤਾ।



# ਸੈਂਟਰਲ ਬੈਂਕ ਆਫ਼ ਇੰਡੀਆ ਦੇ ਰਿਟੇਲ ਆਊਟਰੀਚ ਪ੍ਰੋਗਰਾਮ ਵਿੱਚ 32.12 ਕਰੋੜ ਦੇ ਕਰਜ਼ੇ ਮਨਜ਼ੂਰ ਕੀਤੇ

ਲੁਧਿਆਣਾ, 22 ਨਵੰਬਰ (ਚ.ਨ.ਸ.) : ਸੈਂਟਰਲ ਬੈਂਕ ਆਫ਼ ਇੰਡੀਆ, ਇੱਕ ਪ੍ਰਮੁੱਖ ਜਨਤਕ ਖੇਤਰ ਬੈਂਕ, ਨੇ ਦੇਸ਼ ਵਿੱਚ ਆਪਣੀਆਂ ਸਾਰੀਆਂ ਸ਼ਾਖਾਵਾਂ ਵਿੱਚ ਇੱਕ ਰਿਟੇਲ ਕ੍ਰੈਡਿਟ ਆਊਟਰੀਚ ਪ੍ਰੋਗਰਾਮ ਦਾ ਆਯੋਜਨ ਕੀਤਾ। ਖੇਤਰੀ ਮੁਖੀ ਅਸ਼ੋਕ ਸ਼ਰਮਾ ਦੀ ਅਗਵਾਈ ਹੇਠ, ਲੁਧਿਆਣਾ ਖੇਤਰ ਨੇ ਸਰਾਭਾ ਨਗਰ ਸ਼ਾਖਾ ਵਿਖੇ ਇਸ ਪ੍ਰੋਗਰਾਮ ਦਾ ਆਯੋਜਨ ਕੀਤਾ। ਜਿਸ ਵਿੱਚ ਸ਼ਾਖਾ ਪ੍ਰਬੰਧਕਾਂ ਦੇ ਨਾਲ ਖੇਤਰ ਦੀਆਂ ਸ਼ਾਖਾਵਾਂ ਦੇ ਵੱਡੀ ਗਿਣਤੀ ਵਿੱਚ ਪਤਵੰਤੇ ਗਾਹਕਾਂ ਨੇ ਹਿੱਸਾ ਲਿਆ। ਇਸ ਮੌਕੇ, ਖੇਤਰੀ ਮੁਖੀ ਅਸ਼ੋਕ ਸ਼ਰਮਾ ਨੇ ਖੇਤਰੀ ਦਫ਼ਤਰ ਤੋਂ ਮੁੱਖ ਪ੍ਰਬੰਧਕ ਅਜੈ ਯਾਦਵ ਅਤੇ ਸ਼ਾਖਾਵਾਂ ਤੋਂ ਮੁੱਖ ਪ੍ਰਬੰਧਕ ਬਲਵਿੰਦਰ ਸੰਧੂ, ਮੁੱਖ ਪ੍ਰਬੰਧਕ ਵਰਿੰਦਰ ਮਿੱਤਲ ਅਤੇ ਮੁੱਖ ਪ੍ਰਬੰਧਕ ਕੁਮਾਰ ਗੌਰਵ ਦੀ ਮੌਜੂਦਗੀ ਵਿੱਚ, 32.12 ਕਰੋੜ ਰੁਪਏ ਦੇ ਕਰਜ਼ੇ ਮਨਜ਼ੂਰ ਕੀਤੇ ਅਤੇ 24.76 ਕਰੋੜ ਰੁਪਏ ਦੇ ਕਰਜ਼ੇ ਵੰਡੇ ਅਤੇ ਬੈਂਕ ਦੇ ਪ੍ਰਚੂਨ ਉਤਪਾਦਾਂ ਬਾਰੇ ਜਾਣਕਾਰੀ ਦਿੱਤੀ।




## ਵਰ੍ਹੇਗੰਢ ਮੁਬਾਰਕ


ਕਰਮਜੀਤ ਸਿੰਘ ਤੇ ਇੰਦੂ ਬਾਲਾ ਨੂੰ ਵਿਆਹ ਦੀ ਵਰ੍ਹੇਗੰਢ ਮੁਬਾਰਕ


ਹਰਦੀਪ ਸਿੰਘ ਤੇ ਕੰਵਲਜੀਤ ਕੌਰ ਨੂੰ ਵਿਆਹ ਦੀ ਵਰ੍ਹੇਗੰਢ ਮੁਬਾਰਕ


ਮੁਹੰਮਦ ਸਲੀਮ ਤੇ ਜਸਵਿੰਦਰ ਨੂੰ ਵਿਆਹ ਦੀ ਵਰ੍ਹੇਗੰਢ ਮੁਬਾਰਕ







# ਅਮਰੀਕਾ ਨਾਲ ਕੀਤੇ ਕਿਸਾਨ ਮਾਰੂ ਸਮਝੌਤੇ ਕਾਰਨ ਕਿਸਾਨਾਂ ਦੀ ਆਰਥਿਕਤਾ 'ਤੇ ਵੱਜੇਗੀ ਵੱਡੀ ਸੱਟ :ਜਗਦੇਵ ਗਾਗਾ




ਸੰਗਰੂਰ, 22 ਫਰਵਰੀ (ਹਰਕੰਵਲ ਸਿੰਘ ਹੈਪੀ): ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਜੀ ਦੇ ਦਿਸ਼ਾ ਨਿਰਦੇਸ਼ ਅਨੁਸਾਰ ਜ਼ਿਲ੍ਹਾ ਕਾਂਗਰਸ ਕਮੇਟੀ ਸੰਗਰੂਰ ਦੇ ਪ੍ਰਧਾਨ ਜਗਦੇਵ ਗਾਗਾ ਦੀ ਯੋਗ ਅਗਵਾਈ ਵਿੱਚ ਸਮੁੱਚੀ ਜ਼ਿਲ੍ਹਾ ਕਾਂਗਰਸ ਲੀਡਰਸ਼ਿਪ ਅਤੇ ਕਿਸਾਨ ਨੇਤਾਵਾਂ ਦਾ ਭਾਰੀ ਇਕੱਠ ਕਰਦੇ ਹੋਏ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਅਮਰੀਕਾ ਨਾਲ ਕੀਤੇ ਕਿਸਾਨ ਮਾਰੂ ਸਮਝੌਤੇ ਦਾ ਵਿਰੋਧ ਕਰਦੇ ਹੋਏ ਡਿਪਟੀ ਕਮਿਸ਼ਨਰ ਦਫ਼ਤਰ ਸੰਗਰੂਰ ਵਿਖੇ ਪਹੁੰਚੇ ਜਿੱਥੇ ਉਹਨਾਂ ਉਕਤ ਮਾਮਲੇ ਸਬੰਧੀ ਐਸ ਡੀ ਐੱਮ ਸੰਗਰੂਰ ਜੀ ਨੂੰ ਆਪਣਾ ਮੰਗ-ਪੱਤਰ ਸੌਂਪਿਆ।ਇਸ ਮੌਕੇ ਪ੍ਰਧਾਨ ਜਗਦੇਵ ਗਾਗਾ ਨੇ ਕਿਹਾ ਕਿ ਇਹ ਸਮਝੌਤਾ ਨਾ ਸਿਰਫ਼ ਦੇਸ਼ ਦੇ ਕਿਸਾਨਾਂ ਦੇ ਹਿੱਤਾਂ ਲਈ ਨੁਕਸਾਨਦੇਹ ਸਾਬਤ ਹੋਵੇਗਾ, ਸਗੋਂ ਪੂਰੇ ਦੇਸ਼ ਦੀ ਖੇਤੀਬਾੜੀ ਦੀ ਆਰਥਿਕਤਾ ਨੂੰ ਤਬਾਹ ਕਰਨ ਦੀ ਸਮਰੱਥਾ ਵੀ ਰੱਖਦਾ ਹੈ। ਉਨ੍ਹਾਂ ਕਿਹਾ ਪੰਜਾਬ, ਜੋ ਕਿ ਮੁੱਖ ਤੌਰ ਤੇ ਇਕ ਖੇਤੀ ਪ੍ਰਧਾਨ ਸੂਬਾ ਹੈ, ਕੇਂਦਰ ਦੇ ਇਸ ਫ਼ੈਸਲੇ ਨਾਲ ਪੂਰੀ ਤਰ੍ਹਾਂ ਬਰਬਾਦ ਹੋ ਜਾਵੇਗਾ।ਇਹ ਕੇਵਲ ਆਰਥਿਕ ਪੱਖ ਤੋਂ ਹੀ ਗੰਭੀਰ ਚਿੰਤਾ ਦਾ ਵਿਸ਼ਾ ਨਹੀਂ ਸਗੋਂ ਇਸ ਸਰਹੱਦੀ ਸੂਬੇ ਵਿੱਚ ਸਾਮਜਿਕ ਅਤੇ ਰਣਨੀਤਕ ਪ੍ਰਭਾਵ ਵੀ ਪੈ ਸਕਦੇ ਹਨ।ਉਨ੍ਹਾਂ ਕਿਹਾ ਪੰਜਾਬ ਪਹਿਲਾਂ ਹੀ ਨਸ਼ਿਆਂ ਦੇ ਕੋਹੜ ਨਾਲ ਜੂਝ ਰਿਹਾ ਹੈ, ਖਾਸ ਕਰ ਕੇ ਪੇਂਡੂ ਖੇਤਰਾਂ ਵਿਚ। ਜ਼ਮੀਨੀ ਹੋਲਡਿੰਗਾਂ (ਮਾਲਕੀ) ਘਟਣ ਅਤੇ ਖੇਤੀਬਾੜੀ ਰੋਜ਼ਗਾਰ ਵਿਚ ਕਮੀ ਆਉਣ ਕਾਰਨ, ਨੌਕਰੀਆਂ ਦੀ ਘਾਟ ਹੈ, ਬੇਰੋਜ਼ਗਾਰ ਨੌਜਵਾਨ ਨਸ਼ਿਆਂ ਦਾ ਸ਼ਿਕਾਰ ਹੋ ਰਹੇ ਹਨ। ਉਨ੍ਹਾਂ ਕਿਹਾ ਇਕ ਵਾਰ ਜਦੋਂ ਇਹ ਵਪਾਰ ਸਮਝੌਤਾ ਲਾਗੂ ਹੋ ਗਿਆ, ਤਾਂ ਦੇਸ਼ ਵਿੱਚ ਸਸਤੇ ਖੇਤੀ ਉਤਪਾਦ ਘਰੇਲੂ ਉਤਪਾਦਾਂ ਦੀ ਥਾਂ ਲੈ ਲੈਣਗੇ।ਇਸ ਮੌਕੇ ਸਾਬਕਾ ਵਿਧਾਇਕ ਦਲਵੀਰ ਗੋਲਡੀ ਜੀ,ਰਾਜਿੰਦਰ ਦੀਪਾ ਜੀ ਤੇ ਦੁਰਲੱਭ ਸਿੱਧੂ ਜੀ ਨੇ ਆਪਣੇ ਸਾਂਝੇ ਸੰਬੋਧਨ ਦੌਰਾਨ ਕਿਹਾ ਕਿ ਦੇਸ਼ ਦਾ ਕਿਸਾਨ ਦੇਸ਼ ਦੀ ਰੀੜ੍ਹ ਦੀ ਹੱਡੀ ਹੈ, ਇਸ ਸਮਝੌਤੇ ਨਾਲ ਭਾਜਪਾ ਸਰਕਾਰ ਕਿਸਾਨਾਂ ਦਾ ਗਲ਼ਾ ਘੁੱਟ ਰਹੀ ਹੈ, ਜੋ ਕੀ ਕਾਂਗਰਸ ਪਾਰਟੀ ਬਰਦਾਸ਼ਤ ਨਹੀਂ ਕਰੇਗੀ। ਕਿਸਾਨ ਸ਼ੈੱਲ ਦੇ ਚੇਅਰਮੈਨ ਹਰਬਜਨ ਸਿੱਧੂ ਤੇ ਸਤਨਾਮ ਸੱਤਾ ਜੀ ਨੇ ਕਿਹਾ ਕੀ ਭਾਜਪਾ ਸਰਕਾਰ ਪਹਿਲਾਂ ਹੀ ਅਲੱਗ-ਅਲੱਗ ਤਰੀਕੇ ਨਾਲ ਕਿਸਾਨ ਤੋਂ ਸਬਸਿਡੀ ਖੋ ਰਹੀ ਹੈ ਅਤੇ ਇਸ ਮਹਿੰਗਾਈ ਦੇ ਦੌਰ 'ਚ ਖੇਤੀ ਦੇ ਔਜਾਰ, ਖਾਦ, ਦਵਾਈਆਂ ਅਤੇ ਲੇਬਰ ਦਾ ਰੇਟ ਆਸਮਾਨ ਛੂਹ ਰਿਹਾ ਹੈ, ਕਿਸਾਨ ਦੀ ਲਾਗਤ ਵੀ ਪੂਰੀ ਨਹੀਂ ਹੁੰਦੀ ਇਸ ਸਮਝੌਤੇ ਨਾਲ ਕਿਸਾਨ ਜੋ ਪਹਿਲਾਂ ਹੀ ਆਤਮ ਹੱਤਿਆ ਲਈ ਮਜਬੂਰ ਸਨ। ਇਸ ਨਾਲ ਤਾਂ ਉਨ੍ਹਾਂ ਦੀ ਆਰਥਿਕਤਾ 'ਤੇ ਬਹੁੱਤ ਵੱਡੀ ਸੱਟ ਵੱਜੇਗੀ।

# ਕੈਬਨਿਟ ਮੰਤਰੀ ਬਰਿੰਦਰ ਕੁਮਾਰ ਗੋਇਲ ਵੱਲੋਂ ਹਲਕਾ ਲਹਿਰਾਗਾਗਾ 'ਚ ਵਿਕਾਸ ਕਾਰਜਾਂ ਦੀ ਸ਼ੁਰੂਆਤ



ਲਹਿਰਾਗਾਗਾ, 22 ਫਰਵਰੀ (ਰਾਮੇਸ਼ਵਰ ਸ਼ਰਮਾ/ ਖੁਸਵਿੰਦਰ ਸ਼ਰਮਾ): ਕੈਬਨਿਟ ਮੰਤਰੀ ਬਰਿੰਦਰ ਕੁਮਾਰ ਗੋਇਲ ਨੇ ਹਲਕੇ ਦੀਆਂ ਵੱਖ-ਵੱਖ ਪਿੰਡਾਂ ਦੀਆਂ ਸੜਕਾਂ ਦੀ ਕਾਇਆ ਕਲਪ ਲਈ ਕਰੀਬ 13 ਕਰੋੜ 27 ਲੱਖ ਰੁਪਏ ਦੀ ਲਾਗਤ ਨਾਲ ਕੀਤੇ ਜਾਣ ਵਾਲੇ ਵਿਕਾਸ ਕਾਰਜਾਂ ਦੇ ਨੀਂਹ ਪੱਥਰ ਰੱਖ ਕੇ ਕੰਮ ਸ਼ੁਰੂ ਕਰਵਾਏ।ਇਸ ਮੌਕੇ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪਿੰਡਾਂ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਅਤੇ ਲੋਕਾਂ ਨੂੰ ਬਿਹਤਰ ਆਵਾਜਾਈ ਸਹੂਲਤਾਂ ਮੁਹੱਈਆ ਕਰਵਾਉਣ ਲਈ ਵਚਨਬੱਧਤਾ ਨਾਲ ਕੰਮ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਸੜਕਾਂ ਦੀ ਨਵੀਨੀਕਰਨ ਅਤੇ ਮਜ਼ਬੂਤੀ ਨਾਲ ਨਾ ਸਿਰਫ਼ ਪਿੰਡ ਵਾਸੀਆਂ ਨੂੰ ਸਫ਼ਰ ਵਿੱਚ ਸੁਵਿਧਾ ਮਿਲੇਗੀ, ਸਗੋਂ ਖੇਤੀਬਾੜੀ ਅਤੇ ਵਪਾਰਕ ਗਤੀਵਿਧੀਆਂ ਨੂੰ ਵੀ ਨਵਾਂ ਉਤਸ਼ਾਹ ਮਿਲੇਗਾ।ਉਨ੍ਹਾਂ ਦੱਸਿਆ ਕਿ ਜਿਨ੍ਹਾਂ ਸੜਕਾਂ ਦੇ ਕੰਮ ਸ਼ੁਰੂ ਕਰਵਾਏ ਗਏ ਹਨ, ਉਨ੍ਹਾਂ ਵਿੱਚ ਪਿੰਡ ਝਲੂਰ ਤੋਂ ਘੋੜੇਨਾਬ ਤੋਂ ਖੰਡੇਬਾਦ ਤੱਕ 07.40 ਕਿੱਲੋਮੀਟਰ ਲੰਬੀ ਸੜਕ ਸ਼ਾਮਲ ਹੈ, ਜਿਸ 'ਤੇ ਕਰੀਬ 05 ਕਰੋੜ 83 ਲੱਖ ਰੁਪਏ ਦੀ ਲਾਗਤ ਆਵੇਗੀ। ਇਸ ਤੋਂ ਇਲਾਵਾ ਪਿੰਡ ਬਖੋਰਾ ਕਲਾਂ ਤੋਂ ਬਲਰਾਂ ਤੱਕ 04.80 ਕਿਲੋਮੀਟਰ ਲੰਬੀ ਸੜਕ 03 ਕਰੋੜ 78 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਕੀਤੀ ਜਾਵੇਗੀ।ਇਸੇ ਤਰ੍ਹਾਂ ਪਿੰਡ ਚੋਟੀਆਂ ਤੋਂ ਬਖਸ਼ੀਵਾਲਾ ਤੱਕ 01.85 ਕਿਲੋਮੀਟਰ ਲੰਬੀ ਸੜਕ 'ਤੇ 01 ਕਰੋੜ 45 ਲੱਖ ਰੁਪਏ ਖਰਚ ਕੀਤੇ ਜਾਣਗੇ, ਜਦਕਿ ਪਿੰਡ ਲਹਿਲ ਕਲਾਂ ਤੋਂ ਪਾਪੜਾ ਤੱਕ 02.80 ਕਿਲੋਮੀਟਰ ਲੰਬੀ ਸੜਕ 02 ਕਰੋੜ 21 ਲੱਖ ਰੁਪਏ ਦੀ ਲਾਗਤ ਨਾਲ ਬਣਾਈ ਜਾਵੇਗੀ।ਕੈਬਨਿਟ ਮੰਤਰੀ ਨੇ ਕਿਹਾ ਕਿ ਇਨ੍ਹਾਂ ਸਾਰੇ ਪ੍ਰੋਜੈਕਟਾਂ ਨੂੰ ਨਿਰਧਾਰਤ ਸਮੇਂ ਅੰਦਰ ਅਤੇ ਉੱਚ ਮਿਆਰੀ ਮਾਪਦੰਡਾਂ ਅਨੁਸਾਰ ਪੂਰਾ ਕਰਨ ਲਈ ਸਬੰਧਤ ਵਿਭਾਗਾਂ ਨੂੰ ਦਿਸ਼ਾ-ਨਿਰਦੇਸ਼ ਜਾਰੀ ਕਰ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਕੰਮ ਦੀ ਗੁਣਵੱਤਾ ਨਾਲ ਕੋਈ ਸਮਝੌਤਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ।ਕੈਬਨਿਟ ਮੰਤਰੀ ਨੇ ਕਿਹਾ ਕਿ ਸਰਕਾਰ ਦਾ ਮਕਸਦ ਪਿੰਡਾਂ ਨੂੰ ਸ਼ਹਿਰਾਂ ਵਰਗੀਆਂ ਸਹੂਲਤਾਂ ਦੇ ਨਾਲ ਜੋੜਨਾ ਹੈ ਤਾਂ ਜੋ ਹਰ ਵਰਗ ਦੇ ਲੋਕ ਵਿਕਾਸ ਦਾ ਲਾਭ ਲੈ ਸਕਣ। ਇਸ ਮੌਕੇ ਪਿੰਡਾਂ ਦੇ ਵਾਸੀਆਂ ਨੇ ਸੜਕਾਂ ਦੇ ਕੰਮ ਸ਼ੁਰੂ ਹੋਣ 'ਤੇ ਖੁਸ਼ੀ ਜਤਾਈ ਅਤੇ ਕੈਬਨਿਟ ਮੰਤਰੀ ਦਾ ਧੰਨਵਾਦ ਕੀਤਾ।ਇਸ ਮੌਕੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ, ਆਪ ਦੇ ਅਹੁਦੇਦਾਰ, ਪੰਚ, ਸਰਪੰਚ, ਪਤਵੰਤੇ ਅਤੇ ਵੱਡੀ ਗਿਣਤੀ ਪਿੰਡਾਂ ਦੇ ਲੋਕ ਹਾਜ਼ਰ ਸਨ।

# ਆਕਸਫ਼ੋਰਡ ਸੰਸਥਾ ਦੇ ਵਿਦਿਆਰਥੀਆਂ ਨੇ ਜਿੱਤਿਆ 5000 ਦਾ ਇਨਾਮ



ਭਗਤਾ ਭਾਈ ਕਾ, 22 ਫਰਵਰੀ (ਸਵਰਨ ਸਿੰਘ ਭਗਤਾ): 'ਦ ਆਕਸਫ਼ੋਰਡ ਸਕੂਲ ਆਫ਼ ਐਜੂਕੇਸ਼ਨ, ਭਗਤਾ ਭਾਈ ਕਾ' ਇਲਾਕੇ ਦੀ ਇੱਕ ਅਜਿਹੀ ਮਾਣਮੱਤੀ ਵਿੱਦਿਅਕ ਸੰਸਥਾ ਹੈ, ਜੋ ਹਰ ਖੇਤਰ ਵਿੱਚ ਲੰਮੀਆਂ ਪੁਲਾਘਾਂ ਪੁੱਟਦੀ ਹੋਈ ਅੱਗੇ ਵੱਧ ਰਹੀ ਹੈ।ਇਸ ਸੰਸਥਾ ਦੇ ਵਿਦਿਆਰਥੀ ਸਿਰਫ਼ ਵਿੱਦਿਅਕ ਖੇਤਰ ਵਿੱਚ ਹੀ ਅੱਗੇ ਨਹੀਂ ਸਗੋਂ ਹਰ ਮੁਕਾਬਲੇ, ਹਰ ਐਕਟੀਵਿਟੀ ਦਾ ਹਿੱਸਾ ਵੀ ਬਣਦੇ ਹਨ ਅਤੇ ਪ੍ਰਾਪਤੀਆਂ ਕਰਦੇ ਹਨ। ਪਿਛਲੇ ਦਿਨੀਂ 'ਚੰਡੀਗੜ੍ਹ ਯੂਨੀਵਰਸਿਟੀ ਅਤੇ ਡਿਪਾਰਟਮੈਂਟ ਆਫ਼ ਸਾਇੰਸ ਐਂਡ ਤਕਨਾਲੋਜੀ ਵੱਲੋਂ ਇੱਕ ਸਾਂਝੀ ਸਾਇੰਸ ਪ੍ਰਦਰਸ਼ਨੀ ਕਰਵਾਈ ਗਈ। ਇਸ ਵਿੱਚ 19 ਸਕੂਲਾਂ ਦੇ ਲੱਗਭੱਗ 700 ਵਿਦਿਆਰਥੀਆਂ ਨੇ ਹਿੱਸਾ ਲਿਆ। ਇਸ ਪ੍ਰਦਰਸ਼ਨੀ ਵਿੱਚ ਸਾਰੇ ਸਕੂਲਾਂ ਦੇ ਵਿਦਿਆਰਥੀਆਂ ਵੱਲੋਂ ਬਹੁਤ ਹੀ ਵਧੀਆ ਪ੍ਰੋਜੈਕਟ ਪੇਸ਼ ਕੀਤੇ ਗਏ। ਆਕਸਫ਼ੋਰਡ ਸੰਸਥਾ ਦੇ ਵਿਦਿਆਰਥੀਆਂ ਨੇ ਵੀ ਪਿਉਰ ਵਾਟਰ ਸਿੰਕ ਟੇਕ', 'ਸਕਿੱਲ ਡਿਸ', 'ਥਿਫ੍ਰਟ ਸਕਿਉਰਟੀ ਸਿਸਟਮ' ਅਤੇ ਏ. ਆਈ ਅਧਾਰਿਤ ਫਰੂਟ ਹਾਊਸ ਪ੍ਰੋਜੈਕਟ ਬਣਾ ਕੇ ਪ੍ਰਦਰਸ਼ਿਤ ਕੀਤੇ ਗਏ।

ਸਕੂਲ ਦੇ ਗਿਆਰ੍ਹਵੀਂ ਜਮਾਤ ਦੇ ਵਿਦਿਆਰਥੀ ਪ੍ਰਿਆਂਸ਼ ਬਾਂਸਲ, ਨਵਜਨਮਿਤ, ਸਮਦਿਸ਼ਾ, ਜਸਨੂਰ ਕੌਰ, ਏਕਮਪ੍ਰੀਤ ਕੌਰ, ਮਹਿਕਦੀਪ ਕੌਰ, ਧੀਰਵੀ ਅਤੇ ਨੌਵੀਂ ਜਮਾਤ ਦੀ ਵਿਦਿਆਰਥੀ ਹਰਕੀਰਤ ਵੱਲੋਂ ਬਣਾਏ ਗਏ ਇਨ੍ਹਾਂ ਪ੍ਰੋਜੈਕਟਾਂ ਕਾਰਨ ਆਕਸਫ਼ੋਰਡ ਸੰਸਥਾ ਨੇ ਤੀਸਰੀ ਪੁਜ਼ੀਸ਼ਨ ਪ੍ਰਾਪਤ ਕਰਦੇ ਹੋਏ 5000 ਰੁਪਏ ਦਾ ਨਗਦ ਇਨਾਮ ਹਾਸਲ ਕੀਤਾ। ਸਕੂਲ ਦੇ ਪ੍ਰਧਾਨ ਗੁਰਮੀਤ ਸਿੰਘ ਗਿੱਲ ਅਤੇ ਪ੍ਰਿੰਸੀਪਲ ਰੂਪ ਲਾਲ ਬਾਂਸਲ ਨੇ ਇਨ੍ਹਾਂ ਸਾਇੰਸਦਾਨਾਂ ਦੀ ਤਾਰੀਫ਼ ਕਰਦੇ ਹੋਏ ਇਨ੍ਹਾਂ ਨੂੰ ਵਧਾਈ ਦਿੱਤੀ।ਉਨ੍ਹਾਂ ਨੇ ਅਟਲ ਲੈਬ ਦੇ ਇੰਚਾਰਜ਼ ਅਧਿਆਪਕ ਇੰਜੀ:ਹਰੀਸ਼ਰਨ ਦੀ ਵੀ ਯੋਗ ਅਗਵਾਈ ਲਈ ਸ਼ਲਾਘਾ ਕੀਤੀ।ਇਨ੍ਹਾਂ ਵਿਦਿਆਰਥੀਆਂ ਨੂੰ ਸਵੇਰ ਦੀ ਸਭਾ ਦੌਰਾਨ ਸਨਮਾਨਿਤ ਕਰਦੇ ਹੋਏ ਸ੍ਰੀ ਬਾਂਸਲ ਨੇ ਕਿਹਾ ਕਿ ਹਰ ਵਿਦਿਆਰਥੀ ਨੂੰ ਆਪਣੇ ਅੰਦਰ ਛੁਪੀ ਬੌਧਿਕਤਾ ਅਤੇ ਕਲਾ ਨੂੰ ਉਜਾਗਰ ਕਰਨਾ ਚਾਹੀਦਾ ਹੈ।ਇਸ ਸਮੇਂ ਸਕੂਲ ਦੀ ਪ੍ਰਬੰਧਕ ਕਮੇਟੀ ਦੇ ਸਰਪ੍ਰਸਤ ਮੈਂਬਰ ਹਰਦੇਵ ਸਿੰਘ ਬਰਾੜ (ਸਾਬਕਾ ਚੇਅਰਮੈਨ), ਹਰਗੁਰਪ੍ਰੀਤ ਸਿੰਘ ਗਗਨ ਬਰਾੜ (ਚੇਅਰਮੈਨ), ਪਰਮਪਾਲ ਸਿੰਘ 'ਸ਼ੈਰੀ ਢਿੱਲੋਂ' (ਵਾਈਸ ਚੇਅਰਮੈਨ), ਗੁਰਮੀਤ ਸਿੰਘ ਗਿੱਲ ਸਰਪੰਚ (ਵਿੱਤ-ਸਕੱਤਰ) ਨੇ ਵੀ ਵਿਦਿਆਰਥੀਆਂ ਨੂੰ ਵਧਾਈ ਦਿੰਦੇ ਹੋਏ ਹੋਰ ਅੱਗੇ ਵੱਧਣ ਲਈ ਪ੍ਰੇਰਿਤ ਕੀਤਾ।

# .ਫ਼ਰੀਦਕੋਟ ਪੁਲਿਸ ਵੱਲੋਂ ਅੰਤਰਾਸ਼ਟਰੀ ਡਰੱਗ ਕਾਰਟਲ ਦਾ ਪਰਦਾਫਾਸ਼

## 4.804 ਕਿੱਲੋਗ੍ਰਾਮ ਹੈਰੋਇਨ ਅਤੇ 01 ਅਸਲੇ ਸਮੇਤ 06 ਦੋਸ਼ੀ ਲਏ ਹਿਰਾਸਤ 'ਚ



ਫਰੀਦਕੋਟ, 22 ਫਰਵਰੀ (ਅਵਤਾਰ ਸਿੰਘ ਮੱਲਾ): ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਨਿਰਦੇਸ਼ਾਂ ਤਹਿਤ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਲਈ ਵਿੱਢੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀ.ਜੀ.ਪੀ) ਪੰਜਾਬ ਸ੍ਰੀ ਗੌਰਵ ਯਾਦਵ ਦੀ ਅਗਵਾਈ ਹੇਠ ਨਸ਼ਾ ਤਸਕਰੀ ਨੈੱਟਵਰਕਾਂ ਵਿਰੁੱਧ ਯੋਜਨਾਬੱਧ ਅਤੇ ਸਰੋਤ-ਅਧਾਰਤ ਆਪ੍ਰੇਸ਼ਨ ਤਹਿਤ ਕਾਰਵਾਈ ਦੌਰਾਨ ਫਰੀਦਕੋਟ ਪੁਲਿਸ ਨੇ 02 ਮਹਿਲਾਵਾ ਸਮੇਤ 06 ਨਸ਼ਾ ਤਸਕਰਾਂ ਨੂੰ 4.804 ਕਿੱਲੋਗ੍ਰਾਮ ਹੈਰੋਇਨ ਅਤੇ 01 ਅਸਲੇ ਨਾਲ ਗ੍ਰਿਫ਼ਤਾਰ ਕਰਕੇ ਪਾਕਿਸਤਾਨ-ਅਧਾਰਤ ਤਸਕਰਾਂ ਵੱਲੋਂ ਚਲਾਏ ਜਾ ਰਹੇ ਅੰਤਰਰਾਸ਼ਟਰੀ ਡਰੱਗ ਕਾਰਟਲ ਦਾ ਪਰਦਾਫ਼ਾਸ਼ ਕੀਤਾ ਹੈ।ਇਹ ਜਾਣਕਾਰੀ ਡਾ. ਪ੍ਰਗਿਆ ਜੈਨ ਐਸ.ਐਸ.ਪੀ ਫਰੀਦਕੋਟ ਵੱਲੋਂ ਐਤਵਾਰ ਨੂੰ ਪ੍ਰੈੱਸ ਕਾਨਫਰੰਸ ਦੌਰਾਨ ਸਾਂਝੀ ਕੀਤੀ ਗਈ।ਗ੍ਰਿਫਤਾਰ ਕੀਤੇ ਦੋਸ਼ੀਆਂ ਵਿੱਚ ਅਮਰਦੀਪ ਸਿੰਘ ਉਰਫ਼ ਬੋਕਸਰ ਅਤੇ ਡਿੰਪਲ ਰਾਣੀ ਜੋ ਕਿ ਫਿਰੋਜ਼ਪੁਰ ਜ਼ਿਲ੍ਹੇ ਨਾਲ ਸਬੰਧਿਤ ਹਨ, ਜਦਕਿ ਰਮਨਦੀਪ ਕੌਰ, ਸਰਬਜੀਤ ਸਿੰਘ ਉਰਫ਼ ਸੱਬਾ ਅਤੇ ਅੰਮ੍ਰਿਤਪਾਲ ਸਿੰਘ ਉਰਫ਼ ਅਭੀਜੋਤ ਜੋ ਕਿ ਮੋਗਾ ਜ਼ਿਲ੍ਹੇ ਦੇ ਰਿਹਾਇਸ਼ੀ ਹਨ। ਇਸ ਤੋਂ ਇਲਾਵਾ 01 ਹੋਰ ਦੋਸ਼ੀ ਜਰਨੈਲ ਸਿੰਘ ਉਰਫ਼ ਗੋਲਡੀ ਲੁਧਿਆਣਾ ਜ਼ਿਲ੍ਹਾ ਨਾਲ ਸਬੰਧਿਤ ਹੈ। ਪੁਲਿਸ ਪਾਰਟੀ ਵੱਲੋਂ ਦੋਸ਼ੀਆਂ ਪਾਸੋਂ 04 ਕਿੱਲੋ 804 ਗ੍ਰਾਮ ਹੈਰੋਇਨ, 01 ਪਿਸਟਲ .30 ਬੋਰ ਸਮੇਤ 03 ਜਿੰਦਾ ਰੋਦ ਬਰਾਮਦ ਕੀਤੇ ਗਏ ਹਨ। ਇਸ ਤੋ ਇਲਾਵਾ ਦੋਸ਼ੀਆਂ ਵੱਲੋਂ ਨਸ਼ੇ ਦੀ ਤਸਕਰੀ ਦੌਰਾਨ ਵਰਤੀ ਜਾ ਰਹੀ ਥਾਰ ਅਤੇ ਐਕਸ.ਯੂ.ਵੀ-500 ਵੀ ਕਬਜੇ ਵਿੱਚ ਲਿਆ ਗਿਆ ਹੈ।ਫਰੀਦਕੋਟ ਦੇ ਸੀਨੀਅਰ ਪੁਲਿਸ ਕਪਤਾਨ (ਐਸ.ਐਸ.ਪੀ) ਡਾ. ਪ੍ਰਗਿਆ ਜੈਨ ਨੇ ਕਾਰਵਾਈ ਦੇ ਵੇਰਵੇ ਸਾਂਝੇ ਕਰਦਿਆਂ ਦੱਸਿਆ ਕਿ 20-21 ਫਰਵਰੀ ਦੀ ਦਰਮਿਆਨੀ ਰਾਤ ਨੂੰ ਸੀ.ਆਈ.ਏ ਸਟਾਫ ਫਰੀਦਕੋਟ ਦੀਆਂ ਟੀਮਾਂ ਨੇ ਗਰੀਨ ਐਵੀਨਿਊ ਨੂੰ ਜਾਣ ਵਾਲੀ ਸੜਕ 'ਤੇ ਖੜ੍ਹੀ ਇੱਕ ਥਾਰ ਗੱਡੀ ਨੂੰ ਸ਼ੱਕ ਦੇ ਆਧਾਰ 'ਤੇ ਰੋਕਿਆ। ਗੱਡੀ ਵਿੱਚ ਸਵਾਰ ਜਰਨੈਲ ਸਿੰਘ ਉਰਫ਼ ਗੋਲਡੀ, ਰਮਨਦੀਪ ਕੌਰ, ਸਰਬਜੀਤ ਸਿੰਘ ਉਰਫ਼ ਸੱਬਾ ਅਤੇ ਅੰਮ੍ਰਿਤਪਾਲ ਸਿੰਘ ਉਰਫ਼ ਅਭੀਜੋਤ ਦੀ ਡੀ.ਐਸ.ਪੀ (ਫਰੀਦਕੋਟ) ਸ਼੍ਰੀ ਤਰਲੋਚਨ ਸਿੰਘ ਦੀ ਨਿਗਰਾਨੀ ਹੇਠ ਤਲਾਸ਼ੀ ਲਈ ਗਈ। ਤਲਾਸ਼ੀ ਦੌਰਾਨ ਗੱਡੀ ਦੀ ਅਗਲੀ ਕੰਡਕਟਰ ਸੀਟ ਦੇ ਪੈਰਾਂ ਵਾਲੇ ਹਿੱਸੇ 'ਚ ਪਏ ਇੱਕ ਕਿੱਟ ਬੈਗ ਵਿੱਚੋਂ 1 ਕਿਲੋ 8 ਗ੍ਰਾਮ ਹੈਰੋਇਨ ਅਤੇ 30,000 ਰੁਪਏ ਡਰੱਗ ਮਨੀ ਬਰਾਮਦ ਹੋਈ। ਇਸ ਉਪਰੰਤ ਚਾਰੋਂ ਦੋਸ਼ੀਆਂ ਨੂੰ ਮੌਕੇ 'ਤੇ ਹੀ ਗ੍ਰਿਫ਼ਤਾਰ ਕਰ ਲਿਆ ਗਿਆ।ਗ੍ਰਿਫ਼ਤਾਰ ਦੋਸ਼ੀਆਂ ਦੀ ਪੁੱਛਗਿੱਛ ਦੌਰਾਨ ਸਾਹਮਣੇ ਆਇਆ ਕਿ ਇਹ ਨਸ਼ੇ ਦੀ ਖੇਪ ਅਮਰਦੀਪ ਸਿੰਘ ਉਰਫ਼ ਬੌਕਸਰ ਵੱਲੋਂ ਆਪਣੀ ਐਕਸਯੂਵੀ-500 ਗੱਡੀ ਰਾਹੀਂ ਮੁਹੱਈਆ ਕਰਵਾਈ ਗਈ ਸੀ, ਜਿਸ ਦੇ ਬਦਲੇ 2 ਲੱਖ 60 ਹਜ਼ਾਰ ਰੁਪਏ ਅਦਾ ਕੀਤੇ ਗਏ ਸਨ। ਜਿਸ ਤੋਂ ਬਾਅਦ ਅਮਰਦੀਪ ਸਿੰਘ ਉਰਫ਼ ਬੌਕਸਰ ਨੂੰ ਮੁਕੱਦਮੇ ਵਿੱਚ ਨਾਮਜ਼ਦ ਕਰਕੇ ਉਸਦੀ ਭਾਲ ਸ਼ੁਰੂ ਕੀਤੀ ਗਈ।ਇਸ ਦੌਰਾਨ ਇੰਸਪੈਕਟਰ ਅਮਰਿੰਦਰ ਸਿੰਘ, ਇੰਚਾਰਜ ਸੀ.ਆਈ.ਏ ਸਟਾਫ ਫਰੀਦਕੋਟ, ਨੇ ਪੁਲਿਸ ਪਾਰਟੀ ਸਮੇਤ ਦੋਸ਼ੀ ਦਾ ਪਿੱਛਾ ਕਰਦੇ ਹੋਏ ਪਿੰਡ ਗੋਲੇਆਣਾ ਸੇਮਨਾਲਾ ਨੇੜੇ ਉਸਨੂੰ ਉਸਦੀ ਕਾਰ ਅਤੇ ਇਕ ਮਹਿਲਾ ਡਿੰਪਲ ਰਾਣੀ ਸਮੇਤ ਗ੍ਰਿਫ਼ਤਾਰ ਕਰ ਲਿਆ। ਤਲਾਸ਼ੀ ਦੌਰਾਨ ਉਨ੍ਹਾਂ ਕੋਲੋਂ 5 ਪੁਲੰਦੇ ਬਰਾਮਦ ਹੋਏ, ਜਿਨ੍ਹਾਂ ਵਿੱਚੋਂ ਕੁੱਲ 3 ਕਿਲੋ 796 ਗ੍ਰਾਮ ਹੈਰੋਇਨ ਮਿਲੀ। ਇਸ ਦੇ ਨਾਲ ਹੀ .30 ਬੋਰ ਦਾ ਇੱਕ ਪਿਸਟਲ ਅਤੇ 3 ਜਿੰਦਾ ਕਾਰਤੂਸ ਵੀ ਬਰਾਮਦ ਕੀਤੇ ਗਏ।

# ਜੂਏ ਦੇ ਅੱਡੇ 'ਤੇ ਪੁਲਿਸ ਦਾ ਛਾਪਾ; 9 ਗ੍ਰਿਫ਼ਤਾਰ, ਲੱਖਾਂ ਦੀ ਨਕਦੀ ਬਰਾਮਦ




ਬਠਿੰਡਾ, 22 ਫਰਵਰੀ (ਦੀਪਕ ਸ਼ਰਮਾ):ਸ਼ਹਿਰ ਵਿੱਚ ਜੂਏ ਅਤੇ ਗੈਰ-ਕਾਨੂੰਨੀ ਲਾਟਰੀ ਦਾ ਧੰਦਾ ਰੁਕਣ ਦਾ ਨਾਮ ਨਹੀਂ ਲੈ ਰਿਹਾ। ਕੋਤਵਾਲੀ ਥਾਣਾ ਪੁਲਿਸ ਨੇ ਇੱਕ ਗੁਪਤ ਸੂਚਨਾ ਦੇ ਅਧਾਰ 'ਤੇ ਅਮਰੀਕ ਸਿੰਘ ਰੋਡ ਸਥਿਤ ਅਗਨੀ ਢਾਬੇ ਦੇ ਪਿੱਛੇ ਚੱਲ ਰਹੇ ਜੂਏ ਦੇ ਅੱਡੇ ਤੇ ਛਾਪੇਮਾਰੀ ਕਰਕੇ 9 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲਿਸ ਨੇ ਮੁਲਜ਼ਮਾਂ ਕੋਲੋਂ 1 ਲੱਖ 10 ਹਜ਼ਾਰ ਰੁਪਏ ਦੀ ਨਕਦੀ, ਲਾਟਰੀ ਦੀਆਂ ਪਰਚੀਆਂ ਅਤੇ ਤਾਸ਼ ਦੇ ਪੱਤੇ ਬਰਾਮਦ ਕੀਤੇ ਹਨ।ਸੀ.ਆਈ.ਏ. ਸਟਾਫ਼-2 ਦੇ ਸਹਾਇਕ ਥਾਣੇਦਾਰ ਕਮਲਜੋਤ ਸਿੰਘ ਨੇ ਦੱਸਿਆ ਕਿ ਪੁਲਿਸ ਨੂੰ ਇਤਲਾਹ ਮਿਲੀ ਸੀ ਕਿ ਅਮਰੀਕ ਸਿੰਘ ਰੋਡ ਤੇ ਅਗਨੀ ਢਾਬੇ ਦੇ ਪਿੱਛੇ ਕੁਝ ਲੋਕ ਵੱਡੇ ਪੱਧਰ 'ਤੇ ਜੂਏ ਅਤੇ ਨਾਜਾਇਜ਼ ਲਾਟਰੀ ਦਾ ਕਾਰੋਬਾਰ ਚਲਾ ਰਹੇ ਹਨ। ਸੂਚਨਾ ਮਿਲਦੇ ਹੀ ਪੁਲਿਸ ਟੀਮ ਨੇ ਮੌਕੇ 'ਤੇ ਦਬਿਸ਼ ਦਿੱਤੀ ਅਤੇ ਮੁਲਜ਼ਮਾਂ ਨੂੰ ਰੰਗੇ ਹੱਥੀਂ ਕਾਬੂ ਕਰ ਲਿਆ। ਫੜੇ ਗਏ ਮੁਲਜ਼ਮਾਂ ਦੀ ਪਛਾਣ ਰਾਜ ਕੁਮਾਰ ਨਿਵਾਸੀ ਪਿੰਡ ਰੁਪਾਣਾ (ਸ੍ਰੀ ਮੁਕਤਸਰ ਸਾਹਿਬ), ਅਜੇ ਕੁਮਾਰ ਨਿਵਾਸੀ ਕਲਕੱਤਾ ਵਾਲੀ ਗਲੀ ਬਠਿੰਡਾ, ਪ੍ਰਿੰਸ ਕੁਮਾਰ ਨਿਵਾਸੀ ਬੀਬੀ ਵਾਲਾ ਚੌਂਕ, ਦੇਵ ਬਹਾਦਰ ਨਿਵਾਸੀ ਜਨਤਾ ਨਗਰ, ਅਮਿਤ ਨਿਵਾਸੀ ਚੰਦਸਰ ਬਸਤੀ, ਗੁਰਪ੍ਰੀਤ ਸਿੰਘ, ਅਜੀਤ ਪਾਲ ਸਿੰਘ ਨਿਵਾਸੀ ਗੁਰੂ ਨਾਨਕ ਪੁਰਾ ਮੁਹੱਲਾ, ਸੋਨੂ ਸਿੰਘ ਨਿਵਾਸੀ ਮਾਨਸਾ ਅਤੇ ਸਾਗਰ ਨਿਵਾਸੀ ਪ੍ਰਤਾਪ ਨਗਰ ਬਠਿੰਡਾ ਵਜੋਂ ਹੋਈ ਹੈ।ਸਥਾਨਕ ਲੋਕਾਂ ਅਨੁਸਾਰ ਉਕਤ ਸਥਾਨ ਤੇ ਪਹਿਲਾਂ ਵੀ ਕਈ ਵਾਰ ਜੂਏ ਦੇ ਅੱਡਿਆਂ ਦਾ ਪਰਦਾਫਾਸ਼ ਕੀਤਾ ਜਾ ਚੁੱਕਾ ਹੈ। ਇਲਾਕਾ ਨਿਵਾਸੀਆਂ ਵਿੱਚ ਰੋਸ ਹੈ ਕਿ ਪੁਲਿਸ ਕਾਰਵਾਈ ਤੋਂ ਕੁਝ ਦਿਨਾਂ ਬਾਅਦ ਹੀ ਇੱਥੇ ਮੁੜ ਜੂਏ ਦੀ ਖੇਡ ਸ਼ੁਰੂ ਹੋ ਜਾਂਦੀ ਹੈ। ਲੋਕਾਂ ਨੇ ਮੰਗ ਕੀਤੀ ਹੈ ਕਿ ਅਜਿਹੀਆਂ ਗੈਰ-ਕਾਨੂੰਨੀ ਗਤੀਵਿਧੀਆਂ ਤੇ ਸਥਾਈ ਤੌਰ 'ਤੇ ਰੋਕ ਲਗਾਈ ਜਾਵੇ। ਪੁਲਿਸ ਨੇ ਮੁਲਜ਼ਮਾਂ ਖ਼ਿਲਾਫ਼ ਜੂਆ ਐਕਟ ਦੀਆਂ ਸਬੰਧਤ ਧਾਰਾਵਾਂ ਤਹਿਤ ਕੇਸ ਦਰਜ ਕਰ ਲਿਆ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਸ਼ਹਿਰ ਵਿੱਚ ਜੂਏ ਅਤੇ ਲਾਟਰੀ ਮਾਫ਼ੀਆ ਖ਼ਿਲਾਫ਼ ਇਹ ਮੁਹਿੰਮ ਅੱਗੇ ਵੀ ਜਾਰੀ ਰਹੇਗੀ।

# ਜ਼ਿਲ੍ਹੇ ਦੇ ਨੌਜਵਾਨਾਂ ਦੇ ਭਵਿੱਖ ਨੂੰ ਰੌਸ਼ਨ ਕਰ ਰਿਹਾ ਸੀ-ਪਾਈਟ ਕੈਂਪ : ਡਿਪਟੀ ਕਮਿਸ਼ਨਰ



ਬਠਿੰਡਾ, 22 ਫ਼ਰਵਰੀ (ਜਗਸੀਰ ਭੁੱਲਰ):ਸਿਖਲਾਈ ਤੇ ਰੋਜ਼ਗਾਰ ਕੇਂਦਰ (ਸੀ-ਪਾਈਟ) ਹਰ ਸਮੇਂ ਨੌਜਵਾਨਾਂ ਦੇ ਭਵਿੱਖ ਲਈ ਅੱਗੇ ਵੱਧ ਕੇ ਕੰਮ ਕਰ ਰਿਹਾ ਹੈ। ਇਹ ਅਦਾਰਾ ਸੂਬਾ ਸਰਕਾਰ ਦੇ ਉਪਰਾਲੇ ਨਾਲ ਪੰਜਾਬ ਦੇ ਨੌਜਵਾਨਾਂ ਨੂੰ ਰੋਜ਼ਗਾਰ ਤੇ ਸਵੈ-ਰੋਜ਼ਗਾਰ ਦੇ ਕਾਬਿਲ ਬਣਾਉਣ ਲਈ ਜਿੱਥੇ ਮੋਹਰੀ ਬਣਕੇ ਕੰਮ ਕਰ ਰਿਹਾ ਹੈ, ਉੱਥੇ ਹੀ ਜ਼ਿਲ੍ਹੇ ਅਧੀਨ ਪੈਂਦੇ ਪਿੰਡ ਕਾਲਝਰਾਣੀ ਵਿਖੇ ਚੱਲ ਰਿਹਾ ਸਿਖਲਾਈ ਤੇ ਰੋਜ਼ਗਾਰ ਕੇਂਦਰ ਜ਼ਿਲ੍ਹੇ ਦੇ ਨੌਜਵਾਨਾਂ ਲਈ ਵਰਦਾਨ ਸਾਬਿਤ ਹੋ ਰਿਹਾ ਹੈ। ਇਹ ਜਾਣਕਾਰੀ ਡਿਪਟੀ ਕਮਿਸ਼ਨਰ ਰਾਜੇਸ਼ ਧੀਮਾਨ ਨੇ ਸਾਂਝੀ ਕੀਤੀ। ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਕੈਂਪ ਟ੍ਰੇਨਿੰਗ ਅਫ਼ਸਰ, ਕੈਪਟਨ ਲਖਵਿੰਦਰ ਸਿੰਘ ਨੇ ਦੱਸਿਆ ਕਿ 1 ਅਪ੍ਰੈਲ 2025 ਤੋਂ 31 ਜਨਵਰੀ 2026 ਤੱਕ 1142 ਨੌਜਵਾਨਾਂ ਨੂੰ ਇੱਥੇ ਸਿਖਲਾਈ ਦਿੱਤੀ ਗਈ, ਜਿਸ ਵਿੱਚੋਂ 225 ਨੌਜਵਾਨਾਂ ਨੂੰ ਰੋਜ਼ਗਾਰ ਪ੍ਰਾਪਤ ਹੋਇਆ ਜਿਨ੍ਹਾਂ ਵਿੱਚ 211 ਆਰਮੀ, ਬਰਡਰ ਸਿਕਿਉਰਿਟੀ ਫੋਰਸ (ਬੀਐਸਐਫ) ਅਤੇ ਪੰਜਾਬ ਪੁਲਿਸ 1-1, ਪੰਜਾਬ ਗੌਰਮਿੰਟ-9 ਅਤੇ ਸਵੈ-ਰੋਜ਼ਗਾਰ-3 ਸ਼ਾਮਲ ਹਨ।ਇਸ ਤੋਂ ਇਲਾਵਾ ਕੈਂਪ ਕਾਲਝਰਾਣੀ ਵਿਖੇ 30 ਨੌਜਵਾਨਾਂ ਨੂੰ ਸਕਿੱਲ ਇੰਡੀਆਂ ਮਿਸ਼ਨ ਤਹਿਤ ਪਰੋਟਾਟੈਂਕ ਇੰਡੀਆਂ ਸਲਿਊਸ਼ਨ ਪ੍ਰਾਈਵੇਟ ਲਿਮਟਡ ਕੰਪਨੀ ਵੱਲੋਂ ਸਕਿਊਰਟੀ ਗਾਰਡ ਦਾ ਟ੍ਰੇਨਿੰਗ ਕੋਰਸ ਕਰਵਾਇਆ ਜਾ ਰਿਹਾ ਹੈ। ਉਹਨਾਂ ਇਹ ਵੀ ਦੱਸਿਆ ਕਿ ਇੱਥੇ ਅਗਨੀਵੀਰ ਆਰਮੀ ਦੀ ਸਿਖਲਾਈ ਵੀ ਸ਼ੁਰੂ ਹੋ ਚੁੱਕੀ ਹੈ।ਕੈਂਪ ਟ੍ਰੇਨਿੰਗ ਅਫ਼ਸਰ, ਕੈਪਟਨ ਲਖਵਿੰਦਰ ਸਿੰਘ ਵੱਲੋਂ 18 ਤੋਂ 28 ਸਾਲ ਦੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਕੈਂਪ ਵਿੱਚ ਆ ਕੇ ਰਜਿਸਟ੍ਰੇਸ਼ਨ ਕਰਵਾਉਣ ਜਿਨ੍ਹਾਂ ਨੂੰ ਯੋਗਤਾ ਅਨੁਸਾਰ ਵੱਖ-ਵੱਖ ਖੇਤਰਾਂ ਵਿੱਚ ਟ੍ਰੇਨਿੰਗ ਤੇ ਕੋਰਸਾਂ ਸਬੰਧੀ ਜਾਣਕਾਰੀ ਦਿੱਤੀ ਜਾਵੇਗੀ। ਉਨ੍ਹਾਂ ਇਹ ਵੀ ਕਿਹਾ ਕਿ ਸੀ-ਪਾਈਟ ਵਿੱਚ ਲਿਖਤੀ ਪੇਪਰ ਅਤੇ ਫਿਜ਼ੀਕਲ ਟ੍ਰੇਨਿੰਗ ਦੋਨਾਂ ਦੀ ਤਿਆਰੀ ਕਰਵਾਈ ਜਾਂਦੀ ਹੈ। ਇੱਥੇ ਵਧੀਆ ਤਜ਼ਰਬੇਕਾਰ ਸਟਾਫ, ਡਿਜੀਟਲ ਕਲਾਸ ਰੂਮ, ਉੱਚ ਪੱਧਰੀ ਟਰੈਕ, ਡਾਇਨਿੰਗ ਹਾਲ, ਵਧੀਆ ਹੋਸਟਲ, ਇੰਨਡੋਰ ਤੇ ਓਪਨ ਜਿੰਮ ਅਤੇ ਹੋਰ ਵੱਖ-ਵੱਖ ਸਹੂਲਤਾ ਹਨ। ਨੌਜਵਾਨਾਂ ਨੂੰ ਟ੍ਰੇਨਿੰਗ ਸਮੇਂ ਪੰਜਾਬ ਸਰਕਾਰ ਦੁਆਰਾ ਰਿਹਾਇਸ਼ ਅਤੇ ਖਾਣਾ ਬਿਲਕੁਲ ਮੁਫ਼ਤ ਦਿੱਤਾ ਜਾਂਦਾ ਹੈ। ਕਿਸੇ ਪ੍ਰਕਾਰ ਦੀ ਕੋਈ ਫੀਸ ਨਹੀਂ ਲਈ ਜਾਂਦੀ। ਉਨ੍ਹਾਂ ਨੌਜਵਾਨਾਂ ਨੂੰ ਦੁਬਾਰਾ ਅਪੀਲ ਕਰਦਿਆਂ ਕਿਹਾ ਕਿ ਉਹ ਇਸ ਅਦਾਰੇ ਦਾ ਵੱਧ ਤੋਂ ਵੱਧ ਫਾਇਦਾ ਉਠਾਉਣ।ਉਨ੍ਹਾਂ ਕਿਹਾ ਕਿ ਚਾਹਵਾਨ ਨੌਜਵਾਨ ਵਧੇਰੇ ਜਾਣਕਾਰੀ ਲਈ 94641-52013 ਅਤੇ 94638-31615 'ਤੇ ਸੰਪਰਕ ਕਰ ਸਕਦੇ ਹਨ।

# ਕਾਮਰੇਡ ਰਣਜੀਤ ਲਹਿਰਾ ਦਾ ਸ਼ਰਧਾਂਜਲੀ ਸਮਾਗਮ ਭਲਕੇ

ਲਹਿਰਾਗਾਗਾ, 22 ਫਰਵਰੀ (ਗੁਰਦੀਪ ਸਿੰਘ): ਮੈਡੀਕਲ ਖੋਜ ਲਈ ਸਰੀਰਦਾਨੀ, ਪੰਜਾਬ ਸਟੂਡੈਂਟਸ ਯੂਨੀਅਨ ਦੇ ਸਾਬਕਾ ਆਗੂ, ਇਨਕਲਾਬੀ ਕੇਂਦਰ ਪੰਜਾਬ ਦੇ ਆਗੂ, ਲਾਲ ਪਰਚਮ ਦੇ ਸੰਪਾਦਕੀ ਬੋਰਡ ਮੈਂਬਰ, ਉੱਘੇ ਲੇਖਕ ਅਤੇ ਅਨੁਵਾਦਕ, ਪੀ.ਡਬਲਿਊ ਡੀ ਫੀਲਡ ਐਂਡ ਵਰਕਸ਼ਾਪ ਵਰਕਰਜ਼ ਯੂਨੀਅਨ ਦੇ ਸਾਬਕਾ ਪ੍ਰੈੱਸ ਸਕੱਤਰ, ਲੋਕ ਚੇਤਨਾ ਮੰਚ, ਲਹਿਰਾਗਾਗਾ ਦੇ ਪ੍ਰੈੱਸ ਸਕੱਤਰ ਕਾਮਰੇਡ ਰਣਜੀਤ ਲਹਿਰਾ ਦੀ ਇਨਕਲਾਬੀ ਘਾਲਣਾ ਅਤੇ ਸਾਹਿਤਕ-ਸਿਆਸੀ ਯੋਗਦਾਨ ਨੂੰ ਸਿਜਦਾ ਕਰਨ ਲਈ ਇਨਕਲਾਬੀ ਸ਼ਰਧਾਂਜ਼ਲੀ ਸਮਾਰੋਹ ਲਹਿਰਾਗਾਗਾ ਦੇ ਜੀਪੀਐਫ ਕੰਪਲੈਕਸ ਵਿਖੇ 24 ਫਰਵਰੀ ਨੂੰ ਸਵੇਰੇ 11 ਵਜੇ ਤੋਂ ਦੁਪਹਿਰ 1 ਵਜੇ ਤੱਕ ਹੋਵੇਗਾ। ਸ਼ਰਧਾਂਜਲੀ ਸਮਾਰੋਹ ਸਬੰਧੀ ਹੋਈ ਮੀਟਿੰਗ ਦੌਰਾਨ ਗਿਆਨ ਚੰਦ ਸ਼ਰਮਾ ਨੇ ਦੱਸਿਆ ਕਿ ਸਮਾਰੋਹ ਦੌਰਾਨ ਵੱਖ-ਵੱਖ ਜਥੇਬੰਦੀਆਂ ਦੇ ਆਗੂ ਰਣਜੀਤ ਲਹਿਰਾ ਨੂੰ ਸ਼ਰਧਾਂਜ਼ਲੀ ਭੇਂਟ ਕਰਨਗੇ।

# ਐਸ.ਡੀ.ਐਮ. ਵੱਲੋਂ ਪਿੰਡ ਬੰਗਾ ਸਕੂਲ ਦਾ ਅਚਾਨਕ ਦੌਰਾ

ਲਹਿਰਾਗਾਗਾ, 22 ਫਰਵਰੀ (ਰਾਮੇਸ਼ਵਰ ਸ਼ਰਮਾ/ ਖੁਸਵਿੰਦਰ ਸ਼ਰਮਾ): ਹਲਕਾ ਲਹਿਰਾ ਦੇ ਪਿੰਡ ਬੰਗਾ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿੱਚ ਅੱਜ ਐਸ.ਡੀ.ਐਮ. ਰਾਕੇਸ਼ ਪ੍ਰਕਾਸ਼ ਗਰਗ ਵੱਲੋਂ ਅਚਾਨਕ ਦੌਰਾ ਕਰਕੇ ਮਿੱਡ-ਡੇ ਮੀਲ ਰਸੋਈ ਅਤੇ ਸਕੂਲ ਦੇ ਸਮੂਹ ਪ੍ਰਬੰਧ ਦੀ ਜਾਂਚ ਕੀਤੀ ਗਈ। ਦੌਰੇ ਦੌਰਾਨ ਉਨ੍ਹਾਂ ਨੇ ਰਸੋਈ ਘਰ ਵਿੱਚ ਤਿਆਰ ਹੋ ਰਹੇ ਭੋਜਨ ਦੀ ਗੁਣਵੱਤਾ, ਸਫ਼ਾਈ ਪ੍ਰਬੰਧ ਅਤੇ ਬੱਚਿਆਂ ਨੂੰ ਮਿਲ ਰਹੀ ਖੁਰਾਕ ਦੀ ਮਾਤਰਾ ਦਾ ਖੁਦ ਨਿਰੀਖਣ ਕੀਤਾ।ਐਸ.ਡੀ.ਐਮ. ਗਰਗ ਨੇ ਰਸੋਈ ਵਿੱਚ ਸਫ਼ਾਈ ਪ੍ਰਬੰਧ ਨੂੰ ਸੰਤੋਸ਼ਜਨਕ ਕਰਾਰ ਦਿੰਦਿਆਂ ਸਕੂਲ ਪ੍ਰਬੰਧਕਾਂ ਨੂੰ ਹਦਾਇਤ ਕੀਤੀ ਕਿ ਬੱਚਿਆਂ ਨੂੰ ਹਮੇਸ਼ਾ ਪੌਸ਼ਟਿਕ ਅਤੇ ਤਾਜ਼ਾ ਭੋਜਨ ਹੀ ਪ੍ਰਦਾਨ ਕੀਤਾ ਜਾਵੇ। ਉਨ੍ਹਾਂ ਨੇ ਕਿਹਾ ਕਿ ਮਿੱਡ-ਡੇ ਮੀਲ ਯੋਜਨਾ ਦਾ ਮੁੱਖ ਉਦੇਸ਼ ਬੱਚਿਆਂ ਦੀ ਸਿਹਤ ਅਤੇ ਸਿੱਖਿਆ ਨੂੰ ਮਜ਼ਬੂਤ ਕਰਨਾ ਹੈ, ਇਸ ਲਈ ਕਿਸੇ ਵੀ ਕਿਸਮ ਦੀ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।ਦੌਰੇ ਦੌਰਾਨ ਉਨ੍ਹਾਂ ਨੇ ਕਲਾਸਰੂਮਾਂ ਦਾ ਵੀ ਮੁਆਇਨਾ ਕੀਤਾ ਅਤੇ ਵਿਦਿਆਰਥੀਆਂ ਨਾਲ ਗੱਲਬਾਤ ਕਰਕੇ ਪੜ੍ਹਾਈ ਦੇ ਮਿਆਰ ਬਾਰੇ ਜਾਣਕਾਰੀ ਪ੍ਰਾਪਤ ਕੀਤੀ। ਸਕੂਲ ਦਾ ਕੁੱਲ ਪ੍ਰਬੰਧ, ਹਾਜ਼ਰੀ ਰਿਕਾਰਡ ਅਤੇ ਸਿੱਖਿਆ ਦੀ ਗੁਣਵੱਤਾ ਨੂੰ ਉਨ੍ਹਾਂ ਨੇ ਕਾਬਿਲ-ਏ-ਤਾਰੀਫ਼ ਦੱਸਿਆ।ਐਸ.ਡੀ.ਐਮ. ਰਾਕੇਸ਼ ਪ੍ਰਕਾਸ਼ ਗਰਗ ਨੇ ਸਕੂਲ ਦੇ ਪ੍ਰਿੰਸੀਪਲ ਅਤੇ ਸਟਾਫ਼ ਦੀ ਮਿਹਨਤ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਨੂੰ ਹੋਰ ਵਧੀਆ ਕੰਮ ਕਰਨ ਲਈ ਪ੍ਰੇਰਿਤ ਕੀਤਾ।

# ਬਠਿੰਡਾ ਵਿੱਚ ਗੁੰਡਾਗਰਦੀ ਦਾ ਨੰਗਾ ਨਾਚ, ਵੀਡੀਓ ਵਾਇਰਲ

ਬਠਿੰਡਾ, 22 ਫਰਵਰੀ (ਦੀਪਕ ਸ਼ਰਮਾ):ਸ਼ਹਿਰ ਦੇ ਲਾਈਨ ਪਾਰ ਇਲਾਕੇ ਵਿੱਚ ਸ਼ਰੇਆਮ ਗੁੰਡਾਗਰਦੀ ਅਤੇ ਕਾਨੂੰਨ ਦੀਆਂ ਧੱਜੀਆਂ ਉਡਾਉਣ ਦਾ ਮਾਮਲਾ ਸਾਹਮਣੇ ਆਇਆ ਹੈ। ਇੰਟਰਨੈੱਟ ਮੀਡੀਆ 'ਤੇ ਤੇਜ਼ੀ ਨਾਲ ਵਾਇਰਲ ਹੋ ਰਹੀ ਇੱਕ ਵੀਡੀਓ ਵਿੱਚ ਇੱਕ ਦਰਜਨ ਦੇ ਕਰੀਬ ਨੌਜਵਾਨ ਕੁਝ ਨੌਜਵਾਨਾਂ ਦੀ ਬੇਰਹਿਮੀ ਨਾਲ ਕੁੱਟਮਾਰ ਕਰਦੇ ਦਿਖਾਈ ਦੇ ਰਹੇ ਹਨ। ਵੀਡੀਓ ਵਿੱਚ ਹਮਲਾਵਰ ਨਾ ਸਿਰਫ਼ ਦੂਜੇ ਗੁੱਟ ਦੇ ਨੌਜਵਾਨਾਂ ਦੀ ਕੁੱਟਮਾਰ ਕਰ ਰਹੇ ਹਨ, ਸਗੋਂ ਭੱਦੀਆਂ ਗਾਲ੍ਹਾਂ ਕੱਢਦੇ ਹੋਏ ਵੀ ਨਜ਼ਰ ਆ ਰਹੇ ਹਨ।ਜਾਣਕਾਰੀ ਅਨੁਸਾਰ ਇਹ ਮੁੱਢਲਾ ਵਿਵਾਦ ਦੋਵਾਂ ਗੁੱਟਾਂ ਵਿਚਾਲੇ ਪਹਿਲਾਂ ਹੋਈ ਕਿਸੇ ਮਾਰਕੁੱਟ ਨਾਲ ਜੁੜਿਆ ਦੱਸਿਆ ਜਾ ਰਿਹਾ ਹੈ। ਚਰਚਾ ਹੈ ਕਿ ਪਹਿਲਾਂ ਇੱਕ ਧਿਰ ਦੇ ਨੌਜਵਾਨਾਂ ਨੇ ਦੂਜੇ ਗੁੱਟ ਦੇ ਇੱਕ ਨੌਜਵਾਨ ਨੂੰ ਕੁਟਿਆ ਸੀ, ਜਿਸ ਦਾ ਬਦਲਾ ਲੈਣ ਲਈ ਦੂਜਾ ਗੁੱਟ ਆਪਣੇ ਸਾਥੀਆਂ ਸਮੇਤ ਮੌਕੇ 'ਤੇ ਪਹੁੰਚਿਆ ਅਤੇ ਵਿਰੋਧੀ ਧਿਰ 'ਤੇ ਟੁੱਟ ਕੇ ਪੈ ਗਿਆ। ਹੈਰਾਨੀ ਦੀ ਗੱਲ ਇਹ ਰਹੀ ਕਿ ਇਸ ਪੂਰੀ ਘਟਨਾ ਦੌਰਾਨ ਆਸ-ਪਾਸ ਦੇ ਲੋਕ ਮੂਕ ਦਰਸ਼ਕ ਬਣੇ ਤਮਾਸ਼ਾ ਦੇਖਦੇ ਰਹੇ। ਦੂਜੇ ਪਾਸੇ ਸਥਾਨਕ ਸੂਤਰਾਂ ਦਾ ਦਾਅਵਾ ਹੈ ਕਿ ਇਸ ਹਿੰਸਕ ਝੜਪ ਦੀ ਮੁੱਖ ਵਜ੍ਹਾ ਨਸ਼ਾ ਤਸਕਰੀ ਅਤੇ ਪੈਸਿਆਂ ਦਾ ਲੈਣ-ਦੇਣ ਹੈ। ਦੱਸਿਆ ਜਾ ਰਿਹਾ ਹੈ ਕਿ ਦੋਵੇਂ ਧਿਰਾਂ ਇਲਾਕੇ ਵਿੱਚ ਨਸ਼ਾ ਵੇਚਣ ਅਤੇ ਉਗਰਾਹੀ ਕਰਨ ਦੇ ਧੰਦੇ ਵਿੱਚ ਸ਼ਾਮਲ ਹਨ। ਪਿਛਲੇ ਕੁਝ ਸਮੇਂ ਤੋਂ ਦੋਵਾਂ ਗੁੱਟਾਂ ਵਿੱਚ ਖਿੱਚੋਤਾਣ ਚੱਲ ਰਹੀ ਸੀ, ਜੋ ਅਖੀਰ ਖ਼ੂਨੀ ਟਕਰਾਅ ਵਿੱਚ ਬਦਲ ਗਈ।ਇਸ ਵੀਡੀਓ ਦੇ ਵਾਇਰਲ ਹੋਣ ਤੋਂ ਬਾਅਦ ਸਿਆਸੀ ਗਲਿਆਰਿਆਂ ਵਿੱਚ ਵੀ ਚਰਚਾ ਦਾ ਵਿਸ਼ਾ ਬਣ ਗਈ। ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਆਪਣੇ ਸੋਸ਼ਲ ਮੀਡੀਆ ਅਕਾਊਂਟ 'ਤੇ ਇਹ ਵੀਡੀਓ ਸਾਂਝੀ ਕਰਦਿਆਂ ਪੰਜਾਬ ਸਰਕਾਰ ਦੀ 'ਨਸ਼ਿਆਂ ਵਿਰੁੱਧ ਜੰਗ' ਮੁਹਿੰਮ 'ਤੇ ਤਿੱਖੇ ਸਵਾਲ ਖੜ੍ਹੇ ਕੀਤੇ ਹਨ। ਉਨ੍ਹਾਂ ਦੋਸ਼ ਲਾਇਆ ਕਿ ਸੂਬੇ ਵਿੱਚ ਗੈਂਗਸਟਰਵਾਦ ਅਤੇ ਨਸ਼ਾ ਤਸਕਰਾਂ ਦਾ ਗੱਠਜੋੜ ਮਜ਼ਬੂਤ ਹੋ ਰਿਹਾ ਹੈ ਅਤੇ ਸੱਤਾਧਾਰੀ ਆਗੂਆਂ ਦੀ ਕਥਿਤ ਸ਼ਹਿ 'ਤੇ ਇਹ ਗੈਰ-ਕਾਨੂੰਨੀ ਗਤੀਵਿਧੀਆਂ ਫਲ-ਫੁੱਲ ਰਹੀਆਂ ਹਨ। ਉਨ੍ਹਾਂ ਕਿਹਾ ਕਿ ਬਠਿੰਡਾ ਦੀ ਇਹ ਘਟਨਾ ਸਰਕਾਰੀ ਦਾਅਵਿਆਂ ਦੀ ਪੋਲ ਖੋਲ੍ਹਦੀ ਹੈ।ਦੂਜੇ ਪਾਸੇ, ਪੁਲਿਸ ਨੇ ਵਾਇਰਲ ਵੀਡੀਓ ਦਾ ਨੋਟਿਸ ਲੈਂਦਿਆਂ ਮਾਮਲੇ ਦੀ ਜਾਂਚ ਵਿੱਢ ਦਿੱਤੀ ਹੈ। ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਹਮਲਾਵਰਾਂ ਦੀ ਪਛਾਣ ਕੀਤੀ ਜਾ ਚੁੱਕੀ ਹੈ ਅਤੇ ਉਹਨਾਂ ਖਿਲਾਫ ਥਾਣਾ ਕੈਨਾਲ ਕਲੋਨੀ ਵਿਖੇ ਪਰਚਾ ਦਰਜ ਕਰ ਲਿਆ ਗਿਆ ਹੈ। ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਇਲਾਕੇ ਵਿੱਚ ਤਣਾਅ ਨੂੰ ਦੇਖਦਿਆਂ ਸੁੱਰਖਿਆ ਵਧਾ ਦਿੱਤੀ ਗਈ ਹੈ।

# ਸਾਹਿਤ ਅਤੇ ਸੱਭਿਆਚਾਰ ਮੰਚ ਦਿੜ੍ਹਬਾ ਵੱਲੋਂ ਕੌਮਾਂਤਰੀ ਦਿਵਸ ਮੌਕੇ ਜਾਗਰੂਕਤਾ ਰੈਲੀ

ਦਿੜ੍ਹਬਾ ਮੰਡੀ, 22 ਫਰਵਰੀ : ਹੈਪੀ: ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ ਦੇ ਸੱਦੇ ਉੱਤੇ ਕੌਮਾਂਤਰੀ ਮਾਂ ਬੋਲੀ ਦਿਵਸ ਮੌਕੇ ਸਮਾਜ ਦੇ ਲੋਕਾਂ ਨੂੰ ਪੰਜਾਬੀਆਂ ਦੀ ਮਾਨ ਮਤੀ ਭਾਸ਼ਾ ਮਾਂ ਬੋਲੀ ਪ੍ਰਤੀ ਜਾਗਰੂਕ ਕੀਤੇ ਜਾਣ ਦੇ ਮੰਤਵ ਨਾਲ ਸਾਹਿਤ ਅਤੇ ਸੱਭਿਆਚਾਰ ਮੰਚ ਦਿੜ੍ਹਬਾ ਵੱਲੋਂ ਮੰਚ ਦੇ ਪ੍ਰਧਾਨ ਗੁਰਮੀਤ ਸਿੰਘ ਖੇਤਲਾ ਦੀ ਅਗਵਾਈ 'ਚ ਜਾਗਰੂਕਤਾ ਰੈਲੀ ਕੱਢੀ ਗਈ। ਇਸ ਜਾਗਰੂਕਤਾ ਰੈਲੀ ਚ ਪੰਜਾਬੀ ਸਾਹਿਤ ਅਤੇ ਸੱਭਿਆਚਾਰ ਮੰਚ ਦੇ ਆਹੁਦੇਦਾਰ, ਬੁੱਧੀਜੀਵੀ, ਸਾਹਿਤ ਪ੍ਰੇਮੀਆਂ ਤੋਂ ਇਲਾਵਾ ਸ਼ਹਿਰ ਪਿੰਡ ਅਤੇ ਇਲਾਕੇ ਦੀਆਂ ਪ੍ਰਮੁੱਖ ਹਸਤੀਆਂ ਸ਼ਾਮਲ ਹੋਈਆਂ। ਇਸ ਮੌਕੇ ਦਿੜ੍ਹਬਾ ਸ਼ਹਿਰ ਅੰਦਰ ਹਾਜ਼ਰ ਸਾਹਿਤ ਸਭਾ ਮੈਂਬਰਾਂ ਅਤੇ ਲੋਕਾਂ ਵੱਲੋਂ ਹੱਥਾਂ ਵਿੱਚ ਪੰਜਾਬੀ ਮਾਂ ਬੋਲੀ ਦੇ ਸਬੰਧ ਵਿੱਚ ਤਖਤੀਆਂ ਫੜੀ ਪੰਜਾਬੀ ਮਾਂ ਬੋਲੀ ਨੂੰ ਅੱਗੇ ਲੈ ਜਾਣ ਦੇ ਨਾਅਰੇ ਲਗਾਏ ਗਏ। ਇਹ ਰੈਲੀ ਕਾਮਰੇਡ ਭੀਮ ਸਿੰਘ ਯਾਦਗਾਰੀ ਲਾਇਬਰੇਰੀ ਤੋਂ ਸ਼ੁਰੂ ਹੋ ਕੇ ਦਿੜ੍ਹਬਾ ਦੇ ਮੇਨ ਚੌਂਕ, ਬੱਸ ਸਟੈਂਪ ਵਿਖੇ ਸਮਾਪਤ ਹੋਈ। ਇਸ ਜਾਗਰੂਕਤਾ ਰੈਲੀ ਵਿੱਚ ਸ਼ਹਿਰ ਦੇ ਦੁਕਾਨਦਾਰਾਂ ਅਤੇ ਪੈਨਸ਼ਨਰਾਂ ਵੱਲੋਂ ਵਿਸ਼ੇਸ਼ ਸਹਿਯੋਗ ਦਿੱਤਾ ਗਿਆ। ਇਸ ਮੌਕੇ ਪ੍ਰੈੱਸ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਮੰਚ ਦੇ ਪ੍ਰਧਾਨ ਗੁਰਮੀਤ ਸਿੰਘ ਖੇਤਲਾ ਅਤੇ ਸੀਨੀਅਰ ਮੀਤ ਪ੍ਰਧਾਨ ਨਾਇਬ ਸਿੰਘ ਰਟੋਲਾਂ ਨੇ ਕਿਹਾ ਕਿ ਹਰ ਇੱਕ ਕੌਮ ਜਾਂ ਫਿਰਕੇ ਲਈ ਮਾਂ ਬੋਲੀ ਸਭ ਤੋਂ ਮਹੱਤਵਪੂਰਨ ਭੂਮਿਕਾ ਹੈ। ਜੋ ਲੋਕ ਆਪਣੀ ਮਾਂ ਬੋਲੀ ਨੂੰ ਭੁੱਲ ਜਾਂਦੇ ਹਨ ਉਹ ਕੱਖਾਂ ਵਾਂਗ ਰੁਲ ਜਾਂਦੇ ਹਨ। ਕਿਸੇ ਵੀ ਸਮਾਜ, ਸੱਭਿਅਤਾ ਅਤੇ ਉੱਥੋਂ ਦੀ ਮਨੁੱਖਤਾ ਦਾ ਵਿਕਾਸ ਉਸ ਦੀ ਮਾਂ ਬੋਲੀ ਦੇ ਨਾਲ ਹੀ ਹੋ ਸਕਦਾ ਹੈ।

# ਕਿਸਾਨਾਂ ਨੇ ਦਮਨ ਬਾਜਵਾ ਦੀ ਕੋਠੀ ਅੱਗੇ ਦਿੱਤਾ ਧਰਨਾ

ਸੁਨਾਮ ਊਧਮ ਸਿੰਘ ਵਾਲਾ 22 ਫਰਵਰੀ (ਮੋਹਣ ਸ਼ਰਮਾ/ ਰਾਊਵਰਿੰਦਰ ਮਠਾੜੂ )ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤੇ ਟਰੰਪ ਅਤੇ ਮੋਦੀ ਵੱਲੋਂ ਖੇਤੀਬਾੜੀ ਵਪਾਰਕ ਸਮਝੌਤੇ ਦੇ ਵਿਰੋਧ ਵਿੱਚ ਬੀਜੇਪੀ ਦੀ ਆਗੂ ਮੈਡਮ ਦਮਨ ਥਿੰਦ ਬਾਜਵਾ ਦੇ ਸੁਨਾਮ ਵਿਖੇ ਘਰ ਤੇ ਇਕ ਰੋਜ਼ਾ ਧਰਨਾ ਦਿੱਤਾ ਗਿਆ, ਇਸ ਮੌਕੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਅਤੇ ਸੂਬਾ ਮੀਤ ਪ੍ਰਧਾਨ ਜਨਕ ਸਿੰਘ ਭੁਟਾਲ ਵਿਸ਼ੇਸ਼ ਤੌਰ ਤੇ ਹਾਜਰ ਹੋਏ, ਇਸ ਮੌਕੇ ਆਗੂਆਂ ਨੇ ਕਿਹਾ ਕਿ ਪੰਜਾਬ ਦਾ ਕਿਸਾਨ ਮਜ਼ਦੂਰ ਪਹਿਲਾਂ ਹੀ ਹਰੀਕ੍ਰਾਂਤੀ ਨੇ ਪੀੜ ਕੇ ਰੱਖ ਦਿੱਤਾ ਹੈ, ਇਸ ਹਰੀਕ੍ਰਾਂਤੀ ਨੇ ਪੰਜਾਬ ਨੂੰ ਬਰਬਾਦੀ ਤੋਂ ਇਲਾਵਾ ਕੱਖ ਨਹੀ ਦਿੱਤਾ, ਹੁਣ ਇੱਕ ਬਾਰ ਫਿਰ ਮੋਦੀ ਨੇ ਖੇਤੀਬਾੜੀ ਨੀਤੀ ਅਮਰੀਕਾ ਨੂੰ ਵੇਚ ਦਿੱਤੀ ਹੈ, ਇਸ ਨੀਤੀ ਨਾਲ ਪੰਜਾਬ ਅਤੇ ਭਾਰਤ ਦਾ ਖੇਤੀਬਾੜੀ ਧੰਦਾ ਬਿਲਕੁਲ ਬਰਬਾਦ ਹੋ ਜਾਵੇਗਾ, ਮੋਦੀ ਸਰਕਾਰ ਨੇ ਭਾਰਤ ਦੀ ਪੂਰੀ ਅਨਾਜ ਮੰਡੀ ਅਮਰੀਕਾ ਦੇ ਹਵਾਲੇ ਕਰ ਦਿੱਤੀ ਹੈ, ਅਮਰੀਕਾ ਦਾ ਅਨਾਜ ਭਾਰਤ ਦੀ ਅਨਾਜ ਮੰਡੀ ਵਿੱਚ ਬਿਨਾਂ ਟੈਕਸ ਤੋਂ ਵਿਕੇਗਾ ਜਦਕਿ ਭਾਰਤ ਦੇ ਅਨਾਜ ਤੇ ਅਮਰੀਕਾ 18% ਟੈਕਸ ਲੱਗੇਗਾ, ਇਸ ਦੇ ਨਾਲ ਪੰਜਾਬ ਰਾਜ਼ ਬਿਜਲੀ ਬੋਰਡ ਨੂੰ ਵੀ ਕੇਂਦਰ ਸਰਕਾਰ ਆਪਣੇ ਕਬਜ਼ੇ ਵਿੱਚ ਲੈਣਾ ਚਾਹੁੰਦੀ ਹੈ, ਇਹ ਲੋਕ ਮਾਰੂ ਸਮਝੌਤੇ ਕਿਸੇ ਵੀ ਕੀਮਤ ਤੇ ਲਾਗੂ ਨਹੀਂ ਹੋਣ ਦਿੱਤੇ ਜਾਣਗੇ, ਇਸ ਮੌਕੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਜ਼ਿਲ੍ਹਾ ਪ੍ਰਧਾਨ ਅਮਰੀਕ ਸਿੰਘ ਗੰਢੂਆਂ, ਕਮਿਊਨਿਸਟ ਸੂਬਾ ਆਗੂ ਸਤਵੰਤ ਸਿੰਘ ਖੰਡੇਬਾਦ, ਦਰਵਾਰਾ ਸਿੰਘ ਛਾਜਲਾ,ਸੂਬਾ ਆਗੂ ਹਰਭਗਵਾਨ ਸਿੰਘ ਮੂਣਕ, ਪੰਜਾਬ ਕਿਸਾਨ ਯੂਨੀਅਨ ਸਵਰਨ ਸਿੰਘ ਨਵਾਂ ਗਾਂਵ, ਰਾਜੇਵਾਲ ਯੂਨੀਅਨ ਦੇ ਆਗੂ ਜਸਵੰਤ ਸਿੰਘ ਬਿਗੜਵਾਲ, ਮਨਰੇਗਾ ਆਗੂ ਹਰਪਾਲ ਕੌਰ ਟਿੱਬੀ, ਜਸਵੀਰ ਕੌਰ ਉਗਰਾਹਾਂ, ਸੁਨਾਮ ਬਲਾਕ ਪ੍ਰਧਾਨ ਜਸਵੰਤ ਸਿੰਘ ਤੋਲਾਵਾਲ, ਬਲਾਕ ਸੁਨਾਮ ਦੇ ਆਗੂ ਸੁਖਪਾਲ ਸਿੰਘ ਮਾਣਕ ਕਣਕਵਾਲ, ਬਲਾਕ ਮੂਣਕ ਦੇ ਆਗੂ ਰਿੰਕੂ ਮੂਣਕ ਅਤੇ ਸੁਖਦੇਵ ਸਿੰਘ ਕੜੈਲ, ਲਹਿਰਾਂ ਬਲਾਕ ਦੇ ਆਗੂ ਕਰਨੈਲ ਸਿੰਘ ਗਨੋਟਾ, ਬਿੰਦਰ ਸਿੰਘ ਖੋਖਰ ਅਤੇ ਵੱਡੀ ਗਿਣਤੀ ਵਿੱਚ ਕਿਸਾਨ, ਮਜ਼ਦੂਰ, ਨੌਜਵਾਨ ਅਤੇ ਮਾਵਾਂ ਭੈਣਾਂ ਹਾਜਰ ਸਨ।

# ਸੰਗਤੀਵਾਲਾ 'ਚ ਬਾਂਦਰਾਂ ਦੀ ਭਾਰੀ ਦਹਿਸ਼ਤ: ਪਿੰਡ ਵਾਸੀਆਂ ਅਤੇ ਕਿਸਾਨਾਂ ਦਾ ਜਿਊਣਾ ਹੋਇਆ ਦੁਸ਼ਵਾਰ



ਕੌਹਰੀਆਂ, 22 ਫਰਵਰੀ (ਅਵਤਾਰ ਸਿੰਘ ਜਟਾਣਾ): ਨੇੜਲੇ ਪਿੰਡ ਸੰਗਤੀਵਾਲਾ ਦੇ ਨਿਵਾਸੀ ਪਿਛਲੇ ਲੰਮੇ ਸਮੇਂ ਤੋਂ ਬਾਂਦਰਾਂ ਦੀ ਲਗਾਤਾਰ ਵੱਧ ਰਹੀ ਗਿਣਤੀ ਅਤੇ ਉਨ੍ਹਾਂ ਦੇ ਵੱਧਦੇ ਪ੍ਰਕੋਪ ਕਾਰਨ ਬੇਹੱਦ ਪ੍ਰੇਸ਼ਾਨੀ ਦੇ ਦੌਰ ਵਿੱਚੋਂ ਗੁਜ਼ਰ ਰਹੇ ਹਨ। ਪਿੰਡ ਦੇ ਬਿਲਕੁਲ ਨਾਲ ਲੱਗਦੀ ਨਹਿਰ ਅਤੇ ਉਸ ਦੇ ਦੋਵੇਂ ਕਿਨਾਰਿਆਂ 'ਤੇ ਲੱਗੇ ਸੰਘਣੇ ਤੇ ਪੁਰਾਣੇ ਦਰੱਖਤਾਂ ਨੂੰ ਬਾਂਦਰਾਂ ਨੇ ਆਪਣਾ ਪੱਕਾ ਡੇਰਾ ਬਣਾ ਲਿਆ ਹੈ। ਇੱਥੇ ਬਾਂਦਰਾਂ ਦੀ ਗਿਣਤੀ ਹੁਣ ਸੈਂਕੜਿਆਂ ਤੱਕ ਪਹੁੰਚ ਚੁੱਕੀ ਹੈ, ਜਿਸ ਕਾਰਨ ਪਿੰਡ ਵਿੱਚ ਹਰ ਵੇਲੇ ਸਹਿਮ ਦਾ ਮਾਹੌਲ ਬਣਿਆ ਰਹਿੰਦਾ ਹੈ। ਇਹ ਬਾਂਦਰ ਹੁਣ ਸਿਰਫ਼ ਨਹਿਰੀ ਖੇਤਰ ਤੱਕ ਸੀਮਤ ਨਹੀਂ ਰਹੇ, ਸਗੋਂ ਪੂਰੇ ਪਿੰਡ ਦੀਆਂ ਗਲੀਆਂ, ਘਰਾਂ ਅਤੇ ਧਾਰਮਿਕ ਅਸਥਾਨਾਂ ਵਿੱਚ ਵੀ ਭਾਰੀ ਦਹਿਸ਼ਤ ਪੈਦਾ ਕਰ ਰਹੇ ਹਨ।**ਗੁਰਦੁਆਰਾ ਸਾਹਿਬ ਅਤੇ ਰਿਹਾਇਸ਼ੀ ਖੇਤਰਾਂ ਵਿੱਚ ਬਾਂਦਰਾਂ ਦਾ ਆਤੰਕ**ਪਿੰਡ ਵਾਸੀਆਂ ਨੇ ਗੰਭੀਰ ਚਿੰਤਾ ਪ੍ਰਗਟ ਕਰਦਿਆਂ ਦੱਸਿਆ ਕਿ ਬਾਂਦਰਾਂ ਦੇ ਵੱਡੇ-ਵੱਡੇ ਝੁੰਡ ਅਕਸਰ ਪਿੰਡ ਦੇ ਗੁਰਦੁਆਰਾ ਸਾਹਿਬ ਵਿੱਚ ਦਾਖਲ ਹੋ ਜਾਂਦੇ ਹਨ। ਸ਼ਰਧਾਲੂਆਂ ਲਈ ਗੁਰੂ ਘਰ ਨਤਮਸਤਕ ਹੋਣ ਆਉਣਾ ਵੀ ਖ਼ਤਰੇ ਤੋਂ ਖਾਲੀ ਨਹੀਂ ਰਿਹਾ, ਕਿਉਂਕਿ ਬਾਂਦਰ ਅਕਸਰ ਸੰਗਤ ਦੇ ਹੱਥਾਂ ਵਿੱਚੋਂ ਪ੍ਰਸ਼ਾਦ ਜਾਂ ਹੋਰ ਸਾਮਾਨ ਖੋਹਣ ਦੀ ਕੋਸ਼ਿਸ਼ ਕਰਦੇ ਹੋਏ ਹਮਲਾਵਰ ਹੋ ਜਾਂਦੇ ਹਨ। ਪਿੰਡ ਦੇ ਘਰਾਂ ਵਿੱਚ ਵੀ ਬਾਂਦਰਾਂ ਨੇ ਨੱਕ ਵਿੱਚ ਦਮ ਕਰ ਰੱਖਿਆ ਹੈ। ਬਾਂਦਰਾਂ ਦੇ ਡਰ ਕਾਰਨ ਲੋਕ ਦਿਨ-ਦਿਹਾੜੇ ਵੀ ਆਪਣੇ ਘਰਾਂ ਦੇ ਦਰਵਾਜ਼ੇ ਅਤੇ ਖਿੜਕੀਆਂ ਹਰ ਵੇਲੇ ਬੰਦ ਰੱਖਣ ਲਈ ਮਜਬੂਰ ਹਨ, ਕਿਉਂਕਿ ਮਾਮੂਲੀ ਜਿਹੀ ਅਣਗਹਿਲੀ ਹੋਣ 'ਤੇ ਬਾਂਦਰ ਘਰਾਂ ਅੰਦਰ ਵੜ ਕੇ ਰਸੋਈ ਦਾ ਸਾਮਾਨ ਖਿਲਾਰ ਦਿੰਦੇ ਹਨ ਅਤੇ ਘਰੇਲੂ ਸਾਮਾਨ ਦਾ ਭਾਰੀ ਨੁਕਸਾਨ ਕਰਦੇ ਹਨ।**ਫਸਲਾਂ ਦਾ ਉਜਾੜਾ ਅਤੇ ਵੱਧ ਰਹੀਆਂ ਮੁਸੀਬਤਾਂ**ਨਹਿਰ ਦੇ ਕਿਨਾਰਿਆਂ 'ਤੇ ਲੱਗੇ ਦਰੱਖਤਾਂ ਨੂੰ ਮੁੱਖ ਅੱਡਾ ਬਣਾ ਕੇ ਇਹ ਬਾਂਦਰ ਨੇੜਲੇ ਖੇਤਾਂ ਦੀਆਂ ਫਸਲਾਂ ਨੂੰ ਬੁਰੀ ਤਰ੍ਹਾਂ ਉਜਾੜ ਰਹੇ ਹਨ। ਕਿਸਾਨਾਂ ਮੁਤਾਬਕ ਬਾਂਦਰਾਂ ਦਾ ਇਹ ਟੋਲਾ ਖੇਤਾਂ ਵਿੱਚ ਵੜ ਕੇ ਭਾਰੀ ਤਬਾਹੀ ਮਚਾਉਂਦਾ ਹੈ, ਜਿਸ ਨਾਲ ਕਿਸਾਨਾਂ ਦਾ ਵੱਡਾ ਆਰਥਿਕ ਨੁਕਸਾਨ ਹੋ ਰਿਹਾ ਹੈ। ਨਹਿਰ ਵਾਲੀ ਪਟੜੀ ਤੋਂ ਗੁਜ਼ਰਨ ਵਾਲੇ ਰਾਹਗੀਰਾਂ, ਸਕੂਲੀ ਬੱਚਿਆਂ ਅਤੇ ਮੋਟਰਾਂ 'ਤੇ ਕੰਮ ਕਰਦੇ ਕਿਸਾਨਾਂ 'ਤੇ ਵੀ ਬਾਂਦਰਾਂ ਦੇ ਹਮਲੇ ਹੋਣ ਦਾ ਖ਼ਦਸ਼ਾ ਹਮੇਸ਼ਾ ਬਣਿਆ ਰਹਿੰਦਾ ਹੈ। ਬਾਂਦਰਾਂ ਦੀ ਮੌਜੂਦਗੀ ਕਾਰਨ ਬੱਚਿਆਂ ਅਤੇ ਬਜ਼ੁਰਗਾਂ ਦਾ ਘਰੋਂ ਬਾਹਰ ਨਿਕਲਣਾ ਹੁਣ ਪਹਿਲਾਂ ਵਾਂਗ ਸੌਖਾ ਨਹੀਂ ਰਿਹਾ। ਇਸ ਤੋਂ ਇਲਾਵਾ, ਬਾਂਦਰਾਂ ਵੱਲੋਂ ਘਰਾਂ ਦੀਆਂ ਛੱਤਾਂ ਤੇ ਪਈਆਂ ਪਾਣੀ ਵਾਲੀਆਂ ਟੈਂਕੀਆਂ ਦੇ ਢੱਕਣ ਤੋੜਨੇ, ਸੁੱਕਣੇ ਪਾਏ ਕੱਪੜਿਆਂ ਨੂੰ ਪਾੜ ਦੇਣਾ ਅਤੇ ਏਸੀ ਦੇ ਪਾਈਪਾਂ ਨੂੰ ਤੋੜ ਕੇ ਉਨ੍ਹਾਂ ਨੂੰ ਸੁੱਟ ਦੇਣਾ ਹੁਣ ਰੋਜ਼ਾਨਾ ਦੀ ਵੱਡੀ ਸਮੱਸਿਆ ਬਣ ਗਈ ਹੈ।**ਪ੍ਰਸ਼ਾਸਨਿਕ ਕਾਰਵਾਈ ਦੀ ਜ਼ੋਰਦਾਰ ਮੰਗ**ਪਿੰਡ ਦੀ ਪੰਚਾਇਤ ਅਤੇ ਇਲਾਕੇ ਦੇ ਮੋਹਤਬਰਾਂ ਨੇ ਪੰਜਾਬ ਸਰਕਾਰ ਅਤੇ ਜੰਗਲਾਤ ਵਿਭਾਗ ਤੋਂ ਪੁਰਜ਼ੋਰ ਮੰਗ ਕੀਤੀ ਹੈ ਕਿ ਇਸ ਗੰਭੀਰ ਹੁੰਦੀ ਜਾ ਰਹੀ ਸਮੱਸਿਆ ਦਾ ਤੁਰੰਤ ਕੋਈ ਠੋਸ ਹੱਲ ਕੱਢਿਆ ਜਾਵੇ। ਉਨ੍ਹਾਂ ਮੰਗ ਕੀਤੀ ਕਿ ਜੰਗਲਾਤ ਵਿਭਾਗ ਦੀਆਂ ਟੀਮਾਂ ਭੇਜ ਕੇ ਬਾਂਦਰਾਂ ਨੂੰ ਫੜਨ ਲਈ ਵਿਸ਼ੇਸ਼ ਮੁਹਿੰਮ ਚਲਾਈ ਜਾਵੇ ਅਤੇ ਇਨ੍ਹਾਂ ਨੂੰ ਇੱਥੋਂ ਕੱਢ ਕੇ ਕਿਸੇ ਦੂਰ-ਦੁਰਾਡੇ ਜੰਗਲੀ ਇਲਾਕੇ ਵਿੱਚ ਛੱਡਿਆ ਜਾਵੇ ਤਾਂ ਜੋ ਪਿੰਡ ਵਾਸੀ ਅਤੇ ਕਿਸਾਨ ਸੁੱਖ ਦਾ ਸਾਹ ਲੈ ਸਕਣ। ਪਿੰਡ ਵਾਸੀਆਂ ਦਾ ਕਹਿਣਾ ਹੈ ਕਿ ਜੇਕਰ ਜਲਦੀ ਹੀ ਕੋਈ ਕਾਰਵਾਈ ਨਾ ਕੀਤੀ ਗਈ ਤਾਂ ਆਉਣ ਵਾਲੇ ਦਿਨਾਂ ਵਿੱਚ ਕਿਸ ਜਾਨੀ-ਮਾਲੀ ਨੁਕਸਾਨ ਦਾ ਖ਼ਦਸ਼ਾ ਬਣਿਆ ਰਹਿ ਸਕਦਾ ਹੈ।ਇਸ ਮੌਕੇ ਸਰਪੰਚ ਅਜੈਬ ਸਿੰਘ, ਪ੍ਰਧਾਨ ਗੁਰਜੰਟ ਸਿੰਘ ਲਿਬੜਾ, ਜਥੇਦਾਰ ਅਮਰੀਕ ਸਿੰਘ, ਗੁਰਜੰਟ ਸਿੰਘ ਸਾਬਕਾ ਪੰਚ, ਗੁਲਾਬ ਸਿੰਘ, ਗੁਰਜੰਟ ਸਿੰਘ ਮੈਂਬਰ, ਬਾਬੂ ਸਿੰਘ, ਭਾਈ ਰਾਮ ਸਿੰਘ, ਬਾਬਾ ਗੁਰਵਿੰਦਰ ਸਿੰਘ, ਕਾਲਾ ਸਿੰਘ, ਜਗਸੀਰ ਸਿੰਘ, ਸੁਲਿੰਦਰ ਸਿੰਘ, ਪ੍ਰਦੀਪ ਸਿੰਘ, ਪਰਮਿੰਦਰ ਸਿੰਘ, ਮਨਪ੍ਰੀਤ ਸਿੰਘ, ਸੁਖਪਾਲ ਸਿੰਘ, ਪਰਗਟ ਸਿੰਘ ਅਤੇ ਹੋਰ ਪਿੰਡ ਵਾਸੀਆਂ ਨੇ ਪ੍ਰਸ਼ਾਸਨ ਨੂੰ ਜਲਦ ਤੋਂ ਜਲਦ ਰਾਹਤ ਦੇਣ ਦੀ ਪੁਰਜ਼ੋਰ ਅਪੀਲ ਕੀਤੀ ਹੈ।

# ਸ਼੍ਰੀ ਸੱਤਿਆ ਸਾਈ ਕਾਲਜ ਵਿਖੇ ਅੰਤਰਰਾਸ਼ਟਰੀ ਮਾਂ ਬੋਲੀ ਦਿਵਸਮਨਾਇਆ




ਮਲੋਟ, 22 ਫਰਵਰੀ (ਅਮਨਦੀਪ ਸਿੰਘ ਮਹਿਰਾ): ਸ੍ਰੀ ਸੱਤਿਆ ਸਾਈ ਬੀ.ਐੱਡ ਕਾਲਜ ਕਰਾਈਵਾਲਾ ਵਿਖੇ ਅੰਤਰਰਾਸ਼ਟਰੀ ਮਾਂ ਬੋਲੀ ਦਿਵਸ ਮਨਾਇਆ ਗਿਆ । ਇਸ ਮੌਕੇ 'ਤੇ ਭਾਸ਼ਣ ਪ੍ਰਤੀਯੋਗਿਤਾ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਵਿਦਿਆਰਥੀਆਂ ਨੇ ਬਹੁਤ ਉਤਸ਼ਾਹ ਨਾਲ ਭਾਗ ਲਿਆ । ਵਿਦਿਆਰਥੀਆਂ ਵੱਲੋਂ ਪੰਜਾਬੀ ਮਾਂ ਬੋਲੀ ਨਾਲ ਸਬੰਧਿਤ ਕਵਿਤਾਵਾਂ ਪੰਜਾਬੀ ਲੋਕ ਗੀਤ ਪੰਜਾਬੀ ਬਾਲ ਸਾਹਿਤ ਆਦਿ ਦੀ ਪੇਸ਼ਕਾਰੀ ਕੀਤੀ ਗਈ। ਇਸ ਦੌਰਾਨ ਪੰਜਾਬੀ ਦੇ ਸਹਾਇਕ ਪ੍ਰੋਫੈਸਰ ਅਮਨਦੀਪ ਕੌਰ ਵੱਲੋਂ ਪੰਜਾਬੀ ਮਾਂ ਬੋਲੀ ਦੀ ਸ਼ਾਨ ਨੂੰ ਬਰਕਰਾਰ ਰੱਖਣ ਲਈ ਆਪਣੇ ਵਿਚਾਰ ਪੇਸ਼ ਕੀਤੇ। ਕਾਲਜ ਦੇ ਸਟਾਫ ਮੈਂਬਰਾਂ ਵਿੱਚੋਂ ਸਹਾਇਕ ਪ੍ਰੋਫੈਸਰ ਮਨੀਸ਼ ਪੰਡਯਾ,ਮਦਨ ਲਾਲ, ਕਿਰਨਪਾਲ ਕੌਰ, ਸੁਨੀਤਾ ਕੌਰ, ਮਮਤਾ ਰਾਣੀ, ਨੇ ਵੀ ਆਪਣੇ ਪੰਜਾਬੀ ਮਾਂ ਬੋਲੀ ਸਬੰਧੀ ਵਿਚਾਰ ਪੇਸ਼ ਕੀਤੇ । ਕਾਲਜ ਦੇ ਪ੍ਰਿੰਸੀਪਲ ਡਾਕਟਰ ਪ੍ਰਦੀਪ ਠਕਰਾਲ ਜੀ ਨੇ ਵੀ ਪੰਜਾਬੀ ਭਾਸ਼ਾ ਦੇ ਪਿਛੋਕੜ ਅਤੇ ਇਤਿਹਾਸ ਬਾਰੇ ਦੱਸਦੇ ਹੋਏ ਸਾਨੂੰ ਸਾਡੀ ਮਾਂ ਬੋਲੀ ਨਾਲ ਜੁੜੇ ਰਹਿਣ ਲਈ ਪ੍ਰੇਰਿਤ ਕੀਤਾ।ਅੰਤ ਵਿੱਚ ਕਾਲਜ ਦੇ ਚੇਅਰਮੈਨ ਅਰਵਿੰਦ ਜੈਨ ਜੀ ਵੱਲੋਂ ਪੰਜਾਬੀ ਭਾਸ਼ਾ ਦੇ ਵਿਕਾਸ ਅਤੇ ਵਿਦਿਆਰਥੀਆਂ ਦੇ ਉੱਜਲ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ ।

# ਚਿਪਸ ਦੀ ਲੜਾਈ ਵਿੱਚ ਭਾਰਤ ਦੀ ਐਂਟਰੀ

## ਸੈਮੀਕੰਡਕਟਰ ਸਹਿਯੋਗ ਅਤੇ ਬਦਲਦੀ ਗਲੋਬਲ ਰਣਨੀਤੀ



ਡਾ. ਪ੍ਰਿਅੰਕਾ ਸੌਰਭ
7015375570

ਭਾਰਤ ਅਤੇ ਅਮਰੀਕਾ ਵਿਚਕਾਰ ਸੈਮੀਕੰਡਕਟਰ ਅਤੇ ਉੱਨਤ ਤਕਨਾਲੋਜੀ ਸਹਿਯੋਗ 'ਤੇ ਹਾਲ ਹੀ ਵਿੱਚ ਹੋਇਆ ਸਮਝੌਤਾ ਸਿਰਫ਼ ਇੱਕ ਦੁਵੱਲਾ ਸਮਝੌਤਾ ਨਹੀਂ ਹੈ, ਸਗੋਂ ਇਸਨੂੰ ਸ਼ਕਤੀ ਦੇ ਬਦਲਦੇ ਵਿਸ਼ਵ ਸੰਤੁਲਨ, ਤਕਨੀਕੀ ਦਬਦਬੇ ਅਤੇ ਆਰਥਿਕ ਸੁਰੱਖਿਆ ਵੱਲ ਇੱਕ ਫੈਸਲਾਕੁੰਨ ਕਦਮ ਵਜੋਂ ਦੇਖਿਆ ਜਾਣਾ ਚਾਹੀਦਾ ਹੈ। ਜਿਵੇਂ ਵੀਹਵੀਂ ਸਦੀ ਵਿੱਚ ਤੇਲ ਨੂੰ ਸਭ ਤੋਂ ਰਣਨੀਤਕ ਵਸਤੂ ਮੰਨਿਆ ਜਾਂਦਾ ਸੀ, ਉਸੇ ਤਰ੍ਹਾਂ ਅੱਜ ਸੈਮੀਕੰਡਕਟਰਾਂ ਨੂੰ ਆਧੁਨਿਕ ਦੁਨੀਆ ਦੀ ਰੀੜ੍ਹ ਦੀ ਹੱਡੀ ਮੰਨਿਆ ਜਾਂਦਾ ਹੈ। ਮੋਬਾਈਲ ਫੋਨਾਂ ਤੋਂ ਲੈ ਕੇ ਮਿਜ਼ਾਈਲ ਪ੍ਰਣਾਲੀਆਂ ਤੱਕ, ਆਰਟੀਫੀਸ਼ੀਅਲ ਇੰਟੈਲੀਜੈਂਸ ਤੋਂ ਲੈ ਕੇ ਆਟੋਮੋਬਾਈਲ ਉਦਯੋਗ ਤੱਕ - ਹਰ ਖੇਤਰ ਵਿੱਚ ਚਿਪਸ ਦੀ ਜ਼ਰੂਰਤ ਨੇ ਉਨ੍ਹਾਂ ਨੂੰ ਭੂ-ਰਾਜਨੀਤੀ ਦਾ ਇੱਕ ਕੇਂਦਰੀ ਕੇਂਦਰ ਬਣਾ ਦਿੱਤਾ ਹੈ। ਇਸ ਲਈ, ਪੈਕਸ ਸਿਲਿਕਾ ਵਰਗੇ ਢਾਂਚੇ ਵਿੱਚ ਭਾਰਤ ਦੀ ਭਾਗੀਦਾਰੀ ਅਤੇ ਸੰਯੁਕਤ ਰਾਜ ਅਮਰੀਕਾ ਨਾਲ ਡੂੰਘੇ ਸਹਿਯੋਗ ਦੀ ਸਥਾਪਨਾ ਦੂਰਗਾਮੀ ਮਹੱਤਵ ਰੱਖਦੀ ਹੈ।

ਪਿਛਲੇ ਕੁਝ ਸਾਲਾਂ ਵਿੱਚ, ਗਲੋਬਲ ਸੈਮੀਕੰਡਕਟਰ ਸਪਲਾਈ ਚੇਨ ਦੀਆਂ ਕਮਜ਼ੋਰੀਆਂ ਨੂੰ ਨੰਗਾ ਕੀਤਾ ਗਿਆ ਹੈ। ਕੋਵਿਡ-19 ਮਹਾਂਮਾਰੀ ਦੌਰਾਨ ਚਿੱਪ ਸੰਕਟ ਨੇ ਇਹ ਸਪੱਸ਼ਟ ਕਰ ਦਿੱਤਾ ਕਿ ਕੁਝ ਚੋਣਵੇਂ ਦੇਸ਼ਾਂ ਅਤੇ ਕੰਪਨੀਆਂ 'ਤੇ ਬਹੁਤ ਜ਼ਿਆਦਾ ਨਿਰਭਰਤਾ ਪੂਰੀ ਵਿਸ਼ਵ ਅਰਥਵਿਵਸਥਾ ਨੂੰ ਅਸਥਿਰ ਕਰ ਸਕਦੀ ਹੈ। ਇਸ ਨਿਰਭਰਤਾ ਦਾ ਸਭ ਤੋਂ ਵੱਡਾ ਕੇਂਦਰ ਚੀਨ ਅਤੇ ਤਾਈਵਾਨ ਖੇਤਰ ਰਿਹਾ ਹੈ। ਸੰਯੁਕਤ ਰਾਜ ਅਮਰੀਕਾ ਅਤੇ ਇਸਦੇ ਸਹਿਯੋਗੀਆਂ ਨੇ ਇਸਨੂੰ ਸਿਰਫ਼ ਇੱਕ ਆਰਥਿਕ ਹੀ ਨਹੀਂ ਸਗੋਂ ਇੱਕ ਰਾਸ਼ਟਰੀ ਸੁਰੱਖਿਆ ਖਤਰੇ ਵਜੋਂ ਵੀ ਦੇਖਿਆ ਹੈ। ਇਸ ਪਿਛੋਕੜ ਦੇ ਵਿਰੁੱਧ, ਭਾਰਤ ਵਰਗੇ ਇੱਕ ਲੋਕਤੰਤਰੀ, ਸਥਿਰ ਅਤੇ ਤੇਜ਼ੀ ਨਾਲ ਉੱਭਰ ਰਹੇ ਬਾਜ਼ਾਰ ਦੇਸ਼ ਦੀ ਭੂਮਿਕਾ ਬਹੁਤ ਮਹੱਤਵਪੂਰਨ ਹੋ ਜਾਂਦੀ ਹੈ।

ਭਾਰਤ ਨੇ ਲੰਬੇ ਸਮੇਂ ਤੋਂ ਸੈਮੀਕੰਡਕਟਰ ਵੈਲਯੂ ਚੇਨ ਵਿੱਚ ਸੀਮਤ ਭੂਮਿਕਾ ਨਿਭਾਈ ਹੈ, ਇਸਦੇ ਯੋਗਦਾਨ ਮੁੱਖ ਤੌਰ 'ਤੇ ਚਿੱਪ ਡਿਜ਼ਾਈਨ ਅਤੇ ਆਈਟੀ ਸੇਵਾਵਾਂ ਤੱਕ ਸੀਮਤ ਹਨ। ਹਾਲਾਂਕਿ, ਦੇਸ਼ ਨਿਰਮਾਣ, ਕੱਚੇ ਮਾਲ ਦੀ ਸ਼ੁੱਧਤਾ ਅਤੇ ਉੱਨਤ ਨਿਰਮਾਣ ਵਰਗੀਆਂ ਸਮਰੱਥਾਵਾਂ ਵਿੱਚ ਪਿੱਛੇ ਹੈ। ਹਾਲੀਆ ਸਮਝੌਤੇ ਇਸ ਕਮੀ ਨੂੰ ਦੂਰ ਕਰਨ ਵੱਲ ਪ੍ਰਗਤੀ ਦਾ ਸੰਕੇਤ ਦਿੰਦੇ ਹਨ। ਸੰਯੁਕਤ ਰਾਜ ਅਮਰੀਕਾ ਨਾਲ ਸਾਂਝੇਦਾਰੀ ਨਾ ਸਿਰਫ਼ ਭਾਰਤ ਨੂੰ ਤਕਨੀਕੀ ਗਿਆਨ ਅਤੇ ਨਿਵੇਸ਼ ਪ੍ਰਦਾਨ ਕਰੇਗੀ, ਸਗੋਂ ਇਸਨੂੰ ਇੱਕ ਮਜ਼ਬੂਤ ਅਤੇ ਭਰੋਸੇਮੰਦ ਸਪਲਾਈ ਚੇਨ ਦਾ ਹਿੱਸਾ ਬਣਨ ਦੇ ਯੋਗ ਵੀ ਬਣਾਏਗੀ ਜੋ ਵਿਸ਼ਵ ਪੱਧਰੀ ਮਿਆਰਾਂ ਨੂੰ ਪੂਰਾ ਕਰਦੀ ਹੈ।

ਇਸ ਸਹਿਯੋਗ ਦੇ ਇੱਕ ਮੁੱਖ ਪਹਿਲੂ ਵਿੱਚ ਦੁਰਲੱਭ ਖਣਿਜ ਅਤੇ ਉੱਚ-ਗੁਣਵੱਤਾ ਵਾਲੇ ਸਿਲੀਕਾਨ ਵਰਗੇ ਕੱਚੇ ਮਾਲ ਸ਼ਾਮਲ ਹਨ। ਸੈਮੀਕੰਡਕਟਰ ਨਿਰਮਾਣ ਲਈ ਲੋੜੀਂਦੇ ਬਹੁਤ ਸਾਰੇ ਤੱਤਾਂ 'ਤੇ ਚੀਨ ਦਾ ਵਿਸ਼ਵਵਿਆਪੀ ਨਿਯੰਤਰਣ ਹੈ। ਇਹ ਸਥਿਤੀ ਇੱਕ ਰਣਨੀਤਕ ਜੋਖਮ ਪੈਦਾ ਕਰਦੀ ਹੈ। ਭਾਰਤ-ਅਮਰੀਕਾ ਸਹਿਯੋਗ ਇਸ ਨਿਰਭਰਤਾ ਨੂੰ ਘਟਾਉਣ ਅਤੇ ਵਿਕਲਪਕ ਸਰੋਤਾਂ ਨੂੰ ਵਿਕਸਤ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਹੈ। ਭਾਰਤ ਕੋਲ ਸੰਭਾਵੀ ਖਣਿਜ ਸਰੋਤ ਹਨ, ਜਿਨ੍ਹਾਂ ਨੂੰ ਤਕਨਾਲੋਜੀ ਅਤੇ ਨਿਵੇਸ਼ ਦੁਆਰਾ ਵਿਸ਼ਵਵਿਆਪੀ ਸਪਲਾਈ ਚੇਨਾਂ ਵਿੱਚ ਜੋੜਿਆ ਜਾ ਸਕਦਾ ਹੈ।



ਆਰਥਿਕ ਦ੍ਰਿਸ਼ਟੀਕੋਣ ਤੋਂ ਇਹ ਸਮਝੌਤਾ ਭਾਰਤ ਲਈ ਵੱਡੇ ਮੌਕੇ ਖੋਲ੍ਹਦਾ ਹੈ। ਸੈਮੀਕੰਡਕਟਰ ਉਦਯੋਗ, ਜਦੋਂ ਕਿ ਪੂੰਜੀ-ਸੰਵੇਦਨਸ਼ੀਲ ਹੈ, ਨੌਕਰੀਆਂ ਪੈਦਾ ਕਰਨ ਦੀ ਅਥਾਹ ਸੰਭਾਵਨਾ ਰੱਖਦਾ ਹੈ। ਇੱਕ ਪੂਰਾ ਉਦਯੋਗਿਕ ਈਕੋਸਿਸਟਮ ਇੱਕ ਫੈਬਰੀਕੇਸ਼ਨ ਯੂਨਿਟ ਦੇ ਆਲੇ-ਦੁਆਲੇ ਵਿਕਸਤ ਹੁੰਦਾ ਹੈ, ਜਿਸ ਵਿੱਚ ਸਪਲਾਇਰ, ਖੋਜ ਸੰਸਥਾਵਾਂ, ਸਟਾਰਟਅੱਪ ਅਤੇ ਹੁਨਰਮੰਦ ਮਨੁੱਖੀ ਸਰੋਤ ਸ਼ਾਮਲ ਹਨ। ਇਹ ਨਾ ਸਿਰਫ਼ ਸਿੱਧੇ ਰੁਜ਼ਗਾਰ ਨੂੰ ਵਧਾਏਗਾ ਬਲਕਿ ਉੱਚ ਤਕਨੀਕੀ ਹੁਨਰ ਵਾਲੇ ਨੌਜਵਾਨਾਂ ਲਈ ਨਵੇਂ ਰਸਤੇ ਵੀ ਖੋਲ੍ਹੇਗਾ। ਇਹ ਭਾਰਤ ਦੇ ਜਨਸੰਖਿਆ ਲਾਭਅੰਸ਼ ਨੂੰ ਇੱਕ ਸੱਚੇ ਆਰਥਿਕ ਪਾਵਰਹਾਊਸ ਵਿੱਚ ਬਦਲਣ ਵਿੱਚ ਮਦਦ ਕਰ ਸਕਦਾ ਹੈ।

ਰਣਨੀਤਕ ਪੱਧਰ 'ਤੇ ਇਹ ਭਾਈਵਾਲੀ ਭਾਰਤ ਦੀ ਵਿਦੇਸ਼ ਨੀਤੀ ਵਿੱਚ ਇੱਕ ਨਵਾਂ ਪਹਿਲੂ ਵੀ ਜੋੜਦੀ ਹੈ। ਭਾਰਤ ਨੇ ਲੰਬੇ ਸਮੇਂ ਤੋਂ ਰਣਨੀਤਕ ਖੁਦਮੁਖਤਿਆਰੀ ਦੀ ਨੀਤੀ ਅਪਣਾਈ ਹੈ, ਜਿੱਥੇ ਇਹ ਕਿਸੇ ਇੱਕ ਸ਼ਕਤੀ ਸਮੂਹ 'ਤੇ ਨਿਰਭਰ ਕੀਤੇ ਬਿਨਾਂ ਆਪਣੇ ਹਿੱਤਾਂ ਅਨੁਸਾਰ ਸਹਿਯੋਗ ਕਰਦਾ ਹੈ। ਸੰਯੁਕਤ ਰਾਜ ਅਮਰੀਕਾ ਨਾਲ ਇਹ ਤਕਨੀਕੀ ਸਹਿਯੋਗ ਉਸ ਸੰਤੁਲਨ ਦੀ ਉਦਾਹਰਣ ਦਿੰਦਾ ਹੈ। ਇਹ ਭਾਰਤ ਨੂੰ ਪੱਛਮੀ ਦੇਸ਼ਾਂ ਦੇ ਨੇੜੇ ਲਿਆਉਂਦਾ ਹੈ, ਪਰ ਇਸਨੂੰ ਵਿਸ਼ਵ ਸਪਲਾਈ ਲੜੀ ਵਿੱਚ ਇੱਕ ਸੁਤੰਤਰ ਅਤੇ ਮਹੱਤਵਪੂਰਨ ਥੰਮ੍ਹ ਵਜੋਂ ਵੀ ਸਥਾਪਿਤ ਕਰਦਾ ਹੈ। ਇਹ ਭਾਰਤ ਦੀ ਵਿਸ਼ਵਵਿਆਪੀ ਸੌਦੇਬਾਜ਼ੀ ਸ਼ਕਤੀ ਨੂੰ ਵੀ ਮਜ਼ਬੂਤ ਕਰਦਾ ਹੈ।

ਹਾਲਾਂਕਿ, ਇਹ ਪੂਰਾ ਦ੍ਰਿਸ਼ ਚੁਣੌਤੀਆਂ ਤੋਂ ਬਿਨਾਂ ਨਹੀਂ ਹੈ। ਸੈਮੀਕੰਡਕਟਰ ਨਿਰਮਾਣ ਇੱਕ ਬਹੁਤ ਹੀ ਗੁੰਝਲਦਾਰ ਅਤੇ ਲਾਗਤ-ਸਬੰਧੀ ਪ੍ਰਕਿਰਿਆ ਹੈ, ਜਿਸ ਲਈ ਨਿਰੰਤਰ ਨਵੀਨਤਾ, ਸਥਿਰ ਨੀਤੀ ਸਹਾਇਤਾ ਅਤੇ ਲੰਬੇ ਸਮੇਂ ਦੇ ਨਿਵੇਸ਼ ਦੀ ਲੋੜ ਹੁੰਦੀ ਹੈ। ਇਸ ਉਦਯੋਗ ਵਿੱਚ ਵਿਸ਼ਵਵਿਆਪੀ ਮੁਕਾਬਲੇਬਾਜ਼ੀ ਭਾਰਤ ਵਿੱਚ ਬੁਨਿਆਦੀ ਢਾਂਚੇ, ਬਿਜਲੀ ਦੀ ਗੁਣਵੱਤਾ, ਪਾਣੀ ਦੀ ਉਪਲਬਧਤਾ ਅਤੇ ਇੱਕ ਹੁਨਰਮੰਦ ਕਾਰਜਬਲ ਵਰਗੇ ਮੁੱਦਿਆਂ ਨੂੰ ਹੱਲ ਕੀਤੇ ਬਿਨਾਂ ਅਸੰਭਵ ਹੈ। ਇਸ ਤੋਂ ਇਲਾਵਾ ਤਕਨਾਲੋਜੀ ਟਰਾਂਸਫਰ ਅਤੇ ਬੌਧਿਕ ਸੰਪਤੀ ਅਧਿਕਾਰਾਂ ਨਾਲ ਸਬੰਧਤ ਮੁੱਦੇ ਵੀ ਸੰਵੇਦਨਸ਼ੀਲ ਹਨ, ਜਿਨ੍ਹਾਂ ਲਈ ਸੰਤੁਲਿਤ ਹੱਲ ਦੀ ਲੋੜ ਹੁੰਦੀ ਹੈ।

ਇੱਕ ਹੋਰ ਮਹੱਤਵਪੂਰਨ ਸਵਾਲ ਇਹ ਹੈ ਕਿ ਕੀ ਭਾਰਤ ਇਸ ਸਹਿਯੋਗ ਨੂੰ ਆਯਾਤ ਬਦਲ ਤੱਕ ਸੀਮਤ ਕਰੇਗਾ ਜਾਂ ਇਸਨੂੰ ਨਵੀਨਤਾ-ਅਧਾਰਤ ਸਵੈ-ਨਿਰਭਰਤਾ ਵਿੱਚ ਬਦਲ ਦੇਵੇਗਾ। ਜੇਕਰ ਭਾਰਤ ਸਿਰਫ਼ ਵਿਦੇਸ਼ੀ ਕੰਪਨੀਆਂ ਲਈ ਇੱਕ ਉਤਪਾਦਨ ਅਧਾਰ ਬਣਿਆ ਰਹਿੰਦਾ ਹੈ, ਤਾਂ ਲੰਬੇ ਸਮੇਂ ਦੇ ਲਾਭ ਸੀਮਤ ਹੋਣਗੇ। ਦੇਸ਼ ਦੇ ਅੰਦਰ ਖੋਜ ਅਤੇ ਵਿਕਾਸ ਦੇ ਸਮਾਨਾਂਤਰ ਪ੍ਰਚਾਰ, ਯੂਨੀਵਰਸਿਟੀਆਂ ਅਤੇ ਉਦਯੋਗ ਵਿਚਕਾਰ ਇੱਕ ਡੂੰਘੀ ਤਾਲਮੇਲ ਅਤੇ ਇਸ ਈਕੋਸਿਸਟਮ ਵਿੱਚ ਘਰੇਲੂ ਸਟਾਰਟਅੱਪਸ ਲਈ ਜਗ੍ਹਾ ਦੀ ਲੋੜ ਹੈ। ਕੇਵਲ ਤਦ ਹੀ ਭਾਰਤ ਸੈਮੀਕੰਡਕਟਰ ਸੈਕਟਰ ਵਿੱਚ ਵਿਸ਼ਵਵਿਆਪੀ ਲੀਡਰਸ਼ਿਪ ਵੱਲ ਸੱਚਮੁੱਚ ਵਧ ਸਕਦਾ ਹੈ।

ਭੂ-ਰਾਜਨੀਤਿਕ ਸ਼ਬਦਾਂ ਵਿੱਚ, ਇਹ ਸਮਝੌਤਾ ਇੱਕ ਸਪੱਸ਼ਟ ਸੰਦੇਸ਼ ਵੀ ਦਿੰਦਾ ਹੈ। ਇਹ ਸਿਰਫ਼ ਚੀਨ ਨੂੰ ਹੀ ਨਹੀਂ, ਸਗੋਂ ਪੂਰੀ ਦੁਨੀਆ ਨੂੰ ਇੱਕ ਸੁਨੇਹਾ ਹੈ: ਲੋਕਤੰਤਰੀ ਰਾਸ਼ਟਰ ਤਕਨਾਲੋਜੀ ਸਪਲਾਈ ਚੇਨਾਂ ਨੂੰ ਵਧੇਰੇ ਸੁਰੱਖਿਅਤ, ਪਾਰਦਰਸ਼ੀ ਅਤੇ ਵਿਭਿੰਨ ਬਣਾਉਣ ਲਈ ਇਕੱਠੇ ਕੰਮ ਕਰ ਰਹੇ ਹਨ। ਹਾਲਾਂਕਿ, ਭਾਰਤ ਨੂੰ ਇਹ ਵੀ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਇਹ ਇੱਕ ਨਵੇਂ ਧਰੁਵੀਕਰਨ ਵਿੱਚ ਮੋਹਰਾ ਨਾ ਬਣੇ, ਸਗੋਂ ਆਪਣੀਆਂ ਵਿਕਾਸ ਤਰਜੀਹਾਂ ਨੂੰ ਕੇਂਦਰ ਵਿੱਚ ਰੱਖੇ।

ਅੰਤ ਵਿੱਚ, ਭਾਰਤ ਅਤੇ ਸੰਯੁਕਤ ਰਾਜ ਅਮਰੀਕਾ ਵਿਚਕਾਰ ਸੈਮੀਕੰਡਕਟਰ ਸਹਿਯੋਗ ਇੱਕ ਭਵਿੱਖੀ ਦੁਨੀਆ ਦੀ ਝਲਕ ਪੇਸ਼ ਕਰਦਾ ਹੈ, ਜਿੱਥੇ ਤਕਨਾਲੋਜੀ, ਅਰਥਵਿਵਸਥਾ ਅਤੇ ਸੁਰੱਖਿਆ ਡੂੰਘਾਈ ਨਾਲ ਜੁੜੇ ਹੋਣਗੇ। ਇਹ ਭਾਰਤ ਲਈ ਆਪਣੇ ਆਪ ਨੂੰ ਸਿਰਫ਼ ਇੱਕ ਵੱਡੇ ਬਾਜ਼ਾਰ ਵਜੋਂ ਹੀ ਨਹੀਂ, ਸਗੋਂ ਇੱਕ ਭਰੋਸੇਮੰਦ ਤਕਨਾਲੋਜੀ ਭਾਈਵਾਲ ਵਜੋਂ ਸਥਾਪਤ ਕਰਨ ਦਾ ਇੱਕ ਮੌਕਾ ਹੈ। ਸਫਲਤਾ ਇਸ ਗੱਲ 'ਤੇ ਨਿਰਭਰ ਕਰੇਗੀ ਕਿ ਨੀਤੀਗਤ ਇੱਛਾ ਸ਼ਕਤੀ, ਸੰਸਥਾਗਤ ਸਮਰੱਥਾ ਅਤੇ ਲੰਬੇ ਸਮੇਂ ਦੇ ਦ੍ਰਿਸ਼ਟੀਕੋਣ ਨੂੰ ਕਿਸ ਹੱਦ ਤੱਕ ਅਮਲ ਵਿੱਚ ਲਿਆਂਦਾ ਜਾਂਦਾ ਹੈ। ਜੇਕਰ ਇਹ ਸੰਤੁਲਨ ਪ੍ਰਾਪਤ ਹੋ ਜਾਂਦਾ ਹੈ, ਤਾਂ ਇਹ ਸਮਝੌਤਾ ਭਾਰਤ ਦੀ ਤਕਨਾਲੋਜੀ ਯਾਤਰਾ ਵਿੱਚ ਇੱਕ ਮੀਲ ਪੱਥਰ ਸਾਬਤ ਹੋ ਸਕਦਾ ਹੈ।

**(ਡਾ. ਪ੍ਰਿਅੰਕਾ ਸੌਰਭ, ਪੀਐਚਡੀ (ਰਾਜਨੀਤੀ ਵਿਗਿਆਨ), ਇੱਕ ਕਵੀ ਅਤੇ ਸਮਾਜਿਕ ਚਿੰਤਕ ਹਨ।)**

# ਰਾਸ਼ਟਰੀ ਸੰਤ ਗਾਡਗੇ ਮਹਾਰਾਜ

ਮਨੋਹਰ ਲਾਲ ਪਵਾਰ, ਲੇਖਕ-ਪੱਤਰਕਾਰ
98776-49792



ਸਮਾਜ ਦਾ ਉਹ ਤਬਕਾ ਜੋ ਸਮਾਜ ਦੀ ਹਜ਼ਾਰਾਂ ਸਾਲਾਂ ਤੋਂ ਸੇਵਾ ਕਰਦਾ ਆ ਰਿਹਾ ਸੀ, ਅਕਸਰ ਉੱਚ ਜਾਤੀ ਦੇ ਲੋਕਾਂ ਵੱਲੋਂ ਉਸ ਨੂੰ ਦੁਰਕਾਰਿਆ ਗਿਆ, ਨਕਾਰਿਆ ਗਿਆ, ਪਰ ਉਸ ਪਰਮਾਤਮਾ ਨੇ ਸਮੇਂ-ਸਮੇਂ 'ਤੇ ਇਹਨਾਂ ਨਿਮਨ ਵਰਗ ਦੇ ਲੋਕਾਂ 'ਚੋਂ ਹੀ ਵਿਲੱਖਣ ਮਹਾਂ ਪੁਰਖ ਭੇਜੇ, ਜਿਨ੍ਹਾਂ ਨੇ ਨਿਮਨ ਵਰਗ ਦੇ ਲੋਕਾਂ ਦਾ ਹੌਸਲਾ ਅਤੇ ਮਾਣ ਵਧਾਇਆ। ਜਿਵੇਂ ਕਿ ਸੰਤ ਰਵਿਦਾਸ ਜੀ, ਭਗਤ ਨਾਮਦੇਵ ਜੀ, ਜੋਤੀਬਾ ਫੂਲੇ, ਡਾ. ਭੀਮ ਰਾਓ ਅੰਬੇਡਕਰ ਸਾਹਿਬ ਆਦਿ ਸੰਤ ਤੇ ਮਹਾਂਪੁਰਖ ਹੋਏ ਅਤੇ ਉਚ ਨੀਚ ਦਾ ਭੇਦ-ਭਾਵ ਦੂਰ ਕੀਤਾ। ਉਸ ਸਮੇਂ ਧੋਬੀ ਸਮਾਜ ਦੇ ਲੋਕਾਂ ਨੂੰ ਵੀ ਛੋਟਾ ਹੀ ਸਮਝਿਆ ਜਾਂਦਾ ਸੀ। ਇਸੇ ਧੋਬੀ ਸਮਾਜ ਨਾਲ ਸਬੰਧਤ ਸ਼ੇਣ ਪਿੰਡ ਤਹਿ, ਮੁਰਤਜਾਪੁਰ ਜ਼ਿਲ੍ਹਾ ਅਮਰਾਵਤੀ (ਮਹਾਰਾਸ਼ਟਰਾਂ) ਵਿੱਚ ਮਾਤਾ ਸੱਖੂਬਾਈ ਦੀ ਕੁੱਖੋਂ 23 ਫਰਵਰੀ 1876 ਈਸਵੀ ਨੂੰ ਪਿਤਾ ਝਿੰਗਰਾਂ ਜੀ ਦੇ ਘਰ ਇੱਕ ਮਹਾਨ ਸਮਾਜ ਸੁਧਾਰਕ ਸੰਤ ਡੇਬੂਜੀ ਦਾ ਜਨਮ ਹੋਇਆ, ਜਿਨ੍ਹਾਂ ਨੇ ਆਪਣੀ ਸੇਵਾ ਅਤੇ ਤਿਆਗ ਵਜੋਂ ਲੋਕਾਂ 'ਚ ਜਾਗ੍ਰਿਤੀ ਪੈਦਾ ਕੀਤੀ।ਉਸ ਵੇਲੇ ਦੇ ਸਮਾਜ ਵਿੱਚ ਫੈਲੇ ਪਖੰਡ ਢੋਂਗ ਰੀਤੀ ਰਿਵਾਜ਼ਾਂ ਦੇ ਖ਼ਿਲਾਫ਼ ਆਵਾਜ਼ ਉਠਾਈ। ਝਿੰਗਰਾਂ ਜੀ ਕੋਲ 6 ਏਕੜ ਉਪਜਾਊ ਜ਼ਮੀਨ ਸੀ। ਉਹਨਾਂ ਦੀ ਪਤਨੀ ਸੱਖ ਬਾਈ ਪਿੰਡ ਦਾ ਹਮੀਰਰਾਓਕੋਲਾਸਕਰ ਦੀ ਬੇਟੀ ਸੀ। ਜਿੰਨ੍ਹਾ ਕੋਲ 65 ਏਕੜ ਜ਼ਮੀਨ ਸੀ। ਉਹ ਆਪਣੇ ਇਲਾਕੇ ਦੇ ਰਸੂਖ ਵਾਲੇ ਵਿਅਕਤੀ ਸਨ। ਸ਼ਾਦੀ ਤੋਂ ਬਾਅਦ ਝਿੰਗਰਾਂ ਜੀ ਅਤੇ ਸੱਖੂਬਾਈ ਬਹੁਤ ਖੁਸ਼ ਸਨ ਅਤੇ ਆਰਾਮ ਦੀ ਜ਼ਿੰਦਗੀ ਬਸਰ ਕਰ ਰਹੇ ਸਨ। ਉਸ ਵੇਲੇ ਦੇ ਸਮਾਜ ਵਿੱਚ ਇਹ ਪ੍ਰਥਾ ਸੀ ਜਦੋਂ ਵੀ ਕੋਈ ਔਰਤ ਗਰਭਵਤੀ ਹੁੰਦੀ ਤਾਂ ਦੇਵੀ ਜਾਂ ਦੇਵਤਿਆਂ ਨੂੰ ਬੱਕਰੇ ਦੀ ਬਲੀ ਦਿੱਤੀ ਜਾਂਦੀ ਸੀ। ਨਾਲ ਹੀ ਸਾਰੇ ਭਾਈਚਾਰੇ ਨੂੰ ਦਾਅਵਤ ਵੀ ਦਿੱਤੀ ਜਾਂਦੀ ਸੀ। ਸੱਖਬਾਈ ਦੇ ਗਰਭ ਠਹਿਰਨ 'ਤੇ ਝਿੰਗਰਾਂ ਜੀ ਨੇ ਸਭ ਨੂੰ ਬੱਕਰੇ ਦੀ ਬਲੀ ਦੇ ਕੇ ਭੋਜ ਦੇ ਨਾਲ-ਨਾਲ ਸ਼ਰਾਬ ਵੀ ਸਰਵ ਕੀਤੀ, ਇਸ ਤਰ੍ਹਾਂ ਝਿੰਗਰਾਂ ਜੀ ਨੂੰ ਵੀ ਸ਼ਰਾਬ ਦੀ ਲੱਤ ਲੱਗ ਗਈ ਜੋ ਦਿਨੋਂ ਦਿਨ ਵਧਦੀ ਗਈ।

23 ਫਰਵਰੀ 1876 ਈਸਵੀ ਨੂੰ ਸੱਖਬਾਈ ਦੇ ਇੱਕ ਬੱਚੇ ਨੂੰ ਜਨਮ ਦਿੱਤਾ, ਜਿਸਦਾ ਨਾਂ ਡੂੱਬ ਰੱਖਿਆ ਗਿਆ ਜੋ ਬਾਅਦ ਵਿੱਚ ਸੰਤ ਗਾਡਗੇ ਦੇ ਨਾਂ ਨਾਲ ਮਸ਼ਹੂਰ ਹੋਏ। ਝਿੰਗਰਾਂ ਜੀ ਦੀ ਸ਼ਰਾਬ ਦੀ ਲੱਤ ਕਾਰਨ ਪਰਿਵਾਰ ਦੀ ਮਾਲੀ ਹਾਲਤ ਖਰਾਬ ਹੁੰਦੀ ਗਈ। ਸਿੱਟੇ ਵਜੋਂ ਉਹਨਾਂ ਦੀ ਸਾਰੀ ਜ਼ਮੀਨ ਵਿਕ ਗਈ। ਨਾਲ ਹੀ ਉਹਨਾਂ ਦੀ ਸਿਹਤ ਵੀ ਡਿੱਗਣ ਲੱਗੀ। ਉਹਨਾਂ ਉੱਤੇ ਤਰਸ ਖਾ ਕੇ ਉਹਨਾਂ ਦੇ ਚਚੇਰੇ ਭਾਈ ਨੇ ਝਿੰਗਰਾਂ ਜੀ ਨੂੰ ਕੋਟੇ ਪਿੰਡ ਵਿਖੇ ਪਨਾਹ ਦਿੱਤੀ। ਇੱਕ ਦਿਨ ਝਿੰਗਰਾਂ ਜੀ ਨੇ ਆਪਣੀ ਪਤਨੀ ਨੂੰ ਕਿਹਾ, ਜਦੋਂ ਸਾਡੇ ਕੋਲ ਧਨ ਦੌਲਤ ਸੀ, ਸਾਰੇ ਹੀ ਸਕੇ ਸਾਡੇ ਕੋਲ ਆਉਂਦੇ ਰਹਿੰਦੇ ਸਨ ਪਰ ਅੱਜ ਸਾਡੇ ਕੋਲ ਧਨ-ਦੌਲਤ ਨਹੀਂ ਰਹੀ ਕੋਈ ਵੀ ਸਾਡੇ ਵੱਲ ਝਾਕਦਾ ਤੱਕ ਨਹੀਂ, ਸਭ ਲੋਕ ਸਵਾਰਥੀ ਹਨ। ਜਿਸ ਦੇਵਤੇ ਨੂੰ ਅਸੀਂ ਬੱਕਰੇ ਦੀ ਬਲੀ ਦਿੱਤੀ, ਉਹ ਵੀ ਅੱਜ ਸਾਨੂੰ ਕੋਈ ਪੁੱਛਦਾ ਨਹੀਂ। ਝਿੰਗਰਾਂ ਜੀ ਨੇ ਆਪਣੀ ਨੇ ਪਤਨੀ ਨੂੰ ਕਿਹਾ ਤੁਸੀਂ ਆਪਣੇ ਸਮਾਜ ਦੇ ਬਖੇੜਿਆਂ 'ਚ ਨਾ ਪੈਣਾ ਅੱਜ ਇਹਨਾਂ ਸਮਾਜਿਕ ਕੁਰੀਤੀਆਂ ਕਾਰਨ ਸਾਡੀ ਮਾਲੀ ਹਾਲਤ ਖਸਤਾ ਹੋ ਗਈ ਹੈ। ਆਪਣੇ ਬੇਟੇ ਨੂੰ ਚੰਗੇ ਸੰਸਕਾਰ ਦੇਣਾ, ਮੀਟ ਸ਼ਰਾਬ ਤੋਂ ਦੂਰ ਰੱਖਣਾ। ਇੰਨਾ ਕਹਿੰਦੇ ਹੋਏ ਝਿੰਗਰਾਂ ਜੀ ਚਲ ਵਸੇ। ਹੁਣ ਸੱਖੂਬਾਈ ਇਕੱਲੇ ਰਹਿ ਗਈ।

ਸੱਖੂਬਾਈ ਦੇ ਪਿਤਾ ਹਮੀਰਰਾਓ ਨੇ ਤੁਰੰਤ ਆਪਣੀ ਬੇਟੇ ਚੰਦਰਭਾਨ ਨੂੰ ਸੱਖੂਬਾਈ ਕੋਲ ਲਵਾਉਣ ਲਈ ਭੇਜਿਆ। ਹਮੀਰ ਰਾਓ ਦੇ ਘਰ ਖਾਣ ਪੀਣ ਦੀ ਕੋਈ ਕਮੀ ਨਹੀਂ ਸੀ। ਚੰਦਰਭਾਨ ਦੀ ਪਤਨੀ ਨੂੰ ਜਦੋਂ ਪਤਾ ਲੱਗਾ ਕਿ ਉਸਦੀ ਨਣਦ ਸੱਖੂਬਾਈ ਹਮੇਸ਼ਾ ਇੱਥੇ ਰਹੇਗੀ ਤਾਂ ਉਹ ਸੱਖੂਬਾਈ ਨਾਲ ਈਰਖਾ ਕਰਨ ਲੱਗ ਪਈ ਅਤੇ ਚੰਦਰਭਾਨ ਦੀ ਪਤਨੀ ਕੌਂਤਕੀ ਨੇ ਆਪਣੀ ਭਰਜਾਈ ਨੂੰ ਸਾਫ਼ ਤੌਰ 'ਤੇ ਦੱਸ ਦਿੱਤਾ ਕਿ ਜੇਕਰ ਇੱਥੇ ਰਹਿਣਾ ਹੈ ਤਾਂ ਉਸਨੂੰ ਘਰ ਦੇ ਸਾਰੇ ਕੰਮ ਕਰਨੇ ਹੋਣਗੇ। ਫਲਸਰੂਪ ਸੱਖੂਬਾਈ ਉਦੋਂ ਤੋਂ ਸਵੇਰੇ ਚਾਰ ਵਜੇ ਉੱਠ ਕੇ ਸਾਰੇ ਘਰ ਦਾ ਝਾੜੂ ਪੋਚਾ ਕਰਦੀ, ਚੱਕੀ ਤੋਂ ਆਟਾ ਪੀਸਦੀ, ਘਰ ਦੇ ਸਾਰੇ ਝੂਠੇ ਬਰਤਨ ਵੀ ਸਾਫ਼ ਕਰਦੀ। ਅਨਾਜ ਪੀਸਦੇ ਹੋਇਆ ਸੱਖੂਬਾਈ ਭਜਨ ਗਾਉਂਦੀ ਤਾਂ ਡੇਬੂਜੀ ਭਜਨ ਬੋਲਣਾ ਸਿੱਖ ਗਏ। ਇਸ ਤਰ੍ਹਾਂ ਆਪਣੀ ਮਾਂ ਦੇ ਸੰਸਕਾਰਾਂ ਦਾ ਅਸਰ ਡੇਬੂਜੀ ਨੂੰ ਹੋਣ ਲੱਗਾ। ਡੇਬੂਜੀ ਬਚਪਨ ਤੋਂ ਬੜੇ ਸਿਆਣੇ ਅਤੇ ਅਕਲਮੰਦ ਸੀ। ਇੱਕ ਦਿਨ ਡੇਬੂਜੀ ਨੇ ਮਾਮਾ ਚੰਦਰਭਾਨ ਜੀ ਨੂੰ ਕਿਹਾ, ਮਾਮਾ ਜੀ ਮੈਂ ਗਊਆਂ ਚਾਰਨ ਜਾਵਾਂਗਾ, ਸਾਨੂੰ ਨੌਕਰ ਰੱਖਣ ਦੀ ਕੋਈ ਲੋੜ ਨਹੀਂ, ਇਹ ਸੁਣ ਕੇ ਚੰਦਰਭਾਨ ਬਹੁਤ ਖੁਸ਼ ਹੋਇਆ ਅਤੇ ਹਾਮੀ ਭਰ ਦਿੱਤੀ।

ਡੇਬੂਜੀ ਨੇ ਹੋਰ ਚਰਵਾਹਿਆਂ ਨਾਲ ਮਿਲਕੇ ਇੱਕ ਭਜਨ ਮੰਡਲੀ ਦਾ ਗਠਨ ਕੀਤਾ, ਉਹ ਭਜਨ ਮੰਡਲੀ ਦੇ ਮੁਖੀ ਬਣ ਗਏ ਅਤੇ ਜਨਤਾ ਨਾਲ ਉਹਨਾਂ ਦਾ ਚੰਗਾ ਸੰਪਰਕ ਬਣ ਗਿਆ। ਡੇਬੂਜੀ ਲੋਕਾਂ ਤੋਂ ਪੈਸੇ ਇਕੱਠੇ ਕਰਕੇ ਭੰਡਾਰਾ ਆਦਿ ਵੀ ਕਰਦੇ ਸਨ। ਜਿਸ ਵਿੱਚ ਦਲਿਤ ਸਮਾਜ ਦੇ ਲੋਕ ਵੀ ਸ਼ਾਮਲ ਹੋਣ ਲੱਗੇ। ਜਿਸਦਾ ਉੱਚ ਜਾਤੀ ਦੇ ਲੋਕਾਂ ਨੇ ਬੜਾ ਇਤਰਾਜ਼ ਅਤੇ ਵਿਰੋਧ ਕੀਤਾ ਪ੍ਰੰਤੂ ਡੇਬੂਜੀ ਨੇ ਕਿਸੇ ਦੇ ਪਰਵਾਹ ਨਾ ਕੀਤੀ, ਡੇਬੂਜੀ ਵਰਜਿਸ ਅਤੇ ਕੁਸ਼ਤੀ ਵੀ ਲੜਦੇ ਸਨ ਜਿਸ ਕਾਰਨ ਉਹਨਾਂ ਦਾ ਸਰੀਰ ਕਾਫ਼ੀ ਤਕੜਾ ਸੀ।

ਹੁਣ ਡੇਬੂਜੀ ਅਠਾਰ੍ਹਾਂ ਵਰ੍ਹਿਆਂ ਦੇ ਹੋ ਗਏ ਸਨ ਅਤੇ ਖੇਤੀਬਾੜੀ ਦਾ ਕੰਮ ਖੁਦ ਵੇਖਣ ਲੱਗ ਪਏ। ਫਲਸਰੂਪ ਪੈਦਾਵਾਰ ਬਹੁਤ ਚੰਗੀ ਹੋਈ। ਉਸ ਦੇ ਨਾਨਾ ਹਮੀਰਰਾਓ ਅਤੇ ਮਾਤਾ ਸੱਖੂਬਾਈ ਨੇ ਡੇਬੂਜੀ ਦੇ ਵਿਆਹ ਲਈ ਕਮਲਾਪੁਰ ਪਿੰਡ ਦੇ ਧਾਨਾਜੀ ਦੀ ਬੇਟੀ ਕੀਤਾ ਬਾਈ ਨੂੰ ਪਸੰਦ ਕੀਤਾ ਅਤੇ ਸ਼ੁਭ ਮਹੂਰਤ ਆਉਣ ਤੇ ਡੇਬੂਜੀ ਦਾ ਵਿਆਹ ਕੁੰਡਾ ਬਾਈ ਨਾਲ ਕਰ ਦਿੱਤਾ। ਹਮੀਰਰਾਓ ਹੁਣ ਬੁੱਢੇ ਹੋਣ ਲੱਗੇ ਅਤੇ ਘਰ ਦੀ ਦੇਖਭਾਲ ਕਰਨ ਦੀ ਜ਼ਿੰਮੇਵਾਰੀ ਉਹਨਾਂ ਦੇ ਬੇਟੇ ਚੰਦਰਭਾਨ 'ਤੇ ਆ ਗਈ। ਚੰਦਰਭਾਨ ਦੀ ਦੋਸਤੀ ਉਸ ਵੇਲੇ ਦੇ ਸ਼ਾਹੂਕਾਰ ਬਾਨਾਜੀ ਤਿਨਕੇ ਨਾਲ ਹੋ ਗਈ। ਜੋ ਬਹੁਤ ਬੇਈਮਾਨ ਹੇਰਾ ਫੇਰੀ ਵਾਲਾ ਬੰਦਾ ਸੀ। ਉਹ ਜ਼ਿੰਮੀਦਾਰਾਂ ਨੂੰ ਕਰਜ਼ ਦਿੰਦਾ ਸੀ ਪ੍ਰੰਤੂ ਲਿੱਤੇ ਗਏ ਕਰਜ਼ 'ਤੇ ਭਾਰੀ ਮਾਤਰਾ ਵਿੱਚ ਵਿਆਜ ਵਸੂਲਦਾ ਸੀ, ਜੇਕਰ ਕੋਈ ਉਸਦੀ ਹੇਰਾ ਫੇਰੀ ਦੀ ਸ਼ਿਕਾਇਤ ਉੱਚ ਅਧਿਕਾਰੀਆਂ ਨੂੰ ਕਰਦਾ ਤਾਂ ਉਹ ਰਿਸ਼ਵਤ ਦੇ ਕੇ ਅਧਿਕਾਰੀਆਂ ਨੂੰ ਪੱਖ ਵਿੱਚ ਕਰ ਲੈਂਦਾ ਸੀ। ਚੰਦਰਭਾਨ ਨੇ ਵੀ ਬਾਨਾਜੀ ਤਿਨਕੇ ਕੋਲੋਂ ਸ਼ਾਦੀ ਲਈ ਕਰਜ਼ਾ ਲਿੱਤਾ ਸੀ ਅਤੇ ਬਦਲੇ ਵਿੱਚ ਆਪਣੀ ਜ਼ਮੀਨ ਗਿਰਵੀ ਰੱਖ ਦਿੱਤੀ। ਇਸ ਵਾਰ ਚੰਦਰਭਾਨ ਦੀ ਖੇਤੀ ਤੋਂ ਚੋਖੀ ਫਸਲ ਹੋਈ ਅਤੇ ਡੇਬੂਜੀ ਨੇ ਸ਼ਾਹੂਕਾਰ ਨੂੰ ਕਰਜ਼ ਦੀ ਰਕਮ ਦਾ ਪੈਸਾ ਮੋੜਨ ਗਏ ਪ੍ਰੰਤੂ ਸ਼ਾਹੂਕਾਰ ਨੇ ਜਮ੍ਹਾ ਕੀਤੀ ਰਕਮ ਦੀ ਰਸੀਦ ਨਹੀਂ ਦਿੱਤੀ ਪ੍ਰੰਤੂ ਡੇਬੂਜੀ ਨੇ ਸ਼ਾਹੂਕਾਰ ਨੂੰ ਰਸੀਦ ਦੇਣ ਲਈ ਕਿਹਾ ਪਰ ਸ਼ਾਹੂਕਾਰ ਬਾਨਾਜੀ ਤਿੜਕੇ ਨੇ ਰਸੀਦ ਦੇਣ ਤੋਂ ਸਾਫ਼ ਇਨਕਾਰ ਕਰ ਦਿੱਤਾ। ਡੇਬੂਜੀ ਨੇ ਮਨਾ ਵਿੱਚ ਠਾਨ ਲਿਆ ਕਿ ਸ਼ਾਹੂਕਾਰ ਨੂੰ ਸਬਕ ਸਿਖਾਇਆ ਜਾਵੇ। ਸ਼ਾਹੂਕਾਰ ਨੇ ਚੰਦਰਭਾਨ ਨੂੰ ਆਪਣੀ ਪੰਜ ਏਕੜ ਬੰਜਰ ਜ਼ਮੀਨ ਵੇਚ ਦਿੱਤੀ। ਚੰਦਰਭਾਨ ਨੇ ਖੇਤ ਖਰੀਦਣ ਦੇ ਪੈਸਿਆਂ ਬਾਬਤ ਜ਼ਮੀਨ ਦਾ ਪੱਟਾ ਚੰਦਰਭਾਨ ਦੇ ਨਾਂ 'ਤੇ ਨਹੀਂ ਚਾੜ੍ਹਿਆ। ਹੁਣ ਸ਼ਾਹੂਕਾਰ ਦਾ ਮਨ ਬੇਈਮਾਨ ਹੋ ਗਿਆ। ਡੇਬੂਜੀ ਨੇ ਜ਼ਮੀਨ ਦੇ ਪੱਟੇ ਦੇ ਕਾਗਜ਼ਾਤ ਅਤੇ ਮੋੜੇ ਗਏ ਪੈਸੇ ਦਾ ਲਿਖਤੀ ਹਿਸਾਬ ਮੰਗਿਆ, ਜਿਸਨੂੰ ਦੇਣ ਦਾ ਮਨ ਹੋ ਗਿਆ। ਸ਼ਾਹੂਕਾਰ ਨੇ ਸਾਫ਼ ਨਾਂਹ ਕਰ ਦਿੱਤੀ ਨਾਲ ਹੀ ਡੇਬੂਜੀ ਨੂੰ ਜ਼ਮੀਨ 'ਤੇ ਬਿਜਾਈ ਨਾ ਕਰਨ ਲਈ ਆਪਣੇ ਪੰਜ ਛੇ ਬੰਦੇ ਡਾਂਗਾਂ ਸਹਿਤ ਭੇਜੇ ਪ੍ਰੰਤੂ ਡੇਬੂਜੀ ਨੇ ਇਕੱਲੇ ਹੀ ਉਹਨਾਂ ਦਾ ਸਾਹਮਣਾ ਕੀਤਾ। ਇਸ ਸਬੰਧ ਵਿੱਚ ਪਿੰਡ ਦੀ ਪੰਚਾਇਤ ਬਿਠਾਈ ਗਈ ਅਤੇ ਜਿਸ 'ਤੇ ਸ਼ਾਹੂਕਾਰ ਨੂੰ ਜ਼ਮੀਨ ਦਾ ਪੱਟਾ ਅਤੇ ਮੋੜੇ ਗਏ ਪੈਸਿਆਂ ਦੀ ਰਸੀਦ ਦੇਣੀ ਪਈ।

ਕੁੰਤਾ ਬਾਈ ਨੇ ਚਾਰ ਸਾਲਾਂ ਦੌਰਾਨ ਇੱਕ ਲੜਕੀ ਨੂੰ ਜਨਮ ਦਿੱਤਾ। ਜਿਨ੍ਹਾਂ ਦਾ ਨਾਮ ਕਲਾਵਤੀ ਰੱਖਿਆ ਅਤੇ ਇੱਕ ਹੋਰ ਪੁੱਤਰ ਨੂੰ ਜਨਮ ਦਿੱਤਾ, ਜਿਸਦੀ ਛੇਤੀ ਹੀ ਮੌਤ ਹੋ ਗਈ ਸੀ।

ਵੈਰਾਗ ਹੋਣਾ:- ਇੱਕ ਦਿਨ ਡੇਬੂ ਜੀ ਪੂਰਨਾ ਨਦੀ ਦੇ ਕੰਢੇ 'ਤੇ ਬੈਠੇ ਸਨ ਤਾਂ ਉਹਨਾਂ ਦੀ ਧੋਤੀ ਨਾਲ ਬੰਨ੍ਹਿਆ ਇੱਕ ਪੈਸਾ ਨਦੀ ਵਿੱਚ ਡਿੱਗ ਗਿਆ ਡੇਬੂਜੀ ਨੇ ਨਦੀ ਵਿੱਚ ਗੋਤਾ ਲਗਾਇਆ ਤਾਂ ਜੋ ਪੈਸੇ ਦੀ ਭਾਲ ਕੀਤੀ ਜਾਵੇ ਪ੍ਰੰਤੂ ਪੈਸਾ ਨਹੀਂ ਲੱਭਿਆ ਉਹ ਸੋਚਣ ਲੱਗੇ ਜਿਵੇਂ ਨਦੀ ਵਿੱਚ ਡਿੱਗਿਆ ਪੈਸਾ ਨਹੀਂ ਲੱਭਦਾ ਉਸੇ ਤਰ੍ਹਾਂ ਹੀ ਮੌਤ ਮਗਰੋਂ ਬੰਦਾ ਵੀ ਨਹੀਂ ਲੱਭਦਾ। ਜੀਵਨ ਨਾਸ਼ਵਾਨ ਹੈ। ਇਸ ਨੂੰ ਚੰਗੇ ਕੰਮਾਂ ਵਿੱਚ ਲਗਾਇਆ ਜਾਵੇ ਅਤੇ ਮਨੁੱਖ ਜਾਤੀ ਦੀ ਸੇਵਾ ਕੀਤੀ ਜਾਵੇ।

ਡੇਬੂ ਜੀ ਦੇ ਜੀਵਨ ਵਿੱਚ ਪਰਿਵਰਤਨ ਹੋਣਾ; ਇੱਕ ਦਿਨ ਡੇਬੂਜੀ ਨੰ ਜੰਗਲਾਂ ਵਿੱਚ ਇੱਕ ਵਿਅਕਤੀ ਮਿਲਿਆ, ਜਿਸਨੇ ਇੱਕ ਵੱਡਾ ਚੋਲਾ ਪਾਇਆ ਹੋਇਆ ਸੀ। ਡੇਬੂਜੀ ਉਸ ਕੋਲ ਗਏ ਅਤੇ ਪੈਰ ਛੂਹੇ। ਦੋਵੇਂ ਅਜਨਬੀ ਸਨ ਅਤੇ ਉਹ ਦੋਵੇਂ ਪੂਰਨਾ ਨਦੀ ਪਾਰ ਕਰਕੇ ਦਾਪੁਰੇ ਮਹਾਂਦੇਵ ਮੰਦਰ ਪੁੱਜੇ ਦੋਵਾਂ ਵਿੱਚ ਕੀ ਵਾਰਤਾਲਾਪ ਹੋਈ ਕਦੇ ਇਸ ਗੱਲ ਦਾ ਖ਼ੁਲਾਸਾ ਨਹੀਂ ਹੋਇਆ। ਇਸ ਮਗਰੋਂ ਡੇਬੂਜੀ ਦੇ ਜੀਵਨ ਵਿੱਚ ਬਹੁਤ ਵੱਡਾ ਪਰਿਵਰਤਨ ਹੋਣ ਲੱਗਾ। ਉਹ ਸਮਾਜ ਵਿੱਚ ਫੈਲੇ ਪਾਖੰਡ ਢੋਂਗ ਉਚ ਨੀਚ ਦੇ ਵਿਤਕਰੇ ਅਤੇ ਸਮਾਜਿਕ ਬੁਰਾਈਆਂ ਬਾਰੇ ਸੋਚਣ ਲੱਗੇ ਅਤੇ ਮਨ ਵਿੱਚ ਕਹਿਣ ਲੱਗੇ ਸੰਸਾਰ ਦੇ ਅਡੰਬਰ ਝੂਠੇ ਹਨ। ਇਸ ਲਈ ਉਹਨਾਂ ਦਾ ਮਨ ਉਪਰਾਮ ਹੋ ਗਿਆ ਅਤੇ ਇੱਕ ਸਵੇਰ ਉਹਨਾਂ ਨੇ ਘਰ ਛੱਡਣ ਦਾ ਫੈਸਲਾ ਕੀਤਾ। ਇਹ ਘਟਨਾ ਫਰਵਰੀ 1905 ਈਸਵੀ ਦੀ ਹੈ।

ਇੱਕ ਵਾਰ ਉਹ ਪੈਦਲ ਚੱਲਦੇ ਗਏ ਆਖਿਰ ਇੱਕ ਮੰਦਿਰ ਵਿੱਚ ਰਾਤ ਠਹਿਰੇ ਤਾਂ ਲੋਕਾਂ ਨੇ ਉਹਨਾਂ ਨੂੰ ਚੋਰ ਸਮਝ ਕੇ ਬਹੁਤ ਬੁਰਾ ਭਲਾ ਕਿਹਾ ਅਤੇ ਉਹ ਆਪਣੇ ਨਾਲ ਇੱਕ ਮਿੱਟੀ ਦਾ ਛੋਟਾ ਮਟਕਾ ਰੱਖਦੇ ਸਨ, ਜਿਸ ਕਾਰਨ ਉਹਨਾਂ ਦਾ ਨਾਂ ਗਾਡਗੇ ਪਿਆ।ਉਹਨਾਂ ਵੇਖਿਆ ਪੂਰਨਾ ਨਦੀ ਕਿਨਾਰੇ ਹਿੰਦੂ ਤੀਰਥ ਥਾਂ ਦਾ ਮਿੱਟੀ ਗਾਰੇ ਕਾਰਨ ਬੁਰਾ ਹਾਲ ਹੁੰਦਾ ਸੀ। ਇਸ ਲਈ ਉਹਨਾਂ ਨੇ ਇੱਥੇ ਪੱਕੇ ਘਾਟਾਂ ਦਾ ਨਿਰਮਾਣ ਕਰਵਾਇਆ। ਉਹ ਕਦੇ ਵੀ ਕਿਸੇ ਨੂੰ ਆਪਣੇ ਪੈਰ ਨਹੀਂ ਛੂਹਣ ਦਿੰਦੇ ਸਨ ਅਤੇ ਨਾ ਹੀ ਫੁੱਲ-ਮਾਲਾ ਸਵੀਕਾਰ ਕਰਦੇ ਸਨ।

ਸੰਤ ਗੋਡਗੇ ਬਾਬਾ ਦਾ ਜੀਵਨ ਬਹੁਤ ਹੀ ਤਿਆਗਮਈ ਅਤੇ ਸੇਵਾ ਭਾਵਨਾ ਨਾਲ ਭਰਿਆ ਸੀ। ਉਹ ਮੀਟ, ਸ਼ਰਾਬ, ਨਸ਼ਿਆਂ ਦੇ ਸਖ਼ਤ ਵਿਰੋਧੀ ਸਨ। ਉਹ ਦੇਵੀ ਨੂੰ ਬੱਕਰੇ ਦੀ ਬਲੀ ਦੇਣ ਦੀ ਪ੍ਰਥਾ ਦੇ ਖ਼ਿਲਾਫ ਸਨ। ਕਿਸੇ ਔਰਤ 'ਚ ਮਾਤਾ ਦਾ ਪ੍ਰਵੇਸ਼ ਪਖੰਡ, ਢੋਂਗ ਮੰਨਦੇ ਸਨ, ਆਪਣੀ ਮਾਤਾ ਹੀ ਪੂਜਨੀਕ ਹੁੰਦੀ ਹੈ।ਗਰੀਬ ਅਤੇ ਲਾਚਾਰ ਮਨੁੱਖ ਦੀ ਸੇਵਾ ਹੀ ਸਭ ਤੋਂ ਵੱਡਾ ਧਰਮ ਹੈ। ਉਹਨਾਂ ਬਜ਼ੁਰਗਾਂ ਲਈ ਬਿਧ ਆਸ਼ਰਮਾਂ ਦੀ ਸਥਾਪਨਾ ਕੀਤੀ। ਬਾਬਾ ਜੀ ਬਚਪਨ ਤੋਂ ਕਰਮਯੋਗੀ ਸਨ। ਲੋਕਾਂ ਨੂੰ ਕਬੀਰ ਸਾਹਿਬ ਦੇ ਦੋਹੇ ਸੁਣਾ ਕੇ ਉਹਨਾਂ ਦਾ ਮਾਰਗ ਦਰਸ਼ਨ ਕਰਦੇ ਸਨ। ਉਹ ਰਾਸ਼ਟਰੀ ਪੱਧਰ ਦੇ ਸੰਤ/ਸਮਾਜ ਸੇਵੀ ਸਨ ਉਹਨਾਂ ਨੇ ਸਮਾਜ ਵਿੱਚ ਫੈਲੀਆਂ ਅਨੇਕਾਂ ਕੁਰੀਤੀਆਂ ਨੂੰ ਦੂਰ ਕੀਤਾ, ਜਾਤੀ, ਉਚ-ਨੀਚ ਭੇਦ-ਭਾਵ, ਸ਼ਰਾਬ, ਮੀਟ, ਨਸ਼ਾ ਕਰਨਾ ਆਪਣੀ ਮੰਨਤ ਲਈ ਨਿਰਦੋਸ਼ ਜਾਨਵਰਾਂ ਦੀ ਬਲੀ ਦੇਣਾ, ਦਹੇਜ ਪ੍ਰਥਾ, ਬਾਲ ਵਿਆਹ ਦੇ ਸਖਤ ਵਿਰੋਧੀ ਸਨ। ਉਹਨਾਂ ਮਹਾਂਰਾਸ਼ਟਰ ਦੀ, ਬਹੁਤ ਸਾਰੇ ਜ਼ਿਲ੍ਹਿਆਂ ਵਿੱਚ ਵਿਦਿਆਲਿਆਂ ਦੀ ਉਸਾਰੀ ਕਰਵਾਈ ਉਹ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਜੀ ਦੇ ਸਮਾਕਾਲੀਨ ਸਨ। ਮਹਾਂਰਾਸ਼ਟਰ ਵਿੱਚ ਸੈਂਕੜੇ ਸਕੂਲ ਉਹਨਾਂ ਦੇ ਨਾਂ 'ਤੇ ਚੱਲ ਰਹੇ ਹਨ।

ਕੁਝ ਦਿਨਾਂ ਦੀ ਬਿਮਾਰੀ ਮਗਰੋਂ ਇਹ ਮਹਾਨ ਸੰਤ ਸਮਾਜ ਸੇਵੀ 20 ਦਸੰਬਰ 1950 ਈ. ਨੂੰ ਨਸ਼ਵਰ ਦੇਹ ਤਿਆਗ ਕੇ ਪ੍ਰਭਾਂ ਚਰਨਾਂ ਵਿੱਚ ਲੀਨ ਹੋ ਗਏ।

# ਲਗਨ, ਮਿਹਨਤ ਨਾਲ ਪੁੱਜ ਸਕਦੇ ਮਨਚਾਹੇ ਟੀਚੇ 'ਤੇ



ਸੰਜੀਵ ਸਿੰਘ ਸੈਣੀ
7888966168

ਅੱਜ ਵਿਗਿਆਨ ਦਾ ਯੁੱਗ ਹੈ। ਚੰਨ ਤੱਕ ਮਨੁੱਖ ਦੀ ਹਾਜ਼ਰੀ ਲੱਗ ਚੁੱਕੀ ਹੈ। ਮਿੰਟਾਂ ਸਕਿੰਟਾਂ ਵਿੱਚ ਦੁਨੀਆਂ ਬਦਲ ਰਹੀ ਹੈ। ਸੰਚਾਰ ਦੇ ਬਹੁਤ ਜ਼ਿਆਦਾ ਸਾਧਨ ਹੋ ਚੁੱਕੇ ਹਨ। ਪਿਛਲੇ ਹੀ ਮਹੀਨੇ, ਚੰਦਰਯਾਨ 3 ਨੂੰ ਚੰਨ 'ਤੇ ਭੇਜਿਆ ਗਿਆ। ਲਗਾਤਾਰ ਨਵੀਆਂ ਨਵੀਆਂ ਖੋਜਾਂ ਹੋ ਰਹੀਆਂ ਹਨ। ਜੇ ਅਸੀਂ 30 ਕੁ ਸਾਲ ਪਹਿਲੇ ਪਿੱਛੇ ਝਾਤੀ ਮਾਰ ਕੇ ਦੇਖੀਏ ਤਾਂ ਕਿੰਨਾ ਫ਼ਰਕ ਲੱਗਦਾ ਹੋਣਾ।

ਜਿਨ੍ਹਾਂ ਦੀ ਉਮਰ ਹੁਣ 60 ਸਾਲ ਦੇ ਨੇੜੇ ਜਾਂ 60 ਸਾਲ ਤੋਂ ਉੱਪਰ ਹੈ, ਉਨ੍ਹਾਂ ਨੂੰ ਅੱਜ ਦੀ ਜ਼ਿੰਦਗੀ ਤੇ ਜੋ ਉਨ੍ਹਾਂ ਦੇ ਬਚਪਨ ਦਾ ਗੁਜ਼ਾਰਿਆ ਹੋਇਆ ਉਹ ਪੱਲ ਵਿੱਚ ਕਿੰਨਾ ਫ਼ਰਕ ਲੱਗਦਾ ਹੋਣੈ। ਹਰ ਇਨਸਾਨ ਨੂੰ ਜ਼ਿੰਦਗੀ ਵਿੱਚ ਸਫ਼ਲ ਹੋਣ ਲਈ ਬਹੁਤ ਮਿਹਨਤ ਕਰਨੀ ਪੈਂਦੀ ਹੈ। ਇਹ ਹੁਣ ਟੀਚੇ 'ਤੇ ਨਿਰਭਰ ਕਰਦਾ ਹੈ ਕਿ ਤੁਸੀਂ ਕਿਸ ਤਰ੍ਹਾਂ ਦੀ ਮਿਹਨਤ ਕਰਦੇ ਹੋ। ਕੋਈ ਵੀ ਟੀਚੇ 'ਤੇ ਪਹੁੰਚਣ ਲਈ ਲਗਾਤਾਰ ਮਿਹਨਤ ਜਾਰੀ ਰੱਖਣੀ ਪੈਂਦੀ ਹੈ। ਜੇ ਮਨ ਚਾਹੇ ਟੀਚਾ ਹਰ ਵਾਰ ਹਾਸਲ ਨਹੀਂ ਹੁੰਦਾ, ਵਾਰ ਵਾਰ ਉਸ ਵਿੱਚ ਅਸਫ਼ਲ ਹੋ ਰਹੇ ਹੋ ਤਾਂ ਗਲਤੀਆਂ ਨੂੰ ਲੱਭਣਾ ਚਾਹੀਦਾ ਹੈ। ਉਦਾਹਰਣ ਦੇ ਤੌਰ 'ਤੇ ਚੰਦਰਯਾਨ 1,2 ਆਪਣੇ ਮਿਸ਼ਨ ਵਿੱਚ ਸਫ਼ਲ ਨਹੀਂ ਹੋ ਸਕੇ ਸਨ। ਪਿਛਲੇ ਮਹੀਨੇ ਫਿਰ ਪੂਰੀ ਤਿਆਰੀ ਕਰਕੇ ਪਿਛਲੀਆਂ ਗਲਤੀਆਂ ਤੋਂ ਸਿੱਖ ਕੇ ਸਾਇੰਸਦਾਨਾਂ ਤੇ ਇੰਜੀਨੀਅਰਾਂ ਨੇ ਚੰਦਰਯਾਨ ਤਿੰਨ ਨੂੰ ਲਾਂਚ ਕੀਤਾ।

ਵਿਚਾਰਨ ਵਾਲੀ ਗੱਲ ਹੈ ਕਿ ਕਿੰਨੀਆਂ ਹੀ ਦਰਪੇਸ਼ ਚੁਣੌਤੀਆਂ ਦਾ ਇਨ੍ਹਾਂ ਵਿਗਿਆਨਾਂ ਨੇ ਸਾਹਮਣਾ ਕੀਤਾ ਹੋਣਾ। ਪਰ ਹਿੰਮਤ ਨਹੀਂ ਹਾਰੀ। ਠੀਕ ਇਸੇ ਤਰ੍ਹਾਂ ਹਰ ਇਨਸਾਨ ਦੀ ਜ਼ਿੰਦਗੀ ਦਾ ਸਫ਼ਰ ਚੁਣੌਤੀਆਂ ਭਰਪੂਰ ਰਿਹਾ ਹੁੰਦਾ ਹੈ। ਸਫ਼ਲਤਾ ਇੱਕ ਦਿਨ ਵਿੱਚ ਨਹੀਂ ਮਿਲ ਜਾਂਦੀ। ਉਸ ਲਈ ਦਿਨ ਰਾਤ ਇੱਕ ਕਰਨਾ ਪੈਂਦਾ ਹੈ। ਮਿਹਨਤ ਕਰਨੀ ਪੈਂਦੀ ਹੈ, ਹਾਲ ਹੀ ਵਿੱਚ ਕਿੱਥੇ ਖ਼ਬਰ ਪੜ੍ਹਨ ਨੂੰ ਮਿਲੀ ਕਿ ਹਰਿਆਣਾ ਦੀ ਮੁਸਲਿਮ ਪਰਿਵਾਰ ਦੀ ਧੀ ਝਾਰਖੰਡ ਵਿੱਚ ਜੱਜ ਬਣੀ ਹੈ। ਧੀ ਦੇ ਸਿਰ 'ਤੇ ਪਿਤਾ ਦਾ ਸਾਇਆ ਨਹੀਂ। ਝੁੱਗੀਆਂ ਝੌਂਪੜੀਆਂ ਵਿੱਚ ਰਹਿ ਕੇ ਸਮਾਂ ਗੁਜ਼ਾਰਿਆ। ਪ੍ਰਸ਼ਾਸਨ ਵੱਲੋਂ ਵਾਰ ਵਾਰ ਉਸਦਾ ਘਰ ਢਾਹਿਆ ਗਿਆ। ਸੰਘ ਲੋਕ ਸੇਵਾ ਪ੍ਰੀਖਿਆ ਵਿੱਚ ਬਹੁਤ ਵਾਰ ਅਸਫ਼ਲ ਰਹੀ।

ਪਰ ਫਿਰ ਵੀ ਹੌਂਸਲਾ ਨਹੀਂ ਛੱਡਿਆ। ਸੜਕ ਦੇ ਕੰਢੇ ਝੁੱਗੀ ਵਿੱਚ ਜ਼ਿੰਦਗੀ ਬਸਰ ਕਰਨ ਲੱਗੀ। ਦਿੱਲੀ ਯੂਨੀਵਰਸਿਟੀ ਤੋਂ ਲਾਅ ਦੀ ਡਿਗਰੀ ਕੀਤੀ। ਜੁਡੀਸ਼ਅਰੀ ਪ੍ਰੀਖਿਆ ਕਈ ਸੂਬਿਆਂ ਦੀ ਦਿੱਤੀ, ਪਰ ਅਸਫ਼ਲ ਰਹੀ। ਇੱਕ ਦਿਨ ਅਚਾਨਕ ਸੜਕ ਦੇ ਕੰਢੇ ਬਣਾਈ ਝੁੱਗੀ ਵਿੱਚ ਅੱਗ ਲੱਗੀ। ਮਹੀਨੇ ਬਾਅਦ ਝਾਰਖੰਡ ਨਿਆਇਕ ਪ੍ਰੀਖਿਆ ਸੀ। ਸੜਕ ਦੇ ਕੰਢੇ, ਰਾਤ ਨੂੰ ਲਾਈਟਾਂ ਦੇ ਥੱਲੇ ਫੁੱਟਪਾਥ 'ਤੇ ਬੈਠ ਕੇ ਪ੍ਰੀਖਿਆ ਦੀ ਤਿਆਰੀ ਕੀਤੀ। ਲਿਖਣ ਵਾਲੇ ਨੇ ਤਾਂ ਲਿਖਿਆ ਸੀ, ਕਿ 16 ਵਾਰ ਘਰ ਉਜੜਿਆ, ਪਰ ਹਿੰਮਤ ਨਾ ਛੱਡੀ। ਆਖ਼ਰ ਇਹ ਕੁੜੀ ਮੁਸੀਬਤਾਂ ਦਾ ਸਾਹਮਣਾ ਕਰਦੇ ਕਰਦੇ ਜੱਜ ਬਣ ਗਈ। ਸਿਰ 'ਤੇ ਪਿਤਾ ਦਾ ਹੱਥ ਨਾ ਹੋਣ ਕਰਕੇ ਮਾਂ ਨੇ ਬਹੁਤ ਮਿਹਨਤ ਕਰਕੇ ਪੰਜੇ ਭੈਣ ਭਰਾਵਾਂ ਨੂੰ ਲਾਇਕ ਬਣਾਇਆ। ਕਦੇ ਵੀ ਹੌਂਸਲਾ ਨਾ ਛੱਡੋ। ਸਕਾਰਾਤਮਕ ਸੋਚ ਨਾਲ ਅੱਗੇ ਵੱਧਦੇ ਰਹੋ। ਚੰਗੇ ਦੋਸਤਾਂ ਨਾਲ ਦੋਸਤੀ ਕਰੋ। ਜੋ ਤੁਹਾਨੂੰ ਨਕਾਰਾਤਮਕ ਵਿਚਾਰਾਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕਰਨ। ਚੰਗੇ ਲੋਕਾਂ ਦੀ ਜੀਵਨੀ ਪੜ੍ਹੋ।

ਸਾਡੇ ਸਾਹਮਣੇ ਹੋਰ ਵੀ ਕਈ ਅਜਿਹੀਆਂ ਮਿਸਾਲਾਂ ਹਨ, ਜੋ ਸਾਨੂੰ ਟੀਚੇ ਵੱਲ ਵਧਣ ਲਈ ਹਮੇਸ਼ਾ ਹੀ ਪ੍ਰੇਰਿਤ ਕਰਦੀਆਂ ਹਨ। ਇਬਰਾਹੀਮ ਲਿੰਕਨ ਦਾ ਜਨਮ ਕਿੰਨੀ ਗਰੀਬੀ ਵਿਚ ਹੋਇਆ ਸੀ।

ਦੇਖੋ ਅਮਰੀਕਾ ਦਾ ਤਾਜ ਉਸ ਦੇ ਸਿਰ 'ਤੇ ਸਜਿਆ, ਸਭ ਨੂੰ ਹੀ ਪਤਾ ਹੈ। ਮਿਹਨਤ ਕੀਤੀ, ਹੌਂਸਲੇ ਨੂੰ ਢਹਿ ਢੇਰੀ ਨਹੀਂ ਹੋਣ ਦਿੱਤਾ। ਹੋਰ ਵੀ ਕਈ ਅਜਿਹੀਆਂ ਉਦਾਹਰਨਾਂ ਹਨ। ਹਾਲੀ ਹੀ ਵਿੱਚ ਯੂਪੀਐਸਸੀ ਦੀ ਪ੍ਰੀਖਿਆ ਪਾਸ ਕਰਨ ਵਾਲੇ ਕਈ ਵਿਕਲਾਂਗ ਉਮੀਦਵਾਰਾਂ ਨੇ ਆਪਣੀ ਹੱਡਬੀਤੀ ਦੱਸੀ। ਕਿ ਉਹਨਾਂ ਨੇ ਆਪਣੀ ਮਿਹਨਤ ਜਾਰੀ ਰੱਖੀ, ਮੁਸੀਬਤਾਂ ਦਾ ਡੱਟ ਕੇ ਸਾਹਮਣਾ ਕੀਤਾ। ਅਜਿਹੇ ਲੋਕਾਂ ਦੀਆਂ ਮਿਸਾਲਾਂ ਸਾਨੂੰ ਅੱਗੇ ਵੱਧਣ ਲਈ ਹਮੇਸ਼ਾ ਹੀ ਪ੍ਰੇਰਿਤ ਕਰਦੀਆਂ ਹਨ। ਖੁਸ਼ ਰਹੋ। ਕਦੇ ਵੀ ਆਪਣੇ ਨੇੜੇ ਆਲਸ ਨੂੰ ਨਾ ਆਉਣ ਦਿਓ। ਜੋ ਵੀ ਕੋਈ ਕੰਮ ਕਰਨਾ ਹੈ ਉਸਨੂੰ ਅੱਜ ਹੀ ਕਰੋ। ਬਹਾਨੇ ਨਾ ਲਗਾਓ। ਹਮੇਸ਼ਾ ਕੁੱਝ ਨਾ ਕੁੱਝ ਨਵਾਂ ਸਿਰਜਣ ਦੀ ਪ੍ਰਕਿਰਿਆ ਜਾਰੀ ਰੱਖੋ। ਤਾਂ ਜੋ ਅਸੀਂ ਹੋਰਾਂ ਲਈ ਚੰਗੀ ਮਿਸਾਲ ਬਣ ਸਕੀਏ। ਕਦੇ ਵੀ ਇਹ ਨਾ ਸੋਚੋ ਕਿ ਮੈਂ ਇਸ ਮੰਜ਼ਿਲ ਵਿੱਚ ਸਫ਼ਲ ਨਹੀਂ ਹੋ ਪਾਵਾਂਗਾ। ਆਪਣੇ ਅੰਦਰ ਝਾਤੀ ਮਾਰੋ। ਵਿਚਾਰੋ ਕਿ ਜੇ ਉਹ ਇਨਸਾਨ ਸਫ਼ਲ ਹੋ ਸਕਦਾ, ਮੈਂ ਕਿਉਂ ਨਹੀਂ? ਹਮੇਸ਼ਾ ਚੰਗੇ ਵਿਚਾਰਾਂ ਦੇ ਧਾਰਨੀ ਬਣੋ। ਆਪਣੇ ਅੰਦਰ ਕੁੱਝ ਨਵਾਂ ਕਰਨ ਦਾ ਜਨੂੰਨ ਪੈਦਾ ਕਰੋ। ਚੰਗੀ ਸੋਚ, ਚੰਗੇ ਵਿਚਾਰਾਂ ਤੇ ਨਿਰੰਤਰ ਮਿਹਨਤ ਨਾਲ ਹਰ ਮੁਸ਼ਕਲ ਦਾ ਸਾਹਮਣਾ ਕਰ ਸਕਦੇ ਹਾਂ।

*'ਵਿਸ਼ਵ ਸ਼ਾਂਤੀ ਅਤੇ ਸਮਝਦਾਰੀ ਦਿਵਸ' ਲਈ ਵਿਸ਼ੇਸ਼*

# ਸਰਬੱਤ ਦੇ ਭਲੇ ਅਤੇ ਵਿਸ਼ਵ ਵਿਕਾਸ ਲਈ ਬੇਹੱਦ ਜ਼ਰੂਰੀ ਹੈ ਵਿਸ਼ਵ ਸ਼ਾਂਤੀ

ਪ੍ਰੋ.ਪਰਮਜੀਤ ਸਿੰਘ ਨਿੱਕੇ ਘੁੰਮਣ

ਅੱਜ ਵਿਸ਼ਵ ਪੱਧਰ 'ਤੇ ਜੋ ਛੋਟੇ ਅਤੇ ਵੱਡੇ ਯੁੱਧਾਂ ਦੇ ਨਾਲ-ਨਾਲ ਜੋ ਸ਼ੀਤ-ਯੁੱਧ ਚੱਲ ਰਹੇ ਹਨ ਜਾਂ ਫਿਰ ਅੱਤਵਾਦੀਆਂ ਵੱਲੋਂ ਜੋ ਹੌਲਨਾਕ ਤੇ ਅਣਮਨੁੱਖੀ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ ਅਤੇ ਦੁਨੀਆਂ ਦੇ ਵੱਖ -ਵੱਖ ਖਿੱਤਿਆਂ ਵਿਚ ਜੋ ਜਾਤੀਗਤ ਜਾਂ ਨਸਲਵਾਦੀ ਹਿੰਸਾ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ, ਉਹ ਬੇਹੱਦ ਅਫ਼ਸੋਸਨਾਕ ਅਤੇ ਦੁੱਖਦਾਇਕ ਹਨ। ਭਿਆਨਕ ਸੰਕਟ ਦੇ ਦੌਰ 'ਚੋਂ ਲੰਘ ਰਹੇ ਅਜੋਕੇ ਸੰਸਾਰ ਨੂੰ ਅੱਜ ਮਨੁੱਖਤਾ ਦੇ ਭਲੇ ਅਤੇ ਵਿਸ਼ਵ ਦੇ ਵਿਕਾਸ ਲਈ ਵਿਸ਼ਵ ਸ਼ਾਂਤੀ ਅਤੇ ਸਮਝਦਾਰੀ ਦੀ ਬੜੀ ਭਾਰੀ ਲੋੜ ਹੈ। ਵਿਸ਼ਵ ਸ਼ਾਂਤੀ ਦੇ ਹਾਮੀਆਂ ਦਾ ਇਹ ਮੰਨਣਾ ਹੈ ਕਿ ਸ਼ਾਂਤੀ ਸਥਾਪਿਤ ਕਰਨ ਦਾ ਅਰਥ ਕੇਵਲ ਕੁਝ ਸਮੇਂ ਲਈ ਹਥਿਆਰ ਸੁੱਟ ਦੇਣਾ ਨਹੀਂ ਹੁੰਦਾ ਹੈ ਸਗੋਂ ਸਮੁੱਚੀ ਦੁਨੀਆਂ ਦੇ ਬਾਸ਼ਿੰਦਿਆਂ ਦੇ ਮੱਥੇ ਵਿਚ ਇਸ ਸੋਚ ਦਾ ਦੀਵਾ ਜਗਾਉਣਾ ਹੈ ਕਿ ਵਿਸ਼ਵ ਸ਼ਾਂਤੀ ਹੀ ਇਕਮਾਤਰ ਐਸਾ ਤੱਤ ਹੈ ਜੋ ਸਾਰੇ ਸਮਾਜਾਂ,ਮੁਲਕਾਂ ਅਤੇ ਸੱਭਿਆਚਾਰਾਂ ਨੂੰ ਪ੍ਰਫੁੱਲਤ ਹੋਣ ਅਤੇ ਅੱਗੇ ਵਧਣ ਦਾ ਮੌਕਾ ਪ੍ਰਦਾਨ ਕਰਦਾ ਹੈ। ਇਸਦੇ ਨਾਲ ਹੀ ਇਕ ਐਸਾ ਸੰਸਾਰ ਬਣਾਉਣ ਦੀ ਲੋੜ ਵੀ ਸਾਹਮਣੇ ਆਉਂਦੀ ਹੈ, ਜਿਸ ਸੰਸਾਰ ਵਿਚ ਰੰਗਾਂ, ਨਸਲਾਂ, ਜ਼ਾਤਾਂ, ਧਰਮਾਂ ਜਾਂ ਹੱਦਾਂ-ਸਰਹੱਦਾਂ ਦੇ ਆਧਾਰ'ਤੇ ਨਫ਼ਰਤ ਅਤੇ ਕਤਲੇਆਮ ਨੂੰ ਕੋਈ ਥਾਂ ਨਾ ਹੋਵੇ। ਸੰਯੁਕਤ ਰਾਸ਼ਟਰ ਦੇ ਉੱਚ-ਅਧਿਕਾਰੀ ਔਡਰੇ ਅਜ਼ੂਲੇ ਦਾ ਕਹਿਣਾ ਹੈ, "ਅਜੋਕੇ ਸਮੇਂ ਦੀ ਨਫ਼ਰਤ, ਈਰਖਾ, ਪੱਖਪਾਤ ਤੇ ਤਣਾਅਭਰੀ ਇਸ ਦੁਨੀਆ ਵਿਚ ਮਿਲ-ਜੁਲ ਕੇ ਅਤੇ ਇਕ-ਮਿਕ ਹੋ ਕੇ ਰਹਿਣਾ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਮੁਸ਼ਕਿਲ ਹੈ। ਸੰਯੁਕਤ ਰਾਸ਼ਟਰ ਸੰਘ ਅਤੇ ਯੂਨੈਸਕੋ ਇਕ ਦੂਜੇ ਦਾ ਹੱਥ ਫੜੀ ਸਮੁੱਚੇ ਵਿਸ਼ਵ ਵਿਚ ਸ਼ਾਂਤੀ ਸਥਾਪਿਤ ਕਰਨ ਲਈ ਪੂਰੀ ਜ਼ਿੰਦ ਜਾਨ ਲਗਾ ਕੇ ਕੰਮ ਕਰ ਰਹੇ ਹਨ ਤੇ ਮਹੱਤਵਪੂਰਨ ਗੱਲ ਇਹ ਹੈ ਕਿ ਉਹ ਕੇਵਲ ਇਸ ਵਾਸਤੇ ਪੂਰੀ ਦ੍ਰਿੜਤਾ ਨਾਲ ਕੰਮ ਨਹੀਂ ਕਰ ਰਹੇ ਕਿ ਉਨ੍ਹਾਂ ਨੇ ਸੰਨ 2030 ਤੱਕ ਵਿਸ਼ਵ ਸ਼ਾਂਤੀ ਸਥਾਪਿਤ ਕਰਨ ਦਾ ਉਦੇਸ਼ ਪੂਰਾ ਕਰਨਾ ਹੈ ਸਗੋਂ ਇਸ ਕਰਕੇ ਵੀ ਯਤਨਸ਼ੀਲ ਹਨ ਕਿ ਦੁਨੀਆ ਦੇ ਭਲੇ ਤੇ ਵਿਕਾਸ ਹਿਤ ਵਿਸ਼ਵ ਸ਼ਾਂਤੀ ਦਾ ਹੋਣਾ ਸਭ ਤੋਂ ਵੱਧ ਜ਼ਰੂਰੀ ਹੈ। ਸ਼ਾਂਤੀ ਪੱਖੀ ਲੋਕ ਕਿਸੇ ਵੀ ਪ੍ਰਕਾਰ ਦੇ ਨਫ਼ਰਤੀ ਭਾਸ਼ਣ ਜਾਂ ਹਿੰਸਾਤਮਕ ਗਤੀਵਿਧੀਆਂ ਦੀ ਸਖ਼ਤ ਨਿਖੇਧੀ ਕਰਦੇ ਹਨ ਤੇ ਦੁਨੀਆਂ ਨੂੰ ਹਿੰਸਾ,ਨਫ਼ਰਤ ਅਤੇ ਈਰਖਾ ਤੋਂ ਮੁਕਤ ਕਰਾਉਣ ਸੰਬੰਧੀ ਲੋਕਾਂ ਨੂੰ ਪ੍ਰੇਰਿਤ ਕਰਦੇ ਹਨ।

ਸੰਯੁਕਤ ਰਾਸ਼ਟਰਸੰਘ ਮੰਨਦਾ ਹੈ ਕਿ ਜੇਕਰ ਸਭ ਲੋਕ ਇਕ ਦੂਜੇ ਦੇ ਧਰਮਾਂ, ਜ਼ਾਤਾਂ, ਭਾਸ਼ਾਵਾਂ ਤੇ ਸੱਭਿਆਚਾਰਾਂ ਦੀ ਭਿੰਨਤਾ ਨੂੰ ਸਨਮਾਨ ਦਿੰਦਿਆਂ ਹੋਇਆਂ ਸਹਿਣਸ਼ੀਲ ਬਣ ਕੇ ਇਕ ਦੂਜੇ ਦੀ ਪ੍ਰਸ਼ੰਸ਼ਾ ਕਰਨ ਲੱਗ ਪੈਣ ਤਾਂ ਇਸ ਦੁਨੀਆਂ ਵਿਚ ਸ਼ਾਂਤੀ,ਪ੍ਰੇਮ ਅਤੇ ਇੱਕਜੁਟਤਾ ਦੀ ਸਥਾਪਤੀ ਸਹਿਜ ਹੀ ਹੋ ਸਕਦੀ ਹੈ। ਇਸ ਵਡਮੁੱਲੇ ਕਾਰਜ ਹਿਤ ਸੰਯੁਕਤ ਰਾਸ਼ਟਰ ਕੁੱਲ ਦੁਨੀਆ ਦੇ ਸਿਆਸੀ, ਧਾਰਮਿਕ, ਸਮਾਜ ਸੇਵੀ ਅਤੇ ਵਿਸ਼ਵ ਦੇ ਭਲੇ, ਸ਼ਾਂਤੀ ਤੇ ਏਕਤਾ ਲਈ ਯਤਨਸ਼ੀਲ ਆਗੂਆਂ ਨੂੰ ਅੱਗੇ ਆ ਕੇ ਆਪਣਾ ਯੋਗਦਾਨ ਪਾਉਣ ਦੀ ਅਪੀਲ ਕਰਦਾ ਹੈ।

# ਹਰਿਆਣਾ ਵਿੱਚ ਐਚ.ਆਈ.ਵੀ.: ਖੋਜ ਮਜ਼ਬੂਤ, ਰੋਕਥਾਮ ਅਜੇ ਵੀ ਅਧੂਰੀ

ਡਾ. ਸਤਿਆਵਾਨ ਸੌਰਭ

ਹਰਿਆਣਾ ਸਰਕਾਰ ਵੱਲੋਂ ਵਿੱਤੀ ਸਾਲ 2025-26 ਵਿੱਚ 1.24 ਮਿਲੀਅਨ ਤੋਂ ਵੱਧ ਲੋਕਾਂ ਦੀ ਐੱਚਆਈਵੀ ਲਈ ਜਾਂਚ ਅਤੇ 5,877 ਪਾਜ਼ੇਟਿਵ ਮਾਮਲਿਆਂ ਦੀ ਪਛਾਣ, ਪਹਿਲੀ ਨਜ਼ਰ ਵਿੱਚ, ਜਨਤਕ ਸਿਹਤ ਪ੍ਰਣਾਲੀ ਦੀ ਸਰਗਰਮੀ, ਪ੍ਰਸ਼ਾਸਨਿਕ ਇੱਛਾ ਸ਼ਕਤੀ ਅਤੇ ਨੀਤੀ-ਪੱਧਰ ਦੀ ਗੰਭੀਰਤਾ ਦਾ ਪ੍ਰਮਾਣ ਜਾਪਦੀ ਹੈ। ਇੰਨੇ ਵੱਡੇ ਪੱਧਰ 'ਤੇ ਜਾਂਚ ਕਿਸੇ ਵੀ ਰਾਜ ਲਈ ਨਾ ਤਾਂ ਸਰਲ ਹੈ ਅਤੇ ਨਾ ਹੀ ਆਸਾਨ। ਇਸ ਲਈ ਵਿੱਤੀ ਸਰੋਤਾਂ, ਸਿਖਲਾਈ ਪ੍ਰਾਪਤ ਮਨੁੱਖੀ ਸ਼ਕਤੀ, ਸੰਸਥਾਗਤ ਬੁਨਿਆਦੀ ਢਾਂਚੇ ਅਤੇ ਨਿਰੰਤਰ ਨਿਗਰਾਨੀ ਦੀ ਲੋੜ ਹੁੰਦੀ ਹੈ। ਇਸ ਦ੍ਰਿਸ਼ਟੀਕੋਣ ਤੋਂ, ਇਹ ਪ੍ਰਾਪਤੀ ਹਰਿਆਣਾ ਦੀ ਸਿਹਤ ਪ੍ਰਣਾਲੀ ਦੀਆਂ ਸਮਰੱਥਾਵਾਂ ਅਤੇ ਤਰਜੀਹਾਂ ਨੂੰ ਦਰਸਾਉਂਦੀ ਹੈ। ਇਹ ਪਹਿਲ ਇਹ ਵੀ ਸੰਕੇਤ ਦਿੰਦੀ ਹੈ ਕਿ ਰਾਜ ਐੱਚਆਈਵੀ ਨੂੰ ਸੀਮਤ ਭਾਈਚਾਰਿਆਂ ਜਾਂ ਹਾਸ਼ੀਏ 'ਤੇ ਪਏ ਸਮੂਹਾਂ ਤੱਕ ਸੀਮਤ ਇੱਕ ਵਿਆਪਕ ਜਨਤਕ ਸਿਹਤ ਚੁਣੌਤੀ ਵਜੋਂ ਵੇਖਣ ਦੇ ਪੁਰਾਣੇ, ਤੰਗ ਦ੍ਰਿਸ਼ਟੀਕੋਣ ਤੋਂ ਪਰੇ ਹੋ ਗਿਆ ਹੈ। ਹਾਲਾਂਕਿ, ਇਹੀ ਅੰਕੜੇ, ਜਦੋਂ ਹੋਰ ਡੂੰਘਾਈ ਨਾਲ ਪੜ੍ਹੇ ਜਾਂਦੇ ਹਨ, ਤਾਂ ਇੱਕ ਸਪੱਸ਼ਟ ਚੇਤਾਵਨੀ ਵੀ ਦਿੰਦੇ ਹਨ ਕਿ ਲਾਗ ਦੀਆਂ ਸਮਾਜਿਕ, ਆਰਥਿਕ ਅਤੇ ਵਿਵਹਾਰਕ ਜੜ੍ਹਾਂ ਮਜ਼ਬੂਤ ਰਹਿੰਦੀਆਂ ਹਨ। ਸਵਾਲ ਇਹ ਨਹੀਂ ਹੈ ਕਿ ਕਿੰਨੇ ਲੋਕਾਂ ਦੀ ਜਾਂਚ ਕੀਤੀ ਗਈ, ਸਗੋਂ ਇਹ ਹੈ ਕਿ ਲਾਗ ਦੇ ਕਾਰਨਾਂ ਨੂੰ ਕਿੰਨੀ ਪ੍ਰਭਾਵਸ਼ਾਲੀ ਢੰਗ ਨਾਲ ਸੰਬੋਧਿਤ ਕੀਤਾ ਗਿਆ।

ਰਾਜ ਵਿੱਚ 104 ਏਕੀਕ੍ਰਿਤ ਕਾਉਂਸਲਿੰਗ ਅਤੇ ਟੈਸਟਿੰਗ ਸੈਂਟਰਾਂ (ICTCs) ਅਤੇ 24 ਐਂਟੀ-ਰੇਟਰੋਵਾਇਰਲ ਥੈਰੇਪੀ (ART) ਸੈਂਟਰਾਂ ਦਾ ਸੰਚਾਲਨ ਦਰਸਾਉਂਦਾ ਹੈ ਕਿ ਮਰੀਜ਼ਾਂ ਨੂੰ ਨਿਦਾਨ ਤੋਂ ਬਾਅਦ ਨਿਰੰਤਰ ਇਲਾਜ ਪ੍ਰਣਾਲੀ ਨਾਲ ਜੋੜਨ ਦੇ ਯਤਨ ਕੀਤੇ ਜਾ ਰਹੇ ਹਨ। 40,000 ਤੋਂ ਵੱਧ ਲੋਕਾਂ ਦਾ ਨਿਯਮਤ ਇਲਾਜ ਇਹ ਸਪੱਸ਼ਟ ਕਰਦਾ ਹੈ ਕਿ ਨੀਤੀ ਸਿਰਫ਼ ਘੋਸ਼ਣਾਵਾਂ ਅਤੇ ਕਾਗਜ਼ੀ ਯੋਜਨਾਵਾਂ ਤੱਕ ਸੀਮਿਤ ਨਹੀਂ ਹੈ। HIV ਵਰਗੀ ਬਿਮਾਰੀ ਲਈ, ਜਿਸ ਲਈ ਲੰਬੇ ਸਮੇਂ ਅਤੇ ਜੀਵਨ ਭਰ ਪ੍ਰਬੰਧਨ ਦੀ ਲੋੜ ਹੁੰਦੀ ਹੈ, ਇਲਾਜ ਦੀ ਨਿਰੰਤਰਤਾ ਓਨੀ ਹੀ ਮਹੱਤਵਪੂਰਨ ਹੈ ਜਿੰਨੀ ਜਲਦੀ ਪਤਾ ਲਗਾਉਣਾ। ਹਰਿਆਣਾ ਇਸ ਮੋਰਚੇ 'ਤੇ ਮੁਕਾਬਲਤਨ ਮਜ਼ਬੂਤ ਜਾਪਦਾ ਹੈ, ਜੋ ਕਿ ਕਈ ਹੋਰ ਰਾਜਾਂ ਲਈ ਇੱਕ ਸਬਕ ਵਜੋਂ ਕੰਮ ਕਰ ਸਕਦਾ ਹੈ।

ਇਸ ਮੁਹਿੰਮ ਦਾ ਸਭ ਤੋਂ ਸਕਾਰਾਤਮਕ ਅਤੇ ਦੂਰਗਾਮੀ ਪ੍ਰਭਾਵ ਗਰਭਵਤੀ ਔਰਤਾਂ ਦੀ ਵੱਡੇ ਪੱਧਰ 'ਤੇ ਕੀਤੀ ਗਈ ਸਕ੍ਰੀਨਿੰਗ ਵਿੱਚ ਝਲਕਦਾ ਹੈ। 565,000 ਤੋਂ ਵੱਧ ਗਰਭਵਤੀ ਔਰਤਾਂ ਦੀ ਸਕ੍ਰੀਨਿੰਗ ਅਤੇ 613 ਸਕਾਰਾਤਮਕ ਮਾਮਲਿਆਂ ਦੀ ਪਛਾਣ ਇਹ ਦਰਸਾਉਂਦੀ ਹੈ ਕਿ ਮਾਂ ਤੋਂ ਬੱਚੇ ਵਿੱਚ ਸੰਚਾਰ ਨੂੰ ਰੋਕਣ ਨੂੰ ਗੰਭੀਰ ਤਰਜੀਹ ਦਿੱਤੀ ਜਾ ਰਹੀ ਹੈ। ਡਾਕਟਰੀ ਵਿਗਿਆਨ ਨੇ ਦਿਖਾਇਆ ਹੈ ਕਿ ਜੇਕਰ ਇੱਕ ਐੱਚਆਈਵੀ-ਸੰਕਰਮਿਤ ਗਰਭਵਤੀ ਔਰਤ ਨੂੰ ਸਮੇਂ ਸਿਰ ਇਲਾਜ ਅਤੇ ਸਲਾਹ ਮਿਲਦੀ ਹੈ, ਤਾਂ ਨਵਜੰਮੇ ਬੱਚੇ ਨੂੰ ਲਾਗ ਤੋਂ ਲਗਭਗ ਪੂਰੀ ਤਰ੍ਹਾਂ ਸੁਰੱਖਿਅਤ ਰੱਖਿਆ ਜਾ ਸਕਦਾ ਹੈ। ਇਹ ਨਾ ਸਿਰਫ਼ ਇੱਕ ਡਾਕਟਰੀ ਸਫਲਤਾ ਹੈ, ਸਗੋਂ ਸਮਾਜਿਕ ਨਿਆਂ ਦਾ ਵੀ ਸਵਾਲ ਹੈ, ਕਿਉਂਕਿ ਇੱਕ ਐੱਚਆਈਵੀ-ਮੁਕਤ ਬੱਚੇ ਨੂੰ ਉਸ ਕਲੰਕ ਅਤੇ ਵਿਤਕਰੇ ਦਾ ਸਾਹਮਣਾ ਨਹੀਂ ਕਰਨਾ ਪੈਂਦਾ ਜੋ ਅਜੇ ਵੀ ਸੰਕਰਮਿਤ ਬੱਚਿਆਂ ਦੇ ਜੀਵਨ ਨੂੰ ਸੀਮਤ ਕਰਦੇ ਹਨ।

ਦਸੰਬਰ 2021 ਤੋਂ ਲਾਗੂ ਕੀਤੀ ਗਈ 2,250 ਪ੍ਰਤੀ ਮਹੀਨਾ ਵਿੱਤੀ ਸਹਾਇਤਾ ਯੋਜਨਾ - ਜਿਸ ਦੇ ਤਹਿਤ ਹੁਣ ਤੱਕ 54.3 ਕਰੋੜ ਵੰਡੇ ਜਾ ਚੁੱਕੇ ਹਨ - ਇਸ ਗੱਲ ਦਾ ਸੰਕੇਤ ਹੈ ਕਿ ਰਾਜ ਸਰਕਾਰ ਇਸ ਬਿਮਾਰੀ ਨੂੰ ਸਿਰਫ਼ ਇੱਕ ਡਾਕਟਰੀ ਸਮੱਸਿਆ ਵਜੋਂ ਨਹੀਂ ਦੇਖ ਰਹੀ ਹੈ। ਐੱਚਆਈਵੀ ਨਾਲ ਜੀ ਰਹੇ ਲੋਕ ਅਕਸਰ ਰੁਜ਼ਗਾਰ, ਸਮਾਜਿਕ ਸਵੀਕ੍ਰਿਤੀ ਅਤੇ ਆਰਥਿਕ ਸਥਿਰਤਾ ਤੋਂ ਵਾਂਝੇ ਰਹਿੰਦੇ ਹਨ। ਬਿਮਾਰੀ ਨਾਲ ਜੁੜੇ ਸਮਾਜਿਕ ਡਰ ਅਤੇ ਵਿਤਕਰੇ ਨੇ ਰੋਜ਼ੀ-ਰੋਟੀ ਦੇ ਮੌਕਿਆਂ ਨੂੰ ਵੀ ਸੀਮਤ ਕਰ ਦਿੱਤਾ ਹੈ। ਇਹ ਵਿੱਤੀ ਸਹਾਇਤਾ ਇਲਾਜ ਦੇ ਨਾਲ-ਨਾਲ ਜੀਵਨ ਵਿੱਚ ਬੁਨਿਆਦੀ ਸਨਮਾਨ ਨੂੰ ਬਣਾਈ ਰੱਖਣ ਦਾ ਇੱਕ ਯਤਨ ਹੈ, ਭਾਵੇਂ ਮੌਜੂਦਾ ਆਰਥਿਕ ਸਥਿਤੀਆਂ ਵਿੱਚ ਇਹ ਰਕਮ ਨਾਕਾਫ਼ੀ ਜਾਪਦੀ ਹੈ।

ਫਿਰ ਵੀ, ਕੁੱਲ ਟੈਸਟਿੰਗ ਦੇ ਮੁਕਾਬਲੇ 0.47 ਪ੍ਰਤੀਸ਼ਤ ਦੀ ਸਕਾਰਾਤਮਕਤਾ ਦਰ ਨੂੰ ਹਲਕੇ ਵਿੱਚ ਨਹੀਂ ਲਿਆ ਜਾਣਾ ਚਾਹੀਦਾ। ਜਨਤਕ ਸਿਹਤ ਮਾਹਿਰਾਂ ਨੇ ਲੰਬੇ ਸਮੇਂ ਤੋਂ ਮੰਨਿਆ ਹੈ ਕਿ HIV ਦੇ ਮਾਮਲੇ ਅਕਸਰ ਘੱਟ ਰਿਪੋਰਟ ਕੀਤੇ ਜਾਂਦੇ ਹਨ। ਸਮਾਜਿਕ ਕਲੰਕ, ਡਰ, ਗੋਪਨੀਯਤਾ ਬਾਰੇ ਚਿੰਤਾਵਾਂ ਅਤੇ ਜਾਣਕਾਰੀ ਦੀ ਘਾਟ ਵੱਡੀ ਗਿਣਤੀ ਵਿੱਚ ਲੋਕਾਂ ਨੂੰ ਸਵੈਇੱਛਤ ਟੈਸਟਿੰਗ ਤੋਂ ਰੋਕਦੀ ਹੈ। ਇਸ ਲਈ, ਰਿਪੋਰਟ ਕੀਤੇ ਗਏ 5,877 ਮਾਮਲੇ ਸੰਭਾਵਤ ਤੌਰ 'ਤੇ ਸਮੱਸਿਆ ਦੇ ਇੱਕ ਛੋਟੇ ਜਿਹੇ ਹਿੱਸੇ ਨੂੰ ਦਰਸਾਉਂਦੇ ਹਨ, ਪੂਰੀ ਤਸਵੀਰ ਨਹੀਂ। ਇਹ ਦਰ ਰਾਜ ਵਿੱਚ ਸਮਾਜਿਕ ਕਾਰਕਾਂ ਵੱਲ ਵੀ ਇਸ਼ਾਰਾ ਕਰਦੀ ਹੈ ਜੋ ਲਾਗ ਦੇ ਫੈਲਣ ਵਿੱਚ ਯੋਗਦਾਨ ਪਾਉਂਦੇ ਹਨ - ਜਿਵੇਂ ਕਿ ਵਧਦੀ ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ, ਅਸੁਰੱਖਿਅਤ ਜਿਨਸੀ ਅਭਿਆਸ, ਤੇਜ਼ੀ ਨਾਲ ਸ਼ਹਿਰੀਕਰਨ ਅਤੇ ਪ੍ਰਵਾਸੀ ਕਾਮਿਆਂ ਦੀਆਂ ਅਸਥਿਰ ਰਹਿਣ-ਸਹਿਣ ਦੀਆਂ ਸਥਿਤੀਆਂ।

ਸੈਕਸ ਵਰਕਰ, ਟਰੱਕ ਡਰਾਈਵਰ, ਉਸਾਰੀ ਕਾਮੇ ਅਤੇ ਨਸ਼ੇੜੀ ਟਰਾਂਸਮਿਸ਼ਨ ਚੇਨ ਵਿੱਚ ਸਭ ਤੋਂ ਵੱਧ ਜੋਖਮ 'ਤੇ ਰਹਿੰਦੇ ਹਨ। ਨਿਸ਼ਾਨਾ ਪ੍ਰੋਜੈਕਟ ਅਤੇ ਓਪੀਔਡ ਬਦਲ ਕੇਂਦਰ ਬਿਨਾਂ ਸ਼ੱਕ ਸਹੀ ਦਿਸ਼ਾ ਵਿੱਚ ਕਦਮ ਹਨ, ਪਰ ਉਨ੍ਹਾਂ ਦੀ ਪਹੁੰਚ ਅਤੇ ਪ੍ਰਭਾਵ ਸੀਮਤ ਰਹਿੰਦਾ ਹੈ। ਸਿਰਫ਼ ਇਲਾਜ ਜਾਂ ਨਸ਼ੀਲੇ ਪਦਾਰਥਾਂ ਦੀ ਵੰਡ ਤੱਕ ਨਸ਼ਾ ਸੀਮਤ ਕਰਨਾ ਕਾਫ਼ੀ ਨਹੀਂ ਹੋਵੇਗਾ। HIV ਨਿਯੰਤਰਣ ਅਧੂਰਾ ਰਹੇਗਾ ਜਦੋਂ ਤੱਕ ਇਸਨੂੰ ਸਮਾਜਿਕ ਪੁਨਰਵਾਸ, ਰੁਜ਼ਗਾਰ ਦੇ ਮੌਕਿਆਂ ਅਤੇ ਮਾਨਸਿਕ ਸਿਹਤ ਸਹਾਇਤਾ ਨਾਲ ਨਹੀਂ ਜੋੜਿਆ ਜਾਂਦਾ।

ਇਸ ਲੜਾਈ ਵਿੱਚ ਸਭ ਤੋਂ ਵੱਡੀ ਅਤੇ ਸਭ ਤੋਂ ਅਦਿੱਖ ਰੁਕਾਵਟ ਕਲੰਕ ਹੈ। ਲੋਕ ਬਿਮਾਰੀ ਨਾਲੋਂ ਸਮਾਜ ਦੀ ਪ੍ਰਤੀਕਿਰਿਆ ਤੋਂ ਜ਼ਿਆਦਾ ਡਰਦੇ ਹਨ।HIV ਅਜੇ ਵੀ ਨੈਤਿਕਤਾ, ਚਰਿੱਤਰ ਅਤੇ ਨੁਕਸ ਨਾਲ ਜੁੜਿਆ ਹੋਇਆ ਹੈ, ਭਾਵੇਂ ਇਹ ਇੱਕ ਡਾਕਟਰੀ ਸਥਿਤੀ ਹੈ। ਇਹ ਮਾਨਸਿਕਤਾ ਲੋਕਾਂ ਨੂੰ ਟੈਸਟ ਕਰਵਾਉਣ ਤੋਂ ਰੋਕਦੀ ਹੈ, ਇਲਾਜ ਵਿੱਚ ਦੇਰੀ ਕਰਦੀ ਹੈ ਅਤੇ ਲਾਗ ਨੂੰ ਚੁੱਪਚਾਪ ਫੈਲਣ ਦਿੰਦੀ ਹੈ। ਰੈੱਡ ਰਿਬਨ ਕਲੱਬ, ਰੇਡੀਓ ਜਿੰਗਲ ਅਤੇ ਸੋਸ਼ਲ ਮੀਡੀਆ ਮੁਹਿੰਮਾਂ ਨੇ ਜਾਗਰੂਕਤਾ ਪੈਦਾ ਕੀਤੀ ਹੈ, ਪਰ ਇਹ ਸੁਨੇਹਾ ਅਜੇ ਤੱਕ ਪੇਂਡੂ ਖੇਤਰਾਂ ਅਤੇ ਰਵਾਇਤੀ ਸਮਾਜਿਕ ਢਾਂਚਿਆਂ ਤੱਕ ਕਾਫ਼ੀ ਤਾਕਤ ਨਾਲ ਨਹੀਂ ਪਹੁੰਚਿਆ ਹੈ। ਐੱਚਆਈਵੀ ਕੰਟਰੋਲ ਨੂੰ ਸਿਰਫ਼ ਸਿਹਤ ਵਿਭਾਗ ਦੀ ਜ਼ਿੰਮੇਵਾਰੀ ਮੰਨਣਾ ਇੱਕ ਵੱਡੀ ਰਣਨੀਤਕ ਗਲਤੀ ਹੋਵੇਗੀ। ਸੁਰੱਖਿਅਤ ਪ੍ਰਵਾਸ, ਵਰਕਰ ਭਲਾਈ, ਨਸ਼ਾ ਛੁਡਾਊ, ਲਿੰਗ ਸਮਾਨਤਾ, ਅਤੇ ਵਿਗਿਆਨਕ ਸੈਕਸ ਸਿੱਖਿਆ - ਇਹ ਸਾਰੇ ਮੁੱਦੇ ਸਿੱਧੇ ਤੌਰ 'ਤੇ ਇਸ ਸਮੱਸਿਆ ਨਾਲ ਜੁੜੇ ਹੋਏ ਹਨ।ਪ੍ਰਵਾਸੀ ਕਾਮਿਆਂ ਲਈ ਕੰਮ ਵਾਲੀ ਥਾਂ 'ਤੇ ਟੈਸਟਿੰਗ, ਸਲਾਹ ਅਤੇ ਇਲਾਜ ਪ੍ਰਦਾਨ ਕਰਨ ਨਾਲ ਨਾ ਸਿਰਫ਼ ਲਾਗ ਨੂੰ ਕੰਟਰੋਲ ਕੀਤਾ ਜਾ ਸਕਦਾ ਹੈ ਬਲਕਿ ਉਨ੍ਹਾਂ ਦੀ ਉਤਪਾਦਕਤਾ ਅਤੇ ਸਮਾਜਿਕ ਸੁਰੱਖਿਆ ਨੂੰ ਵੀ ਵਧਾਇਆ ਜਾ ਸਕਦਾ ਹੈ।ਆਵਾਜਾਈ, ਕਿਰਤ, ਸਿੱਖਿਆ, ਅਤੇ ਮਹਿਲਾ ਅਤੇ ਬਾਲ ਵਿਕਾਸ ਵਿਭਾਗਾਂ ਨਾਲ ਤਾਲਮੇਲ ਤੋਂ ਬਿਨਾਂ, ਕੋਈ ਵੀ ਯਤਨ ਸਥਾਈ ਨਤੀਜੇ ਨਹੀਂ ਦੇ ਸਕਦਾ।



# ਪਟਿਆਲਾ-ਆਸ/ਪਾਸ



'ਪਟਿਆਲਾ ਵਿਰਾਸਤੀ ਮੇਲਾ-2026'

# ਸ਼ਾਸਤਰੀ ਸੰਗੀਤ ਗਾਇਕਾ ਰੌਣਕਿਨੀ ਗੁਪਤਾ ਦੀ ਦਿਲਕਸ਼ ਗਾਇਕੀ ਨੇ ਖ਼ੂਬਸੂਰਤ ਸ਼ਾਸਤਰੀ ਸੰਗੀਤ ਦੀ ਸ਼ਾਮ ਬਣਾਈ

## ➢ਵਿਧਾਇਕ ਕੋਹਲੀ, ਚੇਅਰਮੈਨ ਬਰਸਟ, ਮੇਅਰ ਕੁੰਦਨ ਗੋਗੀਆ, ਡਿਪਟੀ ਕਮਿਸ਼ਨਰ ਸਮੇਤ ਹੋਰ ਸ਼ਖ਼ਸੀਅਤਾਂ ਨੇ ਸ਼ਾਸਤਰੀ ਸੰਗੀਤ ਦਾ ਆਨੰਦ ਮਾਣਿਆ



ਪਟਿਆਲਾ, 22 ਫਰਵਰੀ (ਰੁਪਾਣਾ/ਅਮਰਜੀਤ/ਦੀਪਕ ਜੈਦਕਾ) : ਪਟਿਆਲਾ ਵਿਰਾਸਤੀ ਮੇਲਾ-2026 ਤਹਿਤ ਅੱਜ ਇੱਥੇ ਵਿਰਾਸਤੀ ਕਿਲਾ ਮੁਬਾਰਕ ਦੇ ਦਰਬਾਰ ਹਾਲ ਦੇ ਖੁੱਲ੍ਹੇ ਵਿਹੜੇ ਵਿਚ ਭਾਰਤੀ ਸ਼ਾਸਤਰੀ ਸੰਗੀਤ ਦੀ ਸ਼ਾਮ ਮੌਕੇ ਸ਼ਾਸ਼ਤਰੀ ਗਾਇਕਾ ਰੌਣਕਿਨੀ ਗੁਪਤਾ ਨੇ ਸ਼ਾਸ਼ਤਰੀ ਗਾਇਨ ਨਾਲ ਸਰੋਤਿਆਂ ਨੂੰ ਮੰਤਰ ਮੁਗਧ ਕੀਤਾ। ਜਦੋਂਕਿ ਚੌਗੁਲਬੰਦੀ ਦੀ ਵਿਲੱਖਣ ਪੇਸ਼ਕਾਰੀ ਨੇ ਇਸ ਸ਼ਾਸ਼ਤਰੀ ਸੰਗੀਤ ਦੀ ਸ਼ਾਮ ਨੂੰ ਸਿਖ਼ਰਾਂ 'ਤੇ ਪਹੁੰਚਾ ਦਿੱਤਾ। ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਦੀ ਅਗਵਾਈ ਹੇਠ ਕਰਵਾਏ ਜਾ ਰਹੇ ਇਸ ਸਮਾਰੋਹ ਮੌਕੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ, ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ, ਨਗਰ ਨਿਗਮ ਦੇ ਮੇਅਰ ਕੁੰਦਨ ਗੋਗੀਆ ਤੇ ਜ਼ਿਲ੍ਹਾ ਯੋਜਨਾ ਕਮੇਟੀ ਚੇਅਰਮੈਨ ਤੇਜਿੰਦਰ ਮਹਿਤਾ ਵੀ ਵਿਸ਼ੇਸ਼ ਤੌਰ 'ਤੇ ਪੁੱਜੇ। ਇਸ ਮੌਕੇ ਡਿਪਟੀ ਕਮਿਸ਼ਨਰ ਨੇ ਵਿਰਾਸਤੀ ਕਿਲਾ ਮੁਬਾਰਕ ਵਿਖੇ ਸਦੀਆਂ ਤੋਂ ਜਲਦੀ ਆ ਰਹੀ ਜੋਤ ਤੋਂ ਮਸ਼ਾਲ ਰਾਹੀਂ ਲਿਆਂਦੀ ਗਈ ਜੋਤ ਨਾਲ ਅੱਗੇ ਸ਼ਮਾ ਰੋਸ਼ਨ ਕਰਕੇ ਇਸ ਉਤਸਵ ਦਾ ਆਗਾਜ਼ ਕੀਤਾ। ਇਸ ਮੌਕੇ ਪ੍ਰਸਿੱਧ ਭਾਰਤੀ ਸ਼ਾਸਤਰੀ ਗਾਇਕਾ ਰੌਣਕਿਨੀ ਗੁਪਤਾ ਨੇ ਰਾਗ ਕੇਦਾਰ, ਵਿਲੰਬਿਤ ਖਿਆਲ, 'ਅਬ ਮਾਨੋ ਮੋਰੀ ਬਾਤ, ਮੱਧ ਲੈ ਰੂਪਕ ਤਾਲ ਵਿੱਚ, 'ਕੰਗਨਵਾ ਬਾਜੇ ਮੋਰਾ', ਅਤੇ ਆੜਾ ਚੌਤਾਲ ਵਿੱਚ ਇੱਕ ਹੋਰ ਤਰਾਨਾ, ਆਪਣੇ ਵੱਲੋਂ ਆਪਣੀਆਂ ਬਣਾਈਆਂ ਤਿੰਨੋਂ ਬੰਦਿਸ਼ਾਂ ਪੇਸ਼ ਕੀਤੀਆਂ। ਉਨ੍ਹਾਂ ਨੇ ਰਾਗ ਭੀਮਪਲਾਸੀ ਕਰਦਿਆਂ ਛੋਟਾ ਖਿਆਲ ਤੀਨ ਤਾਲ ਵਿੱਚ, 'ਦੇਖੋ ਬਿਜੁਰੀਆ' ਅਤੇ ਝਪਤਾਲ ਵਿੱਚ ਆਪਣੇ ਉਸਤਾਦ ਅਬਦੁਲ ਰਸ਼ੀਦ ਖ਼ਾਨ ਸਾਬ੍ਹ ਦੀ ਰਚਨਾ ਤਰਾਨਾ ਓ ਦੇ ਤਾਨਾ ਨਾ' ਦੀ ਮੰਤਰ ਮੁਗਧ ਕਰਨ ਵਾਲੀ ਪੇਸ਼ਕਾਰੀ ਕਰਦਿਆਂ ਦਰਸ਼ਕਾਂ ਨੂੰ ਝੂਮਣ 'ਤੇ ਮਜਬੂਰ ਕੀਤਾ। ਉਨ੍ਹਾਂ ਨਾਲ ਤਬਲੇ 'ਤੇ ਅਸ਼ੀਸ਼ ਰਾਗਵਾਨੀ ਅਤੇ ਹਰਮੋਨੀਅਮ 'ਤੇ ਤਨਮਯ ਮੇਸਤਰੀ ਨੇ ਸੰਗਤੀ ਕੀਤੀ। ਇਸ ਚੌਗਲਬੰਦੀ ਦੀ ਸ਼ੁਰੂਆਤ ਰਾਗ ਜੋਗ 'ਚ ਇੱਕ ਅਲਾਪ ਨਾਲ ਹੋਈ, ਜਿਸ ਤੋਂ ਬਾਅਦ ਤੀਨਤਾਲ 'ਤੇ ਸੈੱਟ ਕੀਤੀਆਂ ਗਈਆਂ ਰਚਨਾਵਾਂ, ਦੋ ਸੁਰੀਲੇ ਸਾਜ਼ਾਂ ਵਿਚਕਾਰ ਇੱਕ ਦਿਲਚਸਪ ਸੰਵਾਦ ਨੂੰ ਪ੍ਰਦਰਸ਼ਿਤ ਕੀਤਾ, ਜਦਕਿ ਤਬਲੇ ਅਤੇ ਮ੍ਰਿਦੰਗਮ ਦੀ ਮੌਜੂਦਗੀ ਨੇ ਇੱਕ ਵਿਲੱਖਣ ਤਾਲਬੱਧ ਪਹਿਲੂ ਜੋੜਿਆ, ਜਿਸ ਨਾਲ ਹਿੰਦੁਸਤਾਨੀ ਅਤੇ ਕਰਨਾਟਕ ਪਰਕਸ਼ਨ ਪ੍ਰੰਪਰਾ ਨੂੰ ਇੱਕ ਲੈਅਬੱਧ ਕਰਦਿਆਂ ਸਮੇਂ ਨੂੰ ਬੰਨ੍ਹ ਦਿੱਤਾ। ਮੰਚ ਸੰਚਾਲਨ ਉੱਤਰ ਖੇਤਰੀ ਸੱਭਿਆਚਾਰਕ ਕੇਂਦਰ ਦੇ ਸਹਾਇਕ ਡਾਇਰੈਕਟਰ ਰਵਿੰਦਰ ਸ਼ਰਮਾ ਨੇ ਕੀਤਾ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਪੁੱਜੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ, ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ, ਨਗਰ ਨਿਗਮ ਦੇ ਮੇਅਰ ਕੁੰਦਨ ਗੋਗੀਆ ਅਤੇ ਜ਼ਿਲ੍ਹਾ ਯੋਜਨਾ ਕਮੇਟੀ ਚੇਅਰਮੈਨ ਤੇਜਿੰਦਰ ਮਹਿਤਾ ਨੇ ਸ਼ਿਰਕਤ ਕੀਤੀ ਤੇ ਕਿਹਾ ਕਿ ਭਾਰਤੀ ਸੰਗੀਤ ਪ੍ਰੰਪਰਾ ਸਦੀਆਂ ਪੁਰਾਣੀ ਹੈ ਪਰੰਤੂ ਸਾਡੀ ਅੱਜ ਦੀ ਪੀੜ੍ਹੀ ਇਸ ਤੋਂ ਦੂਰ ਹੋ ਰਹੀ ਹੈ ਪਰ ਪੰਜਾਬ ਸਰਕਾਰ ਤੇ ਜ਼ਿਲ੍ਹਾ ਪ੍ਰਸ਼ਾਸਨ ਨੇ ਪਟਿਆਲਾ ਹੈਰੀਟੇਜ ਫੈਸਟੀਵਲ ਕਰਵਾਉਣ ਦਾ ਇਹ ਚੰਗਾ ਉਪਰਾਲਾ ਕੀਤਾ ਹੈ। ਉਨ੍ਹਾਂ ਨੇ ਕਿਹਾ ਕਿ ਅਜਿਹੇ ਯਤਨ ਪੰਜਾਬ ਸਰਕਾਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬੇ ਨੂੰ ਰੰਗਲਾ ਪੰਜਾਬ ਬਣਾਉਣ ਲਈ ਸਹਾਈ ਹੋਣਗੇ। ਨੋਡਲ ਅਫ਼ਸਰ ਐਸ ਡੀ ਐਮ ਸਮਾਣਾ ਰਿਚਾ ਗੋਇਲ ਦੀ ਦੇਖ ਰੇਖ ਹੇਠ ਸ਼ਾਹੀ ਸ਼ਾਨ-ਓ-ਸ਼ੌਕਤ ਨਾਲ ਵਿਰਾਸਤੀ ਅੰਦਾਜ 'ਚ ਖ਼ੂਬਸੂਰਤ ਰੌਸ਼ਨੀਆਂ ਨਾਲ ਸਜੇ ਅਤੇ ਜਗਮਗਾਏ ਪਟਿਆਲਾ ਦੇ ਵਿਰਾਸਤੀ ਕਿਲ੍ਹਾ ਮੁਬਾਰਕ ਵਿਖੇ ਮਧੁਰ ਸੰਗੀਤ, ਤੇ ਪੰਛੀਆਂ ਦੀ ਚਹਿਚਹਾਟ ਨੇ ਦਰਸ਼ਕਾਂ ਨੂੰ ਮੋਹ ਲਿਆ। ਇਸ ਮੌਕੇ ਤਾਨੀਆ ਬੈਂਸ, ਏ.ਡੀ.ਸੀ ਸਿਮਰਪ੍ਰੀਤ ਕੌਰ, ਐਸ ਪੀ ਪਲਵਿੰਦਰ ਸਿੰਘ ਚੀਮਾ, ਐਸ ਡੀ ਐਮਜ ਨਮਨ ਮਰਕਨ, ਰਿਚਾ ਗੋਇਲ, ਹਰਜੋਤ ਕੌਰ ਮਾਵੀ, ਮੁੱਖ ਮੰਤਰੀ ਫੀਲਡ ਅਫ਼ਸਰ ਸਤੀਸ਼ ਚੰਦਰ, ਕੌਂਸਲਰ ਅੰਮ੍ਰਿਤ ਪਾਲ ਸਿੰਘ ਪਾਲੀ ਅਤੇ ਰਣਜੀਤ ਸਿੰਘ ਸਮੇਤ ਪਟਿਆਲਾ ਵਾਸੀ ਤੇ ਸੰਗੀਤ ਪ੍ਰੇਮੀਆਂ ਨੇ ਵੱਡੀ ਗਿਣਤੀ 'ਚ ਸ਼ਿਰਕਤ ਕਰਕੇ ਦੇਰ ਰਾਤ ਤੱਕ ਸ਼ਾਸ਼ਤਰੀ ਗਾਇਕੀ ਤੇ ਕਲਾਸੀਕਲ ਡਾਂਸ ਦਾ ਅਨੰਦ ਮਾਣਿਆ।

# ਹਰਚੰਦ ਸਿੰਘ ਬਰਸਟ ਨਾਲ ਡੇਢ ਦਰਜ਼ਨ ਪੰਚਾਇਤਾਂ ਨੇ ਕੀਤੀ ਮੁਲਾਕਾਤ, ਸੁਣੀਆਂ ਮੁਸ਼ਕਲਾਂ

## ➢ ਪੰਜਾਬ ਸਰਕਾਰ ਦੀਆਂ ਨੀਤੀਆਂ ਅਤੇ ਲੋਕ ਹਿਤੈਸ਼ੀ ਕਾਰਜਾਂ ਤੋਂ ਲੋਕ ਬਹੁਤ ਖੁਸ਼ : ਚੇਅਰਮੈਨ



ਸਮਾਣਾ, 22 ਫਰਵਰੀ (ਵਿਜੇ ਕੁਮਾਰ/ਜਵੰਦਾ) : ਆਮ ਆਦਮੀ ਪਾਰਟੀ, ਪੰਜਾਬ ਦੇ ਸੂਬਾ ਜਨਰਲ ਸਕੱਤਰ ਅਤੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਸ. ਹਰਚੰਦ ਸਿੰਘ ਬਰਸਟ ਵੱਲੋਂ ਅੱਜ ਪਟਿਆਲਾ ਦਫ਼ਤਰ ਵਿਖੇ ਆਯੋਜਿਤ ਲੋਕ ਮਿਲਣੀ ਪ੍ਰੋਗਰਾਮ ਦੌਰਾਨ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ ਗਈਆਂ। ਇਸ ਲੋਕ ਮਿਲਣੀ ਪ੍ਰੋਗਰਾਮ ਦੌਰਾਨ ਕਰੀਬ ਦੇਢ ਦਰਜ਼ਨ ਪਿੰਡਾਂ ਦੀਆਂ ਪੰਚਾਇਤਾਂ ਅਤੇ ਹੋਰ ਮੋਹਤਬਰ ਸੱਜਣਾਂ ਵੱਲੋਂ ਸ. ਹਰਚੰਦ ਸਿੰਘ ਬਰਸਟ ਨਾਲ ਮੁਲਾਕਾਤ ਕੀਤੀ ਗਈ। ਸ. ਬਰਸਟ ਨੇ ਸਾਰਿਆਂ ਦੀਆਂ ਮੁਸ਼ਕਲਾਂ ਅਤੇ ਸਮੱਸਿਆਵਾਂ ਨੂੰ ਧਿਆਨ ਨਾਲ ਸੁਣਿਆ ਅਤੇ ਮੌਕੇ ਤੇ ਹੀ ਇਨ੍ਹਾਂ ਦਾ ਨਿਪਟਾਰਾ ਕੀਤਾ। ਇਸ ਮੌਕੇ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਪਿੰਡਾਂ ਅਤੇ ਸ਼ਹਿਰਾਂ ਵਿੱਚ ਕੀਤੇ ਜਾ ਰਹੇ ਵਿਕਾਸ ਕਾਰਜਾਂ ਬਾਰੇ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ। ਇਸ ਦੌਰਾਨ ਸ. ਹਰਚੰਦ ਸਿੰਘ ਬਰਸਟ ਨੇ ਲੋਕਾਂ ਨੂੰ ਭਰੋਸਾ ਦਿਵਾਇਆ ਕਿ ਉਹ ਹਰ ਸਮੇਂ ਲੋਕਾਂ ਦੇ ਨਾਲ ਖੜੇ ਹਨ। ਉਨ੍ਹਾਂ ਦੀ ਹਮੇਸ਼ਾ ਇਹੀ ਕੋਸ਼ਿਸ ਰਹੀ ਹੈ ਕਿ ਲੋਕਾਂ ਨੂੰ ਕਿਸੇ ਵੀ ਤਰ੍ਹਾਂ ਦੀ ਮੁਸ਼ਕਿਲ ਪੇਸ਼ ਨਾ ਆਵੇ, ਜਿਸ ਲਈ ਉਹ ਖੁਦ ਲੋਕਾਂ ਨੂੰ ਮਿਲ ਕੇ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਨਿਪਟਾਰਾ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਅਜਿਹੇ ਲੋਕ ਮਿਲਣ ਪ੍ਰੋਗਰਾਮ ਭਵਿੱਖ ਵਿੱਚ ਵੀ ਆਯੋਜਿਤ ਕੀਤੇ ਜਾਣਗੇ, ਤਾਂ ਜੋ ਲੋਕਾਂ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ ਤੇ ਹੱਲ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਪੰਜਾਬ ਦੇ ਲੋਕਾਂ ਨੂੰ ਚੰਗੀਆਂ ਸਿਹਤ ਸਹੂਲਤਾਂ ਅਤੇ ਸਿੱਖਿਆ ਪ੍ਰਦਾਨ ਕਰਨ ਲਈ ਵਿਸ਼ੇਸ਼ ਪੱਧਰ ਤੇ ਕਾਰਜ ਕੀਤੇ ਜਾ ਰਹੇ ਹਨ। ਇਸਦੇ ਨਾਲ ਹੀ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ ਜਾ ਰਹੀਆਂ ਹਨ। ਪੰਜਾਬ ਸਰਕਾਰ ਨੇ 4 ਸਾਲਾਂ ਦੇ ਕਾਰਜਕਾਲ ਦੌਰਾਨ ਸੂਬੇ ਵਿੱਚ ਵੱਡੇ ਪੱਧਰ ਤੇ ਵਿਕਾਸ ਕਾਰਜ ਕੀਤੇ ਹਨ। ਇਸ ਮੌਕੇ ਹਨੀ ਮਾਹਲਾ ਚੇਅਰਮੈਨ ਮਾਰਕਿਟ ਕਮੇਟੀ ਡਕਾਲਾ, ਮਲਕੀਤ ਸਿੰਘ ਸਰਪੰਚ ਸੰਗਤਪੁਰਾ, ਲਖਵਿੰਦਰ ਸਿੰਘ ਸਰਪੰਚ ਖੇੜੀਬਰਨਾ, ਜਤਿੰਦਰ ਸਿੰਘ ਸਰਪੰਚ ਗੁਰੂ ਨਾਨਕ ਨਗਰ, ਪਰਗਟ ਸਿੰਘ ਸਰਪੰਚ ਢਕੜਬਾ, ਕੁਲਜੀਤ ਸਿੰਘ ਸਰਪੰਚ ਤੁਲੇਵਾਲ, ਗੁਰਨੈਬ ਸਿੰਘ ਸਰਪੰਚ ਫਤਿਹਗੜ ਛੰਨਾ, ਸਰਬਜੀਤ ਸਿੰਘ ਸਰਪੰਚ ਗਾਜੇਵਾਸ, ਗੁਰਮੇਲ ਸਿੰਘ ਸਾਬਕਾ ਸਰਪੰਚ ਫਤਿਹ ਮਾਜਰੀ, ਹਰਜਿੰਦਰ ਸਿੰਘ ਸਾਬਕਾ ਸਰਪੰਚ ਸਰਾਜਪੁਰਾ, ਦਰਸ਼ਨ ਸਿੰਘ ਸਰਪੰਚ ਕਲਾਰਾਂ, ਗੋਰਾ ਸਿੰਘ ਸਰਪੰਚ ਧਰਮਗੜ੍ਹ, ਜਗਤਾਰ ਸਿੰਘ ਸਰਪੰਚ ਬੁਜਰਕ, ਚਰਨਜੀਤ ਸਿੰਘ ਸਰਪੰਚ ਸਹਿਜਪੁਰਾ, ਅਕਾਸ਼ਦੀਪ ਸਿੰਘ ਸਰਪੰਚ ਬਨੇਰਾ ਖੁਰਦ, ਗੁਰਪ੍ਰੀਤ ਸਿੰਘ ਸਰਪੰਚ ਸਰਾਜਪੁਰਾ, ਸੁਖਚੈਨ ਸਿੰਘ ਸਰਪੰਚ ਫਮਣਵਾਲ, ਜਸਪਾਲ ਸਿੰਘ ਸਰਪੰਚ ਕਾਲਾਝਾੜ, ਹਾਕਮ ਸਿੰਘ ਸਰਪੰਚ ਇੱਛੇਵਾਲ, ਗੁਰਪ੍ਰੀਤ ਸਿੰਘ ਸਰਪੰਚ ਘਮਰੌਦਾ, ਲਖਵਿੰਦਰ ਸਿੰਘ ਸਾਬਕਾ ਸਰਪੰਚ ਲਲੌਛੀ, ਜਸਪਾਲ ਸਿੰਘ ਪੰਚ, ਬਘੇਰ ਸਿੰਘ ਪੰਚ, ਦੀਦਾਰ ਸਿੰਘ ਪੰਚ ਸਮੇਤ ਹੋਰ ਲੋਕ ਵੀ ਮੌਜੂਦ ਰਹੇ।

# ਅਮਰ ਸ਼ਹੀਦ ਬਾਬਾ ਅਮਰਜੀਤ ਸਿੰਘ ਅਤੇ ਬਾਬਾ ਜੰਗ ਸਿੰਘ ਦੀ ਯਾਦ 'ਚ ਗੁਰਮਤਿ ਸਮਾਗਮ



ਘਨੌਰ, 22 ਫਰਵਰੀ (ਰਾਜਿੰਦਰ ਸਿੰਘ ਕੰਬੋਜ) : ਧੰਨ-ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਅਤੇ ਅਮਰ ਸ਼ਹੀਦ ਧੰਨ-ਧੰਨ ਬਾਬਾ ਅਮਰਜੀਤ ਸਿੰਘ ਜੀ, ਅਮਰ ਸ਼ਹੀਦ ਧੰਨ-ਧੰਨ ਬਾਬਾ ਜੰਗ ਸਿੰਘ ਜੀ ਦੀ ਮਿੱਠੀ ਯਾਦ ਨੂੰ ਸਮਰਪਿਤ ਗੁਰਦੁਆਰਾ ਸਿੰਘ ਸ਼ਹੀਦਾਂ ਪਿੰਡ ਮੋਹੀ ਖੁਰਦ ਵਿਖੇ ਤਿੰਨ ਦਿਨਾਂ ਸਾਲਾਨਾ ਜੋੜ ਮੇਲ ਕਰਵਾਇਆ ਗਿਆ। ਸਮਾਗਮ ਦੇ ਅਖੀਰਲੇ ਦਿਨ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਪਾਠਾਂ ਦੇ ਭੋਗ ਪਾਉਣ ਉਪਰੰਤ ਕੀਰਤਨ ਦਰਬਾਰ ਕਰਵਾਇਆ ਗਿਆ, ਜਿਸ ਵਿੱਚ ਜਥੇਦਾਰ ਅਵਤਾਰ ਸਿੰਘ ਜੀ ਸੰਪਰਦਾਏ ਬਾਬਾ ਬਿਧੀ ਚੰਦ, ਕਾਰ ਸੇਵਾ ਵਾਲੇ ਮਹਾਂਪੁਰਸ਼ ਅਮਰੀਕ ਸਿੰਘ ਪਟਿਆਲਾ ਵਾਲੇ, ਸੰਤ ਬਾਬਾ ਹਰਬੰਸ ਸਿੰਘ ਹੁਕਮਸਰ ਅੰਬਾਲਾ ਵਾਲੇ, ਗਿਆਨੀ ਵਰਿਆਮ ਸਿੰਘ ਦਮਦਮੀ ਟਕਸਾਲ , ਬਾਬਾ ਦਲਜੀਤ ਸਿੰਘ ਜਲਾਲਪੁਰ ਵਾਲੇ, ਢਾਡੀ ਲਖਵਿੰਦਰ ਸਿੰਘ ਪਾਰਸ ਤੋਂ ਇਲਾਵਾ ਹੋਰ ਰਾਗੀ ਢਾਡੀ ਜਥਿਆ ਨੇ ਪਹੁੰਚ ਕੇ ਆਪਣੇ ਕਥਾ ਕੀਰਤਨ ਅਤੇ ਗੁਰਮਤਿ ਵਿਚਾਰਾਂ ਰਾਹੀਂ ਸਮਾਗਮ ਵਿੱਚ ਪਹੁੰਚੀਆਂ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ। ਸੰਤਾਂ ਮਹਾਂਪੁਰਸ਼ਾਂ ਨੇ ਕਿਹਾ ਕਿ ਇਹ ਇਤਿਹਾਸਿਕ ਸਥਾਨ ਅਮਰ ਸ਼ਹੀਦ ਬਾਬਾ ਅਮਰਜੀਤ ਸਿੰਘ ਅਤੇ ਬਾਬਾ ਜੰਗ ਸਿੰਘ ਜੀ ਦੀ ਯਾਦ ਵਿੱਚ ਬਣਾਇਆ ਗਿਆ ਹੈ, ਜਿਨਾਂ ਦੀ ਸ਼ਹੀਦੀ ਬਾਰੇ ਸੰਗਤਾਂ ਨੂੰ ਵਿਸਥਾਰ ਨਾਲ ਜਾਣੂੰ ਕਰਵਾਇਆ। ਇਸ ਸਮਾਗਮ ਦੌਰਾਨ ਸਿਮਿਰਤਾ ਨਰਸਿੰਗ ਹੋਮ ਰਾਜਪੁਰੇ ਤੋਂ ਡਾਕਟਰ ਸਰਬਜੀਤ ਸਿੰਘ ਦੀ ਟੀਮ ਡਾਕਟਰ ਰਣਦੀਪ ਸਿੰਘ ਅਤੇ ਦੇਵੀ ਦਿਆਲ ਵੱਲੋਂ ਖ਼ੂਨ ਦਾਨ ਅਤੇ ਮੁਫਤ ਮੈਡੀਕਲ ਚੈੱਕਅਪ ਕੈਂਪ ਵੀ ਲਗਾਇਆ ਗਿਆ। ਜਿਸ ਦੌਰਾਨ ਡਾਕਟਰਾਂ ਦੀ ਟੀਮ ਨੇ 38 ਖ਼ੂਨਦਾਨੀਆਂ ਤੋਂ ਖ਼ੂਨ ਇਕੱਤਰ ਕੀਤਾ ਅਤੇ 150 ਦੇ ਕਰੀਬ ਮਰੀਜ਼ਾਂ ਦਾ ਮੁਫਤ ਚੈਕ ਅਪ ਕਰਨ ਉਪਰੰਤ ਦਵਾਈਆਂ ਮੁਫਤ ਵੰਡੀਆਂ। ਇਸ ਖ਼ੂਨਦਾਨ ਕੈਂਪ ਦੌਰਾਨ ਗੁਰਦੁਆਰਾ ਸਿੰਘ ਸ਼ਹੀਦਾਂ ਖਾਲਸਾ ਸੇਵਾ ਸੋਸਾਇਟੀ ਦੇ ਪ੍ਰਬੰਧਕਾਂ ਨੇ ਕਿਹਾ ਕਿ ਹਰੇਕ ਤੰਦਰੁਸਤ ਵਿਅਕਤੀ ਨੂੰ ਖ਼ੂਨਦਾਨ ਜਰੂਰ ਕਰਨਾ ਚਾਹੀਦਾ ਹੈ ਤਾਂ ਜੋ ਇਸ ਇਕੱਤਰ ਖ਼ੂਨ ਨਾਲ ਲੋੜਵੰਦ ਲੋਕਾਂ ਦੀ ਜਾਨ ਬਚਾਈ ਜਾ ਸਕੇ। ਕਥਾ ਕੀਰਤਨੀਆਂ, ਰਾਗੀ ਸਿੰਘਾਂ ਅਤੇ ਢਾਡੀ ਜਥਿਆਂ ਨੂੰ ਸਮਾਗਮ ਦੇ ਪ੍ਰਬੰਧਕਾਂ ਵੱਲੋਂ ਸਿਰਪਾਓ ਦੇ ਕੇ ਸਨਮਾਨਿਤ ਵੀ ਕੀਤਾ ਗਿਆ। ਸਮਾਗਮ ਦੌਰਾਨ ਤਿੰਨੇ ਦਿਨ ਵੱਖ-ਵੱਖ ਤਰ੍ਹਾਂ ਦੇ ਲੰਗਰ ਅਤੁੱਟ ਵਰਤਾਏ ਗਏ। ਇਸ ਮੌਕੇ ਬਾਬਾ ਹਰਬੰਸ ਸਿੰਘ, ਬਾਬਾ ਤਲਵਿੰਦਰ ਸਿੰਘ,ਹਰਵਿੰਦਰ ਸਿੰਘ, ਦਲਜੀਤ ਸਿੰਘ ਬਿੱਲੂ, ਨਿਰਮਲ ਸਿੰਘ, ਪਰਵਿੰਦਰ ਸਿੰਘ, ਗੁਰਸੇਵਕ ਸਿੰਘ, ਜਸਪ੍ਰੀਤ ਸਿੰਘ, ਜਗਮੋਹਣ ਸਿੰਘ, ਗੁਰਵਿੰਦਰ ਸਿੰਘ ,ਰਣਧੀਰ ਸਿੰਘ, ਕਿਰਪਾਲ ਸਿੰਘ, ਨਰਿੰਦਰ ਸਿੰਘ ,ਭੁਪਿੰਦਰ ਸਿੰਘ ਰਵਾਲੋ ਤੋਂ ਇਲਾਵਾ ਗੁਰਦੁਆਰਾ ਸਿੰਘ ਸ਼ਹੀਦਾਂ ਖਾਲਸਾ ਸੇਵਾ ਸੁਸਾਇਟੀ ਮੋਹੀ ਖੁਰਦ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਮੋਹੀ ਖੁਰਦ ਦੇ ਸਮੂਹ ਅਹੁਦੇਦਾਰ, ਨਗਰ ਨਿਵਾਸੀ ਅਤੇ ਇਲਾਕੇ ਦੇ ਪਿੰਡਾਂ ਦੀ ਸੰਗਤ ਬਹੁਤ ਸਾਰੀ ਸੰਗਤ ਹਾਜ਼ਰ ਸੀ।

# ਪੰਜਾਬੀ ਮਾਂ ਬੋਲੀ ਦੇ ਪ੍ਰਚਾਰ ਤੇ ਪ੍ਰਸਾਰ ਲਈ ਜਾਗਰੂਕਤਾ ਮੁਜ਼ਾਹਰਾ




ਸ਼ੇਰਪੁਰ, 22 ਫ਼ਰਵਰੀ (ਬਲਜੀਤ ਸਿੰਘ ਟਿੱਬਾ) : 'ਕੌਮਾਂਤਰੀ ਮਾਂ ਬੋਲੀ ਦਿਵਸ' ਤੇ ਸਾਹਿਤ ਸਭਾ ਸ਼ੇਰਪੁਰ , ਇਲਾਕੇ ਦੇ ਲੇਖਕਾਂ ,ਬੁੱਧੀਜੀਵੀਆਂ ਅਤੇ ਇਲਾਕਾ ਨਿਵਾਸੀਆਂ ਵੱਲੋਂ ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ ਦੇ ਸੱਦੇ ਤੇ ਸਾਹਿਤ ਸਭਾ ਸ਼ੇਰਪੁਰ ਦੇ ਪ੍ਰਧਾਨ ਹਰਜੀਤ ਸਿੰਘ ਕਾਤਿਲ ਦੀ ਅਗਵਾਈ ਹੇਠ ਅੱਜ ਢੋਲ ਵਜਾਵੇ ਨਾਲ ਪੰਜਾਬੀ ਮਾਂ ਬੋਲੀ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਜਾਗਰੂਕਤਾ ਮੁਜਾਹਰਾ ਕੀਤਾ ਗਿਆ, ਜੋ ਕਿ ਬਾਅਦ ਦੁਪਹਿਰ 4 ਵਜੇ ਸ਼ਹੀਦ ਗੁਰਪ੍ਰੀਤ ਸਿੰਘ ਰਾਜੂ ਬੱਸ ਅੱਡਾ ਬੜੀ ਰੋਡ , ਸ਼ੇਰਪੁਰ ਤੋਂ ਸ਼ੁਰੂ ਹੋ ਕੇ ਕਾਤਰੋਂ ਰੋਡ ਵਾਲੇ ਬੱਸ ਅੱਡੇ ਤੇ ਸਮਾਪਤ ਹੋਇਆ । ਕਾਤਰੋਂ ਰੋਡ ਬੱਸ ਸਟੈਂਡ ਤੇ ਮਾਸਟਰ ਹਰਬੰਸ ਸਿੰਘ ਸ਼ੇਰਪੁਰ, ਡਾਕਟਰ ਜਗਜੀਵਨ ਸਿੰਘ ਸਾਬਕਾ ਡੀਐਚ ਓ ,ਮਾਸਟਰ ਜੋਗਿੰਦਰ ਸਿੰਘ ਨਾਗ, ਮਾਸਟਰ ਮਹਿੰਦਰ ਪ੍ਰਤਾਪ , ਡਾ. ਰਣਜੀਤ ਸਿੰਘ ਕਾਲਾ ਬੂਲਾ , ਸੰਦੀਪ ਸਿੰਘ ਗੋਪੀ ਗਰੇਵਾਲ ਨੇ ਇਕੱਠੇ ਹੋਕੇ ਪੰਜਾਬੀ ਮਾਂ ਬੋਲੀ ਲਈ ਲੋਕ ਜਗਾਵਾ ਦਿੰਦੇ ਹੋਏ ਲੋਕਾਂ ਨੂੰ ਸੰਬੋਧਨ ਕੀਤਾ , ਜਿਸਦੀ ਸ਼ੁਰੂਆਤ ਮੁਖਤਿਆਰ ਬੜੈਚ ਅਲਾਲ ਦੇ ਗੀਤ 'ਆਓ ਬਜਾਈਏ ਇਕੱਠੇ ਹੋ ਕੇ ਢੋਲ ਪੰਜਾਬੀ ਦਾ' ਨਾਲ ਹੋਈ । ਮਾਸਟਰ ਹਰਬੰਸ ਸਿੰਘ ਸ਼ੇਰਪੁਰ ਨੇ ਕਿਹਾ ਮਾਂ ਬੋਲੀ ਨੂੰ ਬਚਾਉਣ ਲਈ ਇਸ ਤਰ੍ਹਾਂ ਦੇ ਉਪਰਾਲੇ ਕਰਨਾ ਵਧੀਆ ਗੱਲ ਹੈ। ਮਾ ਜੋਗਿੰਦਰ ਸਿੰਘ ਨਾਗ ਨੇ ਕਿਹਾ ਪੰਜਾਬੀ ਮਾਂ ਬੋਲੀ ਵਿਦੇਸ਼ਾਂ 'ਚ ਪੈਰ ਪਸਾਰ ਰਹੀ ਹੈ ਪ੍ਰੰਤੂ ਪੰਜਾਬ ਵਿੱਚ ਵਿਸਾਰੀ ਜਾਂ ਰਹੀ ਹੈ। ਸਰਬਾਂਗੀ ਲੇਖਕ ਸੁਖਦੇਵ ਸਿੰਘ ਔਲਖ ਨੇ ਜਿੱਥੇ ਕੇਂਦਰ ਸਰਕਾਰ ਦੀ ਆਲੋਚਨਾ ਕਰਦਿਆਂ ਕਿਹਾ ਕਿ ਉਹ ਸਾਡੇ ਲੋਕਾਂ ਉੱਤੇ ਹਿੰਦੀ ਅਤੇ ਅੰਗਰੇਜ਼ੀ ਦਾ ਗਲਬਾ ਠੋਸ ਰਹੀ ਹੈ, ਉੱਥੇ ਪੰਜਾਬ ਸਰਕਾਰ ਵੀ ਸਾਡੀ ਮਾਂ ਬੋਲੀ ਪੰਜਾਬੀ ਪ੍ਰਤੀ ਸੁਹਿਰਦ ਨਹੀਂ ਜਾਪਦੀ ਸੂਬਾ ਸਰਕਾਰ 4 ਸਾਲ ਦਾ ਕਾਰਜਕਾਲ ਲੰਘ ਜਾਣ ਦੇ ਬਾਵਜੂਦ ਵੀ ਪੰਜਾਬੀ ਭਾਸ਼ਾ ਪੂਰੀ ਤਰ੍ਹਾਂ ਦਫਤਰਾਂ ਵਿੱਚ ਲਾਗੂ ਨਹੀਂ ਕਰ ਸਕੀ ਜੋ ਅਤਿ ਨਿੰਦਣ ਯੋਗ ਹੈ । ਡਾਕਟਰ ਜਗਜੀਵਨ ਸਿੰਘ , ਡਾ. ਰਣਜੀਤ ਸਿੰਘ ਕਾਲਾਬੂਲਾ ,ਮਾ.ਮਹਿੰਦਰ ਪ੍ਰਤਾਪ ਨੇ ਸਾਂਝੇ ਤੌਰ 'ਤੇ ਕਿਹਾ ਬੜੀ ਮੁਸ਼ੱਕਤ ਨਾਲ ਕੁਰਬਾਨੀਆਂ ਦੇਕੇ ਪੰਜਾਬੀ ਸੂਬਾ ਹੋਂਦ ਵਿੱਚ ਆਇਆ ਹੈ ਜੋ ਹਾਲੇ ਅਧੂਰਾ ਹੈ , ਪਰ ਸਾਡੇ ਤੇ ਮੁੜ ਹਮਲੇ ਹੋਣੇ ਸ਼ੁਰੂ ਹਨ ਜਿਸ ਲਈ ਆਪਣੀ ਮਾਂ ਬੋਲੀ ਪੰਜਾਬੀ ਨੂੰ ਬਚਾਉਣ ਲਈ ਅਵਾਜ਼ ਬੁਲੰਦ ਕਰਨੀ ਹੋਵੇਗੀ । ਇਸ ਲਈ ਕਾਰਪੋਰੇਟ ਘਰਾਣਿਆਂ ਤੋਂ ਸੁਚੇਤ ਰਹੋ ਆਪਣੇ ਬੱਚਿਆਂ ਨੂੰ ਪੰਜਾਬੀ ਪੜਾਓ ਪੰਜਾਬੀ ਬੋਲਣ ਲਈ ਪ੍ਰੇਰਿਤ ਕਰਦੇ ਰਹੋ । ਇਸ ਮੌਕੇ ਅਮਰਿੰਦਰ ਸਿੰਘ ਟਿੱਬਾ , ਮਾ ਭੋਲਾ ਸਿੰਘ ਟਿੱਬਾ , ਮਾ ਕੁਲਵੰਤ ਸਿੰਘ ਬੁੰਗਾ, ਸੁਖਜੀਤ ਸਿੰਘ ਰਟੋਲ ਸੋਨੀ ਭਗਵਾਨਪੁਰਾ , ਬਲਦੇਵ ਘਨੌਰੀ ਖੁਰਦ ,ਡਾਕਟਰ ਭਰਭੂਰ ਸਿੰਘ ਭੱਠਲ, ਗੁਰਚੇਤ ਸਿੰਘ ਖੇੜੀ ਕਲਾਂ , ਰਾਕੇਸ਼ਪ੍ਰੀਤ ਰਿਸ਼ੀ , ਵੀਰਪਾਲ ਹੇੜੀਕੇ ਤੋਂ ਇਲਾਵਾ ਹੋਰ ਵੀ ਪਤਵੰਤੇ ਹਾਜ਼ਰ ਸਨ ।

# ਸ਼ੀਸ਼ ਮਹਲ 'ਚ ਪੰਜਾਬ ਸਖੀ ਸ਼ਕਤੀ ਕਰਾਫ਼ਟ ਮੇਲੇ ਮੌਕੇ ਵੱਡੀ ਭੀੜ ਨੂੰ ਵੇਖਦਿਆਂ ਤਿੰਨ ਪਾਰਕਿੰਗ ਸਥਾਨ ਨਿਰਧਾਰਤ

## ਵਨ-ਵੇ ਟ੍ਰੈਫ਼ਿਕ, ਨੋ-ਪਾਰਕਿੰਗ 'ਤੇ ਟੋਅ ਕਰਨ ਦੇ ਪ੍ਰਬੰਧ ਵੀ ਲਾਗੂ: ਐਸ.ਪੀ. ਟ੍ਰੈਫ਼ਿਕ

ਪਟਿਆਲਾ, 22 ਫਰਵਰੀ (ਰੁਪਾਣਾ) : ਸ਼ੀਸ਼ ਮਹਲ ਵਿੱਚ 21 ਫਰਵਰੀ ਤੋਂ 2 ਮਾਰਚ 2026 ਤੱਕ ਲੱਗ ਰਹੇ ਪੰਜਾਬ ਸਖੀ ਸ਼ਕਤੀ ਕਰਾਫ਼ਟ ਮੇਲੇ ਦੌਰਾਨ ਵੱਡੀ ਭੀੜ ਨੂੰ ਧਿਆਨ ਵਿੱਚ ਰੱਖਦਿਆਂ ਟ੍ਰੈਫ਼ਿਕ ਪੁਲਿਸ ਪਟਿਆਲਾ ਵੱਲੋਂ ਤਿੰਨ ਪਾਰਕਿੰਗ ਸਥਾਨ ਨਿਰਧਾਰਤ ਕੀਤੇ ਗਏ ਹਨ। ਇਨ੍ਹਾਂ ਵਿੱਚ ਪਾਰਕਿੰਗ 1: ਡਾਕਲਾ ਚੁੰਗੀ ਟੀ-ਪੁਆਇੰਟ, ਸ਼ੀਸ਼ ਮਹਲ ਦੇ ਪਿੱਛੇ, ਪਾਰਕਿੰਗ 2: ਸੰਜੇ ਕਾਲੋਨੀ ਰੋਡ, ਮਹਿੰਦਰਾ ਕਾਲਜ ਦੇ ਸਾਹਮਣੇ ਅਤੇ ਪਾਰਕਿੰਗ 3: ਸਰਕਾਰੀ ਮਹਿੰਦਰਾ ਕਾਲਜ ਪਾਰਕਿੰਗ ਖੇਤਰ ਸ਼ਾਮਲ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ, ਐਸ ਪੀ ਟ੍ਰੈਫ਼ਿਕ ਐਚ ਐਸ ਮਾਨ ਅਤੇ ਡੀਐਸਪੀ ਪੁਨੀਤ ਸਿੰਘ ਚਾਹਲ ਨੇ ਕਿਹਾ ਕਿ ਐਸਐਸਪੀ ਵਰੁਣ ਸ਼ਰਮਾ ਦੇ ਦਿਸ਼ਾ ਨਿਰਦੇਸ਼ਾਂ ਅਧੀਨ ਟ੍ਰੈਫ਼ਿਕ ਪੁਲਿਸ ਨੇ ਖ਼ਾਸਕਰ ਮੇਲੇ ਵਾਲੇ ਇਲਾਕੇ ਵਿੱਚ ਟ੍ਰੈਫ਼ਿਕ ਦੇ ਸੁਚਾਰੂ ਪ੍ਰਬੰਧ ਲਈ ਸਾਰੇ ਲੋੜੀਂਦੇ ਪ੍ਰਬੰਧ ਕੀਤੇ ਹਨ। ਉਨ੍ਹਾਂ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਅਤੇ ਨਗਰ ਨਿਗਮ ਦੀ ਮਦਦ ਨਾਲ ਵਨ-ਵੇ, ਨੋ ਪਾਰਕਿੰਗ ਤੇ ਗਲਤ ਪਾਰਕਿੰਗ 'ਤੇ ਗੱਡੀ ਟੋਅ ਕਰਨ ਦੇ ਟ੍ਰੈਫ਼ਿਕ ਦਾ ਪ੍ਰਬੰਧ ਵੀ ਕੀਤਾ ਗਿਆ ਹੈ। ਐਸ ਪੀ ਮਾਨ ਤੇ ਡੀਐਸਪੀ ਚਾਹਲ ਨੇ ਦੱਸਿਆ ਕਿ ਤਿਆਰ ਤਜਵੀਜ਼ ਅਨੁਸਾਰ, ਐਨਆਈਐਸ ਚੌਂਕ ਤੋਂ ਡਾਕਲਾ ਚੁੰਗੀ ਟੀ-ਪੁਆਇੰਟ ਤੋਂ ਵੱਡੀ ਨਦੀ ਬੰਨ੍ਹਾ ਰੋਡ ਤੱਕ ਵਨ-ਵੇ ਟ੍ਰੈਫ਼ਿਕ, ਨੋ ਪਾਰਕਿੰਗ ਤੇ ਗਲਤ ਪਾਰਕਿੰਗ ਕਰਨ 'ਤੇ ਗੱਡੀ ਟੋਅ ਕਰਨ ਵਾਲਾ ਰੂਟ ਰਹੇਗਾ। ਇਸੇ ਤਰ੍ਹਾਂ ਡਕਾਲਾ ਚੁੰਗੀ ਟੀ-ਪੁਆਇੰਟ ਤੋਂ ਡਕਾਲਾ ਰੋਡ ਚੌਂਕ (ਐਨਆਈਐਸ ਦੇ ਪਿੱਛੇ ਵੱਲ) ਤੱਕ ਵੀ ਇੱਕ ਤਰਫ਼ਾ ਰੂਟ ਦੀ ਵਿਵਸਥਾ ਕੀਤੀ ਗਈ ਹੈ। ਐਸ ਪੀ ਮਾਨ ਨੇ ਦੱਸਿਆ ਕਿ ਐਨਆਈਐਸ ਚੌਂਕ ਅਪਰ ਮਾਲ ਰੋਡ ਜਾਂ ਲੋਅਰ ਮਾਲ ਰੋਡ ਤੋਂ ਆਉਣ ਵਾਲੇ ਵਾਹਨ ਚਾਲਕ ਇੱਕ-ਤਰਫ਼ਾ ਟ੍ਰੈਫ਼ਿਕ ਰੂਟ ਦਾ ਪਾਲਣ ਕਰਦੇ ਹੋਏ ਸ਼ੀਸ਼ ਮਹਲ ਦੇ ਮੁੱਖ ਦਰਵਾਜ਼ੇ ਤੱਕ ਪਹੁੰਚ ਸਕਣਗੇ। ਉਹ ਫਿਰ ਡਕਾਲਾ ਚੁੰਗੀ ਟੀ-ਪੁਆਇੰਟ ਤੋਂ ਸੱਜੇ ਮੁੜ ਕੇ ਪਾਰਕਿੰਗ 1 (ਸ਼ੀਸ਼ ਮਹਲ ਦੇ ਪਿੱਛੇ ਡਕਾਲਾ ਰੋਡ 'ਤੇ) ਵਿੱਚ ਜਾਂ ਖੱਬੇ ਮੁੜ ਕੇ ਸੰਜੇ ਕਾਲੋਨੀ ਰੋਡ 'ਤੇ ਪਾਰਕਿੰਗ 2 ਵਿੱਚ ਆਪਣੀਆਂ ਗੱਡੀਆਂ ਖੜ੍ਹੀਆਂ ਕਰ ਸਕਦੇ ਹਨ। ਇਸ ਤੋਂ ਇਲਾਵਾ ਦਰਸ਼ਕਾਂ ਲਈ ਸਰਕਾਰੀ ਮਹਿੰਦਰਾ ਕਾਲਜ ਦੀ ਪਾਰਕਿੰਗ ਵੀ ਉਪਲੱਬਧ ਹੋਵੇਗੀ। ਪੁਨੀਤ ਸਿੰਘ ਚਹਿਲ ਨੇ ਦੱਸਿਆ ਕਿ ਆਮ ਆਵਾਜਾਈ ਵਾਲੇ ਲੋਕਾਂ ਨੂੰ ਐਨਆਈਐਸ ਚੌਂਕ ਤੋਂ ਸ਼ੀਸ਼ ਮਹਿਲ ਤੋਂ ਡਕਾਲਾ ਚੁੰਗੀ ਤੋਂ ਵੱਡੀ ਨਦੀ ਬੰਨ੍ਹਾਂ ਰੋਡ ਅਤੇ ਸ਼ੀਸ਼ ਮਹਿਲ ਦੇ ਪਿੱਛੇ ਵਾਲੀ ਅੰਦਰੂਨੀ ਡਕਾਲਾ ਰੋਡ ਤੋਂ ਜਾਣ ਲਈ ਗੁਰੇਜ਼ ਕਰਨ ਦੀ ਅਪੀਲ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਘਲੋੜੀ ਗੇਟ ਵੱਲੋਂ ਆਉਣ ਵਾਲੇ ਆਮ ਲੋਕ ਵੱਡੀ ਨਦੀ ਬੰਨ੍ਹਾਂ ਬਾਹਰੀ ਰੋਡ ਰਾਹੀਂ ਹੀ ਡਕਾਲਾ ਰੋਡ ਜਾਂ ਸੂਲਰ ਰੋਡ ਵੱਲ ਜਾ ਸਕਦੇ ਹਨ।

# 80 ਲੀਟਰ ਲਾਹਣ ਸਮੇਤ ਮੁਲਜ਼ਮ ਕਾਬੂ

ਸਮਾਣਾ, 22 ਫਰਵਰੀ (ਵਿਜੇ ਕੁਮਾਰ) : ਸਦਰ ਪੁਲਿਸ ਨੇ ਇੱਕ ਵਿਅਕਤੀ ਨੂੰ 80 ਲੀਟਰ ਲਾਹਣ ਸਮੇਤ ਕਾਬੂ ਕਰਕੇ ਉਸ ਖ਼ਿਲਾਫ਼ ਐਕਸਾਈਜ਼ ਐਕਟ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ। ਮੁਲਜ਼ਮ ਦੀ ਪਛਾਣ ਸਤਨਾਮ ਸਿੰਘ ਵਾਸੀ ਪਿੰਡ ਤਲਵੰਡੀ ਮਲਿਕ ਵਜੋਂ ਹੋਈ ਹੈ। ਸਦਰ ਪੁਲਿਸ ਇੰਚਾਰਜ ਅਜੇ ਕੁਮਾਰ ਪਰੋਚਾ ਨੇ ਦੱਸਿਆ ਕਿ ਏ.ਐੱਸ.ਆਈ. ਰਾਜ ਕੁਮਾਰ ਸ਼ਰਮਾ ਪੁਲਸ ਪਾਰਟੀ ਸਮੇਤ ਗਸ਼ਤ ਦੌਰਾਨ ਬੱਸ ਅੱਡਾ ਕੁਲਾਰਾਂ ਵਿਖੇ ਮੌਜੂਦ ਸਨ। ਉਨ੍ਹਾਂ ਨੂੰ ਸੂਚਨਾ ਮਿਲੀ ਕਿ ਮੁਲਜ਼ਮ ਨਾਜਾਇਜ਼ ਸ਼ਰਾਬ ਕੱਢ ਕੇ ਵੇਚਣ ਦਾ ਆਦੀ ਹੈ ਅਤੇ ਉਸ ਨੇ ਨਾਜਾਇਜ਼ ਸ਼ਰਾਬ ਤਿਆਰ ਕਰਨ ਲਈ ਘਰ ਵਿੱਚ ਲਾਹਣ ਛੁੱਪਾ ਕੇ ਰੱਖੀ ਹੋਈ ਹੈ। ਪੁਲਿਸ ਪਾਰਟੀ ਨੇ ਤੁਰੰਤ ਕਾਰਵਾਈ ਕਰਦਿਆਂ ਜਦੋਂ ਰੇਡ ਕੀਤੀ, ਤਾਂ ਘਰ ਦੇ ਬਾਥਰੂਮ ਵਿੱਚੋਂ 80 ਲੀਟਰ ਲਾਹਣ ਬਰਾਮਦ ਹੋਈ, ਜਿਸ ਤੋਂ ਬਾਅਦ ਮੁਲਜ਼ਮ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ। ਅਧਿਕਾਰੀ ਅਨੁਸਾਰ, ਮੁਲਜ਼ਮ ਨੂੰ ਮਾਨਯੋਗ ਅਦਾਲਤ ਦੇ ਹੁਕਮਾਂ 'ਤੇ ਜੇਲ੍ਹ ਭੇਜ ਦਿੱਤਾ ਗਿਆ ਹੈ।

# ਨਸ਼ੇ ਦਾ ਸੇਵਨ ਕਰਦਾ ਨੌਜਵਾਨ ਕਾਬੂ

ਸਮਾਣਾ, 22 ਫਰਵਰੀ (ਵਿਜੇ ਕੁਮਾਰ) : ਸਦਰ ਪੁਲਸ ਨੇ ਹੈਰੋਇਨ ਦੇ ਨਸ਼ੇ ਦਾ ਸੇਵਨ ਕਰ ਰਹੇ ਇੱਕ ਨੌਜਵਾਨ ਨੂੰ ਲਾਈਟਰ ਅਤੇ ਸਿਲਵਰ ਪੇਪਰ ਸਮੇਤ ਕਾਬੂ ਕਰਕੇ ਉਸ ਖ਼ਿਲਾਫ਼ ਐੱਨ.ਡੀ.ਪੀ.ਐੱਸ. ਐਕਟ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ। ਮੁਲਜ਼ਮ ਦੀ ਪਛਾਣ ਅਮਨਦੀਪ ਸਿੰਘ ਵਾਸੀ ਪਿੰਡ ਡਰੋਲਾ ਵਜੋਂ ਹੋਈ ਹੈ। ਸਦਰ ਪੁਲਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ, ਸਬ-ਇੰਸਪੈਕਟਰ ਜਸਵਿੰਦਰ ਸਿੰਘ ਪੁਲਸ ਪਾਰਟੀ ਸਮੇਤ ਗਸ਼ਤ ਦੌਰਾਨ ਅਸਰਪੁਰ ਚੁਪਕੀ ਟੋਲ ਪਲਾਜ਼ਾ 'ਤੇ ਮੌਜੂਦ ਸਨ। ਉਸ ਸਮੇਂ ਉਨ੍ਹਾਂ ਨੂੰ ਸੂਚਨਾ ਮਿਲੀ ਕਿ ਉਕਤ ਨੌਜਵਾਨ ਪਿੰਡ ਡਰੋਲੀ ਦੀ ਅਨਾਜ ਮੰਡੀ ਕੋਲ ਬੈਠਾ ਨਸ਼ੇ ਦਾ ਸੇਵਨ ਕਰ ਰਿਹਾ ਹੈ। ਪੁਲਸ ਪਾਰਟੀ ਨੇ ਮੌਕੇ 'ਤੇ ਰੇਡ ਕਰਕੇ ਇੱਕ ਲਾਈਟਰ ਅਤੇ ਸਿਲਵਰ ਪੇਪਰ ਬਰਾਮਦ ਕੀਤਾ, ਜਿਸ ਤੋਂ ਬਾਅਦ ਮੁਲਜ਼ਮ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ। ਅਧਿਕਾਰੀ ਅਨੁਸਾਰ, ਮਾਨਯੋਗ ਅਦਾਲਤ ਦੇ ਹੁਕਮਾਂ 'ਤੇ ਮੁਲਜ਼ਮ ਨੂੰ ਨਸ਼ਾ ਛੁਡਾਊ ਕੇਂਦਰ ਭੇਜ ਦਿੱਤਾ ਗਿਆ ਹੈ।

# ਮਜ਼ਦੂਰਾਂ ਦੇ ਹੱਕਾਂ 'ਤੇ ਕੋਈ ਸਮਝੌਤਾ ਨਹੀਂ

## ਪਿੰਡ ਬੈਹਿਰੂ ਵਿਖੇ ਨਿਰਮਲ ਸਿੰਘ ਭੱਟੀਆਂ ਵੱਲੋਂ ਮੀਟਿੰਗ



ਦੇਵੀਗੜ੍ਹ, 22 ਫ਼ਰਵਰੀ (ਗੁਰਜੀਤ ਸਿੰਘ ਢੌਟ) : ਪਿੰਡ ਬਹਿਰੂ ਵਿੱਚ ਮਨਰੇਗਾ ਬਚਾਓ ਸੰਗਰਾਮ ਤਹਿਤ ਹੋਈ ਮੀਟਿੰਗ ਨੇ ਇਲਾਕੇ ਦੀ ਰਾਜਨੀਤਿਕ ਅਤੇ ਸਮਾਜਿਕ ਸਰਗਰਮੀ ਨੂੰ ਨਵਾਂ ਜੋਸ਼ ਦੇ ਦਿੱਤਾ। ਹਲਕਾ ਸਨੌਰ ਦੇ ਸੀਨੀਅਰ ਕਾਂਗਰਸੀ ਆਗੂ ਨਿਰਮਲ ਸਿੰਘ ਭੱਟੀਆਂ ਦੀ ਅਗਵਾਈ ਹੇਠ ਹੋਈ ਇਸ ਬੈਠਕ ਵਿੱਚ ਵੱਡੀ ਗਿਣਤੀ ਵਿੱਚ ਮਜ਼ਦੂਰ, ਨੌਜਵਾਨ ਅਤੇ ਪਿੰਡ ਬੈਹਿਰੂ ਵਾਸੀ ਸ਼ਾਮਲ ਹੋਏ। ਆਪਣੇ ਸੰਬੋਧਨ ਵਿੱਚ ਨਿਰਮਲ ਸਿੰਘ ਭੱਟੀਆਂ ਨੇ ਕਿਹਾ ਕਿ ਮਨਰੇਗਾ ਗਰੀਬ ਪਰਿਵਾਰਾਂ ਦੀ ਆਰਥਿਕ ਰੀੜ੍ਹ ਦੀ ਹੱਡੀ ਹੈ ਅਤੇ ਇਸ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾਵੇਗਾ। ਉਨ੍ਹਾਂ ਨੇ ਦੋ ਟੋਕ ਸ਼ਬਦਾਂ ਵਿੱਚ ਕਿਹਾ ਕਿ ਮਜ਼ਦੂਰਾਂ ਦੇ ਹੱਕਾਂ ਦੀ ਰੱਖਿਆ ਲਈ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ ਅਤੇ ਜੇ ਲੋੜ ਪਈ ਤਾਂ ਵੱਡੇ ਪੱਧਰ 'ਤੇ ਅੰਦੋਲਨ ਕੀਤਾ ਜਾਵੇਗਾ। ਇਸ ਮੌਕੇ ਪਰਮਜੀਤ ਸਾਬਕਾ ਸਰਪੰਚ, ਰਾਮੇਸ਼ਵਰ ਸ਼ਰਮਾ,ਬਲਦੇਵ ਨੰਬਰਦਾਰ, ਚੌਧਰੀ ਗੁਰਮੇਲ ਸਿੰਘ,ਕਸ਼ਮੀਰੀ ਸਿੰਘ ਸੰਧੂ, ਗੁਰਭੇਜ ਸਿੰਘ ਸੰਧੂ, ਚੌਧਰੀ ਈਸ਼ਵਰ ਸਿੰਘ, ਰਵੀ , ਪ੍ਰੇਮ ਪ੍ਰਧਾਨ,ਦਰਸ਼ਨ ਚੌਧਰੀ,ਹਰਕੇਸ ਚੌਧਰੀ,ਕਾਨ ਸਿੰਘ ਰਾਣਾ,ਕੁਲਦੀਪ ਕਾਲਾ ਸਨੌਰ ਗੁਰਮੀਤ ਬਾਵਾ,ਤਰਨ ਗਨੌਰ,ਸੋਨੀ ਕਪੂਰੀ, ਪਰਮਜੀਤ ਸਿੰਘ ਅਤੇ ਸਮੂਹ ਪਿੰਡ ਬਹਿਰੂ ਵਾਸੀ ਹਾਜ਼ਰ ਸਨ।

# ਗੁਰਮੁਖੀ ਅੱਖਰਕਾਰੀ 'ਤੇ ਵਰਕਸ਼ਾਪ ਕਰਵਾਈ

ਪਟਿਆਲਾ, 22 ਫਰਵਰੀ (ਚ.ਨ.ਸ.) : ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ ਉੱਤੇ ਸਰਕਾਰੀ ਮਹਿੰਦਰਾ ਕਾਲਜ ਪਟਿਆਲਾ ਵਿਖੇ ਪ੍ਰਿੰਸੀਪਲ ਡਾ. ਨਿਸ਼ਠਾ ਤ੍ਰਿਪਾਠੀ ਦੀ ਅਗਵਾਈ ਅਧੀਨ ਪੰਜਾਬੀ ਵਿਭਾਗ ਵੱਲੋਂ ਗੁਰਮੁਖੀ ਅੱਖਰਕਾਰੀ ਉੱਤੇ ਵਰਕਸ਼ਾਪ ਕਰਵਾਈ ਗਈ। ਇਸ ਵਰਕਸ਼ਾਪ ਵਿੱਚ ਪ੍ਰਿੰਸੀਪਲ ਡਾ. ਨਿਸ਼ਠਾ ਤ੍ਰਿਪਾਠੀ ਦੀ ਗ਼ੈਰ ਮੌਜੂਦਗੀ ਵਿੱਚ ਉਹਨਾਂ ਦੀ ਨੁਮਾਇੰਦਗੀ ਪ੍ਰੋ. ਅੰਮ੍ਰਿਤ ਸਮਰਾ ਨੇ ਕੀਤੀ। ਵਰਕਸ਼ਾਪ ਵਿੱਚ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ ਗੁਰਮੁਖੀ ਅੱਖਰਕਾਰੀ ਦੇ ਮਾਹਿਰ ਸ.ਮਹਿਤਾਬ ਸਿੰਘ ਨੇ ਸ਼ਿਰਕਤ ਕੀਤੀ। ਵਰਕਸ਼ਾਪ ਦੀ ਸ਼ੁਰੂਆਤ ਕਰਦਿਆਂ ਪ੍ਰੋ. ਜਸਪਾਲ ਸਿੰਘ ਨੇ ਗੁਰਮੁਖੀ ਲਿਪੀ ਦੇ ਪੰਜਾਬੀ ਸਭਿਆਚਾਰ ਨਾਲ ਅੰਤਰ ਸੰਬੰਧਾਂ ਬਾਰੇ ਚਰਚਾ ਕੀਤੀ। ਇਸ ਵਰਕਸ਼ਾਪ ਵਿੱਚ ਪੰਜਾਬੀ ਵਿਭਾਗ ਦੇ ਅਧਿਆਪਕ ਪ੍ਰੋ. ਦਲਜੀਤ ਕੌਰ, ਪ੍ਰੋ. ਪ੍ਰਭਜੀਤ ਕੌਰ, ਪ੍ਰੋ. ਜਸਵੀਰ ਸਿੰਘ, ਪ੍ਰੋ. ਸੁਖਵਿੰਦਰ ਸਿੰਘ, ਪ੍ਰੋ. ਗਗਨਦੀਪ ਸਿੰਘ, ਪ੍ਰੋ. ਸੰਦੀਪ ਸਿੰਘ ਅਤੇ ਮੈਥ ਵਿਭਾਗ ਤੋਂ ਪ੍ਰੋ. ਚਮਕੌਰ ਅਤੇ ਲਾਇਬ੍ਰੇਰੀਅਨ ਸੁਖਵਿੰਦਰ ਸਿੰਘ ਨੇ ਸ਼ਿਰਕਤ ਕੀਤੀ।

ੴ
ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ॥

ਹੋਲਾ ਮਹੱਲਾ ਨਗਰ ਕੀਰਤਨ
ਮਿਤੀ : 28 ਫਰਵਰੀ 2026 ਦਿਨ ਸ਼ਨੀਵਾਰ ਨੂੰ ਸਵੇਰੇ 10.00 ਵਜੇ

ਮਹਾਨ ਗੁਰਮਤਿ ਸਮਾਗਮ
ਮਿਤੀ : 1 ਤੇ 2 ਮਾਰਚ 2026 ਦਿਨ ਐਤਵਾਰ ਅਤੇ ਸੋਮਵਾਰ ਸਵੇਰੇ 10 ਤੋਂ 2 ਵਜੇ ਤੱਕ

ਆਪ ਜੀ ਨੂੰ ਇਹ ਜਾਣ ਕੇ ਹਾਰਦਿਕ ਪ੍ਰਸੰਨਤਾ ਹੋਵੇਗੀ ਕਿ ਸਿੱਖ ਪੰਥ ਦੇ ਮਹਾਨ ਕੀਰਤਨੀਏ ਭਾਈ ਲਖਵਿੰਦਰ ਸਿੰਘ ਜੀ ਦੇ ਉੱਦਮ ਸਦਕਾ ਪਟਿਆਲਾ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪ੍ਰਵਾਰ ਵੱਲੋਂ **ਪਿਛਲੇ 8 ਸਾਲਾਂ ਤੋਂ ਗੁਰਮਤਿ ਸੰਗੀਤ ਅਕੈਡਮੀ**, ਗੁ. ਭਾਈ ਰਾਮ ਕਿਸ਼ਨ ਜੀ, ਸ਼ੇਰਾਂ ਵਾਲਾ ਗੇਟ, ਪਟਿਆਲਾ ਵਿਖੇ ਸ਼ੁਰੂ ਕੀਤੀ ਹੋਈ ਹੈ। ਜਿੱਥੇ ਹੁਣ ਤੱਕ 250 ਦੇ ਕ੍ਰੀਬ ਗ਼ਰੀਬ, ਲੋੜਵੰਦ, ਸੂਰਮੇ, ਬੱਚੇ ਕੀਰਤਨ ਦੀ ਦਾਤ ਪ੍ਰਾਪਤ ਕਰ ਚੁੱਕੇ ਹਨ। ਮੌਜੂਦਾ ਅਸਥਾਨ ਵਿਖੇ ਥਾਂ ਦੀ ਘਾਟ ਹੋਣ ਕਾਰਨ, **ਚੜ੍ਹਦੀਕਲਾ ਟਾਈਮ ਟੀ.ਵੀ., ਰੋਜ਼ਾਨਾ ਚੜ੍ਹਦੀਕਲਾ ਅਤੇ ਸ੍ਰੀ ਗੁਰੂ ਹਰਿ ਕ੍ਰਿਸ਼ਨ ਪਬਲਿਕ ਸਕੂਲਾਂ ਦੇ ਸਹਿਯੋਗ ਨਾਲ ਬਹਾਦਰਗੜ੍ਹ-ਰਾਏਪੁਰ ਰੋਡ ਉੱਤੇ ਪਿੰਡ ਭੱਠਲਾਂ ਵਿਖੇ** ਬੱਚਿਆਂ ਦੀ ਰਿਹਾਇਸ਼ ਤੇ ਅਕੈਡਮੀ ਲਈ ਬਣਨ ਵਾਲੀ ਨਵੀਂ ਇਮਾਰਤ ਦੀ ਉਸਾਰੀ ਦੀ ਖੁਸ਼ੀ ਵਿੱਚ ਅਕਾਲ ਪੁਰਖ ਦੇ ਸ਼ੁਕਰਾਨੇ ਵਜੋਂ **1 ਤੇ 2 ਮਾਰਚ, 2026 ਦਿਨ ਐਤਵਾਰ ਤੇ ਸੋਮਵਾਰ ਨੂੰ ਸਵੇਰੇ 10 ਤੋਂ 2 ਵਜੇ** ਮਹਾਨ ਗੁਰਮਤਿ ਸਮਾਗਮਾਂ ਦਾ ਆਯੋਜਨ ਕੀਤਾ ਜਾ ਰਿਹਾ ਹੈ।

**ਸਿੱਖ ਪੰਥ ਦੇ ਪ੍ਰਸਿੱਧ ਰਾਗੀ ਭਾਈ ਜਸਕਰਨ ਸਿੰਘ ਜੀ, ਭਾਈ ਸੁਰਿੰਦਰ ਸਿੰਘ ਜੀ, ਭਾਈ ਨਛੱਤਰ ਸਿੰਘ ਜੀ** ਦੋਵੇਂ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਸਿੰਘ ਸਾਹਿਬ ਗਿ. ਕੁਲਦੀਪ ਸਿੰਘ ਜੀ ਗੜਗੱਜ, ਜੱਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ; ਸਿੰਘ ਸਾਹਿਬ ਗਿ. ਪ੍ਰਣਾਮ ਸਿੰਘ ਜੀ, ਸਿੰਘ ਸਾਹਿਬ ਗਿ. ਪ੍ਰਿਤਪਾਲ ਸਿੰਘ ਜੀ, ਹੈੱਡ ਗ੍ਰੰਥੀ, ਗੁ. ਸ੍ਰੀ ਦੂਖ ਨਿਵਾਰਨ ਸਾਹਿਬ, ਸਿੰਘ ਸਾਹਿਬ ਗਿ. ਅਵਤਾਰ ਸਿੰਘ ਜੀ, ਹੈੱਡ ਗ੍ਰੰਥੀ ਗੁ. ਬਹਾਦਰਗੜ੍ਹ ਸਾਹਿਬ, ਸਿੰਘ ਸਾਹਿਬ ਗਿ. ਹਰਵਿੰਦਰ ਸਿੰਘ ਜੀ, ਹੈੱਡ ਗ੍ਰੰਥੀ ਗੁ. ਮੋਤੀ ਬਾਗ਼ ਸਾਹਿਬ ਉਚੇਚੇ ਤੌਰ 'ਤੇ ਪਹੁੰਚਣਗੇ।

**ਹੋਲਾ ਮਹੱਲਾ ਤੇ ਨਗਰ ਕੀਰਤਨ ਇਤਿਹਾਸਕ ਗੁ. ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ, ਬਹਾਦਰਗੜ੍ਹ ਤੋਂ ਆਰੰਭ ਹੋਵੇਗਾ**
**ਜੋ ਮੇਨ ਬਜ਼ਾਰ, ਅਹਿਮਦਪੁਰ ਅਤੇ ਭੱਠਲਾਂ ਵਿਚੋਂ ਹੁੰਦਾ ਹੋਇਆ**
**ਗੁ. ਸਚਖੰਡ ਦਰਬਾਰ, ਸਚਖੰਡ ਐਨਕਲੇਵ, ਗਿਆਨ ਕਲੋਨੀ, ਪਿੰਡ ਭੱਠਲਾਂ ਵਿਖੇ ਸਮਾਪਤ ਹੋਵੇਗਾ।**
**ਇਲਾਕੇ ਦੀਆਂ ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਨਗਰ ਕੀਰਤਨ ਅਤੇ**
**ਗੁਰਮਤਿ ਸਮਾਗਮਾਂ ਵਿੱਚ ਸ਼ਾਮਲ ਹੋ ਕੇ ਸਤਿਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।**

ਭਾਈ ਲਖਵਿੰਦਰ ਸਿੰਘ
ਹਜ਼ੂਰੀ ਰਾਗੀ ਸ੍ਰੀ ਅੰਮ੍ਰਿਤਸਰ ਸਾਹਿਬ
(ਮੁੱਖ ਸੇਵਾਦਾਰ)

ਡਾ. ਜਗਜੀਤ ਸਿੰਘ ਦਰਦੀ
'ਪਦਮ ਸ਼੍ਰੀ' ਐਵਾਰਡੀ
ਚੇਅਰਮੈਨ, ਚੜ੍ਹਦੀਕਲਾ ਗਰੁੱਪ

ਭਾਈ ਜੋਗਿੰਦਰ ਸਿੰਘ ਜੀ
(ਅਕੈਡਮੀ ਇੰਚਾਰਜ)
ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪ੍ਰਵਾਰ

ਭਾਈ ਹਰਪਾਲ ਸਿੰਘ ਜੀ
ਭਾਈ ਰਮਨਦੀਪ ਸਿੰਘ ਜੀ
ਟਰੱਸਟੀ, ਸ੍ਰੀ ਗੁਰੂ ਗੋਬਿੰਦ ਸਿੰਘ ਪ੍ਰਵਾਰ

ਸਮੂਹ ਵਿਦਿਆਰਥੀ,
ਗੁਰਮਤਿ ਸੰਗੀਤ ਅਕੈਡਮੀ



# ਪਟਿਆਲਾ-ਆਸ/ਪਾਸ



# ਪੰਚਮੀ ਦੇ ਦਿਹਾੜੇ ਮੌਕੇ ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਵਿਖੇ ਸੰਗਤਾਂ ਵੱਡੀ ਗਿਣਤੀ 'ਚ ਹੋਈਆਂ ਨਤਮਸਤਕ

### ➢ਸਾਕਾ ਨਨਕਾਣਾ ਸਾਹਿਬ ਨੂੰ ਸਮਰਪਿਤ ਗੁਰਦੁਆਰਾ ਸਾਹਿਬ ਦੀਵਾਨ ਹਾਲ ਵਿਖੇ ਗੁਰਮਤਿ ਸਮਾਗਮ

ਪਟਿਆਲਾ 22 ਫਰਵਰੀ (ਵਿਨੋਦ ਸ਼ਰਮਾ/ਰੁਪਾਣਾ/ਅਮਰਜੀਤ) : ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ ਪਾਵਨ ਅਸਥਾਨ ਗੁਰਦੁਆਰਾ ਸ੍ਰੀ ਦੂਖ-ਨਿਵਾਰਨ ਸਾਹਿਬ ਵਿਖੇ ਪੰਚਮੀ ਦਾ ਦਿਹਾੜਾ ਸੰਗਤਾਂ ਵੱਲੋਂ ਗੁਰੂ ਘਰ ਨਤਮਸਤਕ ਹੋ ਕੇ ਸ਼ਰਧਾ ਭਾਵਨਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਅੱਜ ਦਾ ਇਹ ਦਿਹਾੜਾ ਸਾਕਾ ਨਨਕਾਣਾ ਸਾਹਿਬ ਦੇ ਸ਼ਹੀਦਾਂ ਨੂੰ ਸਮਰਪਿਤ ਕੀਤਾ ਗਿਆ ਅਤੇ ਇਸ ਦੌਰਾਨ ਗੁਰਦੁਆਰਾ ਸਾਹਿਬ ਦੇ ਦੀਵਾਨ ਹਾਲ ਵਿਖੇ ਸਾਕਾ ਨਨਕਾਣਾ ਸਾਹਿਬ ਦੇ ਸਮੂਹ ਸ਼ਹੀਦਾਂ ਨੂੰ ਸਮਰਪਿਤ ਗੁਰਮਤਿ ਸਮਾਗਮ ਵੀ ਕਰਵਾਇਆ ਗਿਆ। ਪੰਚਮੀ ਦੇ ਪਵਿੱਤਰ ਦਿਹਾੜੇ ਮੌਕੇ ਤੜਕ ਸਵੇਰੇ ਕਿਵਾੜ ਖੁੱਲ੍ਹਣ ਮਗਰੋਂ ਸੰਗਤਾਂ ਵੱਡੀ ਗਿਣਤੀ ਵਿਚ ਗੁਰੂ ਘਰ ਨਤਮਸਤਕ ਹੋਈਆਂ।



ਹੈੱਡ ਗ੍ਰੰਥੀ ਭਾਈ ਪ੍ਰਨਾਮ ਸਿੰਘ ਨੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਅਤੇ ਕਥਾ ਪ੍ਰਵਾਹ ਰਾਹੀਂ ਗਿਆਨੀ ਪ੍ਰਿਤਪਾਲ ਸਿੰਘ ਨੇ ਸੰਗਤਾਂ ਨੂੰ ਸਾਕਾ ਨਨਕਾਣਾ ਸਾਹਿਬ ਦੇ ਸਮੂਹ ਸ਼ਹੀਦਾਂ ਨੂੰ ਸ਼ਰਧਾ ਸਤਿਕਾਰ ਭੇਂਟ ਕੀਤਾ। ਗੁਰੂ ਦਰਬਾਰ ਵਿਚ ਨਤਮਸਤਕ ਹੋਣ ਵਾਲੀਆਂ ਸੰਗਤਾਂ ਨੇ ਗੁਰੂ ਘਰ ਦੇ ਪਵਿੱਤਰ ਸਰੋਵਰ ਵਿਚ ਇਸ਼ਨਾਨ ਕੀਤਾ ਅਤੇ ਪੰਗਤ ਸੰਗਤ ਕਰਕੇ ਗੁਰੂ ਸਾਹਿਬ ਦੀਆਂ ਖ਼ੁਸ਼ੀਆਂ ਪ੍ਰਾਪਤ ਕੀਤੀਆਂ। ਸਾਕਾ ਨਨਕਾਣਾ ਸਾਹਿਬ ਦੇ ਸਮੂਹ ਸ਼ਹੀਦਾਂ ਨੂੰ ਸਮਰਪਿਤ ਕਰਵਾਏ ਗਏ ਗੁਰਮਤਿ ਸਮਾਗਮ ਦੌਰਾਨ ਉਚੇਚੇ ਤੌਰ 'ਤੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ, ਅੰਤਰੰਗ ਕਮੇਟੀ ਮੈਂਬਰ ਜਥੇਦਾਰ ਸੁਰਜੀਤ ਸਿੰਘ ਗੜ੍ਹੀ ਅਤੇ ਜਥੇਦਾਰ ਜਸਮੇਰ ਸਿੰਘ ਲਾਲੜੂ ਵੀ ਉਚੇਚੇ ਤੌਰ 'ਤੇ ਪੁੱਜੇ। ਗੁਰਮਤਿ ਸਮਾਗਮ ਦੌਰਾਨ ਢਾਡੀ ਕਵੀ ਜੱਥਿਆਂ ਵਿਚ ਅਮਰੀਕ ਸਿੰਘ ਜਨੇਤਪੁਰ, ਬੀਬੀ ਮੁਖ਼ਤਿਆਰ ਕੌਰ, ਬੀਬੀ ਜਸਵੀਰ ਕੌਰ ਫੱਗੂਵਾਲਾ, ਗੁਰਪਿਆਰ ਸਿੰਘ ਜੌਹਰ, ਸੁਖਜਿੰਦਰ ਸਿੰਘ ਚੰਗਿਆੜਾ, ਰਵਿੰਦਰ ਸਿੰਘ ਸ਼ੇਰਗਿੱਲ ਨੇ ਸੰਗਤਾਂ ਨੂੰ ਸਾਕਾ ਨਨਕਾਣਾ ਸਾਹਿਬ ਦੇ ਇਤਿਹਾਸ ਨੂੰ ਆਪਣੀਆਂ ਵਾਰਾਂ ਰਾਹੀਂ ਪੇਸ਼ ਕੀਤਾ। ਇਸ ਮੌਕੇ ਸੰਗਤਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ, ਅੰਤਰੰਗ ਕਮੇਟੀ ਮੈਂਬਰ ਜਥੇਦਾਰ ਸੁਰਜੀਤ ਸਿੰਘ ਗੜ੍ਹੀ ਨੇ ਸਾਕਾ ਨਨਕਾਣਾ ਦੇ ਸਮੂਹ ਸ਼ਹੀਦਾਂ ਨੂੰ ਸਤਿਕਾਰ ਭੇਟ ਕਰਦਿਆਂ ਕਿਹਾ ਕਿ ਆਪਣੇ ਗੁਰਧਾਮਾਂ ਨੂੰ ਬਚਾਉਣ ਲਈ ਸੈਂਕੜੇ ਸਿੰਘਾਂ ਅਤੇ ਸਿੰਘਣੀਆਂ ਨੇ ਸ਼ਹੀਦੀਆਂ, ਜਿਨ੍ਹਾਂ ਦੀਆਂ ਲਾਸਾਨੀ ਸ਼ਹਾਦਤਾਂ ਸਾਡੇ ਲਈ ਹਮੇਸ਼ਾ ਚਾਨਣ ਮੁਨਾਰਾ ਰਹਿ ਕੇ ਕੰਮ ਕਰਦੀਆਂ ਰਹਿਣਗੀਆਂ।ਪ੍ਰੋ. ਬਡੂੰਗਰ ਨੇ ਕਿਹਾ ਕਿ ਅਮਰ ਸ਼ਹੀਦ ਭਾਈ ਲਛਮਣ ਸਿੰਘ ਅਜਿਹੇ ਸ਼ਹੀਦ ਸਨ, ਜਿਨ੍ਹਾਂ ਦੀ ਸ਼ਹੀਦੀ ਸਿੱਖੀ ਸਿਦਕ ਸਵਾਸਾਂ ਨਾਲ ਨਿਭੀ, ਜੋ ਜੰਡ ਨਾਲ ਪੁੱਠਾ ਟੰਗ ਕੇ ਸਾੜ ਦਿੱਤੇ ਗਏ ਅਤੇ ਇਸ ਘਟਨਾ ਨੇ ਸਾਰੇ ਪੰਥ ਨੂੰ ਹਿਲਾ ਕੇ ਰੱਖ ਦਿੱਤਾ ਸੀ। ਇਸ ਮੌਕੇ ਗੁਰਦੁਆਰਾ ਪ੍ਰਬੰਧਕ ਮੈਨੇਜਰ ਭਾਗ ਸਿੰਘ ਨੇ ਪੁੱਜੀਆਂ ਸ਼ਖ਼ਸੀਅਤਾਂ ਅਤੇ ਢਾਡੀ ਕਵੀਸ਼ਰੀ ਜਥਿਆਂ ਨੂੰ ਸਿਰੋਪਾਉ ਵੀ ਭੇਟ ਕੀਤੇ। ਸਮਾਗਮ ਦੌਰਾਨ ਹੋਰਨਾਂ ਤੋਂ ਇਲਾਵਾ ਐਡੀਸ਼ਨਲ ਮੈਨੇਜਰ ਮਨਦੀਪ ਸਿੰਘ ਭਲਵਾਨ, ਮੀਤ ਮੈਨੇਜਰ ਨਵਜਿੰਦਰ ਸਿੰਘ, ਪ੍ਰਚਾਰਕ ਪਰਵਿੰਦਰ ਸਿੰਘ ਰਿਉਂਦ, ਅਵਤਾਰ ਸਿੰਘ ਬੱਲੋਪੁਰ, ਅਕਾਊਂਟੈਂਟ ਗੁਰਮੀਤ ਸਿੰਘ, ਸਰਬਜੀਤ ਸਿੰਘ, ਹਜ਼ੂਰ ਸਿੰਘ, ਸੁਖਦੇਵ ਸਿੰਘ ਕਾਹਲ ਵਾਂ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਅਧਿਕਾਰੀ ਤੇ ਸਟਾਫ਼ ਮੈਂਬਰ ਆਦਿ ਸ਼ਾਮਲ ਸਨ।

## 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਸਿਵਲ ਅਤੇ ਜ਼ਿਲ੍ਹਾ ਪੁਲਿਸ ਵੱਲੋਂ ਨਸ਼ਾ ਤਸਕਰ ਦੀ ਗ਼ੈਰਕਾਨੂੰਨੀ ਜਾਇਦਾਦ ਢਹਿ -ਢੇਰੀ

ਅਮਰਗੜ੍ਹ/ਮਲੇਰਕੋਟਲਾ, 22 ਫਰਵਰੀ (ਬਲਜੀਤ ਸਿੰਘ ਟਿੱਬਾ) : ਪੰਜਾਬ ਸਰਕਾਰ ਵੱਲੋਂ ਨਸ਼ਿਆਂ ਦੇ ਖ਼ਿਲਾਫ਼ ਚਲਾਈ ਜਾ ਰਹੀ ਵਿਸ਼ੇਸ਼ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਤਹਿਤ ਮਾਲੇਰਕੋਟਲਾ ਪੁਲਿਸ ਵੱਲੋਂ ਸਖ਼ਤ ਕਾਰਵਾਈ ਕੀਤੀ ਜਾ ਰਹੀ ਹੈ। ਇਸੇ ਕੜੀ ਤਹਿਤ ਨਸ਼ਾ ਤਸਕਰੀ ਤੋਂ ਕੀਤੀ ਕਮਾਈ ਨਾਲ ਤਿਆਰ ਕੀਤੀ ਗਈ ਗੈਰਕਾਨੂੰਨੀ ਜਾਇਦਾਦ ਨੂੰ ਢਹਿ ਢੇਰੀ ਕੀਤਾ ਗਿਆ ਹੈ। ਜ਼ਿਲ੍ਹਾ ਪੁਲਿਸ ਵੱਲੋਂ ਸਿਵਲ ਪ੍ਰਸ਼ਾਸਨ ਦੇ ਸਹਿਯੋਗ ਨਾਲ ਕੀਤੀ ਗਈ ਇਸ ਕਾਰਵਾਈ ਦੌਰਾਨ ਪਿੰਡ ਚੌਂਦਾ, ਥਾਣਾ ਅਮਰਗੜ੍ਹ ਨਾਲ ਸਬੰਧਿਤ ਨਸ਼ਾ ਤਸਕਰ ਗੁਰਮੀਤ ਸਿੰਘ ਉਰਫ਼ ਕਾਲਾ ਪੁੱਤਰ ਅਮਰਜੀਤ ਸਿੰਘ ਵੱਲੋਂ ਸਰਕਾਰੀ ਜ਼ਮੀਨ 'ਤੇ ਕਬਜ਼ਾ ਕਰਕੇ ਬਣਾਈ ਗਈ ਇਮਾਰਤ ਨੂੰ ਢਾਹਿਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਐਸ.ਪੀ (ਇਨਵੈਸਟੀਗੇਸ਼ਨ) ਸੱਤਪਾਲ ਸ਼ਰਮਾ ਨੇ



ਦੱਸਿਆ ਕਿ ਦੋਸ਼ੀ ਖ਼ਿਲਾਫ਼ ਨਸ਼ਾ ਤਸਕਰੀ ਨਾਲ ਸੰਬੰਧਿਤ ਮੁਕੱਦਮੇ ਦਰਜ ਹਨ ਅਤੇ ਉਸ ਦੀਆਂ ਗਤੀਵਿਧੀਆਂ 'ਤੇ ਲਗਾਤਾਰ ਨਿਗਰਾਨੀ ਕੀਤੀ ਜਾ ਰਹੀ ਸੀ। ਉਨਾਂ ਦੱਸਿਆ ਕਿ ਨਸ਼ਾ ਤਸਕਰਾਂ ਵਿਰੁੱਧ ਕਾਰਵਾਈ ਲਗਾਤਾਰ ਜਾਰੀ ਰਹੇਗੀ ਅਤੇ ਕਿਸੇ ਵੀ ਦੋਸ਼ੀ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪੁਲਿਸ ਨਸ਼ਿਆਂ ਦੇ ਖ਼ਾਤਮੇ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਭਵਿੱਖ ਵਿੱਚ ਵੀ ਅਜਿਹੀਆਂ ਸਖ਼ਤ ਕਾਰਵਾਈਆਂ ਕੀਤੀਆਂ ਜਾਂਦੀਆਂ ਰਹਿਣਗੀਆਂ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪੁਲਿਸ ਵੱਲੋਂ ਨਸ਼ਾ ਤਸਕਰੀ ਨਾਲ ਜੁੜੇ ਹੋਰ ਤੱਤਾਂ ਦੀ ਵੀ ਪੜਤਾਲ ਕੀਤੀ ਜਾ ਰਹੀ ਹੈ ਅਤੇ ਜੇਕਰ ਕਿਸੇ ਹੋਰ ਵੱਲੋਂ ਗੈਰਕਾਨੂੰਨੀ ਜਾਇਦਾਦ ਬਣਾਈ ਗਈ ਹੋਵੇਗੀ ਤਾਂ ਉਸ ਖ਼ਿਲਾਫ਼ ਵੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਆਮ ਜਨਤਾ ਨੂੰ ਅਪੀਲ ਕੀਤੀ ਕਿ ਨਸ਼ਾ ਤਸਕਰੀ ਸਬੰਧੀ ਕੋਈ ਵੀ ਜਾਣਕਾਰੀ ਤੁਰੰਤ ਸਾਂਝੀ ਕੀਤੀ ਜਾਵੇ। ਪੰਜਾਬ ਸਰਕਾਰ ਵੱਲੋਂ ਚਲਾਈ ਗਈ ਹੈਲਪਲਾਈਨ ਸੇਫ਼ ਪੰਜਾਬ 'ਤੇ ਜਾਣਕਾਰੀ ਦੇਣ ਲਈ 97791-00200 'ਤੇ ਸੰਪਰਕ ਕੀਤਾ ਜਾ ਸਕਦਾ ਹੈ ਤਾਂ ਜੋ ਨਸ਼ਾ ਤਸਕਰਾਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾ ਸਕੇ।

## ਮੁਹੱਲੇ ਦੀਆਂ ਸਮੱਸਿਆਵਾਂ ਨੂੰ ਲੈ ਕੇ ਵਫਦ ਨੇ ਬਲਤੇਜ ਪੰਨੂ ਨਾਲ ਮੁਲਾਕਾਤ ਕੀਤੀ



ਪਟਿਆਲਾ, 22 ਫਰਵਰੀ (ਚ.ਨ.ਸ.) : ਮੁਹੱਲਾ ਸੁਧਾਰ ਕਮੇਟੀ ਦੇ ਪ੍ਰਧਾਨ ਨਵੀਨ ਸ਼ਰਮਾ ਅਤੇ ਜਰਨਲ ਸਕੱਤਰ ਮਹੇਸ਼ ਕਪੂਰ ਦੀ ਅਗਵਾਈ ਦੇ ਵਿੱਚ ਮੁਹੱਲਾ ਸੁਧਾਰ ਕਮੇਟੀ ਦੇ ਡੈਪੂਟੇਸ਼ਨ ਨੇ ਬਲਤੇਜ ਸਿੰਘ ਪੰਨੂ ਮੁੱਖ ਮੰਤਰੀ ਪੰਜਾਬ ਮੀਡੀਆ ਸਲਾਹਕਾਰ ਅਤੇ ਆਮ ਆਦਮੀ ਪਾਰਟੀ ਦੇ ਜਨਰਲ ਸਕੱਤਰ ਨਾਲ ਬੀ ਟੈਂਕ ਮਹੱਲੇ ਵਿੱਚ ਸੀਵਰੇਜ ਦੀ ਦਿੱਕਤ ਨੂੰ ਲੈ ਕੇ ਮੁਲਾਕਾਤ ਕੀਤੀ। ਮੁਹੱਲਾ ਸੁਧਾਰ ਕਮੇਟੀ ਪ੍ਰਧਾਨ ਪਰਧਾਨ ਨਵੀਨ ਸ਼ਰਮਾ ਨੇ ਬਲਤੇਜ ਸਿੰਘ ਪੰਨੂ ਨੂੰ ਬੀ ਟੈਂਕ ਏਰੀਏ ਵਿਖੇ ਪਿਛਲੇ ਕਈ ਸਾਲਾਂ ਤੋਂ ਸੀਵਰੇਜ ਅਤੇ ਨਾਲੀਆਂ ਦੀ ਆ ਰਹੀ ਦਿੱਕਤ ਦੇ ਬਾਰੇ ਜਾਣੂ ਕਰਾਇਆ ਅਤੇ ਮੁਹੱਲਾ ਸੁਧਾਰ ਕਮੇਟੀ ਦੇ ਡੈਪੂਟੇਸ਼ਨ ਵੱਲੋਂ ਬਲਤੇਜ ਸਿੰਘ ਪੰਨੂ ਨੂੰ ਇੱਕ ਮੰਗ ਪੱਤਰ ਵੀ ਦਿੱਤਾ ਗਿਆ। ਮੀਟਿੰਗ ਦੌਰਾਨ ਮੁਹੱਲਾ ਸੁਧਾਰ ਕਮੇਟੀ ਦੇ ਜਨਰਲ ਸਕੱਤਰ ਮਹੇਸ਼ ਕਪੂਰ ਅਤੇ ਸਕੱਤਰ ਅਭਿਸ਼ੇਕ ਮਲੋਤਰਾ ਜਾਣਕਾਰੀ ਦਿੰਦਿਆਂ ਦੱਸਿਆ ਕਿ ਨਾਲੀਆਂ ਤੇ ਸੀਵਰੇਜ਼ ਦਾ ਗੰਦਾ ਪਾਣੀ ਸੜਕਾਂ 'ਤੇ ਆਣ ਕਰਕੇ ਬੀ ਟੈਂਕ ਏਰੀਏ ਦੇ ਲੋਕਾਂ ਨੂੰ ਬਹੁਤ ਹੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਕਈ ਤਰ੍ਹਾਂ ਦੀ ਬਿਮਾਰੀ ਨਾਲ ਵੀ ਜੂਝਣਾ ਪੈ ਰਿਹਾ ਹੈ। 25 ਅਗਸਤ 2025 ਨੂੰ ਐਮਐਲਏ ਨਗਰ ਨਿਗਮ ਮੇਅਰ ਅਤੇ ਨਗਰ ਨਿਗਮ ਕਮਿਸ਼ਨਰ ਦੁਆਰਾ ਬੀ-ਟੈਂਕ ਮੁਹੱਲੇ ਦਾ ਮੌਕਾ ਦੇਖਿਆ ਗਿਆ ਉਸ ਦੇ ਬਾਵਜੂਦ ਵੀ ਮੁਹੱਲੇ ਦੀ ਸਮੱਸਿਆ ਜਿਉਂ ਦੀ ਤਿਉਂ ਹੀ ਹੈ। ਮੀਟਿੰਗ ਦੌਰਾਨ ਬਲਤੇਜ ਸਿੰਘ ਪੰਨੂ ਨੇ ਮੁਹੱਲਾ ਨਿਵਾਸੀਆਂ ਨੂੰ ਵਿਸ਼ਵਾਸ ਦਿਲਵਾਇਆ ਕਿ ਨਿਗਮ ਦੇ ਕਮਿਸ਼ਨਰ ਦੇ ਨਾਲ ਗੱਲਬਾਤ ਕਰਕੇ ਤੁਹਾਡੇ ਇਸ ਮੁਹੱਲੇ ਦੀ ਸਮੱਸਿਆ ਦਾ ਜਲਦ ਤੋਂ ਜਲਦ ਹੱਲ ਕਰਵਾਉਣ ਦੀ ਕੋਸ਼ਿਸ਼ ਕਰਾਂਗਾ । ਅੱਜ ਦੇ ਇਸ ਡੈਪੂਟੇਸ਼ਨ ਦੇ ਵਿੱਚ ਪ੍ਰਧਾਨ ਨਵੀਨ ਸ਼ਰਮਾ ਜਨਰਲ ਸਕੱਤਰ ਮਹੇਸ਼ ਕਪੂਰ ਸੈਕਟਰੀ ਅਭਿਸ਼ੇਕ ਮਲਹੋਤਰਾ ਸਕੱਤਰ ਭਾਰਤ ਭੂਸ਼ਣ ਸ਼ਰਮਾ ਵਾਈਸ ਪ੍ਰਧਾਨ ਬਰਿੰਦਰ ਸਿੰਘ ਲਵੀਸ਼ ਕੁਮਾਰ, ਰਾਜਕੁਮਾਰ ਮਹਿਤਾ, ਜਸਕਰਨ ਸਿੰਘ ਸਨੀ, ਰਾਜੂ, ਮਨੋਜ ਕੁਮਾਰ, ਆਤਮ ਪ੍ਰਕਾਸ਼ ਸ਼ਾਮਲ ਸਨ।

## 'ਨਟਾਸ' ਵੱਲੋਂ ਸਪੋਰਟਸ ਯੂਨੀਵਰਸਿਟੀ ਦੇ ਵੀ. ਸੀ. ਡਾ. ਪੁਸ਼ਪਿੰਦਰ ਸਿੰਘ ਗਿੱਲ ਦਾ ਸਨਮਾਨ



ਪਟਿਆਲਾ, 22 ਫਰਵਰੀ (ਚ.ਨ.ਸ.) : ਮਹਾਰਾਜਾ ਭੁਪਿੰਦਰ ਸਿੰਘ ਪੰਜਾਬ ਸਪੋਰਟਸ ਯੂਨੀਵਰਸਿਟੀ ਪਟਿਆਲਾ ਦੇ ਵਾਇਸ ਚਾਂਸਲਰ ਨਿਯੁਕਤ ਹੋਣ ਮਗਰੋਂ ਕਲਾਕਾਰਾਂ ਅਤੇ ਸੈਹਰੀਆਂ ਨੇ ਡਾ. ਪੁਸ਼ਪਿੰਦਰ ਸਿੰਘ ਗਿਲ ਨੂੰ ਸਨਾਮਨਿਤ ਕਤਿਾ। ਪਦਮਸ਼੍ਰੀ ਪਰਾਣ ਸੱਭਰਵਾਲ ਡਾਇਰੈਕਟਰ ਨਟਾਸ ਨੇ ਡਾ. ਪੁਸ਼ਪਿੰਦਰ ਸਿੰਘ ਗਿੱਲ ਨੂੰ ਅਵਾਰਡ ਆਫ ਆਨਰ ਸ਼ਾਲ, ਬੁੱਕੇ ਅਤੇ ਸ਼ੁੱਭ ਇਛਾਵਾਂ ਭੇਟ ਕਰਕੇ ਸਨਮਾਨਿਤ ਕੀਤਾ। ਸ਼੍ਰੀ ਸੱਭਰਵਾਲ ਨੇ ਕਿਹਾ ਕਿ ਡਾ. ਪੁਸ਼ਪਿੰਦਰ ਅਕਾਦਮਿਕ, ਸ਼ੋਧ, ਪ੍ਰਸ਼ਾਸਨ ਅਤੇ ਅੰਤਰ ਰਾਸ਼ਟਰੀਆ ਸਲਾਹ-ਮਸ਼ਵਰੇ ਵਿੱਚ 36 ਸਾਲਾਂ ਤੋਂ ਅਧਿਕ ਦਾ ਵਿਸ਼ੇਸ਼ ਅਨੁਭਵ ਰੱਖਦੇ ਹਨ ਅਤੇ ਉਹਨਾਂ ਦੀ ਵਡਮੁੱਲੀ ਰਹਿਨੁਮਾਈ ਵਿੱਚ ਖਿਲਾੜੀ ਅੰਤਰਰਾਸ਼ਟਰੀ ਲੈਵਲ 'ਤੇ ਪਹੁੰਚਣਗੇ। ਨਟਾਸ ਦੇ ਪ੍ਰਧਾਨ ਸ੍ਰ. ਗੁਰਬਚਨ ਸਿੰਘ ਕੱਕੜ ਨੇ ਕਿਹਾ ਕਿ ਪ੍ਰਤਿਭਾ ਦਾ ਸਨਮਾਨ, ਸਮਾਜ ਸੇਵਾ ਹੈ, ਜੋ ਸਾਧਕਾਂ ਨੂੰ ਆਪਣੇ ਨਿਸ਼ਾਨੇ 'ਤੇ ਪਹੁੰਚਣ ਲਈ ਮਹਾਨ ਪ੍ਰੇਰਨਾ ਹੈ। ਉਹਨਾਂ ਨੇ ਕਿਹਾ ਕਿ ਡਾ. ਪੁਸ਼ਪਿੰਦਰ ਸਿੰਘ ਗਿੱਲ ਦੀ ਲੋਕਪ੍ਰੀਅਤਾ ਕੇਵਲ ਉਹਨਾਂ ਦੀ ਕਾਬਲੀਅਤ ਅਤੇ ਪ੍ਰਾਪਤੀਆਂ ਕਰਕੇ ਹੀ ਨਹੀਂ, ਸਗੋਂ ਉਹਨਾਂ ਦੀ ਨਿਮ੍ਰਤਾ ਅਤੇ ਮਿਲਾਪੜਾ ਸੁਭਾਅ ਵੀ ਹੈ। ਉਹਨਾਂ ਨੂੰ ਨਟਾਸ ਅਤੇ ਸੰਮੂਹ ਪ੍ਰਸ਼ੰਸਕਾਂ ਵੱਲੋਂ ਵਧਾਈ ਦਿੱਤੀ ਅਤੇ ਸਫਲਤਾ ਲਈ ਸ਼ੁੱਭ ਇੱਛਾਵਾਂ ਭੇਟ ਕੀਤੀਆਂ।

## ਪੰਜਾਬੀ ਯੂਨੀਵਰਸਿਟੀ ਵਿਖੇ ਹੋਇਆ ਅਧਿਐਨ

# ਪੰਜਾਬ ਦੇ ਜ਼ਿਆਦਾਤਰ ਨੌਜਵਾਨਾਂ 'ਚ ਗੁੱਸੇ ਦਾ ਪੱਧਰ ਔਸਤ ਨਾਲੋਂ ਉੱਚਾ

### ☛ਵੱਖ-ਵੱਖ ਸੀਨੀਅਰ ਸੈਕੰਡਰੀ ਸਕੂਲਾਂ ਦੇ 11ਵੀਂ ਜਮਾਤ ਦੇ 1200 ਵਿਦਿਆਰਥੀਆਂ 'ਤੇ ਅਧਾਰਿਤ ਹੈ ਅਧਿਐਨ

ਪਟਿਆਲਾ, 22 ਫਰਵਰੀ (ਚ.ਨ.ਸ.) : ਪੰਜਾਬੀ ਯੂਨੀਵਰਸਿਟੀ ਵਿਖੇ ਹੋਈ ਇੱਕ ਤਾਜ਼ਾ ਖੋਜ ਰਾਹੀਂ ਪੰਜਾਬ ਵਿਚਲੇ ਕਿਸ਼ੋਰ ਉਮਰ ਲੜਕੇ-ਲੜਕੀਆਂ ਵਿੱਚ ਵਧ ਰਹੀ ਗ਼ੁੱਸੇਖੋਰੀ ਵਾਲ਼ੀ ਪ੍ਰਵਿਰਤੀ (ਅਗਰੈਸ਼ਨ) ਅਤੇ ਇਸ ਦੇ ਕਾਰਨਾਂ ਬਾਰੇ ਵਿਸਥਾਰਪੂਰਵਕ ਅਧਿਐਨ ਕੀਤਾ ਗਿਆ ਹੈ। ਯੂਨੀਵਰਸਿਟੀ ਦੇ ਸਿੱਖਿਆ ਅਤੇ ਸੁਮਦਾਇ ਸੇਵਾਵਾਂ ਵਿਭਾਗ ਵਿਖੇ ਖੋਜਾਰਥੀ ਡਾ. ਤਾਜਪ੍ਰੀਤ ਕੌਰ ਵੱਲੋਂ ਇਹ ਖੋਜ-ਕਾਰਜ ਨਿਗਰਾਨ ਡਾ. ਕਵਿਤਾ ਮਿੱਤਲ (ਪ੍ਰਿੰਸੀਪਲ, ਦੇਸ਼ ਭਗਤ ਕਾਲਜ ਆਫ਼ ਐਜੂਕੇਸ਼ਨ, ਬਰੜਵਾਲ-ਧੂਰੀ) ਦੀ ਅਗਵਾਈ ਵਿੱਚ ਸੰਪੰਨ ਕੀਤਾ ਗਿਆ ਹੈ। ਡਾ. ਕਵਿਤਾ ਮਿੱਤਲ ਨੇ ਦੱਸਿਆ ਕਿ ਅਧਿਐਨ ਰਾਹੀਂ ਪ੍ਰਾਪਤ ਅੰਕੜਿਆਂ ਦੇ ਵਿਸ਼ਲੇਸ਼ਣ ਅਨੁਸਾਰ ਜ਼ਿਆਦਾਤਰ ਕਿਸ਼ੋਰਾਂ ਵਿੱਚ ਗ਼ੁੱਸੇਖੋਰੀ ਵਾਲ਼ੀ ਪ੍ਰਵਿਰਤੀ ਦਾ ਪੱਧਰ ਔਸਤ ਨਾਲ਼ੋਂ ਉੱਚਾ ਵੇਖਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਇਹ ਵੀ ਸਾਹਮਣੇ ਆਇਆ ਕਿ ਲੜਕੀਆਂ ਦੇ ਮੁਕਾਬਲੇ ਲੜਕਿਆਂ ਵਿੱਚ ਅਤੇ ਸਾਇੰਸ ਵਿਸ਼ੇ ਦੇ ਮੁਕਾਬਲੇ ਆਰਟਸ ਸਟ੍ਰੀਮ ਦੇ ਵਿਦਿਆਰਥੀਆਂ ਵਿੱਚ ਗੁੱਸਾ ਜ਼ਿਆਦਾ ਹੈ। ? ਉਨ੍ਹਾਂ ਦੱਸਿਆ ਕਿ ਸੰਯੁਕਤ ਪਰਿਵਾਰਾਂ ਨਾਲ਼ੋਂ ਇਕਹਿਰੇ ਜਾਂ ਛੋਟੇ ਪਰਿਵਾਰਾਂ ਨਾਲ਼ ਸਬੰਧਤ ਬੱਚੇ ਵਧੇਰੇ ਗੁੱਸੇਖੋਰ ਵੇਖੇ ਗਏ। ਉਨ੍ਹਾਂ ਕਿਹਾ ਕਿ ਅਧਿਐਨ ਵਿੱਚ ਇਹ ਗੱਲ ਵੀ ਸਾਹਮਣੇ ਆਈ ਹੈ ਕਿ ਬੱਚਿਆਂ ਵਿੱਚ ਭਾਵਨਾਤਮਕ ਬੁੱਧੀ (ਇਮੋਸ਼ਨਲ ਇੰਟੈਲੀਜੈਂਸ) ਦਾ ਪੱਧਰ ਵੀ ਔਸਤ ਨਾਲ਼ੋਂ ਘੱਟ ਹੈ, ਜੋ ਕਿ ਚਿੰਤਾ ਦਾ ਵਿਸ਼ਾ ਹੈ। ਸਰਕਾਰੀ/ਪ੍ਰਾਈਵੇਟ ਸਕੂਲ ਜਾਂ ਸ਼ਹਿਰੀ/ਪੇਂਡੂ ਪਿਛੋਕੜ ਦਾ ਵਿਦਿਆਰਥੀਆਂ ਦੇ ਗੁੱਸੇ 'ਤੇ ਕੋਈ ਖਾਸ ਫ਼ਰਕ ਵੇਖਣ ਨੂੰ ਨਹੀਂ ਮਿਲਿਆ। ਖੋਜਾਰਥੀ ਡਾ. ਤਾਜਪ੍ਰੀਤ ਕੌਰ ਨੇ ਦੱਸਿਆ ਕਿ ਇਸ ਅਧਿਐਨ ਵਿੱਚ ਪੰਜਾਬ ਦੇ ਵੱਖ-ਵੱਖ ਸੀਨੀਅਰ ਸੈਕੰਡਰੀ ਸਕੂਲਾਂ ਦੇ 11ਵੀਂ ਜਮਾਤ ਦੇ 1200 ਵਿਦਿਆਰਥੀਆਂ ਨੂੰ ਸ਼ਾਮਲ ਕੀਤਾ ਗਿਆ ਸੀ। ਇਨ੍ਹਾਂ ਵਿੱਚ 580 ਲੜਕੇ ਅਤੇ 620 ਲੜਕੀਆਂ ਸ਼ਾਮਿਲ ਸਨ। ਉਨ੍ਹਾਂ ਦੱਸਿਆ ਕਿ ਖੋਜ ਦੌਰਾਨ ਸਬੰਧਤ ਵਿਦਿਆਰਥੀਆਂ ਦੀ ਸ਼ਖ਼ਸੀਅਤ, ਭਾਵਨਾਤਮਕ ਬੁੱਧੀ ਅਤੇ ਸਕੂਲ ਦੇ ਵਾਤਾਵਰਨ ਦੇ ਉਨ੍ਹਾਂ ਦੇ ਵਿਵਹਾਰ 'ਤੇ ਪੈਣ ਵਾਲੇ ਪ੍ਰਭਾਵਾਂ ਨੂੰ ਬਾਰੀਕੀ ਨਾਲ ਘੋਖਿਆ ਗਿਆ। ਉਨ੍ਹਾਂ ਦੱਸਿਆ ਕਿ ਇਸ ਖੋਜ ਦੌਰਾਨ ਗ਼ੁੱਸੇਖੋਰੀ ਦੀ ਪ੍ਰਵਿਰਤੀ ਅਤੇ ਸ਼ਖ਼ਸੀਅਤ ਨੂੰ ਮਾਪਣ ਦੇ ਵਿਸ਼ੇਸ਼ ਮਿਆਰ 'ਅਗਰੈਸ਼ਨ ਸਕੇਲ' ਅਤੇ ਪ੍ਰਸਨੈਲਿਟੀ ਸਕੇਲ' ਵੀ ਤਿਆਰ ਕੀਤੇ ਗਏ ਹਨ, ਜੋ ਭਵਿੱਖ ਵਿੱਚ ਹੋਰਨਾਂ ਖੋਜਾਰਥੀਆਂ ਲਈ ਮਦਦਗਾਰ ਹੋਣਗੇ। ਉਪ-ਕੁਲਪਤੀ ਡਾ. ਜਗਦੀਪ ਸਿੰਘ ਨੇ ਇਸ ਖੋਜ ਦੀ ਸ਼ਲਾਘਾ ਕਰਦਿਆਂ ਖੋਜਾਰਥੀ ਅਤੇ ਨਿਗਰਾਨ ਨੂੰ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਕਿਸ਼ੋਰ ਅਵਸਥਾ ਵਿੱਚ ਬੱਚਿਆਂ ਦੇ ਵਿਵਹਾਰ ਨੂੰ ਸਮਝਣਾ ਬਹੁਤ ਜ਼ਰੂਰੀ ਹੈ, ਤਾਂ ਜੋ ਉਨ੍ਹਾਂ ਨੂੰ ਸਹੀ ਦਿਸ਼ਾ ਦਿੱਤੀ ਜਾ ਸਕੇ। ਇਸ ਲਈ ਅਜਿਹੇ ਖੋਜ ਕਾਰਜਾਂ ਦਾ ਹੋਣਾ ਸਮੇਂ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਪੰਜਾਬੀ ਯੂਨੀਵਰਸਿਟੀ ਸਮਾਜਿਕ ਪ੍ਰਸੰਗਿਕਤਾ ਵਾਲ਼ੀਆਂ ਖੋਜਾਂ ਨੂੰ ਹਮੇਸ਼ਾ ਹੀ ਉਤਸ਼ਾਹਿਤ ਕਰਦੀ ਹੈ।

## ਬਾਬਾ ਅਮਰਦਾਸ ਜੀ ਦੇ ਟੱਲੇ 'ਤੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ

ਸਮਾਣਾ, 22 ਫਰਵਰੀ (ਸੁਖਜਿੰਦਰ ਸਿੰਘ ਕੁਲਾਰਾਂ) : ਨੇੜਲੇ ਪਿੰਡ ਕੁਲਾਰਾਂ ਵਿਖੇ ਬਾਬਾ ਅਮਰਦਾਸ ਜੀ ਦੇ ਟੱਲੇ 'ਤੇ ਪਿਛਲੇ ਦਿਨੀਂ ਸ੍ਰੀ ਅਖੰਡ ਪਾਠ ਸਾਹਿਬ ਪ੍ਰਕਾਸ਼ ਕਰਵਾਏ ਗਏ ਸਨ, ਜਿਨ੍ਹਾਂ ਦੇ ਅੱਜ ਭੋਗ ਪਾਏ ਗਏ। ਇਸ ਮੌਕੇ ਬਾਬਾ ਅਮਰਦਾਸ ਟੱਲੇ ਦੇ ਮੁੱਖ ਸੇਵਾਦਾਰ ਬਾਬਾ ਜੀਵਨ ਦਾਸ ਨੇ ਦੱਸਿਆ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਹਰ ਸਾਲ ਸਰਬੱਤ ਦੇ ਭਲੇ ਲਈ ਸ੍ਰੀ ਅਖੰਡ ਪਾਠ ਸਾਹਿਬ ਪ੍ਰਕਾਸ਼ ਕਰਵਾਏ ਜਾਂਦੇ ਹਨ ਅਤੇ ਗੁਰੂ ਜੀ ਦਾ ਅਟੁੱਟ ਭੰਡਾਰਾ ਵਰਤਾਇਆ ਜਾਂਦਾ ਹੈ ਅਤੇ ਉਨ੍ਹਾਂ ਨੇ ਸਮੂਹ ਸੰਗਤ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ। ਇਸ ਮੌਕੇ ਗੁਰਦੁਆਰਾ ਸ੍ਰੀ ਭੱਠਾ ਸਾਹਿਬ ਜੀ ਦੇ ਹੈਡ ਗ੍ਰੰਥੀ ਭਾਈ ਰੂਪ ਸਿੰਘ ਵੱਲੋਂ ਬਾਬਾ ਅਮਰਦਾਸ ਜੀ ਦੇ ਜੀਵਨ ਬਾਰੇ ਦੱਸਿਆ ਗਿਆ। ਡੇਰੇ ਦੇ ਮੁੱਖ ਸੇਵਾਦਾਰ ਲਾਲ ਸਿੰਘ ਕੁਲਾਰ ਅਤੇ ਗਮਦੂਰ ਸਿੰਘ ਵੱਲੋਂ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ ਗਿਆ।

## ਪੁਲਿਸ ਵੱਲੋਂ 24 ਬੋਤਲਾਂ ਸ਼ਰਾਬ ਬ੍ਰਾਮਦ

ਪਟਿਆਲਾ, 22 ਫਰਵਰੀ (ਵਿਨੋਦ ਸ਼ਰਮਾ) : ਥਾਣਾ ਸਿਵਲ ਲਾਇਨ ਪਟਿਆਲਾ ਪੁਲਿਸ ਨੇ ਕਥਿਤ ਦੋਸ਼ੀ ਸੁਖਦੀਪ ਸਿੰਘ ਵਾਸੀ ਪਿੰਡ ਦੌਣ ਵਿਰੁੱਧ ਧਾਰਾ 61, 1, 14 ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਹੌਲਦਾਰ ਬਲਜੀਤ ਸਿੰਘ ਸਮੇਤ ਪੁਲਿਸ ਪਾਰਟੀ ਸਿਵਲ ਲਾਇਨ ਪਟਿਆਲਾ ਚੌਕ ਮੌਜੂਦ ਸੀ, ਜੋ ਇਤਲਾਹ ਮਿਲੀ ਕਿ ਕਥਿਤ ਦੋਸ਼ੀ ਸ਼ਰਾਬ ਵੇਚਣ ਲਈ ਆਪਣੀ ਕਾਰ 'ਤੇ ਸਵਾਰ ਹੋ ਕੇ ਬਿਜਲੀ ਬੋਰਡ ਦਫਤਰ ਪਾਸ ਖੜ੍ਹਾ ਗ੍ਰਾਹਕਾਂ ਦੀ ਉਡੀਕ ਕਰ ਰਿਹਾ ਹੈ, ਜੋ ਰੇਡ ਕਰਨ ਪਰ 24 ਬੋਤਲਾਂ ਸ਼ਰਾਬ ਦੀਆਂ ਬ੍ਰਾਮਦ ਹੋਈਆਂ।

### ਪੰਜਾਬ ਦੇ ਸਮੂਹ ਸਮਾਜ ਸੇਵਕ ਇੱਕ ਮੰਚ 'ਤੇ ਇਕੱਠੇ ਹੋਣ

## ਕਿਸੇ ਵੀ ਰਾਜਨੀਤਿਕ ਪਾਰਟੀ ਨੇ ਸਮਾਜ ਸੇਵਕਾਂ ਦੀ ਕਦਰ ਨਹੀਂ ਪਾਈ: ਪ੍ਰੋ. ਬਡੂੰਗਰ

ਭੁਨਰਹੇੜੀ, 22 ਫਰਵਰੀ (ਗੁਰਜੀਤ ਸਿੰਘ ਚੌਟ) : ਸੂਬੇ ਅੰਦਰ ਵੱਖ-ਵੱਖ ਖੇਤਰਾਂ ਵਿਚ ਸਮਾਜ ਸੇਵਾ ਵਿਚ ਅਹਿਮ ਭੂਮਿਕਾ ਨਿਭਾਉਣ ਵਾਲਿਆਂ ਦੇ ਹੱਕ ਵਿਚ ਪ੍ਰੋ. ਕਿਰਪਾਲ ਸਿੰਘ ਬਡੂੰਗਰ ਸਾਬਕਾ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਹਾਅ ਦਾ ਨਾਅਰਾ ਮਾਰਦਿਆਂ ਕਿਹਾ ਕਿ ਕਿਸੇ ਵੀ ਰਾਜਨੀਤਿਕ ਪਾਰਟੀ ਨੇ ਸਮਾਜ ਸੇਵਕਾਂ ਦੀ ਕਦਰ ਨਹੀਂ ਪਾਈ। ਇਹ ਵਿਚਾਰ ਪ੍ਰੋ. ਬਡੂੰਗਰ ਨੇ ਮਿਸ਼ਨ ਲਾਲੀ ਤੇ ਹਰਿਆਲੀ ਦੇ ਮੋਢੀ ਅਤੇ ਮਾਸਟਰ ਮੋਟੀਵੇਟਰ ਹਰਦੀਪ ਸਿੰਘ ਸਨੌਰ ਨਾਲ ਗੈਰ-ਰਸਮੀ ਗੱਲਬਾਤ ਦੌਰਾਨ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਪਿਛਲੇ 20 ਸਾਲਾਂ ਤੋਂ ਖ਼ੂਨਦਾਨ ਕੈਂਪ ਲਾਉਣੇ, ਮੈਡੀਕਲ ਚੈਕਅੱਪ ਕੈਂਪ ਲਾਉਣੇ, ਅੱਖਾਂ ਦੇ ਚੈਕਅੱਪ ਕੈਂਪ ਲਾਉਣੇ, ਬੂਟੇ ਲਾਉਣੇ, ਵਾਤਾਵਰਨ



ਪ੍ਰਦੂਸ਼ਨ ਅਤੇ ਨਸ਼ਿਆਂ ਖਿਲਾਫ, ਕੰਨਿਆ ਭਰੂਣ ਹੱਤਿਆ ਖਿਲਾਫ ਸਕੂਲੀ ਵਿਦਿਆਰਥੀਆਂ ਅਤੇ ਆਮ ਲੋਕਾਂ ਨੂੰ ਜਾਗਰੂਕ ਕਰਨ ਵਾਲੇ ਨੌਜਵਾਨਾਂ ਨੂੰ ਹਰ ਰਾਜਨੀਤਿਕ ਪਾਰਟੀ ਨੇ ਅੱਖੋਂ ਪਰੋਖੇ ਕੀਤਾ ਹੈ। ਪ੍ਰੋ. ਬਡੂੰਗਰ ਨੇ ਕਿਹਾ ਕਿ ਹਰਦੀਪ ਸਿੰਘ ਸਨੌਰ ਵਰਗੇ ਸਮਾਜ ਸੇਵਕਾਂ ਨੂੰ ਰਾਜਨੀਤਿਕ ਪਾਰਟੀਆਂ ਵੱਲੋਂ ਆਪਣੀ ਰਾਜ ਸੱਤਾ ਦੌਰਾਨ ਪਾਰਟੀਬਾਜ਼ੀ ਤੋਂ ਉਪਰ ਉਠ ਕੇ ਭਲਾਈ ਵਿਭਾਗ ਅਤੇ ਬੋਰਡਾਂ ਦੇ ਚੇਅਰਮੈਨ ਨਿਯੁਕਤ ਕਰਨਾ ਚਾਹੀਦਾ ਹੈ, ਤਾਂ ਜੋ ਹੋਰਨਾਂ ਨੌਜਵਾਨਾਂ ਨੂੰ ਪ੍ਰੇਰਨਾ ਮਿਲ ਸਕੇ ਤੇ ਉਹ ਨਸ਼ਿਆਂ ਤੋਂ ਦੂਰ ਰਹਿਣ ਅਤੇ ਸਮਾਜ ਸੇਵੀ ਕਾਰਜਾਂ ਵਿਚ ਰੁਝੇ ਰਹਿਣ। ਉਨ੍ਹਾਂ ਕਿਹਾ ਕਿ ਸੂਬੇ ਵਿਚ ਸਮਾਜ ਸੇਵੀ ਗਤੀਵਿਧੀਆਂ ਕਰਨ ਵਾਲੇ ਸਮੂਹ ਸਮਾਜ ਸੇਵਕਾਂ ਨੂੰ ਇੱਕ ਮੰਚ 'ਤੇ ਇਕੱਠੇ ਹੋਣਾ ਚਾਹੀਦਾ ਹੈ । ਗੱਲਬਾਤ ਕਰਦਿਆਂ ਪ੍ਰੋ. ਬਡੂੰਗਰ ਨੇ ਸਾਰੀਆਂ ਹੀ ਰਾਜਨੀਤਿਕ ਪਾਰਟੀਆਂ ਦੇ ਆਗੂਆਂ ਦੀ ਸ਼ਬਦੀ ਲਾਹ-ਪਾਹ ਕੀਤੀ ਤਾਂ ਹਰਦੀਪ ਸਿੰਘ ਸਨੌਰ ਸਮੇਤ ਹਾਜ਼ਰੀਨ ਵੀ ਆਪਣਾ ਹਾਸਾ ਨਾ ਰੋਕ ਸਕੇ ਪਰ ਹਕੀਕਤ ਨਾਲ ਬਾ-ਵਾਸਤਾ ਹੁੰਦਿਆਂ ਦੇਖ ਹਰਦੀਪ ਸਿੰਘ ਸਨੌਰ ਨੇ ਜਲਦ ਹੀ ਪੰਜਾਬ ਪੱਧਰ 'ਤੇ ਸਰਗਰਮ ਆਗੂਆਂ ਦੀ ਮੀਟਿੰਗ ਕਰਨ ਦਾ ਭਰੋਸਾ ਦਿੱਤਾ।

## ਪੰਜਾਬ ਸਖੀ ਸ਼ਕਤੀ ਕਰਾਫ਼ਟ ਮੇਲੇ ਦੌਰਾਨ ਤੁਰਨ-ਫਿਰਨ ਤੋਂ ਅਸੱਮਰਥ ਵਿਅਕਤੀਆਂ ਨੂੰ ਵ੍ਹੀਲਚੇਅਰ ਤੇ ਦਿੱਤੀਆਂ ਜਾ ਰਹੀਆਂ ਸੁਵਿਧਾਵਾਂ ਸ਼ਲਾਘਾਯੋਗ : ਏ.ਡੀ.ਸੀ. ਮਾਨ

ਪਟਿਆਲਾ, 22 ਫਰਵਰੀ (ਚ.ਨ.ਸ.) : ਜ਼ਿਲ੍ਹਾ ਪ੍ਰਸ਼ਾਸਨ ਪਟਿਆਲਾ ਵਲੋਂ ਮੁੱਖ ਮੰਤਰੀ ਪੰਜਾਬ ਸਰਦਾਰ ਭਗਵੰਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਡਿਪਟੀ ਕਮਿਸ਼ਨਰ ਪਟਿਆਲਾ ਵਰਜੀਤ ਵਾਲੀਆ ਅਤੇ ਏ ਡੀ ਸੀ ਡਿਵੈਲਪਮੈਂਟ ਰਮਨਦੀਪ ਸਿੰਘ ਮਾਨ ਦੀ ਅਗਵਾਈ ਹੇਠ ਸ਼ੀਸ਼ ਮਹਿਲ ਵਿਖੇ ਪੰਜਾਬ ਸਖੀ ਸ਼ਕਤੀ ਕਾਰਫ਼ਟ ਮੇਲੇ ਦਾ ਆਯੋਜਨ ਕੀਤਾ ਗਿਆ ਹੈ, ਜਿਸ ਵਿਚ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ, ਪਾਵਰ ਹਾਊਸ ਯੂਥ ਕਲੱਬ, ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ ਲੜਕੇ ਨਾਭਾ ਰੋਡ ਪਟਿਆਲਾ ਵੱਲੋਂ ਨਿਰਸਵਾਰਥ ਵਲੰਟੀਅਰਜ਼ ਸੇਵਾਵਾਂ ਦਿੱਤੀਆਂ ਜਾ ਰਹੀਆਂ ਹਨ, ਇਹਨਾਂ ਵਲੰਟੀਅਰਜ਼ ਦੀ ਹੌਸਲਾ ਅਫਜ਼ਾਈ ਕਰਨ ਲਈ ਏ ਡੀ ਸੀ ਡਿਵੈਲਪਮੈਂਟ



ਰਮਨਦੀਪ ਸਿੰਘ ਮਾਨ, ਐਸ ਡੀ ਐਮ ਰਾਜਪੁਰਾ ਨਮਨ ਮੜਕਨ ਵੱਲੋਂ ਮੁਲਾਕਾਤ ਕੀਤੀ ਗਈ। ਇਸ ਮੌਕੇ ਉਹਨਾਂ ਕਿਹਾ ਕਿ ਇਹਨਾਂ ਵਲੰਟੀਅਰਜ਼ ਦੇ ਇੰਚਾਰਜ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਲੈਫਟੀਨੈਂਟ ਜਗਦੀਪ ਸਿੰਘ ਜੋਸ਼ੀ,ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਦੀ ਅਗਵਾਈ ਹੇਠ ਪੰਜਾਬ ਸਖੀ ਸ਼ਕਤੀ ਕਾਰਫ਼ਟ ਮੇਲੇ ਦੌਰਾਨ ਪਹੁੰਚਣ ਵਾਲੀ ਪਬਲਿਕ ਨੂੰ ਜਿਥੇ ਹਰ ਸੰਭਵ ਵਲੰਟੀਅਰਜ਼ ਸੇਵਾਵਾਂ ਦਿੱਤੀਆਂ ਜਾ ਰਹੀਆਂ ਹਨ ਉਥੇ ਹੀ ਤੁਰਨ ਫਿਰਨ ਤੋਂ ਅਸੱਮਰਥ ਵਿਅਕਤੀਆਂ ਨੂੰ ਵੀਲਚੇਅਰ ਤੇ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ ਲੜਕੇ ਨਾਭਾ ਰੋਡ ਪਟਿਆਲਾ ਦੇ ਐਨ ਐਸ ਐਸ ਅਤੇ ਐਨ ਸੀ ਸੀ ਵਲੰਟੀਅਰਜ਼ ਵੱਲੋਂ ਸੇਵਾਵਾਂ ਦਿੱਤੀਆਂ ਜਾ ਰਹੀਆਂ ਹਨ ,ਉਹੋ ਬਹੁਤ ਹੀ ਸ਼ਲਾਘਾਯੋਗ ਉਪਰਾਲਾ ਹੈ।

## 2 ਦਿਨਾਂ ਬਸੰਤ ਰੁੱਤ ਨਾਟਕ ਮੇਲਾ 24-25 ਨੂੰ

ਪਟਿਆਲਾ, 22 ਫਰਵਰੀ (ਚ.ਨ.ਸ.) :ਕਲਾ ਕ੍ਰਿਤੀ ਪਟਿਆਲਾ ਅਤੇ ਨਟਰਾਜ ਆਰਟਸ ਥੀਏਟਰ ਪਟਿਆਲਾ ਦੇ ਸਾਂਝੇ ਯਤਨਾਂ ਨਾਲ ਉੱਤਰੀ ਖੇਤਰ ਸਭਿਆਚਾਰਕ ਕੇਂਦਰ ਪਟਿਆਲਾ (ਸਭਿਆਚਾਰਕ ਮੰਤਰਾਲਾ,ਭਾਰਤ ਸਰਕਾਰ) ਦੇ ਸਹਿਯੋਗ ਨਾਲ 2 ਦਿਨਾਂ ਬਸੰਤ ਰੁੱਤ ਦਾ ਨਾਟਕ ਮੇਲਾ 24 ਫਰਵਰੀ ਤੋਂ 25 ਫਰਵਰੀ ਤੱਕ ਕਾਲੀਦਾਸ ਆਡੀਟੋਰੀਅਮ,ਵਿਰਸਾ ਵਿਹਾਰ ਕੇਂਦਰ, ਨੇੜੇ ਭਾਸ਼ਾ ਭਵਨ ਸ਼ੇਰਾਂ ਵਾਲਾ ਗੇਟ ਪਟਿਆਲਾ ਵਿਖੇ ਆਯੋਜਿਤ ਕੀਤਾ ਜਾਵੇਗਾ। ਇਸ ਨਾਟਕ ਮੇਲੇ ਦੌਰਾਨ 24 ਫਰਵਰੀ ਨੂੰ ਪਹਿਲੇ ਦਿਨ ਕਲਾ ਕ੍ਰਿਤੀ ਪਟਿਆਲਾ ਵੱਲੋਂ ਡਾਕਟਰ ਕੁਲਦੀਪ ਸਿੰਘ ਦੀਪ ਦਾ ਲਿਖਿਆ ਪੰਜਾਬੀ ਨਾਟਕ ਛੱਲਾ ਦਾ ਮੰਚਨ ਹੋਵੇਗਾ, ਜਿਸ ਦੇ ਡਾਇਰੈਕਟਰ ਰੰਗ ਮੰਚ ਦੀ ਜਾਣੀ ਪਹਿਚਾਣੀ ਅਦਾਕਾਰਾ, ਨਿਰਦੇਸ਼ਕਾ ਪਰਮਿੰਦਰ ਪਾਲ ਕੌਰ ਹਨ ।ਦੂਸਰੇ ਦਿਨ 25 ਫਰਵਰੀ ਨੂੰ ਗਧੇ ਕੀ ਬਰਾਤ ਦਾ ਮੰਚਨ ਕੀਤਾ ਜਾਵੇਗਾ,ਜਿਸ ਦੇ ਨਿਰਦੇਸ਼ਕ ਵਿਸ਼ਵ ਦੀਪਕ ਤ੍ਰਿਖਾ ਹਨ । ਹਰੀ ਭਾਈ ਵਡਗਾਵਕਰ ਦੇ ਲਿਖੇ ਇਸ ਨਾਟਕ ਨੂੰ ਹਰਿਆਣਾ ਦੇ ਰੋਹਤਕ ਤੋਂ ਸਪਤਕ ਕਲਚਰਲ ਸੋਸਾਇਟੀ ਪੇਸ਼ ਕਰੇਗੀ। ਨਾਟਕ ਮੇਲੇ ਦੇ ਡਾਇਰੈਕਟਰ ਪਰਮਿੰਦਰ ਪਾਲ ਕੌਰ ਤੇ ਗੋਪਾਲ ਸ਼ਰਮਾ ਨੇ ਸਾਰੇ ਰੰਗ ਮੰਚ ਪ੍ਰੇਮੀਆਂ ਅਤੇ ਦਰਸ਼ਕਾਂ ਨੂੰ ਇਸ ਨਾਟਕ ਮੇਲੇ ਵਿੱਚ ਸ਼ਾਮਿਲ ਹੋਣ ਲਈ ਖੁੱਲ੍ਹਾ ਸੱਦਾ ਦਿੱਤਾ ਹੈ। ਇਸ ਨਾਟਕ ਮੇਲੇ ਵਿੱਚ ਦਰਸ਼ਕਾਂ ਲਈ ਐਂਟਰੀ ਬਿਲਕੁਲ ਮੁਫਤ ਹੈ।ਇਸ ਨਾਟਕ ਮੇਲੇ ਲਈ ਦਰਸ਼ਕਾਂ ਵਾਸਤੇ ਕਿਸੇ ਪ੍ਰਕਾਰ ਦੀ ਕੋਈ ਵੀ ਟਿਕਟ ਨਹੀਂ ਹੈ।

## ਨਸ਼ੇ ਦੇ ਆਦੀ ਵਿਅਕਤੀ ਦਾ ਡੋਪ ਟੈਸਟ ਪਾਜ਼ੀਟਿਵ ਆਇਆ

ਪਟਿਆਲਾ, 22 ਫਰਵਰੀ (ਵਿਨੋਦ ਸ਼ਰਮਾ) : ਥਾਣਾ ਅਰਬਨ ਅਸਟੇਟ ਪਟਿਆਲਾ ਪੁਲਿਸ ਨੇ ਕਥਿਤ ਦੋਸ਼ੀ ਸਨੀ ਰਾਜਭਰ ਵਾਸੀ ਕਿਰਾਏਦਾਰ ਨੇੜੇ ਹਨੂੰਮਾਨ ਮੰਦਰ ਬਿਰਧ ਆਸ਼ਰਮ ਪਿੰਡ ਚੌਰਾ ਥਾਣਾ ਅਰਬਨ ਅਸਟੇਟ ਪਟਿਆਲਾ ਵਿਰੁੱਧ ਮਾਮਲਾ ਦਰਜ ਕੀਤਾ ਹੈ। ਹੌਲਦਾਰ ਵਿਕਰਮਜੀਤ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾ ਦੇ ਸਬੰਧ ਵਿੱਚ ਪੁਲ ਹੇਠਾ ਮੌਜੂਦ ਸੀ, ਜੋ ਕਥਿਤ ਦੋਸ਼ੀ ਨੂੰ ਸ਼ੱਕ ਦੇ ਅਧਾਰ ਪਰ ਚੈਕ ਕਰਨ ਉਸਦਾ ਨਸ਼ਾ ਕੀਤਾ ਜਾਪਦਾ ਪਾਇਆ ਗਿਆ, ਜੋ ਡੋਪ ਟੈਸਟ ਕਰਾਉਣ ਪਰ ਪਾਜ਼ੀਟਿਵ ਆਇਆ।

## ਰਿਟਾ: ਡੀ.ਐਸ.ਪੀ. ਜਰਨੈਲ ਸਿੰਘ ਸੰਧਾਰਸੀ ਦੀ ਮੌਤ 'ਤੇ ਕਿਸਾਨ ਜਥੇਬੰਦੀਆਂ ਤੇ ਪਿੰਡ ਵਾਸੀਆਂ ਵੱਲੋਂ ਦੁੱਖ ਦਾ ਪ੍ਰਗਟਾਵਾ



ਘਨੌਰ, 22 ਫਰਵਰੀ (ਰਾਜਿੰਦਰ ਸਿੰਘ ਕੰਬੋਜ) : ਪਿੰਡ ਸੰਧਾਰਸੀ ਦੇ ਰਿਟਾਇਰਡ ਡੀ.ਐਸ.ਪੀ. ਜਰਨੈਲ ਸਿੰਘ ਦੀ ਮੌਤ ਦੇ ਮੌਕੇ ਪਿੰਡ ਵਾਸੀਆਂ ਅਤੇ ਕਿਸਾਨ ਜਥੇਬੰਦੀਆਂ ਦੇ ਆਗੂਆਂ ਵੱਲੋਂ ਗਹਿਰਾ ਦੁੱਖ ਪ੍ਰਗਟਾਇਆ ਗਿਆ। ਉਨ੍ਹਾਂ ਨੇ ਸ਼ਰਧਾਂਜਲੀ ਦੇ ਰੂਪ ਵਿੱਚ ਜਰਨੈਲ ਸਿੰਘ ਦੀ ਸੇਵਾ ਅਤੇ ਯੋਗਦਾਨ ਨੂੰ ਯਾਦ ਕੀਤਾ।ਇਸ ਮੌਕੇ ਪ੍ਰੈਸ ਕਲੱਬ ਘਨੌਰ ਵੱਲੋਂ ਵੀ ਦੁੱਖ ਪ੍ਰਗਟਾਇਆ ਗਿਆ। ਕਿਸਾਨ ਆਗੂਆਂ ਵਿੱਚ ਧਰਮਪਾਲ ਸਿੰਘ ਸੀਲ, ਪਵਨ ਕੁਮਾਰ ਸੋਗਲਪੁਰ, ਗੁਰਪ੍ਰੀਤ ਸਿੰਘ ਸਰਪੰਚ ਪਿੰਡ ਸੰਧਾਰਸੀ, ਗੁਰਮੀਤ ਸਿੰਘ ਸਾਬਕਾ ਸਰਪੰਚ ਸੰਧਾਰਸੀ, ਹਜੂਰਾ ਸਿੰਘ ਮਿਰਜਾਂਪੁਰ, ਜਗਦੀਪ ਸਿੰਘ ਨੰਬਰਦਾਰ ਮਿਰਜਾਂਪੁਰ, ਅਤੇ ਸ਼ੇਰ ਸਿੰਘ ਮਿਰਜਾਂਪੁਰ ਸ਼ਾਮਿਲ ਸਨ।ਆਗੂਆਂ ਨੇ ਕਿਹਾ ਕਿ ਜਰਨੈਲ ਸਿੰਘ ਨੇ ਕਿਸਾਨੀ ਅੰਦੋਲਨ ਵਿੱਚ ਬਹੁਤ ਸੇਵਾ ਕੀਤੀ ਅਤੇ ਆਪਣੇ ਡਿਊਟੀ ਦੇ ਕਰਤੱਬ ਨੂੰ ਹਮੇਸ਼ਾ ਇਮਾਨਦਾਰੀ ਨਾਲ ਨਿਭਾਇਆ। ਉਨ੍ਹਾਂ ਦੇ ਸੰਸਕਾਰ ਮੌਕੇ ਪੰਜਾਬ ਪੁਲਿਸ ਨੇ ਉਸ ਨੂੰ ਸਲਾਮੀ ਦਿੱਤੀ। ਉਨ੍ਹਾਂ ਨੇ ਜਰਨੈਲ ਸਿੰਘ ਦੀ ਵਿਸ਼ੇਸ਼ ਸੇਵਾ ਅਤੇ ਇਨਸਾਨੀਅਤ ਨੂੰ ਯਾਦ ਕਰਦਿਆਂ ਪਰਿਵਾਰਕ ਮੈਂਬਰਾਂ ਨਾਲ ਦੁੱਖ ਸਾਂਝਾ ਕੀਤਾ ।

## ਖ਼ਾਲਸਾ ਕਾਲਜ ਵਿਖੇ ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ ਮੌਕੇ ਸਲੋਗਨ ਲੇਖਣ ਮੁਕਾਬਲੇ ਕਰਵਾਏ

ਪਟਿਆਲਾ, 22 ਫਰਵਰੀ (ਰੁਪਾਣਾ) :ਖ਼ਾਲਸਾ ਕਾਲਜ ਦੇ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਵੱਲੋਂ ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ ਦੇ ਮੌਕੇ 'ਤੇ ਇੱਕ ਵਿਸ਼ੇਸ਼ ਪ੍ਰੋਗਰਾਮ ਕਰਵਾਇਆ ਗਿਆ, ਜਿਸ ਵਿੱਚ ਸਲੋਗਨ ਲੇਖਣ ਮੁਕਾਬਲੇ ਅਤੇ ਵਿਸ਼ੇਸ਼ ਲੈਕਚਰ ਦਾ ਆਯੋਜਨ ਕੀਤਾ ਗਿਆ। ਪੰਜਾਬੀ ਸਾਹਿਤ ਸਭਾ ਦੇ ਕਨਵੀਨਰ ਪ੍ਰੋਫੈਸਰ ਜਗਰੂਪ ਕੌਰ ਦੀ ਅਗਵਾਈ ਹੇਠ ਕਰਵਾਏ ਗਏ ਇਸ ਮੁਕਾਬਲੇ ਦਾ ਮੁੱਖ ਮਨੋਰਥ ਵਿਦਿਆਰਥੀਆਂ ਅੰਦਰ ਮਾਤ ਭਾਸ਼ਾ ਪੰਜਾਬੀ ਪ੍ਰਤੀ ਪਿਆਰ, ਸਤਿਕਾਰ ਅਤੇ ਇਸ ਦੀ ਸੰਭਾਲ ਦੀ ਭਾਵਨਾ ਨੂੰ ਪ੍ਰਬਲ ਕਰਨਾ ਸੀ। ਸਮਾਗਮ ਦੌਰਾਨ ਕਾਲਜ ਦੇ ਪ੍ਰਿੰਸੀਪਲ ਡਾ. ਧਰਮਿੰਦਰ ਸਿੰਘ ਉੱਭਾ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮਾਤ ਭਾਸ਼ਾ ਕਿਸੇ ਵੀ ਕੌਮ ਦੀ ਪਹਿਚਾਣ ਅਤੇ ਉਸ ਦੇ ਅਮੀਰ ਸਭਿਆਚਾਰ ਦਾ ਮੁੱਖ ਆਧਾਰ ਹੁੰਦੀ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਆਪਣੀ ਬੋਲੀ ਨੂੰ ਸੰਭਾਲਣਾ ਅਤੇ ਇਸ ਦਾ ਪ੍ਰਚਾਰ-ਪ੍ਰਸਾਰ ਕਰਨਾ ਸਾਡਾ ਸਾਰਿਆਂ ਦਾ ਮੁਢਲਾ ਫਰਜ਼ ਹੈ। ਉਨ੍ਹਾਂ ਅਨੁਸਾਰ ਅਜਿਹੇ ਮੁਕਾਬਲੇ



ਵਿਦਿਆਰਥੀਆਂ ਨੂੰ ਆਪਣੀਆਂ ਜੜ੍ਹਾਂ ਨਾਲ ਜੋੜਨ ਵਿੱਚ ਸਹਾਈ ਹੁੰਦੇ ਹਨ। ਇਸੇ ਤਰ੍ਹਾਂ ਪੰਜਾਬੀ ਵਿਭਾਗ ਦੇ ਮੁਖੀ ਪ੍ਰੋਫੈਸਰ ਪਰਮਜੀਤ ਕੌਰ ਨੇ ਪੰਜਾਬੀ ਭਾਸ਼ਾ ਨੂੰ ਸਾਡੀ ਸਾਂਝੀ ਅਮਾਨਤ ਦੱਸਦਿਆਂ ਇਸ ਦੀ ਜ਼ਿੰਮੇਵਾਰੀ ਨਾਲ ਸੰਭਾਲ ਕਰਨ ਦੀ ਅਪੀਲ ਕੀਤੀ। ਵਿਸ਼ੇਸ਼ ਲੈਕਚਰ ਦੌਰਾਨ ਡਾ. ਦਵਿੰਦਰ ਸਿੰਘ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਜਿਹੜੀਆਂ ਕੌਮਾਂ ਆਪਣੀ ਮਿੱਟੀ ਅਤੇ ਮਾਤ ਭਾਸ਼ਾ ਨੂੰ ਵਿਸਾਰ ਦਿੰਦੀਆਂ ਹਨ, ਉਹ ਦੁਨੀਆਂ ਦੇ ਨਕਸ਼ੇ ਤੋਂ ਮਿਟ ਜਾਂਦੀਆਂ ਹਨ। ਉਨ੍ਹਾਂ ਵਿਦਿਆਰਥੀਆਂ ਨੂੰ ਆਪਣੀ ਬੋਲੀ ਪ੍ਰਤੀ ਉਸਾਰੂ ਉਪਰਾਲੇ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਐਮਏ ਭਾਗ ਦੂਜਾ ਦੇ ਵਿਦਿਆਰਥੀ ਹਰਮਨ ਵੱਲੋਂ ਵੀ ਵਿਦਿਆਰਥੀਆਂ ਨੂੰ ਸੰਬੋਧਿਤ ਕੀਤਾ ਗਿਆ। ਸਲੋਗਨ ਲੇਖਣ ਮੁਕਾਬਲੇ ਵਿੱਚ ਵਿਦਿਆਰਥੀਆਂ ਨੇ ਬਹੁਤ ਹੀ ਉਤਸ਼ਾਹ ਨਾਲ ਹਿੱਸਾ ਲਿਆ ਅਤੇ ਆਪਣੀ ਰਚਨਾਤਮਕਤਾ ਰਾਹੀਂ ਪੰਜਾਬੀ ਭਾਸ਼ਾ ਦੇ ਮਹੱਤਵ ਨੂੰ ਦਰਸਾਉਂਦੇ ਸੁੰਦਰ ਸਲੋਗਨ ਲਿਖੇ। ਇਨ੍ਹਾਂ ਮੁਕਾਬਲਿਆਂ ਦੇ ਨਤੀਜਿਆਂ ਵਿੱਚ ਅੰਮ੍ਰਿਤਪਾਲ ਕੌਰ (ਬੀ.ਏ. ਭਾਗ ਤੀਜਾ) ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਵਿਸ਼ਵਜੀਤ ਕੌਰ (ਬੀ.ਏ. ਭਾਗ ਦੂਜਾ) ਦੂਜੇ, ਖੁਸ਼ਬੂ (ਬੀ.ਕਾਮ ਭਾਗ ਦੂਜਾ) ਤੀਜੇ ਅਤੇ ਰਿਧੀ ਗਰਗ (ਬੀ.ਐਸਸੀ. ਆਨਰਜ਼ ਮੈਥ ਭਾਗ ਦੂਜਾ) ਚੌਥੇ ਸਥਾਨ 'ਤੇ ਰਹੀ। ਪ੍ਰੋਗਰਾਮ ਦੇ ਅਖੀਰ ਵਿੱਚ ਪ੍ਰੋਫੈਸਰ ਜਗਰੂਪ ਕੌਰ ਨੇ ਸਭ ਦਾ ਧੰਨਵਾਦ ਕੀਤਾ।

